ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬਤ ਦਾ ਭਲਾ

# ਚੜ੍ਹਦੀਕਲਾ

***

DAILY CHARHDIKALA, PATIALA

ਰਜਿਸਟਰਡ ਪੋਸਟਲ ਰਜਿ: ਨੰ.
Pb/PTA(0274)/2024-26,
ਸਾਲ (Year) 57
ਅੰਕ ਨੰਬਰ (Volume No.) 238
ਫ਼ੋਨ: +91- 92168-07500
E-mail: news@charhdikala.com
www.charhdikala.com

ਬਾਨੀ : (ਸਵ.) ਗਿ. ਹਰਨਾਮ ਸਿੰਘ ਜੀ | ਮੁੱਖ ਸੰਪਾਦਕ : ਡਾ. ਜਗਜੀਤ ਸਿੰਘ ਦਰਦੀ | ਸੰਪਾਦਕ : ਹਰਪ੍ਰੀਤ ਸਿੰਘ ਦਰਦੀ

ਕੁੱਲ ਪੰਨੇ: 12 (Friday, 29 August, 2025) ਸ਼ੁੱਕਰਵਾਰ, 29 ਅਗਸਤ, 2025, 14 ਭਾਦੋਂ, ਨਾਨਕਸ਼ਾਹੀ ਸੰਮਤ 557, ਬਿਕ੍ਰਮੀ 2082/ PRGI (RNI) Regd. No. 22972/1972/ ਮੁੱਲ: 2 ਰੁਪਏ

## ਭਾਰਤ ਵੱਲੋਂ 9 ਮਹੀਨੇ ਬਾਅਦ ਕੈਨੇਡਾ 'ਚ ਨਵਾਂ ਹਾਈ ਕਮਿਸ਼ਨ ਨਿਯੁਕਤ

ਨਵੀਂ ਦਿੱਲੀ, 28 ਅਗਸਤ (ਚੜ੍ਹਦੀਕਲਾ ਬਿਊਰੋ) : ਭਾਰਤ ਨੇ 9 ਮਹੀਨਿਆਂ ਬਾਅਦ ਕੈਨੇਡਾ ਵਿੱਚ ਨਵਾਂ ਹਾਈ ਕਮਿਸ਼ਨ ਨਿਯੁਕਤ ਕੀਤਾ ਹੈ। ਆਈ.ਐਫ.ਐਸ. ਅਧਿਕਾਰੀ ਦਿਨੇਸ਼ ਕੇ ਪਟਨਾਇਕ ਹੁਣ ਨਵੇਂ ਕਮਿਸ਼ਨਰ ਹੋਣਗੇ। ਦੱਸ ਦੇਈਏ ਕਿ 9 ਮਹੀਨਿਆਂ ਤੋਂ ਇਹ ਅਹੁਦਾ ਖਾਲੀ ਪਿਆ ਸੀ ਦੱਸ ਦੇਈਏ ਕਿ ਹਰਦੀਪ ਸਿੰਘ ਨਿੱਝਰ ਦੇ ਕਤਲ ਤੋਂ ਬਾਅਦ ਕੈਨੇਡਾ ਤੇ ਭਾਰਤ ਵਿਚਾਲੇ ਤਣਾਅ ਵੱਧ ਗਿਆ।ਜਿਸ ਕਾਰਨ ਦੋਵਾਂ ਦੇਸ਼ਾਂ ਵੱਲੋਂ ਇੱਕ-ਦੂਜੇ ਨਾਲ ਆਪਣੇ ਕੂਟਨੀਤਕ ਸਬੰਧ ਸਮਾਪਤ ਕਰ ਦਿੱਤੇ ਗਏ ਸਨ ਪਰ ਮੋਦੀ ਦੇ ਕੈਨੇਡਾ ਦੌਰੇ ਤੋਂ ਬਾਅਦ ਦੋਵੇਂ ਦੇਸ਼ਾਂ ਦੇ ਸਬੰਧਾਂ 'ਚ ਕੁਝ ਸੁਧਾਰ ਹੋਇਆ ਸੀ।

# ਹਰ ਪਾਸੇ ਆਫ਼ਤ ਹੀ ਆਫ਼ਤ, ਨਹੀਂ ਕੋਈ ਰਾਹਤ

## ਡੈਮਾਂ ਤੋਂ ਪਾਣੀ ਛੱਡਣ ਦਾ ਸਿਲਸਿਲਾ ਜਾਰੀ, ਹਰ ਪਾਸੇ ਭਾਰੀ ਨੁਕਸਾਨ

ਚੜ੍ਹਦੀਕਲਾ ਬਿਊਰੋ

================





ਚੰਡੀਗੜ੍ਹ, 28 ਅਗਸਤ :ਜੰਮੂ ਕਸ਼ਮੀਰ ਅਤੇ ਹਿਮਾਚਲ ਪ੍ਰਦੇਸ਼ ਦੀਆਂ ਪਹਾੜੀਆਂ ਵਿੱਚ ਪਿਛਲੇ ਕਈ ਦਿਨਾਂ ਤੋਂ ਪੈ ਰਹੇ ਮੀਂਹ ਕਰਕੇ ਪੰਜਾਬ ਵਿੱਚ ਹੜ੍ਹਾਂ ਦੀ ਸਥਿਤੀ ਹੋਰ ਗੰਭੀਰ ਹੁੰਦੀ ਜਾ ਰਹੀ ਹੈ। ਭਾਖੜਾ ਡੈਮ ਵਿੱਚ ਪਾਣੀ ਦਾ ਪੱਧਰ ਲਗਾਤਾਰ ਵਧਦਾ ਜਾ ਰਿਹਾ ਹੈ ਜਦੋਂਕਿ ਪੌਂਗ ਡੈਮ ਵਿਚ ਰਾਤ ਤੋਂ ਹੁਣ ਤੱਕ ਸਥਿਰ ਹੈ। ਹਾਲਾਂਕਿ ਦੋਵਾਂ ਡੈਮਾਂ ਤੋਂ ਅੱਜ ਵੀ ਭਾਰੀ ਮਾਤਰਾ ਵਿੱਚ ਪਾਣੀ ਛੱਡਿਆ ਗਿਆ ਹੈ। ਪਾਣੀ ਛੱਡਣ ਦੀ ਸੂਚਨਾ ਮਿਲਦਿਆਂ ਹੀ ਬਿਆਸ ਅਤੇ ਸਤਲੁਜ ਦਰਿਆ ਦੇ ਕੰਢੇ ਰਹਿਣ ਵਾਲੇ ਲੋਕਾਂ ਦੇ ਸਾਹ ਸੁੱਕਣੇ ਪੈ ਗਏ ਹਨ। ਅਜਨਾਲਾ ਤੇ ਰਮਦਾਸ ਵਿਚ ਹੜ੍ਹ ਵਿਚ ਘਿਰੇ ਲੋਕਾਂ ਦੀ ਮਦਦ ਲਈ ਫੌਜ ਪਹੁੰਚ ਗਈ ਹੈ।

ਮੌਜੂਦਾ ਸਮੇਂ ਰਾਵੀ ਅਤੇ ਬਿਆਸ ਦਰਿਆ ਚੜ੍ਹੇ ਹੋਣ ਕਰਕੇ ਪੰਜਾਬ ਦੇ ਅੱਠ ਜ਼ਿਲ੍ਹੇ ਅੰਮ੍ਰਿਤਸਰ, ਤਰਨ ਤਾਰਨ, ਫਾਜ਼ਿਲਕਾ, ਗੁਰਦਾਸਪੁਰ, ਪਠਾਨਕੋਟ, ਫਿਰੋਜ਼ਪੁਰ ਅਤੇ ਕਪੂਰਥਲਾ ਵਿੱਚ ਹੜ੍ਹ ਦੇ ਪਾਣੀ ਨੇ ਭਾਰੀ ਤਬਾਹੀ ਮਚਾਈ ਹੋਈ ਹੈ। ਪੌਂਗ ਡੈਮ ਵਿੱਚ ਪਾਣੀ ਦਾ ਪੱਧਰ 1393.36 ਫੁੱਟ ਦੇ ਕਰੀਬ ਪਹੁੰਚ ਗਿਆ ਹੈ ਜਦੋਂ ਕਿ ਡੈਮ ਵਿੱਚ ਖਤਰੇ ਦਾ ਨਿਸ਼ਾਨ 1390 ਫੁੱਟ 'ਤੇ ਹੈ। ਇਸ ਕਰਕੇ ਅੱਜ ਪੌਂਗ ਡੈਮ ਵਿੱਚੋਂ ਹੋਰ ਪਾਣੀ ਛੱਡਿਆ ਜਾ ਰਿਹਾ ਹੈ।

ਦੂਜੇ ਪਾਸੇ ਭਾਖੜਾ ਡੈਮ ਵਿੱਚ ਵੀ ਪਾਣੀ ਦਾ ਪੱਧਰ ਲਗਾਤਾਰ ਵੱਧ ਰਿਹਾ ਹੈ। ਇਸ ਸਮੇਂ ਭਾਖੜਾ ਡੈਮ ਵਿੱਚ ਪਾਣੀ ਦਾ ਪੱਧਰ 1371 ਫੁੱਟ ਦੇ ਕਰੀਬ ਹੈ ਜਦੋਂ ਕਿ ਖਤਰੇ ਦਾ ਨਿਸ਼ਾਨ 1380 ਫੁੱਟ 'ਤੇ ਹੈ। ਇਸ ਲਈ ਅੱਜ ਇਨ੍ਹਾਂ ਦੋਵਾਂ ਡੈਮਾਂ ਵਿੱਚੋਂ ਭਾਰੀ ਮਾਤਰਾ ਵਿੱਚ ਪਾਣੀ ਛੱਡਿਆ ਜਾਵੇਗਾ। ਪ੍ਰਸ਼ਾਸਨ ਨੇ ਪਹਿਲਾਂ ਹੀ ਬਿਆਸ ਅਤੇ ਸਤਲੁਜ ਦਰਿਆ ਕੰਢੇ ਤੇ ਨੇੜਲੇ ਇਲਾਕਿਆਂ ਵਿੱਚ ਚੇਤਾਵਨੀ ਜਾਰੀ ਕਰ ਦਿੱਤੀ ਹੈ। ਇਸੇ ਤਰ੍ਹਾਂ ਰਣਜੀਤ ਸਾਗਰ ਡੈਮ ਵੀ ਖਤਰੇ ਦੇ ਨਿਸ਼ਾਨ ਨਜ਼ਦੀਕ ਚੱਲ ਰਿਹਾ ਹੈ ਜਿੱਥੋਂ ਲਗਾਤਾਰ ਪਾਣੀ ਛੱਡਿਆ ਜਾ ਰਿਹਾ ਹੈ।ਜਾਣਕਾਰੀ ਅਨੁਸਾਰ ਪੰਜਾਬ ਦੇ ਅੱਠ ਜ਼ਿਲ੍ਹੇ ਹੜ੍ਹਾਂ ਦੀ ਲਪੇਟ ਵਿੱਚ ਆਉਣ

(ਬਾਕੀ ਸਫਾ 2 'ਤੇ)

## ਮਾਨ ਵੱਲੋਂ ਬਿਆਸ ਦਰਿਆ ਦਾ ਦੌਰਾ

ਬਲਰਾਜ ਸਿੰਘ ਰਾਜਾ

================



ਚੌਂਕ ਮਹਿਤਾ, ਬਾਬਾ ਬਕਾਲਾ, 28 ਅਗਸਤ: ਅੱਜ ਕਰੀਬ ਦੋ ਵਜੇ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਬਿਆਸ ਦਰਿਆ ਵਿਚ ਆ ਰਹੇ ਪਾਣੀ ਦਾ ਜਾਇਜ਼ਾ ਲੈਣ ਲਈ ਕਸਬਾ ਬਿਆਸ ਦਰਿਆ ਪੁੱਜੇ। ਇਸ ਮੌਕੇ ਉਨ੍ਹਾਂ ਗੱਲਬਾਤ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਹੜ੍ਹ ਦੀ ਮਾਰ ਹੇਠ ਆਏ ਲੋਕਾਂ ਦੀ ਸਹਾਇਤਾ ਲਈ ਲੋਕਾਂ ਦੇ ਦਰਬਾਰ ਵਿਚ ਖੜੀ ਹੈ।

ਹੜ੍ਹ ਦੀ ਮਾਰ ਹੇਠ ਆਏ ਲੋਕਾਂ ਦੀ ਹਰ ਪ੍ਰਕਾਰ ਦੀ ਸਹਾਇਤਾ ਕੀਤੀ ਜਾਵੇਗੀ। ਇਸ ਮੌਕੇ ਡੇਰਾ ਬਿਆਸ ਨੂੰ ਜਾਂਦੀ ਸੜਕ ਉਪਰ ਮੀਟਰ ਗੇਜ 'ਤੇ ਪੁੱਜ ਕੇ ਉਨ੍ਹਾਂ ਪਾਣੀ ਦੀ ਸਥਿਤੀ ਦਾ ਜਾਇਜ਼ਾ ਲਿਆ। ਇਸ ਵਕਤ ਬਿਆਸ ਦਰਿਆ ਰੈੱਡ ਅਲਰਟ ਤੋਂ ਥੋੜ੍ਹਾ ਹੀ ਥੱਲੇ ਚੱਲ ਰਿਹਾ ਸੀ।ਇਸ ਮੌਕੇ ਪੁਲਿਸ ਪ੍ਰਸ਼ਾਸਨ ਵੱਲੋਂ ਮੀਡੀਆ ਕਰਮੀਆਂ ਨੂੰ ਮੁੱਖ ਮੰਤਰੀ ਦੇ ਨੇੜੇ ਜਾਣ ਤੋਂ ਵਰਜਿਆ ਗਿਆ ਜਿਸ ਕਾਰਨ ਮੀਡੀਆ ਕਰਮੀ ਬਾਈਕਾਟ ਕਰਕੇ ਦੂਰ ਸੜਕ 'ਤੇ ਖੜੇ ਹੋ ਗਏ। ਜਿਸ ਦੌਰਾਨ ਮੁੱਖ ਮੰਤਰੀ ਦਾ ਕਾਫ਼ਲਾ ਮੀਡੀਆ ਕੋਲ ਦੀ ਲੰਘਣ ਲੱਗਾ ਤਾਂ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਨੇ ਆਪਣੀ ਗੱਡੀ ਰੋਕ ਕੇ ਪੱਤਰਕਾਰਾਂ ਨਾਲ ਗੱਲਬਾਤ ਕੀਤੀ।

## ਜੰਮੂ-ਕਸ਼ਮੀਰ 'ਚ ਘੁਸਪੈਠ ਦੀ ਕੋਸ਼ਿਸ਼ ਕਰਦੇ ਦੋ ਅੱਤਵਾਦੀ ਢੇਰ

ਚੜ੍ਹਦੀਕਲਾ ਬਿਊਰੋ

================



ਸ੍ਰੀਨਗਰ, 28 ਅਗਸਤ: ਜੰਮੂ-ਕਸ਼ਮੀਰ ਦੇ ਬਾਂਦੀਪੋਰਾ ਜ਼ਿਲ੍ਹੇ ਦੇ ਗੁਰੇਜ਼ ਸੈਕਟਰ ਵਿੱਚ ਕੰਟਰੋਲ ਰੇਖਾ (ਐੱਲਓਸੀ) ਦੇ ਨਾਲ ਘੁਸਪੈਠ ਦੀ ਕੋਸ਼ਿਸ਼ ਨੂੰ ਨਾਕਾਮ ਕਰਦੇ ਹੋਏ ਸੁਰੱਖਿਆ ਬਲਾਂ ਨੇ ਦੋ ਅਤਿਵਾਦੀਆਂ ਨੂੰ ਢੇਰ ਕਰ ਦਿੱਤਾ।

ਫ਼ੌਜ ਦੀ ਸ੍ਰੀਨਗਰ ਸਥਿਤ ਚਿਨਾਰ ਕੋਰ ਨੇ 'ਐਕਸ' 'ਤੇ ਕਿਹਾ, ਜੰਮੂ-ਕਸ਼ਮੀਰ ਪੁਲਿਸ ਵੱਲੋਂ ਘੁਸਪੈਠ ਦੀ ਸੰਭਾਵਿਤ ਕੋਸ਼ਿਸ਼ ਬਾਰੇ ਦਿੱਤੀ ਗਈ ਖੁਫੀਆ ਜਾਣਕਾਰੀ ਦੇ ਆਧਾਰ 'ਤੇ ਭਾਰਤੀ ਫ਼ੌਜ ਅਤੇ ਜੰਮੂ-ਕਸ਼ਮੀਰ ਪੁਲਿਸ ਵੱਲੋਂ ਗੁਰੇਜ਼ ਸੈਕਟਰ ਵਿੱਚ ਇੱਕ ਸਾਂਝਾ ਆਪ੍ਰੇਸ਼ਨ ਸ਼ੁਰੂ ਕੀਤਾ ਗਿਆ ਸੀ। ਫ਼ੌਜ ਨੇ ਦੱਸਿਆ ਕਿ ਚੌਕਸ ਫੌਜੀਆਂ ਨੇ ਸ਼ੱਕੀ ਗਤੀਵਿਧੀ ਨੂੰ ਦੇਖਿਆ ਅਤੇ ਘੁਸਪੈਠੀਆਂ ਨੂੰ ਚੁਣੌਤੀ ਦਿੱਤੀ, ਜਿਸ ਦੇ ਨਤੀਜੇ ਵਜੋਂ ਅਤਿਵਾਦੀਆਂ ਨੇ ਅੰਨ੍ਹੇਵਾਹ ਗੋਲੀਬਾਰੀ ਕੀਤੀ। ਫੌਜੀਆਂ ਨੇ ਪ੍ਰਭਾਵਸ਼ਾਲੀ ਗੋਲੀਬਾਰੀ ਨਾਲ ਜਵਾਬ ਦਿੱਤਾ, ਜਿਸ ਵਿੱਚ ਦੋ ਅਤਿਵਾਦੀ ਮਾਰੇ ਗਏ। ਅਧਿਕਾਰੀਆਂ ਨੇ ਕਿਹਾ ਕਿ ਅਪਰੇਸ਼ਨ ਜਾਰੀ ਹੈ।

## 'ਰਾਸ਼ਟਰਪਤੀ ਤੇ ਰਾਜਪਾਲ ਆਪਣੇ ਫ਼ੈਸਲਿਆਂ ਲਈ ਕੋਰਟ 'ਚ ਨਹੀਂ ਹੁੰਦੇ ਜਵਾਬਦੇਹ'

### ਸਮਾਂ ਹੱਦ ਮਾਮਲੇ 'ਤੇ ਸੁਪਰੀਮ ਕੋਰਟ 'ਚ ਕੀਤੀ ਗਈ ਸੁਣਵਾਈ

ਚੜ੍ਹਦੀਕਲਾ ਬਿਊਰੋ

================



ਨਵੀਂ ਦਿੱਲੀ, 28 ਅਗਸਤ: ਕੇਂਦਰ ਸਰਕਾਰ ਨੇ ਕਿਹਾ ਕਿ ਰਾਸ਼ਟਰਪਤੀ ਅਤੇ ਰਾਜਪਾਲ ਦੀ ਵਿਧਾਨ ਸਭਾ ਤੋਂ ਪਾਸ ਬਿਲਾਂ 'ਤੇ ਕਾਰਵਾਈ ਦੇ ਖਿਲਾਫ਼ ਸੂਬਾ ਸਰਕਾਰ ਸੁਪਰੀਮ ਕੋਰਟ 'ਚ ਰਿੱਟ ਪਟੀਸ਼ਨ ਦਾਇਰ ਨਹੀਂ ਕਰ ਸਕਦੀ। ਕੇਂਦਰ ਨੇ ਕਿਹਾ ਕਿ ਸੂਬਾ ਸਰਕਾਰਾਂ ਧਾਰਾ 32 ਦਾ ਇਸਤੇਮਾਲ ਨਹੀਂ ਕਰ ਸਕਦੀਆਂ। ਕਿਉਂਕਿ ਮੌਲਿਕ ਅਧਿਕਾਰ ਆਮ ਨਾਗਰਿਕਾ ਦੇ ਲਈ ਹੁੰਦੇ ਹਨ ਰਾਜਾਂ ਲਈ ਨਹੀਂ।

ਸੌਲਿਸਿਟਰ ਜਨਰਲ ਤੁਸ਼ਾਰ ਮਹਿਤਾ ਨੇ ਕਿਹਾ ਕਿ ਰਾਸ਼ਟਰਪਤੀ ਜਾਣਨਾ ਚਾਹੁੰਦੇ ਹਨ ਕਿ ਰਾਜਾਂ ਦਾ ਕੀ ਅਧਿਕਾਰ ਹੈ। ਉਨ੍ਹਾਂ ਇਹ ਵੀ ਕਿਹਾ ਕਿ ਧਾਰਾ 361 ਅਨੁਸਾਰ ਰਾਸ਼ਟਰਪਤੀ ਅਤੇ ਰਾਜਪਾਲ ਆਪਣੇ ਫੈਸਲੇ ਲਈ ਅਦਾਲਤਾਂ ਵਿੱਚ ਜਵਾਬਦੇਹ ਨਹੀਂ ਸਨ।

ਕੇਂਦਰ ਨੇ ਤਰਕ ਦਿੱਤਾ ਕਿ ਰਾਸ਼ਟਰਪਤੀ ਜਾਂ ਰਾਜਪਾਲ ਨੂੰ ਕੋਈ ਹੁਕਮ ਨਹੀਂ ਦੇ ਸਕਦਾ, ਕਿਉਂਕਿ ਉਨ੍ਹਾਂ ਦੇ ਫੈਸਲੇ ਨਿਆਂਇਕ ਸਮੀਖਿਆ ਦੇ ਦਾਇਰੇ ਵਿੱਚ ਨਹੀਂ ਆਉਂਦੇ। ਉਥੇ ਹੀ ਅਦਾਲਤ ਨੇ ਕਿਹਾ ਕਿ ਜੇਕਰ ਕੋਈ ਰਾਜਪਾਲ ਛੇ ਮਹੀਨੇ ਤੱਕ ਬਿਲ ਪੈਂਡਿੰਗ ਰੱਖਦਾ ਹੈ ਹੈ ਤਾਂ ਇਹ ਵੀ ਸਹੀ ਨਹੀਂ ਹੈ। ਚੀਫ਼ ਜਸਟਿਸ ਬੀ.ਆਰ. ਗਵਈ ਦੀ ਪ੍ਰਧਾਨਗੀ ਵਾਲੀ ਪੰਜ ਜੱਜਾਂ ਦੀ ਬੈਂਚ ਨੇ ਰਾਜ ਸਰਕਾਰਾਂ ਵੱਲੋਂ ਭੇਜੇ ਬਿਲਾਂ 'ਤੇ ਰਾਜਪਾਲਾਂ ਅਤੇ ਰਾਸ਼ਟਰਪਤੀ ਦੇ ਸਾਈਨ ਕਰਨ ਲਈ ਡੈਡਲਾਈਨ ਲਾਗੂ ਕਰਨ ਵਾਲੀ ਪਟੀਸ਼ਨ 'ਤੇ ਸੁਣਾਈ ਕੀਤੀ। 15 ਮਈ 2025 ਨੂੰ ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੇ ਸੰਵਿਧਾਨ ਦੀ

(ਬਾਕੀ ਸਫਾ 2 'ਤੇ)

### ਅਪਰਾਧਿਕ ਮਾਮਲੇ ਨੂੰ ਲਮਕਾਉਣਾ 'ਮਾਨਸਿਕ ਕੈਦ' ਦੇ ਬਰਾਬਰ : ਸੁਪਰੀਮ ਕੋਰਟ

ਨਵੀਂ ਦਿੱਲੀ, 28 ਅਗਸਤ (ਚੜ੍ਹਦੀਕਲਾ ਬਿਊਰੋ) : ਸੁਪਰੀਮ ਕੋਰਟ ਨੇ ਕਿਹਾ ਹੈ ਕਿ ਕਿਸੇ ਅਪਰਾਧਿਕ ਮਾਮਲੇ ਨੂੰ ਲੰਬੇ ਸਮੇਂ ਲਈ ਲਮਕਾਉਣਾ ਇਕ ਤਰ੍ਹਾਂ ਦੀ ਤਕਲੀਫ ਹੈ, ਜੋ ਕਾਰਵਾਈ ਦਾ ਸਾਹਮਣਾ ਕਰ ਰਹੇ ਵਿਅਕਤੀ ਲਈ 'ਮਾਨਸਿਕ ਕੈਦ' ਦੇ ਬਰਾਬਰ ਹੈ। ਦੱਸ ਦੇਈਏ ਕਿ ਜਸਟਿਸ ਐੱਨ. ਵੀ. ਅੰਜਾਰੀਆ ਤੇ ਏ. ਐੱਸ. ਚੰਦੂਰਕਰ ਨੇ ਇਹ ਟਿੱਪਣੀ ਭ੍ਰਿਸ਼ਟਾਚਾਰ ਦੇ ਮਾਮਲੇ 'ਚ ਇਕ ਔਰਤ ਨੂੰ ਦਿੱਤੀ ਗਈ

(ਬਾਕੀ ਸਫਾ 2 'ਤੇ)

## ਮੈਂ ਜਦੋਂ ਤੱਕ ਜ਼ਿੰਦਾ ਹਾਂ ਕਿਸੇ ਨੂੰ ਵੀ ਲੋਕਾਂ ਦਾ 'ਵੋਟ ਅਧਿਕਾਰ' ਨਹੀਂ ਖੋਹਣ ਦੇਵਾਂਗੀ: ਮਮਤਾ

ਚੜ੍ਹਦੀਕਲਾ ਬਿਊਰੋ

================



ਕੋਲਕਾਤਾ, 28 ਅਗਸਤ: ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਅੱਜ ਕਿਹਾ ਕਿ ਉਹ ਕਿਸੇ ਨੂੰ ਵੀ ਲੋਕਾਂ ਦਾ ਵੋਟ ਦਾ ਅਧਿਕਾਰ ਨਹੀਂ ਖੋਹਣ ਦੇਣਗੇ। ਉਨ੍ਹਾਂ ਨੇ ਭਾਜਪਾ 'ਤੇ ਦੋਸ਼ ਲਾਇਆ ਕਿ ਉਹ ਬੰਗਾਲੀਆਂ 'ਤੇ 'ਭਾਸ਼ਾਈ ਅਤਿਵਾਦ' ਫੈਲਾ ਰਹੀ ਹੈ। ਕੋਲਕਾਤਾ 'ਚ ਤ੍ਰਿਣਮੂਲ ਕਾਂਗਰਸ ਦੇ ਵਿਦਿਆਰਥੀ ਵਿੰਗ ਦੀ ਰੈਲੀ ਨੂੰ ਸੰਬੋਧਨ ਕਰਦਿਆਂ ਮਮਤਾ ਬੈਨਰਜੀ ਨੇ ਦਾਅਵਾ ਕੀਤਾ ਕਿ ਭਾਜਪਾ ਨੇ ਵੋਟਰ ਸੂਚੀਆਂ ਵਿੱਚ ਵੋਟਰਾਂ ਦੇ ਨਾਮ ਹਟਾਉਣ ਦੇ ਮਨਸ਼ੇ ਨਾਲ ਸਰਵੇਖਣ ਕਰਨ ਲਈ ਪੂਰੇ ਦੇਸ਼ 'ਚੋਂ 500 ਤੋਂ ਵੱਧ ਟੀਮਾਂ ਪੱਛਮੀ ਬੰਗਾਲ 'ਚ ਤਾਇਨਾਤ ਕੀਤੀਆਂ ਹਨ।ਉਨ੍ਹਾਂ ਨੇ ਆਖਿਆ, "ਤੁਹਾਨੂੰ ਖ਼ੁਦ ਜਾਂਚ ਕਰਨੀ ਚਾਹੀਦੀ ਹੈ ਕਿ ਤੁਹਾਡਾ ਨਾਮ ਹੁਣ ਵੋਟਰ ਸੂਚੀ ਵਿੱਚ ਹੈ ਜਾਂ ਇਹ ਵੋਟਰ ਸੂਚੀ ਵਿੱਚੋਂ ਕੱਟ ਦਿੱਤਾ ਗਿਆ ਹੈ। ਤੁਹਾਨੂੰ ਇਹ ਯਕੀਨੀ ਬਣਾਉਣਾ ਹੋਵੇਗਾ ਕਿ ਤੁਹਾਡੇ ਕੋਲ ਆਧਾਰ ਕਾਰਡ ਹੈ।"ਮਮਤਾ ਬੈਨਰਜੀ ਨੇ ਕਿਹਾ, "ਮੈਂ ਜਦੋਂ ਤੱਕ ਜ਼ਿੰਦਾ ਹਾਂ ਕਿਸੇ ਨੂੰ ਵੀ ਲੋਕਾਂ ਦਾ ਵੋਟ ਦਾ

(ਬਾਕੀ ਸਫਾ 2 'ਤੇ)

## ਮਜੀਠੀਆ ਦੀ ਨਿਆਂਇਕ ਹਿਰਾਸਤ ਵਿੱਚ 6 ਸਤੰਬਰ ਤੱਕ ਦਾ ਵਾਧਾ



ਚੰਡੀਗੜ੍ਹ, 28 ਅਗਸਤ (ਚੜ੍ਹਦੀਕਲਾ ਬਿਊਰੋ) : ਆਮਦਨ ਤੋਂ ਵੱਧ ਜਾਇਦਾਦ ਬਣਾਉਣ ਦੇ ਦੋਸ਼ਾਂ ਤਹਿਤ ਗ੍ਰਿਫ਼ਤਾਰ ਕੀਤੇ ਗਏ ਸਾਬਕਾ ਅਕਾਲੀ ਮੰਤਰੀ ਬਿਕਰਮ ਸਿੰਘ ਮਜੀਠੀਆ ਦੀ ਨਿਆਂਇਕ ਹਿਰਾਸਤ ਵਿੱਚ 6 ਸਤੰਬਰ ਤੱਕ ਦਾ ਵਾਧਾ ਹੋ ਗਿਆ ਹੈ। ਅੱਜ ਮੁਹਾਲੀ ਦੀ ਅਦਾਲਤ ਵਿੱਚ ਮਜੀਠੀਆ ਦੀ ਨਾਭਾ ਦੀ ਨਿਊ ਜੇਲ੍ਹ ਵਿੱਚੋਂ ਵੀਡੀਓ ਕਾਨਫਰੰਸਿੰਗ ਰਾਹੀਂ ਪੇਸ਼ੀ ਹੋਈ। ਜਿਸ ਵਿੱਚ ਅਦਾਲਤ ਵੱਲੋਂ ਉਨ੍ਹਾਂ ਦੀ ਨਿਆਂਇਕ ਹਿਰਾਸਤ 6 ਸਤੰਬਰ ਤੱਕ ਵਧਾ ਦਿੱਤੀ। ਇਸੇ ਤਰ੍ਹਾਂ ਮਜੀਠੀਆ ਦੀ ਬੈਰਕ ਬਦਲਣ ਦੇ ਮਾਮਲੇ ਦੀ ਵੀ ਅੱਜ ਸੁਣਵਾਈ ਸੀ ਜਿਹੜੀ ਕਿ ਹੁਣ ਇਹ

(ਬਾਕੀ ਸਫਾ 2 'ਤੇ)

## ਇਹ ਮੋਦੀ ਦੀ ਜੰਗ ਹੈ: ਵਾਈਟ ਹਾਊਸ ਦੇ ਸਲਾਹਕਾਰ ਨੇ ਰੂਸੀ ਤੇਲ ਖਰੀਦਣ ਲਈ ਭਾਰਤ 'ਤੇ ਸਾਧਿਆ ਨਿਸ਼ਾਨਾ

ਚੜ੍ਹਦੀਕਲਾ ਬਿਊਰੋ

================



ਵਾਸ਼ਿੰਗਟਨ, 28 ਅਗਸਤ: ਵਾਈਟ ਹਾਊਸ ਦੇ ਵਪਾਰ ਸਲਾਹਕਾਰ ਪੀਟਰ ਨੈਵਰੋ ਨੇ ਯੂਕ੍ਰੇਨ ਸੰਘਰਸ਼ ਨੂੰ 'ਮੋਦੀ ਦੀ ਜੰਗ' ਕਹਿ ਕੇ ਅਤੇ ਭਾਰਤ ਦੀ ਰੂਸੀ ਤੇਲ ਖਰੀਦ ਨੂੰ ਸਿੱਧੇ ਤੌਰ 'ਤੇ ਮਾਸਕੋ ਦੀਆਂ ਜੰਗ ਦੇ ਮੈਦਾਨ ਵਿੱਚ ਪ੍ਰਾਪਤੀਆਂ ਅਤੇ ਅਮਰੀਕੀ ਟੈਕਸਦਾਤਾਵਾਂ 'ਤੇ ਵੱਧ ਰਹੇ ਬੋਝ ਨਾਲ ਜੋੜ ਕੇ ਵਿਵਾਦ ਖੜ੍ਹਾ ਕਰ ਦਿੱਤਾ ਹੈ।

ਬਲੂਮਬਰਗ ਟੀ.ਵੀ. ਨਿਊਜ਼ ਚੈਨਲ ਨਾਲ ਗੱਲਬਾਤ ਕਰਦਿਆਂ ਨੈਵਰੋ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਤਾਰੀਫ਼ ਨਾਲ ਨਵੀਂ ਦਿੱਲੀ ਦੀਆਂ ਨੀਤੀਆਂ 'ਤੇ ਆਪਣੀ ਹੁਣ ਤੱਕ ਦੀ ਸਭ ਤੋਂ ਸਖ਼ਤ ਆਲੋਚਨਾ ਨੂੰ ਮਿਲਾਇਆ। ਨੈਵਰੋ ਨੇ ਕਿਹਾ, 'ਮੋਦੀ ਇੱਕ ਮਹਾਨ ਨੇਤਾ ਹੈ। ਇਹ ਇੱਕ ਪਰਿਪੱਕ ਲੋਕਤੰਤਰ ਹੈ ਜਿਸ ਨੂੰ ਸਮਝਦਾਰ ਲੋਕ ਚਲਾ ਰਹੇ ਹਨ ਅਤੇ ਫਿਰ ਵੀ, ਉਹ ਸਾਡੇ ਵੱਲ ਬੇਸ਼ਰਮੀ ਨਾਲ ਦੇਖਦੇ ਹਨ ਅਤੇ ਇਨਕਾਰ ਕਰਦੇ ਹਨ ਕਿ ਉਨ੍ਹਾਂ ਕੋਲ ਦੁਨੀਆਂ ਵਿੱਚ ਸਭ ਤੋਂ ਵੱਧ ਟੈਕਸ ਹਨ, ਜਦੋਂ ਕਿ ਅਸਲ ਵਿੱਚ ਉਨ੍ਹਾਂ(ਖ਼ੁਦ) ਕੋਲ ਹਨ।' ਨੈਵਰੋ ਅਨੁਸਾਰ ਅਮਰੀਕੀ ਨਾਗਰਿਕ ਭਾਰਤ ਦੀਆਂ ਚੋਣਾਂ ਦਾ ਭੁਗਤਾਨ ਕਰ ਰਹੇ ਹਨ। ਉਨ੍ਹਾਂ ਦਲੀਲ ਦਿੱਤੀ, ਜਦੋਂ ਭਾਰਤ ਛੋਟ 'ਤੇ ਰੂਸੀ ਤੇਲ ਖਰੀਦਦਾ ਹੈ, ਇਸ ਨੂੰ ਰਿਫਾਇਨ ਕਰਦਾ ਹੈ ਅਤੇ ਪ੍ਰੀਮੀਅਮ 'ਤੇ ਦੁਬਾਰਾ ਵੇਚਦਾ ਹੈ ਤਾਂ ਰੂਸ ਇਸ ਆਮਦਨ ਦੀ ਵਰਤੋਂ ਆਪਣੀ ਜੰਗੀ ਮਸ਼ੀਨ ਨੂੰ ਫੰਡ ਦੇਣ ਅਤੇ ਹੋਰ ਯੂਕਰੇਨੀਅਨਾਂ ਨੂੰ ਮਾਰਨ ਲਈ ਕਰਦਾ ਹੈ। ਫਿਰ ਯੂਕਰੇਨ ਸਾਡੇ ਅਤੇ ਯੂਰਪ ਤੋਂ ਹੋਰ ਪੈਸੇ ਦੀ ਮੰਗ ਕਰਦਾ ਹੈ। ਇਸ ਲਈ ਅਮਰੀਕਾ ਵਿੱਚ ਹਰ ਕੋਈ ਨੁਕਸਾਨ ਝੱਲਦਾ ਹੈ, ਕਿਉਂਕਿ ਅਸੀਂ ਮੋਦੀ ਦੀ ਜੰਗ ਲਈ ਫੰਡ ਦੇ ਰਹੇ ਹਾਂ।

ਇੱਕ ਜਵਾਬੀ ਪੇਸ਼ਕਸ਼ ਵਜੋਂ ਨੈਵਰੋ ਨੇ ਸੁਝਾਅ ਦਿੱਤਾ ਕਿ ਜੇ ਨਵੀਂ ਦਿੱਲੀ ਰੂਸੀ ਕੱਚੇ ਤੇਲ ਦਾ ਦਰਾਮਦ ਬੰਦ ਕਰ ਦਿੰਦੀ ਹੈ,

(ਬਾਕੀ ਸਫਾ 2 'ਤੇ)

## ਸੁਪਰੀਮ ਕੋਰਟ ਨੂੰ ਮਿਲੇ 2 ਨਵੇਂ ਜੱਜ : ਹੁਣ ਅਦਾਲਤ 'ਚ ਜੱਜਾਂ ਦੀ ਗਿਣਤੀ 34 ਹੋਈ

ਨਵੀਂ ਦਿੱਲੀ, 28 ਅਗਸਤ (ਚੜ੍ਹਦੀਕਲਾ ਬਿਊਰੋ): ਬੰਬਈ ਹਾਈ ਕੋਰਟ ਦੇ ਚੀਫ਼ ਜਸਟਿਸ ਆਲੋਕ ਅਰਾਧੇ ਅਤੇ ਪਟਨਾ ਹਾਈ ਕੋਰਟ ਦੇ ਚੀਫ਼ ਜਸਟਿਸ ਵਿਪੁਲ ਮਨੂਭਾਈ ਪੰਚੋਲੀ ਨੂੰ ਬੁੱਧਵਾਰ ਨੂੰ ਸੁਪਰੀਮ ਕੋਰਟ ਦੇ ਜੱਜ ਵਜੋਂ ਤਰੱਕੀ ਦਿੱਤੀ ਗਈ। ਸਰਕਾਰ ਨੇ ਇਸ ਸਬੰਧ ਵਿਚ ਜਾਣਕਾਰੀ ਦਿੱਤੀ। ਸੁਪਰੀਮ ਕੋਰਟ ਕਾਲੇਜੀਅਮ ਨੇ ਸੋਮਵਾਰ ਨੂੰ ਉਨ੍ਹਾਂ ਦੇ ਨਾਵਾਂ ਦੀ ਸਿਫ਼ਾਰਸ਼ ਕੀਤੀ ਸੀ ਅਤੇ ਕੇਂਦਰੀ ਕਾਨੂੰਨ ਮੰਤਰਾਲਾ ਨੇ ਬੁੱਧਵਾਰ ਨੂੰ ਉਨ੍ਹਾਂ ਦੀਆਂ ਨਿਯੁਕਤੀਆਂ ਦਾ ਐਲਾਨ ਕੀਤਾ।ਦੋਵਾਂ ਦੇ ਸਹੁੰ ਚੁੱਕਣ ਤੋਂ ਬਾਅਦ, ਸੁਪਰੀਮ ਕੋਰਟ 34 ਜੱਜਾਂ ਦੀ ਆਪਣੀ ਪੂਰੀ ਮਨਜ਼ੂਰਸ਼ੁਦਾ ਸਮਰੱਥਾ ਨਾਲ ਕੰਮ ਕਰੇਗੀ। ਜਸਟਿਸ ਜਾਇਮਾਲਿਆ ਬਾਗਚੀ ਦੇ 2 ਅਕਤੂਬਰ, 2031 ਨੂੰ ਸੇਵਾਮੁਕਤ ਹੋਣ ਤੋਂ ਬਾਅਦ ਜਸਟਿਸ ਪੰਚੋਲੀ ਅਕਤੂਬਰ 2031 ਵਿਚ

(ਬਾਕੀ ਸਫਾ 2 'ਤੇ)

### ਪੰਜਾਬ ਸਰਕਾਰ ਨੇ ਸ਼ਹਿਰੀ ਨਾਗਰਿਕਾਂ ਲਈ ਚੁੱਕਿਆ ਵੱਡਾ ਕਦਮ

## ਅੱਠ ਨਵੀਆਂ ਸੇਵਾਵਾਂ ਸ਼ੁਰੂ ਕਰਨ ਦਾ ਫ਼ੈਸਲਾ

ਚੜ੍ਹਦੀਕਲਾ ਬਿਊਰੋ

================

ਚੰਡੀਗੜ੍ਹ, 28 ਅਗਸਤ : ਈ-ਗਵਰਨੈਂਸ ਨੂੰ ਮਜ਼ਬੂਤ ਕਰਨ ਅਤੇ ਨਾਗਰਿਕ ਸੇਵਾਵਾਂ ਨੂੰ ਬਿਹਤਰ ਬਣਾਉਣ ਵੱਲ ਇਕ ਮਹੱਤਵਪੂਰਨ ਕਦਮ ਚੁੱਕਦੇ ਹੋਏ, ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਸਥਾਨਕ ਸਰਕਾਰਾਂ ਵਿਭਾਗ ਅਧੀਨ 8 ਨਵੀਆਂ ਸੇਵਾਵਾਂ ਸ਼ੁਰੂ ਕਰਨ ਦਾ ਫ਼ੈਸਲਾ ਕੀਤਾ ਹੈ। ਇਸ ਪਹਿਲਕਦਮੀ ਦਾ ਉਦੇਸ਼ ਪ੍ਰਸ਼ਾਸਕੀ ਪ੍ਰਕਿਰਿਆਵਾਂ ਨੂੰ ਹੋਰ ਸੁਚਾਰੂ ਬਣਾਉਣਾ, ਪਾਰਦਰਸ਼ਤਾ ਅਤੇ ਕਰਮਚਾਰੀਆਂ ਦੀ ਕਾਰਜ-ਕੁਸ਼ਲਤਾ ਨੂੰ ਵਧਾਉਣਾ ਹੈ। ਪੰਜਾਬ ਦੇ ਸਥਾਨਕ ਸਰਕਾਰਾਂ ਮੰਤਰੀ ਨੇ ਨਵੀਆਂ ਸੇਵਾਵਾਂ ਦੇ ਮੁੱਖ ਨੁਕਤੇ ਸਾਂਝੇ ਕਰਦਿਆਂ ਦੱਸਿਆ ਕਿ ਸ਼ਹਿਰ ਨਿਵਾਸੀਆਂ ਲਈ ਪਾਲਤੂ ਜਾਨਵਰਾਂ ਦੇ ਲਾਇਸੈਂਸਾਂ ਦੀ ਆਨਲਾਈਨ ਅਰਜ਼ੀ ਅਤੇ ਜਾਰੀ ਕਰਨਾ, ਕਿਰਾਏ ਅਤੇ ਲੀਜ਼ ਸਮਝੌਤਿਆਂ ਦੇ ਪ੍ਰਬੰਧਨ ਲਈ ਡਿਜੀਟਲ ਪਲੇਟਫਾਰਮ, ਇਸ਼ਤਿਹਾਰਾਂ ਅਤੇ ਹੋਰਡਿੰਗਾਂ ਲਈ ਆਨਲਾਈਨ ਪ੍ਰਵਾਨਗੀਆਂ, ਟ੍ਰੈਫਿਕ ਅਤੇ ਹੋਰ ਉਲੰਘਣਾਵਾਂ ਲਈ ਚਲਾਨਾਂ ਦੀ ਈ-ਚਲਾਨਿੰਗ ਜਾਰੀ ਕਰਨਾ ਅਤੇ ਨਾਗਰਿਕਾਂ ਲਈ ਕੂੜਾ ਫੀਸਾਂ ਦਾ ਆਨਲਾਈਨ ਭੁਗਤਾਨ ਆਦਿ ਪ੍ਰਮੁੱਖ ਸੇਵਾਵਾਂ ਹੋਣਗੀਆਂ। ਸਥਾਨਕ ਸਰਕਾਰਾਂ ਮੰਤਰੀ ਨੇ ਦੱਸਿਆ ਕਿ ਪੰਜਾਬ ਪਹਿਲਾਂ ਹੀ ਈ-ਗਵਰਨੈਂਸ ਸੇਵਾਵਾਂ ਪ੍ਰਦਾਨ ਕਰਨ ਵਿਚ ਮੋਹਰੀ ਸੂਬਾ ਹੈ ਅਤੇ ਇਨ੍ਹਾਂ ਨਵੀਆਂ ਪਹਿਲਕਦਮੀਆਂ ਕਰਨ ਦਾ ਸਾਡਾ ਉਦੇਸ਼, ਸ਼ਹਿਰੀ ਸੇਵਾਵਾਂ ਨੂੰ ਅਗਲੇ ਪੱਧਰ 'ਤੇ ਲੈ ਕੇ ਜਾਣਾ ਹੈ। ਉਨ੍ਹਾਂ ਦੱਸਿਆ ਕਿ ਇਹ 8 ਨਵੀਆਂ ਸੇਵਾਵਾਂ ਨਾ ਸਿਰਫ ਸਾਡੀਆਂ ਸਥਾਨਕ ਸਰਕਾਰਾਂ ਦੀ

(ਬਾਕੀ ਸਫਾ 2 'ਤੇ)

### ਮੁਲਾਜ਼ਮਾਂ ਤੇ ਪੈਨਸ਼ਨਰਾਂ ਦੇ ਡੀ.ਏ. ਨੂੰ ਲੈ ਕੇ ਹਾਈਕੋਰਟ ਦਾ ਫ਼ੈਸਲਾ

## 'ਹੱਕਦਾਰ ਮੁਲਾਜ਼ਮਾਂ ਨੂੰ ਤੁਰੰਤ ਬਣਦਾ ਲਾਭ ਦਿੱਤਾ ਜਾਵੇ'

ਚੰਡੀਗੜ੍ਹ, 28 ਅਗਸਤ (ਚੜ੍ਹਦੀਕਲਾ ਬਿਊਰੋ) : ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਪੰਜਾਬ ਸਰਕਾਰ ਨੂੰ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੇ ਡੀ. ਏ. ਨਾਲ ਸਬੰਧਤ ਮਾਮਲਿਆਂ 'ਤੇ ਤਿੰਨ ਮਹੀਨਿਆਂ ਵਿਚ ਹੁਕਮ ਜਾਰੀ ਕਰਨ ਦੇ ਨਿਰਦੇਸ਼ ਦਿੱਤੇ ਹਨ। ਅਦਾਲਤ ਨੇ ਕਿਹਾ ਕਿ ਜੇ ਮੁਲਾਜ਼ਮ ਲਾਭ ਪਾਉਣ ਦੇ ਹੱਕਦਾਰ ਹਨ ਤਾਂ ਉਨ੍ਹਾਂ ਨੂੰ ਤੁਰੰਤ ਬਣਦਾ ਲਾਭ ਦਿੱਤਾ ਜਾਵੇ। ਅਦਾਲਤ ਨੇ ਇਹ ਹੁਕਮ ਨਿਰਮਲ ਸਿੰਘ ਧਨੋਆ ਤੇ ਹੋਰਨਾਂ ਦੀ ਪਟੀਸ਼ਨ 'ਤੇ ਸੁਣਵਾਈ ਕਰਦਿਆਂ ਦਿੱਤੇ ਹਨ। ਪਟੀਸ਼ਨਰਾਂ ਨੇ ਕਿਹਾ ਕਿ ਸੂਬਾ ਸਰਕਾਰ ਵੱਲੋਂ ਮਹਿੰਗਾਈ ਭੱਤੇ ਤੇ ਰਾਹਤ ਦੀਆਂ ਕਿਸ਼ਤਾਂ ਕੇਂਦਰ ਸਰਕਾਰ ਦੇ ਮੁਲਾਜ਼ਮਾਂ ਨੂੰ ਮਿਲਦੇ

(ਬਾਕੀ ਸਫਾ 2 'ਤੇ)

### ਹਰਿਆਣਾ ਮੰਤਰੀ ਮੰਡਲ ਵੱਲੋਂ ਫ਼ੈਸਲਾ

## ਸੈਣੀ ਸਰਕਾਰ ਸਤੰਬਰ ਤੋਂ ਮਹਿਲਾਵਾਂ ਨੂੰ ਪ੍ਰਤੀ ਮਹੀਨਾ ਦੇਵੇਗੀ 2100 ਰੁਪਏ

ਚੜ੍ਹਦੀਕਲਾ ਬਿਊਰੋ

================



ਚੰਡੀਗੜ੍ਹ, 28 ਅਗਸਤ :ਹਰਿਆਣਾ ਸਰਕਾਰ ਵੱਲੋਂ 25 ਸਤੰਬਰ ਤੋਂ ਸੂਬੇ ਵਿੱਚ ਔਰਤਾਂ ਨੂੰ 2100 ਰੁਪਏ ਮਹੀਨਾ ਦਿੱਤਾ ਜਾਵੇਗਾ। ਇਹ ਫ਼ੈਸਲਾ ਅੱਜ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਦੀ ਅਗਵਾਈ ਹੇਠ ਹੋਈ ਮੰਤਰੀ ਮੰਡਲ ਦੀ ਮੀਟਿੰਗ ਵਿੱਚ ਲਿਆ ਗਿਆ। ਮੰਤਰੀ ਮੰਡਲ ਦੀ ਮੀਟਿੰਗ ਤੋਂ ਬਾਅਦ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਸੂਬਾ ਸਰਕਾਰ ਵੱਲੋਂ ਪੰਡਿਤ ਦੀਨ ਦਿਆਲ ਉਪਾਧਿਆਏ ਦੀ ਜੈਅੰਤੀ 'ਤੇ ਲਾਡੋ ਲਕਸ਼ਮੀ ਯੋਜਨਾ ਨੂੰ ਲਾਗੂ ਕੀਤਾ ਜਾਵੇਗਾ। ਇਸ ਯੋਜਨਾ ਅਧੀਨ ਸੂਬੇ ਦੀਆਂ ਔਰਤਾਂ ਨੂੰ 2100 ਰੁਪਏ ਮਹੀਨਾ ਵਿੱਤੀ ਮਦਦ ਦਿੱਤੀ ਜਾਵੇਗੀ। ਮੁੱਖ ਮੰਤਰੀ ਨੇ ਕਿਹਾ ਕਿ ਇਸ ਯੋਜਨਾ ਤਹਿਤ 23 ਸਾਲ ਜਾਂ ਉਸ ਤੋਂ ਵੱਧ ਉਮਰ ਦੀਆਂ ਸਾਰੀ ਮਹਿਲਾਵਾਂ ਨੂੰ ਲਾਭ ਮਿਲੇਗਾ। ਯੋਜਨਾ ਤਹਿਤ ਪਹਿਲੇ ਪੜਾਅ ਵਿੱਚ ਉਨ੍ਹਾਂ ਪਰਿਵਾਰਾਂ ਨੂੰ ਸ਼ਾਮਲ ਕੀਤਾ ਜਾਵੇਗਾ, ਜਿਨ੍ਹਾਂ ਦੀ ਸਾਲਾਨਾ ਆਮਦਨ ਇੱਕ ਲੱਖ ਰੁਪਏ ਤੋਂ ਘੱਟ ਹੈ। ਇਸ ਤੋਂ ਬਾਅਦ ਲੜੀਬੱਧ ਢੰਗ ਨਾਲ ਹੋਰ ਆਮਦਨ ਗਰੁਪਾਂ ਨੂੰ ਵੀ ਇਸ ਯੋਜਨਾ ਵਿੱਚ ਸ਼ਾਮਲ ਕੀਤਾ ਜਾਵੇਗਾ। ਸੈਣੀ ਨੇ ਕਿਹਾ ਕਿ ਲਾਡੋ ਲਕਸ਼ਮੀ ਯੋਜਨਾ ਦਾ ਲਾਭ ਲੈਣ ਲਈ ਵਿਆਹੀ ਹੋਈ ਔਰਤ ਦੇ ਪਤੀ ਦਾ ਹਰਿਆਣਾ ਦੇ 15 ਸਾਲ ਤੋਂ ਵਸਨੀਕ ਹੋਣਾ ਜ਼ਰੂਰੀ ਹੈ ਜਾਂ ਨਾ ਵਿਆਹੀ ਹੋਈ ਮੁਟਿਆਰ ਖੁਦ 15 ਸਾਲ ਤੋਂ ਹਰਿਆਣਾ ਵਿੱਚ ਰਹਿੰਦੀ ਹੋਣੀ ਚਾਹੀਦੀ ਹੈ। ਯੋਜਨਾ ਤਹਿਤ ਇੱਕ ਪਰਿਵਾਰ ਵਿੱਚ ਮਹਿਲਾਵਾਂ ਦੀ ਗਿਣਤੀ 'ਤੇ ਕੋਈ ਰੋਕ ਨਹੀਂ ਹੋਵੇਗੀ। ਜੇਕਰ

(ਬਾਕੀ ਸਫਾ 2 'ਤੇ)

## ਟਰੰਪ ਦੀ ਟੈਰਿਫ਼ ਦੀ ਚੁਣੌਤੀ ਨੂੰ ਮੌਕਿਆਂ 'ਚ ਬਦਲਣ ਲਈ ਜੰਗੀ ਪੱਧਰ 'ਤੇ ਕੰਮ ਸ਼ੁਰੂ: ਸਿਧਾਰਥ ਨਾਥ ਸਿੰਘ

ਚੜ੍ਹਦੀਕਲਾ ਬਿਊਰੋ

================



ਲਖਨਊ, 28 ਅਗਸਤ: ਭਾਜਪਾ ਦੇ ਵਿਧਾਇਕ ਸਿਧਾਰਥ ਨਾਥ ਸਿੰਘ ਨੇ ਅਮਰੀਕੀ ਟੈਰਿਫ 'ਤੇ ਭਰਮ ਫੈਲਾਉਣ ਲਈ ਵਿਰੋਧੀ ਧਿਰ ਨੂੰ ਲੰਮੇ ਹੱਥੀਂ ਲਿਆ ਹੈ। ਉਨ੍ਹਾਂ ਕਿਹਾ ਕਿ ਇਹ ਉਹੀ ਲੋਕ ਹਨ ਜਿਨ੍ਹਾਂ ਨੇ ਉੱਤਰ ਪ੍ਰਦੇਸ਼ ਨੂੰ ਇਕ ਪਿਛੜਿਆ ਹੋਇਆ ਸੂਬਾ ਬਣਾ ਕੇ ਛੱਡ ਦਿੱਤਾ ਸੀ ਅਤੇ ਅੱਜ ਇਹ ਸ਼ੱਕੀ ਪੱਛਮੀ ਮੀਡੀਆ ਦੀਆਂ ਰਿਪੋਰਟਾਂ ਨੂੰ ਹਵਾ ਦੇ ਕੇ ਵਿਦੇਸ਼ੀ ਤਾਕਤਾਂ ਦਾ ਏਜੰਡਾ ਮਜ਼ਬੂਤ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਦੇਸ਼ ਆਪਣੀ ਖੇਤੀ ਅਤੇ ਆਤਮ ਨਿਰਭਰਤਾ ਉਤੇ ਕਿਸੇ ਨੂੰ ਹੱਕ ਨਹੀਂ ਜਤਾਉਣ ਦੇਵੇਗਾ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਮੁੱਖ ਮੰਤਰੀ ਯੋਗੀ ਅਦਿਤਿਆਨਾਥ ਨੇ ਇਸ ਚੁਣੌਤੀ ਨੂੰ ਮੌਕੇ ਵਿੱਚ ਬਦਲਣ ਲਈ ਜੰਗੀ ਪੱਧਰ 'ਤੇ ਕੰਮ ਸ਼ੁਰੂ ਕਰ ਦਿੱਤਾ ਹੈ। ਛੇਤੀ ਹੀ ਇਸ ਦੇ ਵਧੀਆ ਨਤੀਜੇ ਦੇਖਣ ਨੂੰ ਮਿਲਣਗੇ। ਭਾਰਤ ਆਤਮ ਨਿਰਭਰ ਹੈ। ਟੈਰਿਫ ਨਾਲ ਸਾਰੇ ਰਸਤੇ ਬੰਦ ਨਹੀਂ ਹੋਏ ਹਨ। ਇਸ ਦੇ ਬਦਲਵੇਂ ਰਸਤੇ ਸਾਡੇ ਕੋਲ ਤਿਆਰ ਹਨ। ਉਨ੍ਹਾਂ ਕਿਹਾ ਕਿ ਦੇਸ਼ ਨਾ ਰੁਕੇਗਾ ਅਤੇ ਨਾ ਝੁਕੇਗਾ ਬਲਕਿ ਹੋਰ ਉਚਾਈਆਂ ਨੂੰ ਛੂਹੇਗਾ।

### ਮਾਮਲਾ ਮਹਾਨ ਕੋਸ਼ ਦੀਆਂ ਤਰੁੱਟੀਪੂਰਨ ਕਾਪੀਆਂ ਨੂੰ ਦਫ਼ਨਾਉਣ ਦਾ

## ਕਿਤਾਬਾਂ ਤੇ ਅੱਖਰ ਦੀ ਵਿਰਾਸਤ ਦਾ ਘੋਰ ਨਿਰਾਦਰ

### ਸੰਵੇਦਨਸ਼ੀਲਤਾ ਜਾਂ ਅਣਗਹਿਲੀ ਦਾ ਨਵਾਂ ਬਹਾਨਾ

### ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਦਖਲ ਦੇਣ ਦੀ ਅਪੀਲ

ਪ੍ਰੋ. ਡਾ. ਕ੍ਰਿਸ਼ਨ ਕੁਮਾਰ ਰੱਤੂ

=======



ਪਟਿਆਲਾ, 28 ਅਗਸਤ : ਪੰਜਾਬ ਵਿੱਚੋਂ ਅੱਖਰ ਦੀ ਵਿਰਾਸਤ ਅਤੇ ਕਿਤਾਬਾਂ ਨਾਲ ਜੋ ਕੁੱਝ ਹੋ ਰਿਹਾ ਹੈ ਉਸ ਦੀ ਇਕ ਤਾਜ਼ਾ ਮਿਸਾਲ ਅੱਜ ਸਾਹਮਣੇ ਆਈ ਹੈ। ਅੱਖਰ ਜਿਸ ਨੂੰ ਬ੍ਰਹਮ ਦਾ ਰੂਪ ਮੰਨਿਆ ਗਿਆ ਹੈ ਤੇ ਪੰਜਾਬ ਦੀ ਸਭਿਅਤਾ ਵਿੱਚ ਅੱਖਰ ਦਾ ਵਜੂਦ ਜਿੰਦਾ ਜੋਤ ਦੇ ਨਾਲ ਸਭ ਤੋਂ ਪਵਿੱਤਰ ਮੰਨਿਆ ਜਾਂਦਾ ਹੈ। ਇਸ ਖ਼ਬਰ ਨੇ ਪੰਜਾਬੀ ਪਿਆਰਿਆ ਤੇ ਸਿੱਖ ਪੰਜਾਬੀਆਂ ਦੇ ਮਨਾਂ ਨੂੰ ਵਲੂੰਧਰ ਦਿੱਤਾ ਹੈ।ਇਹ ਖਬਰ ਪਟਿਆਲੇ ਤੋਂ ਆਈ ਹੈ ਜਿੱਥੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿੱਚ ਭਾਈ ਕਾਹਨ ਸਿੰਘ ਨਾਭਾ ਵੱਲੋਂ ਲਿਖੀ ਗਈ ਮਸ਼ਹੂਰ ਕਿਤਾਬ 'ਮਹਾਨ ਕੋਸ਼' ਦੀਆਂ ਗਲਤੀਆਂ ਵਾਲੀਆਂ ਕਾਪੀਆਂ ਨੂੰ ਨਸ਼ਟ ਕਰਨ ਲਈ ਕੀਤੀ ਗਈ ਰਸਮ ਨੇ ਇੱਕ ਨਵਾਂ ਵਿਵਾਦ ਖੜ੍ਹਾ ਕਰ ਦਿੱਤਾ ਹੈ। ਅੱਜ ਯੂਨੀਵਰਸਿਟੀ ਪ੍ਰਸ਼ਾਸਨ ਨੇ ਇਨ੍ਹਾਂ ਕਾਪੀਆਂ ਨੂੰ ਮਿੱਟੀ ਵਿੱਚ ਟੋਆ ਪੁੱਟ ਕੇ ਦਫਨਾਉਣ ਦੀ ਕੋਸ਼ਿਸ਼ ਕੀਤੀ, ਪਰ ਵਿਦਿਆਰਥੀਆਂ ਨੇ ਵਿਰੋਧ ਕਰਕੇ ਰੋਕ ਦਿੱਤਾ ਅਤੇ ਮੰਗ ਕੀਤੀ ਕਿ ਇਸ ਨੂੰ ਸਿੱਖ ਪਰੰਪਰਾ ਅਨੁਸਾਰ ਸਤਿਕਾਰ ਨਾਲ ਅੰਤਿਮ ਸਸਕਾਰ ਕੀਤਾ ਜਾਵੇ, ਕਿਉਂਕਿ ਇਸ ਵਿੱਚ ਗੁਰਬਾਣੀ ਦੇ ਸ਼ਬਦ ਵੀ ਸ਼ਾਮਲ ਹਨ। ਇਹ ਘਟਨਾ ਨਾ ਸਿਰਫ਼ ਯੂਨੀਵਰਸਿਟੀ ਦੀ ਅਣਗਹਿਲੀ ਨੂੰ ਉਜਾਗਰ ਕਰਦੀ ਹੈ, ਸਗੋਂ ਪੰਜਾਬੀ ਸੱਭਿਆਚਾਰ ਅਤੇ ਸਿੱਖ ਵਿਰਸੇ ਨੂੰ ਲੈ ਕੇ ਸੰਸਥਾਗਤ ਜ਼ਿੰਮੇਵਾਰੀਆਂ 'ਤੇ ਵੀ ਸਵਾਲ ਖੜ੍ਹੇ ਕਰਦੀ ਹੈ। ਮਹਾਨ ਕੋਸ਼, ਜਿਸ ਨੂੰ ਸਿੱਖ ਅਤੇ ਪੰਜਾਬੀ ਸਾਹਿਤ ਦਾ ਇੱਕ ਮਹੱਤਵਪੂਰਨ ਖਜ਼ਾਨਾ ਮੰਨਿਆ ਜਾਂਦਾ ਹੈ, ਨੂੰ ਭਾਈ ਕਾਹਨ ਸਿੰਘ ਨਾਭਾ ਨੇ 1930 ਵਿੱਚ ਪੂਰਾ ਕੀਤਾ ਸੀ। ਇਸ ਵਿੱਚ ਲਗਭਗ 80,000 ਪੰਜਾਬੀ ਸ਼ਬਦਾਂ ਦੇ

(ਬਾਕੀ ਸਫਾ 2 'ਤੇ)

# ਪੰਜਾਬ ਸਰਕਾਰ ਦੇ ਯਤਨਾਂ ਨਾਲ 5290 ਲੋਕਾਂ ਨੂੰ ਹੜ੍ਹ ਪ੍ਰਭਾਵਿਤ ਖੇਤਰ 'ਚੋਂ ਬਾਹਰ ਕੱਢਿਆ

## ਮੁੱਖ ਮੰਤਰੀ ਦੇ ਨਿਰਦੇਸ਼ਾਂ ਉੱਤੇ ਹਰ ਮੰਤਰੀ ਤੇ ਵਿਧਾਇਕ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਗਰਾਊਂਡ ਜ਼ੀਰੋ 'ਤੇ ਡਟਿਆ

ਚੰਡੀਗੜ੍ਹ, 28 ਅਗਸਤ (ਚ.ਨ.ਸ.) : ਹਿਮਾਚਲ ਵਿੱਚ ਹੋਈ ਭਾਰੀ ਬਾਰਿਸ਼ ਤੇ ਬਦਲ ਫੱਟਣ ਅਤੇ ਪੰਜਾਬ ਵਿੱਚ ਹੋਏ ਭਾਰੀ ਮੀਂਹਾਂ ਕਾਰਨ ਸੂਬੇ ਵਿੱਚ ਆਏ ਹੜ੍ਹਾਂ ਨਾਲ ਨਜਿੱਠਣ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਜੰਗੀ ਪੱਧਰ 'ਤੇ ਰਾਹਤ ਕਾਰਜ ਚਲਾਏ ਜਾ ਰਹੇ ਹਨ। ਪੰਜਾਬ ਦੇ ਕੈਬਨਿਟ ਮੰਤਰੀਆਂ ਅਤੇ ਸਥਾਨਕ ਵਿਧਾਇਕਾਂ ਵੱਲੋਂ ਨਿੱਜੀ ਤੌਰ ਉੱਤੇ ਗਰਾਊਂਡ ਜ਼ੀਰੋ ਉੱਤੇ ਡਟ ਕੇ ਖੁਦ ਰਾਹਤ ਕਾਰਜਾਂ ਦਾ ਜਾਇਜ਼ਾ ਲਿਆ। ਪੰਜਾਬ ਸਰਕਾਰ ਦੇ ਯਤਨਾਂ ਨਾਲ 5290 ਲੋਕਾਂ ਨੂੰ ਹੜ੍ਹ ਪ੍ਰਭਾਵਿਤ ਖੇਤਰ 'ਚੋਂ ਬਾਹਰ ਕੱਢਿਆ ਗਿਆ, ਜਿਸ ਵਿੱਚ ਗੁਰਦਾਸਪੁਰ 'ਚ 2000, ਅੰਮ੍ਰਿਤਸਰ 'ਚ 710, ਫਿਰੋਜ਼ਪੁਰ 'ਚ 2000, ਕਪੂਰਥਲਾ ਵਿੱਚ 480 ਜਦਕਿ ਫਾਜ਼ਿਲਕਾ 'ਚ 100 ਲੋਕਾਂ ਨੂੰ ਰੈਸਕਿਊ ਕੀਤਾ ਗਿਆ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਪੰਜਾਬ ਸਰਕਾਰ ਦੇ ਬੁਲਾਰੇ ਨੇ ਦੱਸਿਆ ਕਿ ਮੁੱਖ ਮੰਤਰੀ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਅੱਜ ਸੂਬੇ ਦੇ ਕੈਬਨਿਟ ਮੰਤਰੀਆਂ ਵੱਲੋਂ ਵੱਖ-ਵੱਖ ਜ਼ਿਲ੍ਹਿਆਂ ਵਿੱਚ ਜਾ ਕੇ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਕੀਤੇ ਜਾ ਰਹੇ ਰਾਹਤ ਕਾਰਜਾਂ ਦਾ ਨਿਰੀਖਣ ਕੀਤਾ ਗਿਆ।

ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਵੱਲੋਂ ਅੱਜ ਜ਼ਿਲ੍ਹਾ ਪ੍ਰਬੰਧਕੀ





ਕੰਪਲੈਕਸ ਸੰਗਰੂਰ ਵਿਖੇ ਹੜ੍ਹ ਰਾਹਤ ਕਾਰਜਾਂ ਦਾ ਜਾਇਜ਼ਾ ਲਿਆ ਗਿਆ। ਉਹਨਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਪਿੰਡ ਸਤੌਜ ਹਰਿਗੜ੍ਹ, ਡਸਕਾ ਅਤੇ ਸੰਗਤਪੁਰਾ ਵਿੱਚ ਹੜ੍ਹ ਪੀੜਤ ਲੋਕਾਂ ਦੀ ਮਦਦ ਲਈ ਟੀਮਾਂ ਨੂੰ ਲਗਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਹੜ੍ਹ ਨਾਲ ਹੋਏ ਖਰਾਬੇ ਸਬੰਧੀ ਵਿਸ਼ੇਸ਼ ਗਿਰਦਾਵਰੀ ਕਰਵਾ ਕੇ ਪੀੜਤਾਂ ਨੂੰ ਮੁਆਵਜ਼ਾ ਦਿੱਤਾ ਜਾਵੇਗਾ।

ਫਿਰੋਜ਼ਪੁਰ ਜ਼ਿਲ੍ਹੇ ਵਿੱਚ 65 ਪਿੰਡ ਹੜ੍ਹ ਤੋਂ ਪ੍ਰਭਾਵਿਤ ਹਨ। ਜ਼ਿਲ੍ਹਾ ਪ੍ਰਸ਼ਾਸਨ ਵੱਲੋਂ 13 ਦੇ ਕਰੀਬ ਰਾਹਤ ਕੈਂਪ ਬਣਾਏ ਗਏ ਹਨ। ਹੁਣ ਤੱਕ 2000 ਤੋਂ ਵੱਧ ਹੜ੍ਹ ਪੀੜ੍ਹਤਾਂ ਨੂੰ ਰੈਸਕਿਊ ਕੀਤਾ ਗਿਆ ਹੈ। ਪੰਜਾਬ ਸਰਕਾਰ ਵੱਲੋਂ ਕੀਤੇ ਜਾ ਰਹੇ ਰਾਹਤ ਕਾਰਜਾਂ ਦਾ ਜਾਇਜ਼ਾ ਲੈਣ ਲਈ ਜਲ ਸਰੋਤ ਮੰਤਰੀ ਬਰਿੰਦਰ ਗੋਇਲ ਨੇ ਸਰਕਾਰੀ ਸਕੂਲ ਬਾਰੇਕੇ ਵਿਖੇ ਬਣਾਏ ਗਏ ਰਾਹਤ ਕੈਂਪ ਦਾ ਦੌਰਾ ਕੀਤਾ ਗਿਆ। ਇਸ ਤੋਂ ਇਲਾਵਾ ਫਾਜ਼ਿਲਕਾ ਜ਼ਿਲ੍ਹਾ ਵਿਖੇ ਵੀ ਹੜ੍ਹ ਪ੍ਰਭਾਵਿਤ ਖੇਤਰਾਂ



ਦਾ ਦੌਰਾ ਕੀਤਾ। ਕਾਵਾਂਵਾਲੀ ਪੱਤਣ ਵਿੱਚ 24 ਪਿੰਡਾਂ ਲਈ 7 ਰਾਹਤ ਕੈਂਪ ਸਥਾਪਤ ਕੀਤੇ ਗਏ ਹਨ, ਜਿੱਥੇ ਕਿ ਲੋਕਾਂ ਨੂੰ ਪੱਕਾ ਭੋਜਨ ਤੋਂ ਇਲਾਵਾ ਸੁੱਕਾ ਰਾਸ਼ਨ, ਪਸ਼ੂ ਚਾਰਾ ਦੀ ਵੰਡ ਕੀਤੀ ਗਈ ਅਤੇ ਇਸ ਇਲਾਕੇ ਵਿੱਚ ਹੁਣ ਤੱਕ ਐਨਡੀਆਰਐਫ ਦੀਆਂ ਟੀਮਾਂ ਵੱਲੋਂ 100 ਲੋਕਾਂ ਨੂੰ ਬਾਹਰ ਕੱਢਿਆ ਗਿਆ ਹੈ।

ਇਸੇ ਤਰ੍ਹਾਂ ਕਪੂਰਥਲਾ ਜ਼ਿਲ੍ਹੇ ਵਿੱਚ ਹੁਣ ਤੱਕ ਕੁੱਲ 480 ਪਰਿਵਾਰਾਂ ਨੂੰ ਰੈਸਕਿਊ ਕੀਤਾ ਗਿਆ। ਜਿਨ੍ਹਾਂ ਵਿੱਚ ਸੁਲਤਾਨਪੁਰ ਲੋਧੀ ਵਿੱਚ 200 ਪਰਿਵਾਰ ਭੁਲੱਥ ਵਿੱਚ 180 ਪਰਿਵਾਰ ਅਤੇ ਕਪੂਰਥਲਾ ਵਿੱਚ 100 ਪਰਿਵਾਰ ਸ਼ਾਮਲ ਹਨ।

ਇਸੇ ਤਰ੍ਹਾਂ ਪੰਜਾਬ ਦੇ ਮਾਲ ਤੇ ਮੁੜ ਵਸੇਬਾ ਮੰਤਰੀ ਹਰਦੀਪ ਸਿੰਘ ਮੁੰਡੀਆਂ ਵੱਲੋਂ ਲੁਧਿਆਣਾ ਜ਼ਿਲ੍ਹੇ ਦੇ ਸਸਰਾਲੀ ਕਲੋਨੀ ਵਿਖੇ ਹੜ੍ਹ ਰਾਹਤ ਕਾਰਜਾਂ ਦਾ ਜਾਇਜ਼ਾ ਲਿਆ ਗਿਆ। ਪੰਜਾਬ ਦੇ ਲੋਕ ਨਿਰਮਾਣ ਮੰਤਰੀ ਹਰਭਜਨ ਸਿੰਘ ਈਟੀਓ ਵੱਲੋਂ ਬਿਆਸ ਇਲਾਕੇ ਵਿੱਚ ਹੜ੍ਹ ਰਾਹਤ ਕਾਰਜਾਂ ਦਾ ਜਾਇਜ਼ਾ ਲਿਆ ਗਿਆ।

ਕੈਬਨਿਟ ਮੰਤਰੀ ਮੋਹਿੰਦਰ ਭਗਤ ਵੱਲੋਂ ਅੱਜ ਸੁਲਤਾਨਪੁਰ ਲੋਧੀ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਬਾਊਪੁਰ ਦੇ ਹੋਰਨਾਂ ਨੇੜਲੇ ਪਿੰਡਾਂ ਦਾ ਦੌਰਾ ਕਰਕੇ ਰਾਹਤ ਕਾਰਜਾਂ ਦੀ ਸਮੀਖਿਆ ਕੀਤੀ। ਜ਼ਿਲ੍ਹਾ ਪ੍ਰਸ਼ਾਸਨ ਗੁਰਦਾਸਪੁਰ ਵੱਲੋਂ ਡੇਰਾ ਬਾਬਾ ਨਾਨਕ ਦੇ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚੋਂ ਡਰੋਨ ਦੀ ਮਦਦ ਨਾਲ ਰਾਹਤ ਸਮੱਗਰੀ ਪਹੁੰਚਾਈ ਗਈ।

ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਜ਼ਿਲ੍ਹਾ ਤਰਨਤਾਰਨ ਦੇ ਪੱਟੀ ਖੇਤਰ ਨਾਲ ਸਬੰਧਤ ਪਿੰਡ ਘੜੁੰਮ, ਕੁੱਤੀਵਾਲਾ, ਸਭਰਾਂ, ਜੱਲੋਕੇ, ਕੋਟਬੁੱਢਾ, ਭਾਊਵਾਲ, ਰਾਧਲਕੇ ਅਤੇ ਮੁੱਠਿਆਂਵਾਲਾ ਦੇ ਹੜ੍ਹ ਪ੍ਰਭਾਵਿਤ ਖੇਤਰਾਂ ਦਾ ਦੌਰਾ ਕੀਤਾ। ਉਨ੍ਹਾਂ ਨੇ ਮੋਟਰ ਬੋਟ ਨਾਲ ਜ਼ਰੂਰਤਮੰਦ ਲੋਕਾਂ ਨੂੰ ਰਾਸ਼ਨ, ਪਸ਼ੂਆਂ ਲਈ ਚਾਰਾ ਅਤੇ ਪਾਣੀ 'ਚ ਫਸੇ ਲੋਕਾਂ ਦਾ ਰੈਸਕਿਊ ਕਰਨ ਦੀ ਅਗਵਾਈ ਕੀਤੀ।

# ਮੁੱਖ ਮੰਤਰੀ, ਕੈਬਨਿਟ ਮੰਤਰੀ ਅਤੇ ਸਾਰੇ 'ਆਪ' ਵਿਧਾਇਕ ਹੜ੍ਹ ਰਾਹਤ ਲਈ ਇੱਕ ਮਹੀਨੇ ਦੀ ਤਨਖ਼ਾਹ ਦੇਣਗੇ

ਚੰਡੀਗੜ੍ਹ, 28 ਅਗਸਤ (ਚ.ਨ.ਸ.): ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪੂਰੀ ਕੈਬਨਿਟ ਅਤੇ ਆਮ ਆਦਮੀ ਪਾਰਟੀ (ਆਪ) ਦੇ ਸਾਰੇ ਵਿਧਾਇਕਾਂ ਨਾਲ ਮਿਲ ਕੇ ਸੂਬੇ ਵਿੱਚ ਹੜ੍ਹ ਰਾਹਤ ਕਾਰਜਾਂ ਲਈ ਆਪਣੀ ਇੱਕ ਮਹੀਨੇ ਦੀ ਤਨਖਾਹ ਦੇਣ ਦਾ ਫੈਸਲਾ ਕੀਤਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਕੁਦਰਤ ਦੇ ਕਹਿਰ ਕਾਰਨ ਪੰਜਾਬ ਨੂੰ ਕਾਫੀ ਨੁਕਸਾਨ ਹੋਇਆ ਹੈ ਅਤੇ ਇਹ ਅਜਿਹਾ ਸਮਾਂ ਹੈ, ਜਦੋਂ ਸਾਰੇ ਪੰਜਾਬੀਆਂ ਨੂੰ ਇੱਕ ਦੂਜੇ ਦੀ ਬਾਂਹ ਫੜਨ ਲਈ ਅੱਗੇ ਆਉਣਾ ਚਾਹੀਦਾ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਉਹ ਆਪਣੇ ਮੰਤਰੀਆਂ ਅਤੇ 'ਆਪ' ਵਿਧਾਇਕਾਂ ਨਾਲ ਮਿਲ ਕੇ ਹੜ੍ਹਾਂ ਤੋਂ ਪੀੜਤ ਲੋਕਾਂ ਦੀ ਸਹਾਇਤਾ ਲਈ ਇੱਕ ਮਹੀਨੇ ਦੀ ਤਨਖਾਹ ਦਾ ਯੋਗਦਾਨ ਪਾ ਰਹੇ ਹਨ।

ਉਨ੍ਹਾਂ ਅੱਗੇ ਕਿਹਾ ਕਿ ਸੂਬਾ ਸਰਕਾਰ ਅਤੇ ਪ੍ਰਸ਼ਾਸਨ ਇਸ ਸੰਕਟ ਦੀ ਘੜੀ ਵਿੱਚ ਲੋਕਾਂ ਨੂੰ ਬਚਾਉਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ।

# ਭਾਗਵਤ ਵੱਲੋਂ ਭਾਜਪਾ ਨੂੰ ਆਰ.ਐਸ.ਐਸ. ਅਧੀਨ ਲੈਣ ਦੇ ਦਾਅਵੇ ਰੱਦ

ਨਵੀਂ ਦਿੱਲੀ, 28 ਅਗਸਤ (ਚ.ਨ.ਸ.): ਰਾਸ਼ਟਰੀ ਸਵੈਸੇਵੀ ਸੰਘ (ਆਰ.ਐੱਸ.ਐੱਸ.) ਨੇ ਅੱਜ ਇੱਥੇ ਸਪੱਸ਼ਟ ਕੀਤਾ ਕਿ ਉਸ ਨੇ ਆਪਣੇ ਸਹਿਯੋਗੀ ਸੰਗਠਨਾਂ ਦੇ ਅੰਦਰੂਨੀ ਮਾਮਲਿਆਂ 'ਤੇ ਫ਼ੈਸਲੇ ਨਹੀਂ ਲਏ ਅਤੇ ਸੰਗਠਨ ਆਪਣੇ ਮਾਮਲਿਆਂ ਨੂੰ ਨਜਿੱਠਣ ਅਤੇ ਪ੍ਰਬੰਧਨ ਲਈ ਆਜ਼ਾਦ ਅਤੇ ਸਵੈ-ਨਿਰਭਰ ਹਨ। ਭਾਜਪਾ ਨਾਲ ਸਬੰਧਾਂ ਅਤੇ ਇਸ ਧਾਰਨਾ ਬਾਰੇ ਸਵਾਲਾਂ ਦੇ ਜਵਾਬ ਵਿੱਚ ਕਿ ਸੰਘ ਆਪਣੇ ਸੰਗਠਨਾਂ ਨਾਲ ਸਬੰਧਤ ਹਰ ਚੀਜ਼ ਦਾ ਫ਼ੈਸਲਾ ਕਰਦਾ ਹੈ, ਆਰ.ਐੱਸ.ਐੱਸ. ਮੁਖੀ ਮੋਹਨ ਭਾਗਵਤ ਨੇ ਅੱਜ ਇੱਥੇ ਕਿਹਾ ਕਿ ਸੰਘ ਇਨ੍ਹਾਂ ਚੀਜ਼ਾਂ ਦਾ ਫ਼ੈਸਲਾ ਨਹੀਂ ਕਰਦਾ। ਭਾਗਵਤ ਨੇ ਨਵੇਂ ਭਾਜਪਾ ਪ੍ਰਧਾਨ ਦੀ ਚੋਣ ਵਿੱਚ ਦੇਰੀ ਬਾਰੇ ਸਵਾਲਾਂ ਦੇ ਜਵਾਬ ਦਿੰਦੇ ਕਿਹਾ, "ਇਹ ਕਹਿਣਾ ਕਿ ਸੰਘ ਹਰ ਫ਼ੈਸਲਾ ਕਰਦਾ ਹੈ ਪੂਰੀ ਤਰ੍ਹਾਂ ਗਲਤ ਹੈ... ਜੇ ਅਸੀਂ ਫ਼ੈਸਲਾ ਕਰ ਰਹੇ ਹੁੰਦੇ, ਤਾਂ ਕੀ ਇਸ ਵਿੱਚ ਇੰਨਾ ਸਮਾਂ ਲੱਗਦਾ?" ਉਨ੍ਹਾਂ ਭਾਜਪਾ ਨੂੰ ਸੁਨੇਹਾ ਦਿੰਦਿਆਂ ਕਿਹਾ, "ਆਪਣਾ ਸਮਾਂ ਲਓ। ਸਾਡੇ ਕੋਲ ਕਹਿਣ ਲਈ ਕੁਝ ਨਹੀਂ ਹੈ।" ਭਾਗਵਤ ਨੇ ਇਹ ਵੀ ਕਿਹਾ ਕਿ ਆਰ.ਐੱਸ.ਐੱਸ. ਦਾ ਆਪਣੇ ਕਿਸੇ ਵੀ ਸੰਗਠਨ ਨਾਲ ਕੋਈ ਝਗੜਾ ਨਹੀਂ ਹੈ। ਕਿਉਂਕਿ ਸਾਰੇ 'ਰਾਸ਼ਟਰ ਪਹਿਲਾਂ' ਦੇ ਟੀਚੇ ਤਹਿਤ ਚਲਾਏ ਜਾਂਦੇ ਸਨ। ਉਨ੍ਹਾਂ ਕਿਹਾ, "ਸਾਡਾ ਕੇਂਦਰ ਅਤੇ ਰਾਜਾਂ ਦੀਆਂ ਸਾਰੀਆਂ ਸਰਕਾਰਾਂ ਨਾਲ ਚੰਗਾ ਤਾਲਮੇਲ ਹੈ ਪਰ ਪ੍ਰਣਾਲੀਆਂ ਵਿੱਚ ਕਈ ਵਾਰ ਅੰਦਰੂਨੀ ਵਿਰੋਧਤਾਈਆਂ ਹੁੰਦੀਆਂ ਹਨ। ਭਾਵੇਂ ਕੁਰਸੀ 'ਤੇ ਬੈਠਾ ਵਿਅਕਤੀ ਸਾਡੇ ਨਾਲ 100 ਫ਼ੀਸਦੀ ਹੈ, ਪਰ ਉਸ ਨੂੰ ਰੁਕਾਵਟਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ।"


ਚੰਡੀਗੜ੍ਹ ਹਾਊਸਿੰਗ ਬੋਰਡ
ਚੰਡੀਗੜ੍ਹ ਪ੍ਰਸ਼ਾਸਨ ਦਾ ਇਕ ਅਦਾਰਾ
8, ਜਨ ਮਾਰਗ, ਸੈਕਟਰ 9-ਡੀ, ਚੰਡੀਗੜ੍ਹ
0172-4601826

**ਜਨਤਕ ਸੂਚਨਾ**

**ਵੱਲੋਂ ਸਕੱਤਰ, ਸੀਐਚਬੀ ਅਸਟੇਟ ਅਧਿਕਾਰੀ, ਯੂ.ਟੀ. ਚੰਡੀਗੜ੍ਹ ਦੀਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ।**

ਵਿਸ਼ਾ: ਅਲਾਟੀ/ਟ੍ਰਾਂਸਫਰੀ **ਸ੍ਰੀ ਅਮਿਤ ਜਿੰਦਲ ਸਪੁੱਤਰ ਸ੍ਰੀ ਜਸਵੰਤ ਰਾਏ ਜਿੰਦਲ** ਦੇ ਨਾਮ ਤੋਂ **ਸ੍ਰੀ ਆਦਿਤਯ ਅੰਗੀਰਸ ਸਪੁੱਤਰ ਸ੍ਰੀ ਰਾਮਕਾਂਤ ਅੰਗੀਰਸ** ਦੇ ਨਾਮ 'ਤੇ **ਵਿਕਰੀ ਡੀਡ** ਦੇ ਅਧਾਰ 'ਤੇ **ਸੈਕਟਰ 49, ਚੰਡੀਗੜ੍ਹ ਵਿਚ ਐਲਆਈਜੀ ਵਰਗ ਦੀ ਰਿਹਾਇਸ਼ੀ ਇਕਾਈ ਨੰਬਰ 2837-ਏ (ਪਹਿਲੀ ਮੰਜ਼ਿਲ)** ਦੇ ਸਬੰਧ ਵਿਚ ਮਾਲਕੀ ਅਧਿਕਾਰ ਦਾ ਤਬਾਦਲਾ/ਪਰਿਵਰਤਨ।

ਆਮ ਜਨਤਾ ਅਤੇ ਸਾਰੇ ਸਬੰਧਤਾਂ ਦੀ ਜਾਣਕਾਰੀ ਲਈ ਇਸ ਦੁਆਰਾ ਸੂਚਿਤ ਕੀਤਾ ਜਾਂਦਾ ਹੈ ਕਿ **ਸੈਕਟਰ 49, ਚੰਡੀਗੜ੍ਹ ਵਿਚ ਐਲਆਈਜੀ ਵਰਗ ਦੀ ਰਿਹਾਇਸ਼ੀ ਇਕਾਈ ਨੰਬਰ 2837-ਏ (ਪਹਿਲੀ ਮੰਜ਼ਿਲ)** ਅਲਾਟੀ/ਟ੍ਰਾਂਸਫਰੀ **ਸ੍ਰੀ ਅਮਿਤ ਜਿੰਦਲ ਸਪੁੱਤਰ ਸ੍ਰੀ ਜਸਵੰਤ ਰਾਏ ਜਿੰਦਲ** ਦੇ ਨਾਮ 'ਤੇ ਦਰਜ ਹੈ। ਹੁਣ, **ਸ੍ਰੀ ਅਮਿਤ ਜਿੰਦਲ ਸਪੁੱਤਰ ਸ੍ਰੀ ਜਸਵੰਤ ਰਾਏ ਜਿੰਦਲ** ਨੇ ਉਕਤ ਦਰਸਾਈ ਰਿਹਾਇਸ਼ੀ ਇਕਾਈ **27.03.2025** ਨੂੰ ਸਬ-ਰਜਿਸਟਰਾਰ ਚੰਡੀਗੜ੍ਹ ਦੇ ਦਫਤਰ ਵਿਚ ਕਾਰਜਰੂਪ ਅਤੇ ਪੰਜੀਕ੍ਰਿਤ ਵਿਕਰੀ ਡੀਡ ਦੇ ਅਧੀਨ **ਸ੍ਰੀ ਆਦਿਤਯ ਅੰਗੀਰਸ ਸਪੁੱਤਰ ਸ੍ਰੀ ਰਾਮਕਾਂਤ ਅੰਗੀਰਸ** ਨੂੰ ਵੇਚ ਦਿੱਤੀ ਹੈ। **ਸ੍ਰੀ ਆਦਿਤਯ ਅੰਗੀਰਸ ਸਪੁੱਤਰ ਸ੍ਰੀ ਰਾਮਕਾਂਤ ਅੰਗੀਰਸ** ਨੇ ਵਿਕਰੀ ਡੀਡ ਦੇ ਆਧਾਰ 'ਤੇ ਆਪਣੇ ਨਾਮ 'ਤੇ ਉਕਤ ਦਰਸਾਈ ਰਿਹਾਇਸ਼ੀ ਇਕਾਈ ਦੇ ਤਬਾਦਲੇ ਲਈ ਇਸ ਦਫ਼ਤਰ ਨੂੰ ਬੇਨਤੀ ਕੀਤੀ ਹੈ।

ਜੇਕਰ ਕਿਸੇ ਵੀ ਵਿਅਕਤੀ ਨੂੰ ਬਿਨੈਕਾਰ ਦੇ ਪੱਖ ਵਿਚ ਦਰਸਾਈ ਸੰਪੱਤੀ ਦੇ ਤਬਾਦਲੇ ਬਾਰੇ ਕੋਈ ਵੀ ਇਤਰਾਜ਼ ਹੋਵੇ, ਤਾਂ ਉਹ ਇਸ ਸੂਚਨਾ ਦੇ ਪ੍ਰਕਾਸ਼ਨ ਤੋਂ 21 ਦਿਨਾਂ ਦੇ ਅੰਦਰ ਨਿਮਨ ਹਸਤਾਖ਼ਰੀ ਨੂੰ ਲਿਖਤ ਵਿਚ ਇਤਰਾਜ਼ ਪੇਸ਼ ਕਰ ਸਕਦਾ/ਸਕਦੀ ਹੈ/ਸਕਦੇ ਹਨ, ਜਿਸ ਤੋਂ ਅਸਫ਼ਲ ਰਹਿਣ 'ਤੇ ਦਰਸਾਈ ਰਿਹਾਇਸ਼ੀ ਇਕਾਈ ਦੀ ਮਾਲਕੀ ਉਕਤ ਦਰਸਾਏ ਦਾਅਵੇਕਾਰ (ਾਂ) ਦੇ ਪੱਖ ਵਿਚ ਤਬਦੀਲ ਕਰ ਦਿੱਤੀ ਜਾਵੇਗੀ।

**ਸਕੱਤਰ**
**ਚੰਡੀਗੜ੍ਹ ਹਾਊਸਿੰਗ ਬੋਰਡ,**
**ਚੰਡੀਗੜ੍ਹ**


## ਹਰ ਪਾਸੇ ਆਫ਼ਤ ਹੀ ਆਫ਼ਤ,

ਕਰਕੇ ਉੱਥੇ ਦੇ ਲੋਕਾਂ ਦਾ ਜਨ ਜੀਵਨ ਲੀਹੋਂ ਲੱਥ ਗਿਆ ਹੈ। ਇਨ੍ਹਾਂ ਜ਼ਿਲ੍ਹਿਆਂ ਵਿੱਚ ਕਿਸਾਨਾਂ ਦੀਆਂ ਲੱਖਾਂ ਏਕੜ ਫਸਲਾਂ ਪਾਣੀ ਵਿੱਚ ਡੁੱਬ ਗਈਆਂ ਹਨ ਅਤੇ ਪਸ਼ੂਆਂ ਦਾ ਵੀ ਕਾਫੀ ਥਾਵਾਂ 'ਤੇ ਨੁਕਸਾਨ ਹੋ ਗਿਆ ਹੈ। ਹਾਲਾਂਕਿ ਸੂਬਾ ਸਰਕਾਰ ਵੱਲੋਂ ਹੜ੍ਹ ਪ੍ਰਬੰਧਨ ਲਈ ਪੁਖਤਾ ਪ੍ਰਬੰਧ ਕਰਨ ਦਾ ਦਾਅਵਾ ਕੀਤਾ ਜਾ ਰਿਹਾ ਹੈ।

**ਅਜਨਾਲਾ ਖੇਤਰ ਵਿਚ ਹੜ੍ਹ 'ਚ ਘਿਰੇ ਲੋਕਾਂ ਦੀ ਮੱਦਦ ਲਈ ਬਹੁੜੀ ਫੌਜ; 40 ਪਿੰਡ ਪਾਣੀ 'ਚ ਘਿਰੇ**

ਰਾਵੀ ਦਰਿਆ ਵਿੱਚ ਆਏ ਹੜ੍ਹ ਕਾਰਨ ਅਜਨਾਲਾ ਖੇਤਰ ਵਿੱਚ ਲੋਕਾਂ ਦੀ ਮਦਦ ਲਈ ਫੌਜ ਪੁੱਜ ਗਈ ਹੈ। ਜ਼ਿਲ੍ਹਾ ਪ੍ਰਸ਼ਾਸਨ ਦੀ ਟੀਮ ਨੇ ਵੀ ਸਵੇਰੇ ਤੜਕੇ 4 ਵਜੇ ਬਚਾਅ ਕਾਰਜ ਸ਼ੁਰੂ ਕਰ ਦਿੱਤੇ ਹਨ। ਡਿਪਟੀ ਕਮਿਸ਼ਨਰ ਸ਼੍ਰੀਮਤੀ ਸਾਕਸ਼ੀ ਸਾਹਨੀ ਅਤੇ ਵਧੀਕ ਡਿਪਟੀ ਕਮਿਸ਼ਨਰ ਰੋਹਿਤ ਗੁਪਤਾ ਆਪਣੀਆਂ ਟੀਮਾਂ ਨਾਲ ਸਵੇਰੇ ਮੌਕੇ 'ਤੇ ਪੁੱਜ ਗਏ ਸਨ। ਰਮਦਾਸ ਜਿੱਥੋਂ ਕੱਲ੍ਹ ਤੱਕ ਗੱਡੀਆਂ ਦਾ ਕਾਫਲਾ ਅੱਗੇ ਜਾਂਦਾ ਸੀ, ਅੱਜ ਪਾਣੀ ਨੇ ਉੱਥੇ ਵੀ ਰਸਤਾ ਰੋਕ ਲਿਆ ਹੈ। ਉਥੋਂ ਹੁਣ ਟਰੈਕਟਰਾਂ ਉੱਤੇ ਜਵਾਨਾਂ ਨੂੰ ਤੋਰਿਆ ਗਿਆ ਤਾਂ ਜੋ ਲੋਕਾਂ ਨੂੰ ਘਰਾਂ ਵਿੱਚੋਂ ਕੱਢ ਕੇ ਸੁਰੱਖਿਅਤ ਸਥਾਨਾਂ ਉੱਤੇ ਪਹੁੰਚਾ ਸਕਨ।

ਇਸ ਦੌਰਾਨ ਫੌਜ ਦੇ ਜਵਾਨ ਵੀ ਅੱਜ ਸਵੇਰੇ ਤੜਕੇ ਪਹੁੰਚ ਚੁੱਕੇ ਹਨ। ਉਨ੍ਹਾਂ ਕੋਲ ਅਜਿਹੀਆਂ ਸਥਿਤੀਆਂ ਨਾਲ ਨਜਿੱਠਣ ਲਈ ਵਿਸ਼ੇਸ਼ ਟਰੇਨਿੰਗ ਹੈ। ਉਨ੍ਹਾਂ ਨੇ ਆਪਣੀਆਂ ਕਿਸ਼ਤੀਆਂ ਲਿਆਂਦੀਆਂ ਹਨ। ਫਿਲਹਾਲ ਪਾਣੀ ਵਿੱਚ ਘਿਰੇ ਲੋਕਾਂ ਨੂੰ ਸੁਰੱਖਿਤ ਸਥਾਨਾਂ ਉਤੇ ਲਿਆਉਣ ਦਾ ਕੰਮ ਚੱਲ ਰਿਹਾ ਹੈ।ਦੱਸਣਯੋਗ ਹੈ ਕਿ ਬੀਤੇ ਕੱਲ੍ਹ 27 ਅਗਸਤ ਦੀ ਸਵੇਰ ਧੁਸੀ ਬੰਨ੍ਹ ਤੋੜ ਕੇ ਪਾਣੀ ਆਬਾਦੀਆਂ ਵਾਲੇ ਪਾਸਿਆਂ ਨੂੰ ਵਧਿਆ ਸੀ ਤੇ ਰਮਦਾਸ ਖੇਤਰ ਦੇ ਲਗਪਗ 20 ਤੋਂ ਵੱਧ ਪਿੰਡ ਪਾਣੀ ਵਿੱਚ ਘਿਰ ਗਏ ਸਨ। ਲੋਕਾਂ ਨੂੰ ਬਚਾਉਣ ਵਾਸਤੇ ਦੇਰ ਰਾਤ 11 ਵਜੇ ਤੱਕ ਬਚਾਅ ਕਾਰਜ ਚਲਦੇ ਰਹੇ ਹਨ।

ਜਾਣਕਾਰੀ ਮੁਤਾਬਕ ਪਾਣੀ ਹੋਰ ਅੱਗੇ ਵੱਧ ਰਿਹਾ ਹੈ ਅਤੇ ਹੁਣ ਲਗਪਗ 40 ਪਿੰਡ ਜੋ ਕਿ ਕੱਲ੍ਹ ਨਾਲੋਂ ਦੋ ਗੁਣਾ ਹਨ ਪਾਣੀ ਵਿੱਚ ਘਿਰ ਗਏ ਹਨ। ਇਨ੍ਹਾਂ ਪਿੰਡਾਂ ਵਿੱਚੋਂ ਵੀ ਲੋਕਾਂ ਨੂੰ ਸੁਰੱਖਿਅਤ ਬਾਹਰ ਕੱਢਣ ਵਾਸਤੇ ਯਤਨ ਕੀਤੇ ਜਾ ਰਹੇ ਹਨ। ਵਧੇਰੇ ਪਿੰਡਾਂ ਵਿੱਚ ਜਿਨ੍ਹਾਂ ਲੋਕਾਂ ਦੇ ਦੋ ਮੰਜ਼ਿਲਾਂ ਘਰ ਹਨ ਉਹ ਉੱਪਰਲੀਆਂ ਮੰਜ਼ਲਾਂ 'ਤੇ ਚਲੇ ਗਏ ਹਨ। ਰਾਵੀ ਦਰਿਆ ਵਿੱਚ ਆਏ ਹੜ੍ਹ ਦਾ ਪ੍ਰਭਾਵ ਹੁਣ ਰਮਦਾਸ ਅਜਨਾਲਾ ਤੋਂ ਬਾਅਦ ਲੋਪੋਕੇ ਚੋਗਾਵਾਂ ਖੇਤਰ ਵੱਲ ਨੂੰ ਵੱਧ ਰਿਹਾ ਹੈ।

ਇਸ ਖੇਤਰ ਵਿੱਚ ਧੁਸੀਂ ਬੰਨ੍ਹ ਤੋਂ ਅਗਲੇ ਪਾਸੇ ਫਸਲਾਂ ਪਾਣੀ ਵਿੱਚ ਡੁੱਬ ਗਈਆਂ ਹਨ ਅਤੇ ਬੀਐੱਸਐੱਫ ਦੀਆਂ ਅਗਲੇਰੀਆਂ ਚੌਕੀਆਂ ਵੀ ਪਾਣੀ ਵਿੱਚ ਘਿਰ ਗਈਆਂ ਹਨ।

ਜਿਨ੍ਹਾਂ ਪਿੰਡਾਂ ਵਿੱਚ ਪਾਣੀ ਦਾ ਪੱਧਰ ਅਜੇ ਘੱਟ ਹੈ, ਉੱਥੇ ਬਚਾਅ ਕਾਰਜ ਵਿੱਚ ਲੱਗੀਆਂ ਟੀਮਾਂ ਵੱਲੋਂ ਲੋਕਾਂ ਨੂੰ ਆਪਣੇ ਘਰਾਂ ਵਿੱਚੋਂ ਬਾਹਰ ਆਉਣ ਦੀ ਅਪੀਲ ਕੀਤੀ ਜਾ ਰਹੀ ਹੈ ਤਾਂ ਜੋ ਉਨ੍ਹਾਂ ਨੂੰ ਸੁਰੱਖਿਅਤ ਬਾਹਰ ਲਿਆਂਦਾ ਜਾ ਸਕੇ।

# ਪਹਿਲੇ ਸਫ਼ੇ ਦੀ ਬਾਕੀ

ਇਨ੍ਹਾਂ ਟੀਮਾਂ ਵੱਲੋਂ ਲੋਕਾਂ ਨੂੰ ਸਪੀਕਰ ਰਾਹੀਂ ਮੁਨਿਆਦੀ ਕਰਕੇ ਜਾਣਕਾਰੀ ਦਿੱਤੀ ਜਾ ਰਹੀ ਹੈ ਕਿ ਪਾਣੀ ਤੇਜ਼ੀ ਨਾਲ ਵੱਧ ਰਿਹਾ ਹੈ।

ਇਸ ਵੇਲੇ ਹੜ੍ਹ ਦੇ ਪਾਣੀ ਦੇ ਪ੍ਰਭਾਵ ਹੇਠ ਆਏ 40 ਤੋਂ ਵੱਧ ਪਿੰਡਾਂ ਵਿੱਚ ਘੋਨੇਵਾਲ, ਮਾਛੀਵਾਲ, ਮੰਗੂ ਨਾਰੂ, ਸ਼ਹਿਜ਼ਾਦਾ ਜੱਟਾਂ, ਕੋਟਿ ਗੁਰਬਖਸ਼ ,ਪਛੀਆਂ , ਨਿਸੋਕੇ ਸਿੰਘੋ ਕੇ, ਮੁਹੰਮਦ, ਮੁੰਦਰਾਂ ਵਾਲਾ, ਘੱਗਰ, ਧਰਮਾ ਬਾਦ, ਰਮਦਾਸ, ਸ਼ਾਮਪੁਰਾ, ਕੋਟਲੀ ਸ਼ਾਹ ਹਬੀਬ ,ਨੰਗਲ ਸੋਹਲ, ਰੂੜੇਵਾਲ, ਖਟੜਾ, ਪੰਡੋਰੀ ਥੰਗਈ, ਮਲਕਪੁਰ, ਲੰਗਰਪੁਰ, ਦੂਜੋਵਾਲ, ਬੇਦੀ ਛੰਨਾ, ਕੋਟ ਰਜਾਦਾ, ਸੂਫੀਆਂ, ਸਮਰਾਈ, ਚਾਹੜਪੁਰ , ਭਦਲ, ਗਾਲਿਬ ,ਦਰਿਆਏ ਮਨਸੂਰ, ਨੰਗਲ ਅੰਬ, ਬੱਲ ਲਬੇ ਦਰਿਆ, ਕਮੀਰਪੁਰ ,ਭੈਣੀ ਗਿੱਲ, ਚੱਕ ਵਾਲਾ, ਜਗਦੇਵ ਖੁਰਦ, ਸਾਹੋਵਾਲ, ਢਾਈ ਸਿੰਘਪੁਰਾ, ਬਾਜਵਾ ਤੇ ਹੋਰ ਸ਼ਾਮਲ ਹਨ। ਸਾਬਕਾ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਪਿਛਲੇ ਕਈ ਦਿਨਾਂ ਤੋਂ ਰਾਤ ਦਿਨ ਹਲਕੇ ਦੇ ਲੋਕਾਂ ਦੇ ਬਚਾਅ ਕਾਰਜਾਂ ਵਿਚ ਲੱਗੇ ਹੋਏ ਹਨ ਅਤੇ ਅੱਜ ਤੜਕੇ ਉਹ ਵੀ ਪਹੁੰਚ ਗਏ ਸਨ।

## ਮੈਂ ਜਦੋਂ ਤੱਕ ਜ਼ਿੰਦਾ ਹਾਂ ਕਿਸੇ ਨੂੰ ਵੀ ਲੋਕਾਂ ਦਾ

ਅਧਿਕਾਰ ਨਹੀਂ ਖੋਹਣ ਦੇਵਾਂਗੀ।" ਉਨ੍ਹਾਂ ਦੋਸ਼ ਲਾਇਆ ਕਿ ਚੋਣ ਕਮਿਸ਼ਨ ਸੂਬਾ ਸਰਕਾਰ ਦੇ ਅਧਿਕਾਰੀਆਂ ਨੂੰ ਧਮਕਾ ਰਿਹਾ ਹੈ। ਬੈਨਰਜੀ ਨੇ ਦਾਅਵਾ ਕੀਤਾ, " ਚੋਣ ਕਮਿਸ਼ਨ ਸਾਡੇ ਅਧਿਕਾਰੀਆਂ ਨੂੰ ਧਮਕਾ ਰਿਹਾ ਹੈ। ਇਸ (ਚੋਣ ਕਮਿਸ਼ਨ) ਦਾ ਅਧਿਕਾਰ ਖੇਤਰ ਸਿਰਫ ਚੋਣਾਂ ਦੌਰਾਨ ਤਿੰਨ ਮਹੀਨਿਆਂ ਤੱਕ ਹੈ, ਪੂਰਾ ਸਾਲ ਨਹੀਂ।" ਉਨ੍ਹਾਂ ਨੇ ਇਹ ਵੀ ਦੋਸ਼ ਲਾਇਆ ਕਿ ਭਾਜਪਾ ਆਜ਼ਾਦੀ ਦੀ ਲੜਾਈ 'ਚ ਬੰਗਾਲੀਆਂ ਪਾਏ ਗਏ ਯੋਗਦਾਨ ਨੂੰ ਭੁਲਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਮਮਤਾ ਬੈਨਰਜੀ ਨੇ ਕਿਹਾ, "ਜੇਕਰ ਬੰਗਾਲੀ ਭਾਸ਼ਾ ਨਹੀਂ ਹੈ ਤਾਂ ਰਾਸ਼ਟਰੀ ਗੀਤ ਕਿਹੜੀ ਭਾਸ਼ਾ ਵਿੱਚ ਲਿਖੇ ਗਏ ਹਨ ? ਉਹ ਲੋਕ ਚਾਹੁੰਦੇ ਨੇ ਆਜ਼ਾਦੀ ਦੀ ਲੜਾਈ 'ਚ ਬੰਗਾਲੀਆਂ ਵੱਲੋਂ ਨਿਭਾਈ ਭੂਮਿਕਾ ਨੂੰ ਭੁਲਾ ਦੇਈਏ। ਅਸੀਂ ਇਸ ਭਾਸ਼ਾਈ ਅਤਿਵਾਦ ਨੂੰ ਸਹਿਣ ਨਹੀਂ ਕਰਾਂਗੇ।" ਸੀਪੀਆਈ(ਐੱਮ) ਦੀ ਅਗਵਾਈ ਵਾਲੀ ਖੱਬੇ ਪੱਖੀ ਧਿਰ 'ਤੇ ਨਿਸ਼ਾਨਾ ਸਾਧਿਆ

ਤ੍ਰਿਣਮੂਲ ਕਾਂਗਰਸ ਮੁਖੀ ਨੇ ਸੀਪੀਆਈ(ਐੱਮ) ਦੀ ਅਗਵਾਈ ਵਾਲੀ ਖੱਬੇਪੱਖੀ ਧਿਰ 'ਤੇ ਵੀ ਨਿਸ਼ਾਨਾ ਸੇਧਿਆ ਅਤੇ ਦੋਸ਼ ਲਾਇਆ ਕਿ ਉਹ (ਖੱਬੇਪੱਖੀ ਪਾਰਟੀ) ਉਨ੍ਹਾਂ ਦਾ ਮੁਕਾਬਲਾ ਕਰਨ ਲਈ ਭਾਜਪਾ ਨਾਲ 'ਹੱਥ ਮਿਲਾ ਰਹੀ ਹੈ।" ਬੈਨਰਜੀ ਇਹ ਕਿਹਾ, "ਕੇਰਲਾ ਦੀ ਸੀਪੀਆਈ(ਐੱਮ) ਸਰਕਾਰ ਦਾਅਵਾ ਕਰ ਰਹੀ ਹੈ ਕਿ ਨੇਤਾਜੀ ਸੁਭਾਸ਼ ਚੰਦਰ ਬੋਸ ਅੰਗਰੇਜ਼ਾਂ ਤੋਂ ਡਰ ਕੇ ਦੇਸ਼ ਛੱਡ ਕੇ ਭੱਜ ਗਏ ਸਨ। ਅਸੀਂ ਇਸ ਦੀ ਨਿਖੇਧੀ ਕਰਦੇ ਹਾਂ।"

## 'ਰਾਸ਼ਟਰਪਤੀ ਤੇ

## ਰਾਜਪਾਲ ਆਪਣੇ

ਧਾਰਾ 143 ਦੇ ਤਹਿਤ ਸੁਪਰੀਮ ਕੋਰਟ ਨੂੰ ਇੱਕ ਸੰਦਰਭ ਦਿੱਤਾ ਅਤੇ ਧਾਰਾ 200 ਅਤੇ 201 ਦੇ ਤਹਿਤ ਰਾਜਪਾਲ ਅਤੇ ਰਾਸ਼ਟਰਪਤੀ ਦੀਆਂ ਸ਼ਕਤੀਆਂ ਨਾਲ ਜੁੜੇ 14 ਸਵਾਲਾਂ 'ਤੇ ਕੋਰਟ ਦੀ ਰਾਏ ਮੰਗੀ ਸੀ।

## ਅਪਰਾਧਿਕ ਮਾਮਲੇ ਨੂੰ ਲਮਕਾਉਣਾ 'ਮਾਨਸਿਕ ਕੈਦ'

ਸਜ਼ਾ ਨੂੰ ਘਟਾ ਕੇ ਜੇਲ੍ਹ 'ਚ ਬਿਤਾਏ ਗਏ ਸਮੇਂ ਬਰਾਬਰ ਕਰਦਿਆਂ ਕੀਤੀ। ਉਸ ਦੀ ਸਜ਼ਾ ਦੀ ਪੁਸ਼ਟੀ ਕਰਦੇ ਹੋਏ ਬੈਂਚ ਨੇ ਕਿਹਾ ਕਿ ਇਹ ਘਟਨਾ 22 ਸਾਲ ਪਹਿਲਾਂ ਵਾਪਰੀ ਸੀ ਤੇ ਔਰਤ ਹੁਣ 75 ਸਾਲ ਦੀ ਹੈ।

ਇਸ ਤੋਂ ਇਲਾਵਾ ਅਦਾਲਤ ਨੇ ਉਸ 'ਤੇ ਲਾਏ ਗਏ ਜੁਰਮਾਨੇ ਨੂੰ ਅਸਲ ਜੁਰਮਾਨੇ ਨਾਲੋਂ 25,000 ਰੁਪਏ ਵਧਾ ਦਿੱਤਾ ਹੈ। ਸੁਪਰੀਮ ਕੋਰਟ ਦਾ ਇਹ ਫ਼ੈਸਲਾ ਔਰਤ ਵੱਲੋਂ ਮਦਰਾਸ ਹਾਈ ਕੋਰਟ ਦੇ ਅਗਸਤ 2010 ਦੇ ਫ਼ੈਸਲੇ ਵਿਰੁੱਧ ਦਾਇਰ ਅਪੀਲ 'ਤੇ ਆਇਆ, ਜਿਸ ਨੇ ਇਕ ਅਧੀਨ ਅਦਾਲਤ ਦੇ ਫ਼ੈਸਲੇ ਦੀ ਪੁਸ਼ਟੀ ਕੀਤੀ ਸੀ। ਹੇਠਲੀ ਅਦਾਲਤ ਨੇ ਕੇਂਦਰੀ ਆਬਕਾਰੀ ਇੰਸਪੈਕਟਰ ਵਜੋਂ ਨੌਕਰੀ ਕਰਨ ਵਾਲੀ ਔਰਤ ਨੂੰ ਭ੍ਰਿਸ਼ਟਾਚਾਰ ਰੋਕਥਾਮ ਐਕਟ, 1988 ਦੀਆਂ ਧਾਰਾਵਾਂ ਹੇਠ ਦੋਸ਼ੀ ਕਰਾਰ ਦਿੱਤਾ ਸੀ ਅਤੇ ਉਸ ਨੂੰ ਇਕ ਸਾਲ ਦੀ ਕੈਦ ਦੀ ਸਜ਼ਾ ਸੁਣਾਈ ਸੀ।

## ਇਹ ਮੋਦੀ ਦੀ ਜੰਗ ਹੈ: ਵਾਈਟ ਹਾਊਸ ਦੇ

ਤਾਂ ਅਮਰੀਕਾ ਭਾਰਤੀ ਸਮਾਨ 'ਤੇ ਟੈਕਸ ਵਿੱਚ 25 ਫੀਸਦੀ ਦੀ ਕਟੌਤੀ ਕਰ ਸਕਦਾ ਹੈ। ਪਰ ਉਨ੍ਹਾਂ ਨੇ ਜ਼ੋਰ ਦੇ ਕੇ ਕਿਹਾ ਕਿ ਭਾਰਤ ਦਾ ਮੌਜੂਦਾ ਰਸਤਾ ਮਾਸਕੋ ਨੂੰ ਮਜ਼ਬੂਤ ਕਰਦਾ ਹੈ। ਉਨ੍ਹਾਂ ਕਿਹਾ, 'ਮੇਰਾ ਮਤਲਬ ਮੋਦੀ ਦੀ ਜੰਗ ਹੈ, ਕਿਉਂਕਿ ਸ਼ਾਂਤੀ ਦਾ ਰਸਤਾ ਕੁਝ ਹੱਦ ਤੱਕ ਨਵੀਂ ਦਿੱਲੀ ਵਿੱਚੋਂ ਲੰਘਦਾ ਹੈ।'

ਇਹ ਟਿੱਪਣੀਆਂ ਅਜਿਹੇ ਸਮੇਂ ਵਿੱਚ ਆਈਆਂ ਹਨ ਜਦੋਂ ਅਮਰੀਕਾ-ਭਾਰਤ ਸਬੰਧਾਂ ਵਿੱਚ ਸਾਲਾਂ ਵਿੱਚ ਸਭ ਤੋਂ ਹੇਠਲੇ ਪੱਧਰ 'ਤੇ ਹਨ। ਇਸ ਦੌਰਾਨ ਭਾਰਤੀ ਅਧਿਕਾਰੀਆਂ ਨੇ ਕਾਇਮ ਰੱਖਿਆ ਹੈ ਕਿ ਰੂਸ ਤੋਂ ਊਰਜਾ ਦਰਾਮਦ ਕਿਫਾਇਤੀ ਅਤੇ ਕੌਮੀ ਹਿੱਤਾਂ ਲਈ ਜ਼ਰੂਰੀ ਹਨ। ਨਵੀਂ ਦਿੱਲੀ ਨੇ ਇਹ ਵੀ ਦਲੀਲ ਦਿੱਤੀ ਹੈ ਕਿ ਅਮਰੀਕਾ ਅਤੇ ਯੂਰਪ ਰੂਸ ਨਾਲ ਸਬੰਧਤ ਵਸਤੂਆਂ ਖਰੀਦਣਾ ਜਾਰੀ ਰੱਖਦੇ ਹਨ, ਜਿਸ ਨਾਲ ਇਸ ਦੀਆਂ ਖਰੀਦਾਂ ਦੇ ਵਿਰੁੱਧ ਨੈਤਿਕ ਮਾਮਲਾ ਕਮਜ਼ੋਰ ਹੁੰਦਾ ਹੈ।

## ਸੁਪਰੀਮ ਕੋਰਟ ਨੂੰ ਮਿਲੇ 2 ਨਵੇਂ ਜੱਜ :

ਚੀਫ਼ ਜਸਟਿਸ ਬਣਨ ਦੀ ਕਤਾਰ ਵਿਚ ਹੋਣਗੇ। ਉਹ 3 ਅਕਤੂਬਰ, 2031 ਨੂੰ ਚੀਫ਼ ਜਸਟਿਸ ਦਾ ਅਹੁਦਾ ਸੰਭਾਲਣਗੇ ਅਤੇ 27 ਮਈ, 2033 ਨੂੰ ਸੇਵਾਮੁਕਤ ਹੋਣਗੇ। ਕੇਂਦਰ ਸਰਕਾਰ ਨੇ ਸੁਪਰੀਮ ਕੋਰਟ ਕਾਲਜੀਅਮ ਦੀ ਸਿਫ਼ਾਰਸ਼ ਦੇ 48 ਘੰਟਿਆਂ ਦੇ ਅੰਦਰ ਨਿਯੁਕਤੀ ਪੱਤਰ ਜਾਰੀ ਕਰ ਦਿੱਤਾ ਹੈ। ਹਾਲਾਂਕਿ, ਇਸ ਪ੍ਰਸਤਾਵ ਨੂੰ ਕਾਲਜੀਅਮ ਨੇ 4:1 ਦੇ ਬਹੁਮਤ ਨਾਲ ਪਾਸ ਕਰ ਦਿੱਤਾ।

## ਮਜੀਠੀਆ ਦੀ ਨਿਆਂਇਕ ਹਿਰਾਸਤ ਵਿੱਚ 6 ਸਤੰਬਰ

30 ਅਗਸਤ 'ਤੇ ਪੈ ਗਈ ਹੈ। ਇਸ ਦੌਰਾਨ ਮਜੀਠੀਆ ਦੇ ਵਕੀਲਾਂ ਵੱਲੋਂ ਅਦਾਲਤ ਵਿੱਚ ਦਰਖਾਸਤ ਦੇ ਕੇ ਵਿਜੀਲੈਂਸ ਵੱਲੋਂ ਪੇਸ਼ ਕੀਤੇ ਗਏ 40 ਹਜ਼ਾਰ ਪੰਨਿਆਂ ਦੇ ਚਲਾਨ ਦੀ ਕਾਪੀ ਦੀ

ਮੰਗ ਕੀਤੀ ਅਤੇ ਅਦਾਲਤ ਨੇ ਦੋ ਸਤੰਬਰ ਤੱਕ ਇਹ ਕਾਪੀ ਮਜੀਠੀਆ ਦੇ ਵਕੀਲਾਂ ਨੂੰ ਮੁਹੱਈਆ ਕਰਾਉਣ ਦੇ ਆਦੇਸ਼ ਦਿੱਤੇ ਹਨ।

## ਅੱਠ ਨਵੀਆਂ ਸੇਵਾਵਾਂ ਸ਼ੁਰ

ਕੁਸ਼ਲਤਾ ਵਿਚ ਸੁਧਾਰ ਕਰਨਗੀਆਂ, ਬਲਕਿ ਨਾਗਰਿਕਾਂ ਨੂੰ ਜ਼ਰੂਰੀ ਸੇਵਾਵਾਂ ਤੱਕ ਸੁਵਿਧਾਜਨਕ ਅਤੇ ਪਾਰਦਰਸ਼ੀ ਪਹੁੰਚ ਵੀ ਪ੍ਰਦਾਨ ਕਰਨਗੀਆਂ। ਉਨ੍ਹਾਂ ਕਿਹਾ ਕਿ ਇਨ੍ਹਾਂ ਵੱਖ-ਵੱਖ ਸੇਵਾਵਾਂ ਦੇ ਸਵੈਚਾਲਨ ਨਾਲ ਪ੍ਰਕਿਰਿਆ ਦਾ ਸਮਾਂ ਘਟੇਗਾ ਅਤੇ ਕੁਸ਼ਲਤਾ ਵਧੇਗੀ। ਉਨ੍ਹਾਂ ਦੱਸਿਆ ਕਿ ਇਹ ਸੇਵਾਵਾਂ ਪਾਰਦਸ਼ੀ ਅਤੇ ਆਨਲਾਈਨ ਢੰਗ ਨਾਲ ਨਾਗਰਿਕਾਂ ਨੂੰ ਅਸਲ-ਸਮੇਂ ਦੇ ਅਪਡੇਟ ਅਤੇ ਟਰੈਕਿੰਗ ਸਮਰੱਥਾਵਾਂ ਤਹਿਤ ਪ੍ਰਦਾਨ ਕੀਤੀਆਂ ਜਾਣਗੀਆਂ। ਕੈਬਨਿਟ ਮੰਤਰੀ ਨੇ ਦੱਸਿਆ ਕਿ ਸੇਵਾਵਾਂ ਨਾਲ ਕਰਮਚਾਰੀ ਕੁਸ਼ਲਤਾ ਵਿਚ ਸੁਧਾਰ ਆਏਗਾ ਅਤੇ ਡਿਜੀਟਲ ਪਲੇਟਫਾਰਮ ਕਰਮਚਾਰੀਆਂ ਨੂੰ ਉੱਚ-ਪ੍ਰਾਥਮਿਕਤਾ ਵਾਲੇ ਕੰਮਾਂ 'ਤੇ ਧਿਆਨ ਕੇਂਦਰਿਤ ਕਰਨ ਅਤੇ ਸਮੁੱਚੀ ਉਤਪਾਦਕਤਾ ਵਿੱਚ ਸੁਧਾਰ ਕਰਨ ਦੇ ਯੋਗ ਬਣਾਉਣਗੇ। ਕੈਬਨਿਟ ਮੰਤਰੀ ਨੇ ਅੱਗੇ ਦੱਸਿਆ ਕਿ ਪੰਜਾਬ ਸਰਕਾਰ ਦੀ ਈ-ਗਵਰਨੈਂਸ ਪ੍ਰਤੀ ਵਚਨਬੱਧਤਾ ਬਿਹਤਰ ਪ੍ਰਸ਼ਾਸ਼ਨ ਲਈ ਤਕਨਾਲੋਜੀ ਦਾ ਲਾਭ ਉਠਾਉਣ ਦੇ ਨਿਰੰਤਰ ਯਤਨਾਂ ਵਿੱਚ ਸਪੱਸ਼ਟ ਹੈ। ਉਨ੍ਹਾਂ ਉਮੀਦ ਜ਼ਾਹਿਰ ਕਰਦਿਆਂ ਕਿਹਾ ਕਿ ਇਹ ਨਵੀਆਂ ਸੇਵਾਵਾਂ ਨਾਗਰਿਕਾਂ ਦੇ ਅਨੁਭਵ ਨੂੰ ਮਹੱਤਵਪੂਰਨ ਤੌਰ 'ਤੇ ਵਧਾਉਣਗੀਆਂ ਅਤੇ ਦੂਜੇ ਰਾਜਾਂ ਲਈ ਇਕ ਮਾਪਦੰਡ ਸਥਾਪਤ ਕਰਨਗੀਆਂ।

## 'ਹੱਕਦਾਰ ਮੁਲਾਜ਼ਮਾਂ ਨੂੰ ਤੁਰੰਤ ਬਣਦਾ ਲਾਭ

ਭੱਤਿਆਂ ਮੁਕਾਬਲੇ ਦੇਰੀ ਨਾਲ ਲਾਗੂ ਕੀਤੀਆਂ ਹਨ। ਇਸੇ ਕਰਕੇ ਪੰਜਾਬ ਸਰਕਾਰ ਵੱਲ ਮੁਲਾਜ਼ਮਾਂ ਦਾ 46 ਫ਼ੀਸਦ, 50 ਫ਼ੀਸਦ, 53 ਫ਼ੀਸਦ ਅਤੇ 55 ਫ਼ੀਸਦ ਡੀਏ ਦੀਆਂ ਕਿਸ਼ਤਾਂ ਬਕਾਇਆ ਖੜ੍ਹੀਆਂ ਹਨ। ਉਨ੍ਹਾਂ ਮੰਗ ਕੀਤੀ ਕਿ ਡੀਏ ਦੇ ਬਕਾਏ ਦੀਆਂ ਕਿਸ਼ਤਾਂ 12 ਫ਼ੀਸਦ ਵਿਆਜ ਨਾਲ ਦਿੱਤੀਆਂ ਜਾਣ। ਹਾਈਕੋਰਟ ਨੇ ਪੰਜਾਬ ਸਰਕਾਰ ਨੂੰ ਤਿੰਨ ਮਹੀਨਿਆਂ ਦੇ ਅੰਦਰ ਇਸ ਸੰਬੰਧੀ ਕੋਈ ਫ਼ੈਸਲਾ ਲੈਣ ਲਈ ਕਿਹਾ ਹੈ।

## ਸੈਣੀ ਸਰਕਾਰ ਸਤੰਬਰ ਤੋਂ ਮਹਿਲਾਵਾਂ

ਪਰਿਵਾਰ ਵਿੱਚ ਤਿੰਨ ਯੋਗ ਮਹਿਲਾਵਾਂ ਹਨ ਤਾਂ ਉਨ੍ਹਾਂ ਤਿੰਨ ਮਹਿਲਾਵਾਂ ਨੂੰ ਲਾਭ ਮਿਲੇਗਾ। ਸਰਕਾਰ ਵੱਲੋਂ ਪਹਿਲਾਂ ਤੋਂ ਚਲਾਈਆਂ ਜਾ ਰਹੀਆਂ ਅਜਿਹੀਆਂ ਨੌ ਯੋਜਨਾਵਾਂ ਬੁਢਾਪਾ ਪੈਨਸ਼ਨ, ਵਿਧਵਾ ਪੈਨਸ਼ਨ, ਦਿਵਿਆਂਗ ਪੈਨਸ਼ਨ, ਲਾਡਵੀ ਸਮਾਜਿਕ ਸੁਰੱਖਿਆ ਭੱਤਾ, ਕਸ਼ਮੀਰੀ ਵਿਸਥਾਪਤ ਪਰਿਵਾਰਾਂ ਨੂੰ ਵਿੱਤੀ ਸਹਾਇਤਾ, ਬੌਨਿਆਂ ਲਈ ਭੱਤਾ ਯੋਜਨਾ, ਤੇਜ਼ਾਬ ਹਮਲੇ ਦੀਆਂ ਪੀੜਤ ਮਹਿਲਾਵਾਂ ਅਤੇ ਕੁੜੀਆਂ ਲਈ ਵਿਤੀ ਸਹਾਇਤਾ, ਪਦਮ ਪੁਰਸਕਾਰ ਹਾਸਲ ਕਰਨ ਵਾਲਿਆਂ ਲਈ ਹਰਿਆਣਾ ਗੌਰਵ ਸਨਮਾਨ ਸਹਾਇਤਾ ਵਿੱਚ ਸ਼ਾਮਲ ਔਰਤਾਂ ਨੂੰ ਲਾਡੋ ਲਕਸ਼ਮੀ ਯੋਜਨਾ ਦਾ ਲਾਭ ਨਹੀਂ ਮਿਲੇਗਾ। ਜ਼ਿਕਰਯੋਗ ਹੈ ਕਿ ਹਰਿਆਣਾ ਵਿੱਚ ਭਾਜਪਾ ਵੱਲੋਂ ਵਿਧਾਨ ਸਭਾ ਚੋਣਾਂ ਦੌਰਾਨ ਔਰਤਾਂ ਨੂੰ 2100 ਰੁਪਏ ਮਹੀਨਾ ਵਿੱਤੀ ਮਦਦ ਦੇਣ ਦਾ ਐਲਾਨ ਕੀਤਾ ਸੀ, ਇਸ ਲਈ ਸੂਬਾ ਸਰਕਾਰ ਨੇ ਮੌਜੂਦਾ ਵਿੱਤ ਵਰ੍ਹੇ ਦੇ ਬਜਟ ਵਿੱਚ ਪੰਜ ਹਜ਼ਾਰ ਕਰੋੜ ਰੁਪਏ ਰਾਖਵੇਂ ਵੀ ਰੱਖੇ ਸਨ। ਹਰਿਆਣਾ ਵਿੱਚ ਕਾਬਜ਼ ਭਾਜਪਾ ਸਰਕਾਰ ਨੇ ਇਸ ਫ਼ੈਸਲੇ ਨੂੰ ਆਪਣੇ 10 ਮਹੀਨਿਆਂ ਦੇ ਕਾਰਜਕਾਲ ਵਿੱਚ ਪੂਰਾ ਕਰ ਦਿੱਤਾ ਹੈ।

## ਕਿਤਾਬਾਂ ਤੇ ਅੱਖਰ ਦੀ ਵਿਰਾਸਤ ਦਾ ਘੋਰ

ਅਰਥਾਂ ਤੋਂ ਇਲਾਵਾ ਗੁਰਬਾਣੀ, ਇਤਿਹਾਸ ਅਤੇ ਮਿਥਿਹਾਸ ਨਾਲ ਜੁੜੀ ਜਾਣਕਾਰੀ ਵੀ ਸ਼ਾਮਲ ਹੈ। ਪੰਜਾਬੀ ਯੂਨੀਵਰਸਿਟੀ ਨੇ ਇਸ ਨੂੰ ਕਈ ਵਾਰ ਮੁੜ ਛਾਪਿਆ ਹੈ, ਪਰ ਪਿਛਲੇ ਕੁਝ ਸਾਲਾਂ ਵਿੱਚ ਛਪਾਈ ਵਿੱਚ ਗਲਤੀਆਂ ਕਾਰਨ ਵਿਵਾਦ ਖੜ੍ਹੇ ਹੋਏ ਹਨ। 2019 ਵਿੱਚ ਤਾਂ ਯੂਨੀਵਰਸਿਟੀ ਨੂੰ 24,000 ਕਾਪੀਆਂ ਨੂੰ ਵੇਚਣ ਤੋਂ ਰੋਕਣਾ ਪਿਆ ਅਤੇ ਉਨ੍ਹਾਂ ਨੂੰ ਨਸ਼ਟ ਕਰਨ ਦਾ ਫੈਸਲਾ ਲਿਆ ਗਿਆ। ਹਾਲਾਂਕਿ, ਨਸ਼ਟ ਕਰਨ ਦਾ ਤਰੀਕਾ ਹੁਣ ਨਵਾਂ ਵਿਵਾਦ ਬਣ ਗਿਆ ਹੈ।

ਵਿਦਿਆਰਥੀ ਅਤੇ ਸਿੱਖ ਸੰਗਠਨਾਂ ਦਾ ਵਿਰੋਧ ਇਸ ਗੱਲ ਨੂੰ ਲੈ ਕੇ ਹੈ ਕਿ ਮਹਾਨ ਕੋਸ਼ ਵਿੱਚ ਗੁਰਬਾਣੀ ਦੇ ਹਵਾਲੇ ਹੋਣ ਕਾਰਨ ਇਸ ਨੂੰ ਆਮ ਕਿਤਾਬ ਵਾਂਗ ਨਹੀਂ, ਸਗੋਂ ਪਵਿੱਤਰ ਗ੍ਰੰਥ ਵਾਂਗ ਸਤਿਕਾਰ ਨਾਲ ਨਿਪਟਾਉਣਾ ਚਾਹੀਦਾ ਹੈ। ਸਿੱਖ ਪਰੰਪਰਾ ਵਿੱਚ ਖਰਾਬ ਹੋ ਚੁੱਕੇ ਗ੍ਰੰਥਾਂ ਜਾਂ ਪੋਥੀਆਂ ਨੂੰ ਅੰਤਿਮ ਸੰਸਕਾਰ ਦਿੱਤਾ ਜਾਂਦਾ ਹੈ, ਜਿਵੇਂ ਅੱਗ ਵਿੱਚ ਸਾੜਨਾ ਜਾਂ ਗੋਇੰਦਵਾਲ ਸਾਹਿਬ ਵਰਗੀ ਪਵਿੱਤਰ ਜਗ੍ਹਾ 'ਤੇ ਨਿਪਟਾਉਣਾ। ਯੂਨੀਵਰਸਿਟੀ ਨੇ ਸਿਰਫ਼ ਟੋਆ ਪੁੱਟ ਕੇ ਦਫਨਾਉਣ ਦੀ ਕੋਸ਼ਿਸ਼ ਕੀਤੀ, ਜੋ ਗੰਦੀ ਜਾਂ ਅਣਉਚਿਤ ਹਾਲਤ ਵਿੱਚ ਮੰਨੀ ਜਾ ਰਹੀ ਹੈ, ਜਿਸ ਨਾਲ ਭਾਵਨਾਵਾਂ ਨੂੰ ਠੇਸ ਪਹੁੰਚੀ ਹੈ। ਇਹ ਨਾ ਸਿਰਫ਼ ਅਣਗਹਿਲੀ ਹੈ, ਸਗੋਂ ਸਿੱਖ ਵਿਰਸੇ ਨੂੰ ਲੈ ਕੇ ਅਸੰਵੇਦਨਸ਼ੀਲਤਾ ਵੀ ਦਰਸਾਉਂਦੀ ਹੈ।

ਇਸ ਵਿਵਾਦ ਨੇ ਇੱਕ ਵਾਰ ਫਿਰ ਯੂਨੀਵਰਸਿਟੀ ਦੀ ਕੰਮਕਾਜ ਨੂੰ ਸਵਾਲਾਂ ਵਿੱਚ ਘੇਰ ਲਿਆ ਹੈ। ਪਹਿਲਾਂ ਛਪਾਈ ਵਿੱਚ ਗਲਤੀਆਂ, ਫਿਰ ਐੱਸਜੀਪੀਸੀ ਨਾਲ ਤਾਲਮੇਲ ਦੀ ਘਾਟ ਅਤੇ ਹੁਣ ਨਸ਼ਟੀਕਰਨ ਦਾ ਅਣਉਚਿਤ ਤਰੀਕਾ - ਇਹ ਸਭ ਯੂਨੀਵਰਸਿਟੀ ਦੀ ਵਿੱਤੀ ਅਤੇ ਵਿਦਿਅਕ ਜ਼ਿੰਮੇਵਾਰੀਆਂ 'ਤੇ ਸਵਾਲ ਖੜ੍ਹੇ ਕਰਦੇ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐੱਸਜੀਪੀਸੀ) ਨੇ ਵੀ ਪਹਿਲਾਂ ਗਲਤੀਆਂ ਵਾਲੀਆਂ ਐਡੀਸ਼ਨਾਂ ਨੂੰ ਤੁਰੰਤ ਨਸ਼ਟ ਕਰਨ ਦੀ ਮੰਗ ਕੀਤੀ ਸੀ। ਪਰ ਕੀ ਯੂਨੀਵਰਸਿਟੀ ਨੇ ਧਾਰਮਿਕ ਸੰਗਠਨਾਂ ਨਾਲ ਸਲਾਹ ਕੀਤੀ ? ਜੇ ਨਹੀਂ, ਤਾਂ ਇਹ ਇੱਕ ਵੱਡੀ ਗਲਤੀ ਹੈ।

ਮੇਰੀ ਰਾਏ ਵਿੱਚ, ਇਹ ਘਟਨਾ ਸਾਨੂੰ ਸਿੱਖ ਵਿਰਸੇ ਨੂੰ ਬਚਾਉਣ ਲਈ ਨਵੇਂ ਮਾਪਦੰਡ ਬਣਾਉਣ ਵੱਲ ਧੱਕਦੀ ਹੈ। ਯੂਨੀਵਰਸਿਟੀ ਨੂੰ ਨਾ ਸਿਰਫ਼ ਗਲਤੀਆਂ ਸੁਧਾਰਨੀਆਂ ਚਾਹੀਦੀਆਂ ਹਨ, ਸਗੋਂ ਅਜਿਹੇ ਨਸ਼ਟੀਕਰਨ ਲਈ ਧਾਰਮਿਕ ਮਾਹਿਰਾਂ ਨਾਲ ਤਾਲਮੇਲ ਕਰਨਾ ਚਾਹੀਦਾ ਹੈ। ਵਿਦਿਆਰਥੀਆਂ ਦਾ ਵਿਰੋਧ ਇੱਕ ਸਕਾਰਾਤਮਕ ਕਦਮ ਹੈ, ਜੋ ਨੌਜਵਾਨ ਪੀੜ੍ਹੀ ਦੀ ਸੱਭਿਆਚਾਰਕ ਜਾਗਰੂਕਤਾ ਨੂੰ ਦਰਸਾਉਂਦਾ ਹੈ।ਸਰਕਾਰ ਅਤੇ ਯੂਨੀਵਰਸਿਟੀ ਨੂੰ ਇਸ ਨੂੰ ਗੰਭੀਰਤਾ ਨਾਲ ਲੈ ਕੇ ਤੁਰੰਤ ਕਦਮ ਚੁੱਕਣੇ ਚਾਹੀਦੇ ਹਨ, ਨਹੀਂ ਤਾਂ ਅਜਿਹੇ ਵਿਵਾਦ ਪੰਜਾਬੀ ਸਾਹਿਤ ਦੇ ਵਿਕਾਸ ਨੂੰ ਰੋਕ ਸਕਦੇ ਹਨ। ਆਖਰਕਾਰ, ਮਹਾਨ ਕੋਸ਼ ਵਰਗੀ ਵਿਰਾਸਤ ਨੂੰ ਸੰਭਾਲਣਾ ਸਾਡੀ ਸਾਂਝੀ ਜ਼ਿੰਮੇਵਾਰੀ ਹੈ - ਨਾ ਕਿ ਉਸ ਨੂੰ ਅਣਗਹਿਲੀ ਨਾਲ ਦਫਨਾਉਣਾ।ਮੇਰਾ ਮੰਨਣਾ ਹੈ ਕਿ ਇਸ ਤਰ੍ਹਾਂ ਦੀ ਘਟਨਾ 'ਤੇ ਸ਼੍ਰੀ ਅਕਾਲ ਤਖਤ ਸਾਹਿਬ ਅਤੇ ਸ਼੍ਰੋਮਣੀ ਕਮੇਟੀ ਨੂੰ ਵੀ ਦਖਲ ਦੇਣਾ ਚਾਹੀਦਾ ਹੈ।


**ਚੜ੍ਹਦੀਕਲਾ**
ਪਰਮਜੀਤ ਸਿੰਘ, ਪ੍ਰਿੰਟਰ ਪਬਲਿਸ਼ਰ ਨੇ ਰੋਜ਼ਾਨਾ ਚੜ੍ਹਦੀਕਲਾ, ਚੜ੍ਹਦੀਕਲਾ ਪ੍ਰਿੰਟਿੰਗ ਪ੍ਰੈੱਸ ਪ੍ਰਾਈਵੇਟ ਲਿਮਟਿਡ ਲਈ ਦਲਜੀਤ ਪ੍ਰਿੰਟਰਜ਼, 593 ਐੱਸ.ਐੱਸ.ਟੀ. ਨਗਰ ਪਟਿਆਲਾ ਤੋਂ ਛਪਵਾ ਕੇ ਦਫ਼ਤਰ ਰੋਜ਼ਾਨਾ ਚੜ੍ਹਦੀਕਲਾ, 577, ਐੱਸ.ਐੱਸ.ਟੀ. ਨਗਰ, ਪਟਿਆਲਾ ਤੋਂ ਪ੍ਰਕਾਸ਼ਿਤ ਕੀਤਾ। ਮੁੱਖ ਸੰਪਾਦਕ : ਜਗਜੀਤ ਸਿੰਘ 'ਦਰਦੀ'।
PRGI (RNI) Regd. No. 22972/1972

Printed & Published by Paramjit Singh on behalf of Charhdikala Printing Press Pvt. Ltd., Patiala & Printed at Daljit Printers 593, SST Nagar Patiala. Published at Office Daily Charhdikala 577, SST Nagar Patiala.
Chief Editor : Jagjit Singh Dardi
PRGI (RNI) Regd. No. 22972/1972



**ਡਾਇਰੈਕਟੋਰੇਟ ਪੰਜਾਬ ਸਟੇਟ ਲਾਟਰੀਜ਼**

ਡਰਾਅ ਸਮਾਂ : ਸ਼ਾਮ 06:00 ਵਜੇ ਤੋਂ | ਪੰਜਾਬ ਸਟੇਟ ਡੀਅਰ 50 ਚੀਫ ਵੀਰਵਾਰ ਹਫ਼ਤਾਵਾਰੀ ਲਾਟਰੀ ਦਾ ਨਤੀਜਾ | ਡਰਾਅ ਮਿਤੀ : 28.09.2025

ਮੁੱਲ ਰੁਪਏ 50/- ਪ੍ਰਤੀ ਟਿਕਟ

ਪਹਿਲੇ ਇਨਾਮ ਦੀ ਰਾਸ਼ੀ (1) ਰੂ. 25 ਲੱਖ (ਲੜੀਆਂ ਨਾਲ 5 ਅੰਕਾਂ 'ਤੇ)
(ਵਿਕ੍ਰੇਤਾ ਇਨਾਮੀ ਰਾਸ਼ੀ ਰੂ. 1 ਲੱਖ + ਸਬ ਸਟਾਕਿਸਟ ਇਨਾਮੀ ਰਾਸ਼ੀ ਰੂ. 25 ਹਜ਼ਾਰ, ਕੁੱਲ ਇਨਾਮੀ ਰਾਸ਼ੀ ਰੂ. 26.25 ਲੱਖ)
C 17305

ਦੂਜੇ ਇਨਾਮ ਦੀ ਰਾਸ਼ੀ (50) ਰੁਪਏ 9,000/- (5 ਅੰਕਾਂ 'ਤੇ)
(ਵਿਕ੍ਰੇਤਾ ਇਨਾਮੀ ਰਾਸ਼ੀ ਰੂ. 1000/- + ਸਬ ਸਟਾਕਿਸਟ ਇਨਾਮੀ ਰਾਸ਼ੀ ਰੂ. 100/-, ਕੁੱਲ ਇਨਾਮੀ ਰਾਸ਼ੀ ਰੂ. 10,100/- ਹਰੇਕ)
00964 02882 12852 25072 28424 29021 42141 63361 63425 84591

ਤੀਜੇ ਇਨਾਮ ਦੀ ਰਾਸ਼ੀ (250) ਰੁਪਏ 5,000/- (ਆਖ਼ਰੀ 4 ਅੰਕਾਂ 'ਤੇ)
(ਵਿਕ੍ਰੇਤਾ ਇਨਾਮੀ ਰਾਸ਼ੀ ਰੂ. 500/- + ਸਬ ਸਟਾਕਿਸਟ ਇਨਾਮੀ ਰਾਸ਼ੀ ਰੂ. 100/-, ਕੁੱਲ ਇਨਾਮੀ ਰਾਸ਼ੀ ਰੂ. 5,600/- ਹਰੇਕ)
4087 5596 7237 7897 9485

ਚੌਥੇ ਇਨਾਮ ਦੀ ਰਾਸ਼ੀ (500) ਰੁਪਏ 2,000/- (ਆਖ਼ਰੀ 4 ਅੰਕਾਂ 'ਤੇ)
(ਵਿਕ੍ਰੇਤਾ ਇਨਾਮੀ ਰਾਸ਼ੀ ਰੂ. 200/- + ਸਬ ਸਟਾਕਿਸਟ ਇਨਾਮੀ ਰਾਸ਼ੀ ਰੂ. 50/-, ਕੁੱਲ ਇਨਾਮੀ ਰਾਸ਼ੀ ਰੂ. 2,250/- ਹਰੇਕ)
0343 1255 2615 3099 3919 4962 5181 6196 6937 9979

ਪੰਜਵੇਂ ਇਨਾਮ ਦੀ ਰਾਸ਼ੀ (500) ਰੁਪਏ 1000/- (ਆਖ਼ਰੀ 4 ਅੰਕਾਂ 'ਤੇ)
(ਵਿਕ੍ਰੇਤਾ ਇਨਾਮੀ ਰਾਸ਼ੀ ਰੂ. 100/- + ਸਬ ਸਟਾਕਿਸਟ ਇਨਾਮੀ ਰਾਸ਼ੀ ਰੂ. 50/-, ਕੁੱਲ ਇਨਾਮੀ ਰਾਸ਼ੀ ਰੂ. 1,150/- ਹਰੇਕ)
0001 0417 1227 2214 3541 6347 7465 7609 7724 9579

ਛੇਵੇਂ ਇਨਾਮ ਦੀ ਰਾਸ਼ੀ (500) ਰੁਪਏ 500/- (ਆਖ਼ਰੀ 4 ਅੰਕਾਂ 'ਤੇ)
(ਵਿਕ੍ਰੇਤਾ ਇਨਾਮੀ ਰਾਸ਼ੀ ਰੂ. 50/- + ਸਬ ਸਟਾਕਿਸਟ ਇਨਾਮੀ ਰਾਸ਼ੀ ਰੂ. 20/-, ਕੁੱਲ ਇਨਾਮੀ ਰਾਸ਼ੀ ਰੂ. 570/- ਹਰੇਕ)
0593 1025 1475 2289 4144 4188 7143 8338 8519 8581

ਸੱਤਵੇਂ ਇਨਾਮ ਦੀ ਰਾਸ਼ੀ (40,000) ਰੁਪਏ 100/- (ਆਖ਼ਰੀ 4 ਅੰਕਾਂ 'ਤੇ)
(ਵਿਕ੍ਰੇਤਾ ਇਨਾਮੀ ਰਾਸ਼ੀ ਰੂ. 20/- + ਸਬ ਸਟਾਕਿਸਟ ਇਨਾਮੀ ਰਾਸ਼ੀ ਰੂ. 5/-, ਕੁੱਲ ਇਨਾਮੀ ਰਾਸ਼ੀ ਰੂ. 125/- ਹਰੇਕ)

| | | | | | | | | | |
|---|---|---|---|---|---|---|---|---|---|
| 0004 | 0010 | 0017 | 0025 | 0070 | 0074 | 0089 | 0090 | 0119 | 0122 |
| 0132 | 0148 | 0157 | 0159 | 0162 | 0166 | 0170 | 0173 | 0223 | 0230 |
| 0253 | 0280 | 0289 | 0298 | 0305 | 0311 | 0325 | 0370 | 0379 | 0390 |
| 0460 | 0473 | 0481 | 0485 | 0495 | 0496 | 0499 | 0505 | 0507 | 0514 |
| 0518 | 0537 | 0538 | 0544 | 0545 | 0555 | 0578 | 0588 | 0612 | 0617 |
| 0618 | 0626 | 0632 | 0643 | 0646 | 0648 | 0659 | 0661 | 0680 | 0693 |
| 0700 | 0703 | 0723 | 0734 | 0739 | 0744 | 0758 | 0765 | 0782 | 0854 |
| 0861 | 0872 | 0907 | 0914 | 0927 | 0946 | 0961 | 0973 | 0976 | 0979 |
| 0992 | 1007 | 1014 | 1021 | 1022 | 1026 | 1034 | 1042 | 1046 | 1054 |
| 1078 | 1107 | 1109 | 1124 | 1126 | 1146 | 1169 | 1170 | 1182 | 1183 |
| 1193 | 1250 | 1263 | 1272 | 1293 | 1296 | 1301 | 1319 | 1327 | 1357 |
| 1371 | 1382 | 1386 | 1394 | 1416 | 1429 | 1431 | 1441 | 1443 | 1448 |
| 1449 | 1460 | 1468 | 1471 | 1472 | 1479 | 1484 | 1485 | 1501 | 1506 |
| 1520 | 1523 | 1543 | 1556 | 1559 | 1563 | 1573 | 1576 | 1583 | 1600 |
| 1612 | 1621 | 1631 | 1641 | 1649 | 1659 | 1663 | 1671 | 1676 | 1677 |
| 1686 | 1690 | 1703 | 1744 | 1754 | 1764 | 1773 | 1779 | 1788 | 1810 |
| 1815 | 1825 | 1848 | 1851 | 1857 | 1863 | 1865 | 1877 | 1901 | 1916 |
| 1928 | 1932 | 1933 | 1934 | 1944 | 1945 | 1946 | 1969 | 1984 | 1993 |
| 1996 | 2001 | 2010 | 2052 | 2053 | 2062 | 2066 | 2068 | 2074 | 2100 |
| 2113 | 2123 | 2136 | 2146 | 2151 | 2168 | 2198 | 2203 | 2213 | 2225 |
| 2227 | 2230 | 2243 | 2244 | 2256 | 2277 | 2278 | 2310 | 2315 | 2320 |
| 2324 | 2330 | 2339 | 2351 | 2359 | 2369 | 2371 | 2413 | 2424 | 2426 |
| 2427 | 2432 | 2433 | 2448 | 2462 | 2476 | 2477 | 2484 | 2504 | 2510 |
| 2534 | 2558 | 2569 | 2581 | 2593 | 2622 | 2631 | 2638 | 2676 | 2689 |
| 2708 | 2728 | 2745 | 2754 | 2781 | 2782 | 2794 | 2829 | 2835 | 2882 |
| 2895 | 2897 | 2902 | 2910 | 2911 | 2944 | 2955 | 2965 | 2982 | 3005 |
| 3024 | 3044 | 3101 | 3104 | 3105 | 3143 | 3155 | 3165 | 3177 | 3189 |
| 3212 | 3222 | 3236 | 3240 | 3245 | 3270 | 3280 | 3293 | 3302 | 3315 |
| 3322 | 3331 | 3343 | 3374 | 3389 | 3392 | 3398 | 3399 | 3405 | 3409 |
| 3439 | 3459 | 3471 | 3483 | 3487 | 3520 | 3548 | 3554 | 3557 | 3577 |
| 3592 | 3602 | 3626 | 3714 | 3735 | 3741 | 3778 | 3790 | 3796 | 3834 |
| 3843 | 3858 | 3886 | 3894 | 3917 | 3928 | 3951 | 3954 | 3975 | 3995 |
| 4007 | 4021 | 4034 | 4103 | 4122 | 4126 | 4133 | 4135 | 4157 | 4162 |
| 4172 | 4174 | 4176 | 4189 | 4196 | 4205 | 4220 | 4229 | 4261 | 4294 |
| 4304 | 4328 | 4329 | 4349 | 4351 | 4369 | 4380 | 4398 | 4404 | 4412 |
| 4415 | 4446 | 4453 | 4456 | 4462 | 4466 | 4471 | 4472 | 4474 | 4475 |
| 4486 | 4496 | 4504 | 4509 | 4550 | 4602 | 4619 | 4639 | 4671 | 4672 |
| 4690 | 4705 | 4708 | 4714 | 4718 | 4738 | 4767 | 4777 | 4806 | 4850 |
| 4853 | 4859 | 4890 | 4891 | 4913 | 4921 | 4928 | 4936 | 4937 | 4940 |
| 4959 | 4966 | 4971 | 4973 | 4988 | 5046 | 5066 | 5078 | 5079 | 5085 |
| 5099 | 5110 | 5136 | 5157 | 5158 | 5159 | 5183 | 5202 | 5256 | 5257 |
| 5289 | 5314 | 5319 | 5328 | 5340 | 5343 | 5344 | 5352 | 5358 | 5398 |
| 5412 | 5414 | 5418 | 5419 | 5426 | 5458 | 5461 | 5464 | 5470 | 5474 |
| 5480 | 5484 | 5509 | 5519 | 5536 | 5537 | 5541 | 5542 | 5554 | 5566 |
| 5601 | 5604 | 5612 | 5614 | 5627 | 5628 | 5638 | 5647 | 5661 | 5667 |
| 5697 | 5700 | 5713 | 5716 | 5726 | 5728 | 5738 | 5754 | 5777 | 5782 |
| 5787 | 5793 | 5809 | 5837 | 5847 | 5853 | 5889 | 5890 | 5904 | 5935 |
| 5944 | 5951 | 5966 | 5974 | 5987 | 5994 | 6005 | 6009 | 6036 | 6040 |
| 6052 | 6062 | 6065 | 6077 | 6104 | 6106 | 6143 | 6164 | 6185 | 6186 |
| 6199 | 6210 | 6219 | 6262 | 6267 | 6281 | 6294 | 6351 | 6370 | 6373 |
| 6379 | 6405 | 6409 | 6410 | 6411 | 6416 | 6417 | 6420 | 6432 | 6438 |
| 6451 | 6454 | 6467 | 6473 | 6476 | 6484 | 6486 | 6495 | 6503 | 6524 |
| 6533 | 6534 | 6567 | 6575 | 6577 | 6583 | 6584 | 6585 | 6615 | 6636 |
| 6652 | 6660 | 6674 | 6709 | 6713 | 6736 | 6773 | 6795 | 6800 | 6845 |
| 6851 | 6856 | 6895 | 6900 | 6905 | 6930 | 6939 | 6956 | 6963 | 6967 |
| 6968 | 6976 | 6984 | 6986 | 6993 | 7011 | 7037 | 7042 | 7047 | 7053 |
| 7054 | 7061 | 7068 | 7086 | 7092 | 7094 | 7099 | 7118 | 7131 | 7138 |
| 7145 | 7146 | 7161 | 7194 | 7229 | 7248 | 7276 | 7283 | 7287 | 7299 |
| 7301 | 7302 | 7303 | 7308 | 7320 | 7323 | 7345 | 7357 | 7380 | 7387 |
| 7397 | 7404 | 7405 | 7408 | 7416 | 7417 | 7421 | 7425 | 7428 | 7432 |
| 7492 | 7500 | 7503 | 7512 | 7514 | 7518 | 7527 | 7536 | 7564 | 7571 |
| 7582 | 7601 | 7607 | 7628 | 7630 | 7646 | 7659 | 7665 | 7672 | 7680 |
| 7706 | 7715 | 7720 | 7722 | 7735 | 7748 | 7804 | 7813 | 7831 | 7835 |
| 7864 | 7866 | 7874 | 7899 | 7904 | 7942 | 7982 | 7990 | 8002 | 8017 |
| 8024 | 8028 | 8040 | 8083 | 8086 | 8087 | 8109 | 8154 | 8156 | 8161 |
| 8162 | 8169 | 8170 | 8181 | 8215 | 8224 | 8230 | 8238 | 8245 | 8248 |
| 8259 | 8260 | 8289 | 8301 | 8308 | 8311 | 8318 | 8319 | 8340 | 8387 |
| 8391 | 8409 | 8414 | 8435 | 8457 | 8466 | 8476 | 8477 | 8478 | 8483 |
| 8484 | 8495 | 8497 | 8500 | 8506 | 8508 | 8550 | 8554 | 8578 | 8585 |
| 8597 | 8599 | 8601 | 8609 | 8621 | 8632 | 8634 | 8653 | 8686 | 8689 |
| 8699 | 8723 | 8734 | 8737 | 8741 | 8743 | 8753 | 8774 | 8775 | 8803 |
| 8806 | 8811 | 8828 | 8837 | 8852 | 8867 | 8869 | 8889 | 8891 | 8903 |
| 8925 | 8946 | 8955 | 8960 | 8970 | 8979 | 8981 | 8982 | 8989 | 9002 |
| 9028 | 9033 | 9035 | 9058 | 9066 | 9090 | 9092 | 9099 | 9128 | 9130 |
| 9140 | 9164 | 9226 | 9279 | 9284 | 9289 | 9310 | 9313 | 9317 | 9320 |
| 9325 | 9331 | 9353 | 9363 | 9374 | 9375 | 9381 | 9386 | 9425 | 9436 |
| 9443 | 9467 | 9513 | 9523 | 9556 | 9558 | 9569 | 9581 | 9586 | 9616 |
| 9623 | 9677 | 9704 | 9709 | 9729 | 9735 | 9745 | 9753 | 9778 | 9784 |
| 9787 | 9815 | 9836 | 9837 | 9854 | 9855 | 9865 | 9868 | 9874 | 9884 |
| 9886 | 9889 | 9890 | 9891 | 9911 | 9927 | 9954 | 9975 | 9978 | 9990 |

ਜਾਰੀ ਕਰਤਾ ਡਾਇਰੈਕਟੋਰੇਟ ਪੰਜਾਬ ਸਟੇਟ ਲਾਟਰੀਜ਼
ਕਿਰਪਾ ਕਰਕੇ ਅੰਤਿਮ ਨਤੀਜਾ ਅਧਿਕਾਰਤ ਗਜ਼ਟ ਅਧਿਸੂਚਨਾ ਤੋਂ ਪੜਤਾਲ ਲਓ
RO. No. PR-Advt. No. 1118/11/2025-26/2385/Dated CHD 20.8.2025



ਬੈਂਕ ਆਫ ਬੜੌਦਾ
Bank of Baroda

ਕਪੂਰਥਲਾ ਸ਼ਾਖਾ- ਸੁਲਤਾਨਪੁਰ ਰੋਡ,
ਨੇੜੇ ਚਾਰ ਬੱਤੀ ਚੌਂਕ, ਕਪੂਰਥਲਾ, ਪੰਜਾਬ-144601
E-MAIL: kapur@bankofbaroda.com

**ਮੰਗ ਸੂਚਨਾ**

**ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 (ਸਰਫਾਇਸੀ) ਦੀ ਧਾਰਾ 13 (2) ਦੇ ਅਧੀਨ ਸੂਚਨਾ**

ਇਸ ਦੁਆਰਾ ਸੂਚਨਾ ਦਿੱਤੀ ਜਾਂਦੀ ਹੈ ਕਿ ਨਿਮਨਲਿਖਤ ਕਰਜ਼ਦਾਰ (ਾਂ)/ਜ਼ਾਮਨ (ਾਂ) ਨੇ ਬੈਂਕ ਤੋਂ ਉਨ੍ਹਾਂ ਨੂੰ ਪ੍ਰਾਪਤ ਕਰਜ਼ ਸਹੂਲਤਾਂ ਦੇ ਮੂਲ ਅਤੇ ਵਿਆਜ ਦੇ ਭੁਗਤਾਨ ਵਿਚ ਕੁਤਾਹੀ ਕੀਤੀ ਹੈ ਅਤੇ ਦਰਸਾਈ ਸਹੂਲਤਾਂ ਗੈਰ ਕਾਰਗੁਜ਼ਾਰੀ ਵਾਲੇ ਅਸਾਸਿਆਂ ਵਿਚ ਤਬਦੀਲ ਹੋ ਗਈਆਂ ਹਨ। ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 ਦੀ ਧਾਰਾ 13 (2) ਅਧੀਨ ਸੂਚਨਾ ਪੰਜੀਕ੍ਰਿਤ/ਸਪੀਡ ਪੋਸਟ ਦੁਆਰਾ ਕਰਜ਼ਦਾਰ (ਾਂ)/ਜ਼ਾਮਨ (ਾਂ) ਨੂੰ ਉਨ੍ਹਾਂ ਦੇ ਆਖ਼ਰੀ ਜਾਣੂੰ ਪਤਿਆਂ 'ਤੇ ਭੇਜੀ ਗਈ ਸੀ। ਹਾਲਾਂਕਿ ਸੂਚਨਾਵਾਂ ਅਣ-ਤਾਮੀਲੀਆਂ ਹੀ ਪਰਤ ਆਈਆਂ ਹਨ ਅਤੇ ਅਧਿਕਾਰਤ ਅਧਿਕਾਰੀ ਕੋਲ ਇਹ ਮੰਨ ਲੈਣ ਦੇ ਕਾਰਨ ਹਨ ਕਿ ਕਰਜ਼ਦਾਰ (ਾਂ)/ਜ਼ਾਮਨ (ਾਂ) ਸੂਚਨਾ ਦੀ ਤਾਮੀਲ ਤੋਂ ਬਚ ਰਹੇ ਹਨ, ਇਸ ਲਈ ਉਨ੍ਹਾਂ ਨੂੰ ਇਸ ਦੁਆਰਾ ਜਨਤਕ ਸੂਚਲਾ ਦੇ ਮਾਧਿਅਮ ਦੁਆਰਾ ਇਸ ਸਬੰਧੀ ਸੂਚਿਤ ਕੀਤਾ ਜਾਦਾ ਹੈ।
ਅਸੀਂ ਤੁਹਾਡਾ ਧਿਆਨ ਦਰਸਾਏ ਕਾਨੂੰਨ ਦੀ ਧਾਰਾ 13 ਦੀ ਉਪ-ਧਾਰਾ (2) ਵੱਲ ਦੁਆਉਂਦੇ ਹਾਂ, ਜਿਸ ਵਿਚ ਤੁਹਾਡੇ ਉਪਰ ਸਾਡੀ ਅਗਾਊਂ ਲਿਖਤੀ ਪ੍ਰਵਾਨਗੀ ਪ੍ਰਾਪਤ ਕੀਤੇ ਬਿਨਾਂ ਵਿਕਰੀ, ਲੀਜ਼ ਜਾਂ ਕਿਸੇ ਹੋਰ (ਵਪਾਰ ਦੇ ਸਧਾਰਨ ਢੰਗ ਤੋਂ ਇਲਾਵਾ) ਮਾਧਿਅਮ ਦੁਆਰਾ ਹਵਾਲੇ ਅਧੀਨ ਸੁਰੱਖਿਅਤ ਸੰਪੱਤੀਆਂ ਵਿਚੋਂ ਕਿਸੇ ਦਾ ਵੀ ਤਬਾਦਲਾ ਕਰਨ ਤੋਂ ਪਾਬੰਦੀ ਲਗਾਈ ਜਾਂਦੀ ਹੈ। ਅਸੀਂ ਇਹ ਵੀ ਸ਼ਾਮਲ ਕਰ ਸਕਦੇ ਹਾਂ ਕਿ ਦਰਸਾਏ ਕਾਨੂੰਨ ਦੀ ਧਾਰਾ 13(2) ਵਿਚ ਦਰਜ ਉਕਤ ਵਿਵਸਥਾ ਦਾ ਗੈਰ-ਅਨੁਪਾਲਣ ਕਾਨੂੰਨ ਦੀ ਧਾਰਾ 29 ਦੇ ਅਧੀਨ ਇੱਕ ਸਜ਼ਾਯੋਗ ਅਪਰਾਧ ਹੈ। ਅਸੀਂ ਤੁਹਾਡਾ ਧਿਆਨ ਅੱਗੇ ਸੁਰੱਖਿਅਤ ਸੰਪੱਤੀਆਂ ਦੀ ਪੁਨਰ ਪ੍ਰਾਪਤੀ ਲਈ ਤੁਹਾਨੂੰ ਪ੍ਰਾਪਤ ਸ਼ਰਤਾਂ ਵਿਚ ਦਰਸਾਏ ਕਾਨੂੰਨ ਦੀ ਧਾਰਾ 13 ਦੀ ਉਪ-ਧਾਰਾ (8) ਵੱਲ ਦੁਆਉਂਦੇ ਹਾਂ, ਜੇਕਰ ਬੈਂਕ ਵੱਲੋਂ ਲਾਗੂ ਸਾਰੀਆਂ ਲਾਗਤਾਂ, ਫੀਸਾਂ ਅਤੇ ਖਰਚਿਆਂ ਸਮੇਤ ਬਕਾਇਆ ਰਕਮ ਤੁਹਾਡੇ ਵੱਲੋਂ ਜਨਤਕ ਨਿਲਾਮੀ/ਕੁਟੇਸ਼ਨ/ਟੈਂਡਰ ਸੱਦਾ/ਨਿੱਜੀ ਸੰਧੀ ਦੇ ਲਈ ਸੂਚਨਾ ਦੇ ਪ੍ਰਕਾਸ਼ਨ ਦੀ ਮਿਤੀ ਤੋਂ ਪਹਿਲਾਂ ਕਿਸੇ ਵੀ ਸਮੇਂ ਅਦਾ ਕਰ ਦਿੱਤੀ ਜਾਂਦੀ ਹੈ ਤਾਂ ਤੁਸੀਂ ਸੁਰੱਖਿਅਤ ਸੰਪੱਤੀਆਂ ਪ੍ਰਾਪਤ ਕਰ ਸਕਦੇ ਹੋ। ਕਿਰਪਾ ਕਰਕੇ ਨੋਟ ਕਰੋ ਕਿ ਉਕਤ ਸੂਚਨਾ ਦੇ ਪ੍ਰਕਾਸ਼ਨ ਉਪਰੰਤ ਤੁਹਾਡਾ ਸੁਰੱਖਿਅਤ ਸੰਪੱਤੀਆਂ ਨੂੰ ਮੁੜ ਪ੍ਰਾਪਤ ਕਰਨ ਦੀ ਅਧਿਕਾਰ ਉਪਲਬਧ ਨਹੀਂ ਰਹੇਗਾ।

| ਕਰਜ਼ਦਾਰ (ਾਂ)/ ਜ਼ਾਮਨ (ਾਂ) ਦੇ ਨਾਮ | ਜ਼ਾਮਨੀਆਂ ਦੇ ਸੰਖੇਪ ਵੇਰਵੇ ਸਮੇਤ ਸੁਰੱਖਿਅਤ ਸਮਝੌਤਾ | ਐਨਪੀਏ ਦੀ ਮਿਤੀ | ਮੰਗ ਸੂਚਨਾ ਦੀ ਮਿਤੀ | ਮੰਗ ਸੂਚਨਾ ਅਨੁਸਾਰ ਰਕਮ (ਰੁ.) | ਸੁਵਿਧਾ ਦਾ ਸਰੂਪ ਅਤੇ ਕਿਸਮ |
|---|---|---|---|---|---|
| **ਕਰਜ਼ਦਾਰ (ਾਂ) :- ਸ੍ਰੀ ਰਾਜੀਵ ਸਿੰਘ ਸਪੁੱਤਰ ਸ੍ਰੀ ਬਲਵਿੰਦਰ ਸਿੰਘ**, ਮੁਹੱਲਾ ਦਸ਼ਮੇਸ਼ ਕਲੋਨੀ, ਨੇੜੇ ਬਾਬਾ ਠਾਕੁਰ ਸਿੰਘ ਗੁਰਦੁਆਰਾ, ਦਸ਼ਮੇਸ਼ ਕਲੋਨੀ, ਕਪੂਰਥਲਾ-144601 | ਹੁੰਡਾਈ ਆਈ20 ਦੀ ਹਾਈਪੋਥੀਕੇਸ਼ਨ ਸਪੋਟਰਜ਼ 1.5 ਸੀਆਰਡੀਆਈ ਐਮਟੀ ਪੀਬੀ-09-ਏਐਮ-3598, ਚਾਸੀ ਨੰ. MALBH514LNM187796: ਇੰਜਣ ਨੰ.: D4FANM724858 | 02.09.2024 | 05.08.2025 | Rs. 7,76,426/- 02.09.2024 ਅਨੁਸਾਰ (ਵਿਆਜ ਸਮੇਤ) | ਬੜੌਦਾ ਕਾਰ ਲੋਨ |
| **ਕਰਜ਼ਦਾਰ (ਾਂ) :- ਸ੍ਰੀ ਮਨਿੰਦਰ ਸਿੰਘ** ਪੁੱਤਰ ਸ੍ਰੀ ਸਵਰਨ ਸਿੰਘ, ਪਿੰਡ ਤਲਵੰਡੀ ਪੇਨ, ਡਾਕਖਾਨਾ ਖੇੜਾ ਡੋਨਾ, ਨੇੜੇ ਗੁਰਦੁਆਰਾ ਜ਼ਿਲ੍ਹਾ ਕਪੂਰਥਲਾ | ਮਾਰੂਤੀ ਸੁਜ਼ੂਕੀ ਬਰੀਜ਼ਾ ਜ਼ੈਡਐਕਸਆਈ ਦੀ ਹਾਈਪੋਥੀਕੇਸ਼ਨ ਪੀਬੀ-57-ਸੀ-4000; ਚਾਸੀ ਨੰ. MA3RYHK15PG272341 ਇੰਜਣ ਨੰ.: K15CN9285248 | 08.08.2024 | 05.08.2025 | Rs. 10,86,256/- 08.08.2024 ਅਨੁਸਾਰ ਜਮ੍ਹਾਂ ਅਣਵਸੂਲਿਆ ਗੈਰ ਲਾਗੂ ਵਿਆਜ ਅਤੇ ਹੋਰ ਫੀਸਾਂ | ਬੜੌਦਾ ਕਾਰ ਲੋਨ |
| **ਕਰਜ਼ਦਾਰ (ਾਂ) :- ਸ੍ਰੀ ਪਰਾਨ** ਪੁੱਤਰ ਸ੍ਰੀ ਰਾਮ ਚੰਦ, ਮਕਾਨ ਨੰ. 486, ਨਰੋਤਮ ਵਿਹਾਰ, ਪ੍ਰੀਤ ਨਗਰ, ਜ਼ਿਲ੍ਹਾ ਕਪੂਰਥਲਾ | ਮਾਰੂਤੀ ਸੁਜ਼ੂਕੀ ਸਵਿਫਟ ਵੀਐਕਸਆਈ ਦੀ ਹਾਈਪੋਥੀਕੇਸ਼ਨ ਪੀਬੀ-09-ਏਐਨ-0607; ਚਾਸੀ ਨੰ. MBHCZCB3SPFC61888 ਇੰਜਣ ਨੰ.: K12NP1446402 | 03.04.2024 | 05.08.2025 | Rs. 6,14,580.23 03.04.2024 ਅਨੁਸਾਰ ਜਮ੍ਹਾਂ ਅਣਵਸੂਲਿਆ ਗੈਰ ਲਾਗੂ ਵਿਆਜ ਅਤੇ ਹੋਰ ਫੀਸਾਂ | ਬੜੌਦਾ ਕਾਰ ਲੋਨ |

ਉਪਰੋਕਤ ਕਰਜ਼ਦਾਰ(ਾਂ)/ਜ਼ਾਮਨ(ਾਂ) ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਮੰਗ ਸੂਚਨਾ ਪ੍ਰਕਾਸ਼ਨ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਨੋਟਿਸ ਵਿੱਚ ਦੱਸੀ ਗਈ ਰਕਮ ਦਾ ਭੁਗਤਾਨ ਕਰਨ, ਨਹੀਂ ਤਾਂ ਮੰਗ ਸੂਚਨਾ ਦੀ ਮਿਤੀ ਤੋਂ 60 ਦਿਨਾਂ ਦੀ ਮਿਆਦ ਪੁੱਗਣ ਤੋਂ ਬਾਅਦ ਵਿੱਤੀ ਸੰਪਤੀਆਂ ਦੀ ਸੁਰੱਖਿਆ ਅਤੇ ਪੁਨਰ ਨਿਰਮਾਣ ਅਤੇ ਸੁਰੱਖਿਆ ਵਿਆਜ ਨੂੰ ਲਾਗੂ ਕਰਨ ਵਾਲੇ ਐਕਟ 2002 ਦੇ ਉਪਬੰਧਾਂ ਅਨੁਸਾਰ ਅਗਲੇ ਕਦਮ ਚੁੱਕੇ ਜਾਣਗੇ। ਇਸ ਤੋਂ ਇਲਾਵਾ, ਕਰਜ਼ਦਾਰਾਂ/ਜ਼ਾਮਨਾਂ ਨੂੰ ਸਾਡੀ ਪੂਰਵ ਸਹਿਮਤੀ ਤੋਂ ਬਿਨਾਂ, ਉੱਪਰ ਦੱਸੇ ਗਏ ਕਿਸੇ ਵੀ ਸੁਰੱਖਿਅਤ ਸੰਪਤੀਆਂ ਨਾਲ ਕਿਸੇ ਵੀ ਤਰੀਕੇ ਨਾਲ ਨਜਿੱਠਣ ਤੋਂ ਰੋਕਿਆ ਜਾਂਦਾ ਹੈ। ਇਹ ਵਿਸ਼ਾ ਐਕਟ ਅਤੇ/ਜਾਂ ਲਾਗੂ ਕਿਸੇ ਹੋਰ ਕਾਨੂੰਨ ਦੇ ਅਧੀਨ ਸਾਡੇ ਲਈ ਉਪਲਬਧ ਕਿਸੇ ਵੀ ਹੋਰ ਅਧਿਕਾਰਾਂ ਪ੍ਰਤੀ ਪੱਖਪਾਤ ਕੀਤੇ ਬਿਨਾਂ ਹੈ।

ਮਿਤੀ: 28.08.2025 ਸਥਾਨ: ਕਪੂਰਥਲਾ ਅਧਿਕਾਰਤ ਅਧਿਕਾਰੀ

# ਪੰਜਾਬ ਸਰਕਾਰ ਦੇ ਯਤਨਾਂ ਨਾਲ 5290 ਲੋਕਾਂ ਨੂੰ ਹੜ੍ਹ ਪ੍ਰਭਾਵਿਤ ਖੇਤਰ 'ਚੋਂ ਬਾਹਰ ਕੱਢਿਆ

ਚੰਡੀਗੜ੍ਹ, 28 ਅਗਸਤ (ਚ.ਨ.ਸ.): ਹਿਮਾਚਲ ਵਿੱਚ ਹੋਈ ਭਾਰੀ ਬਾਰਿਸ਼ ਤੇ ਬਦਲ ਫੱਟਣ ਅਤੇ ਪੰਜਾਬ ਵਿੱਚ ਹੋਏ ਭਾਰੀ ਮੀਹਾਂ ਕਾਰਨ ਸੂਬੇ ਵਿੱਚ ਆਏ ਹੜ੍ਹਾਂ ਨਾਲ ਨਜਿੱਠਣ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਜੰਗੀ ਪੱਧਰ 'ਤੇ ਰਾਹਤ ਕਾਰਜ ਚਲਾਏ ਜਾ ਰਹੇ ਹਨ। ਪੰਜਾਬ ਦੇ ਕੈਬਨਿਟ ਮੰਤਰੀਆਂ ਅਤੇ ਸਥਾਨਕ ਵਿਧਾਇਕਾਂ ਵੱਲੋਂ ਨਿੱਜੀ ਤੌਰ ਉਤੇ ਗਰਾਊਂਡ ਜ਼ੀਰੋ ਉੱਤੇ ਡਟ ਕੇ ਖੁਦ ਰਾਹਤ ਕਾਰਜਾਂ ਦਾ ਜਾਇਜ਼ਾ ਲਿਆ। ਪੰਜਾਬ ਸਰਕਾਰ ਦੇ ਯਤਨਾਂ ਨਾਲ 5290 ਲੋਕਾਂ ਨੂੰ ਹੜ੍ਹ ਪ੍ਰਭਾਵਿਤ ਖੇਤਰ 'ਚੋਂ ਬਾਹਰ ਕੱਢਿਆ ਗਿਆ ਜਿਸ ਵਿੱਚ ਗੁਰਦਾਸਪੁਰ 'ਚ 2000, ਅੰਮ੍ਰਿਤਸਰ 'ਚ 710, ਫਿਰੋਜਪੁਰ 'ਚ 2000, ਕਪੂਰਥਲਾ ਵਿੱਚ 480 ਜਦਕਿ ਫਾਜਿਲਕਾ 'ਚ 100 ਲੋਕਾਂ ਨੂੰ ਰੈਸਕਿਊ ਕੀਤਾ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪੰਜਾਬ ਸਰਕਾਰ ਦੇ ਬੁਲਾਰੇ ਨੇ ਦੱਸਿਆ ਕਿ ਮੁੱਖ ਮੰਤਰੀ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਅੱਜ ਸੂਬੇ ਦੇ ਕੈਬਨਿਟ ਮੰਤਰੀਆਂ ਵੱਲੋਂ ਵੱਖ-ਵੱਖ ਜ਼ਿਲ੍ਹਿਆਂ ਵਿੱਚ ਜਾ ਕੇ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਕੀਤੇ ਜਾ ਰਹੇ ਰਾਹਤ ਕਾਰਜਾਂ ਦਾ ਨਿਰੀਖਣ ਕੀਤਾ ਗਿਆ। ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਵੱਲੋਂ ਅੱਜ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ



ਸੰਗਰੂਰ ਵਿਖੇ ਹੜ੍ਹ ਰਾਹਤ ਕਾਰਜਾਂ ਦਾ ਜਾਇਜ਼ਾ ਲਿਆ ਗਿਆ। ਉਹਨਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਪਿੰਡ ਸਤੌਜ ਹਰਆਓ, ਡਸਕਾ ਤੇ ਸੰਗਤਪੁਰਾ ਵਿੱਚ ਹੜ੍ਹ ਪੀੜਤ ਲੋਕਾਂ ਦੀ ਮਦਦ ਲਈ ਟੀਮਾਂ ਨੂੰ ਲਗਾਇਆ ਗਿਆ ਹੈ। ਉਹਨਾਂ ਕਿਹਾ ਕਿ ਹੜ੍ਹ ਨਾਲ ਹੋਏ ਖਰਾਬੇ ਸਬੰਧੀ ਵਿਸ਼ੇਸ਼ ਗਿਰਦਾਵਰੀ ਕਰਵਾ ਕੇ ਪੀੜਤਾਂ ਨੂੰ ਮੁਆਵਜ਼ਾ ਦਿੱਤਾ ਜਾਵੇਗਾ। ਫਿਰੋਜ਼ਪੁਰ ਜ਼ਿਲ੍ਹੇ ਵਿੱਚ 65 ਪਿੰਡ ਹੜ੍ਹ ਤੋਂ ਪ੍ਰਭਾਵਿਤ ਹਨ। ਜ਼ਿਲ੍ਹਾ ਪ੍ਰਸ਼ਾਸਨ ਵੱਲੋਂ 13 ਦੇ ਕਰੀਬ ਰਾਹਤ ਕੈਂਪ ਬਣਾਏ ਗਏ ਹਨ। ਹੁਣ ਤੱਕ 2000 ਤੋਂ ਵੱਧ ਹੜ੍ਹ ਪੀੜ੍ਹਤਾਂ ਨੂੰ ਰੈਸਕਿਊ ਕੀਤਾ ਗਿਆ ਹੈ। ਪੰਜਾਬ ਸਰਕਾਰ ਵੱਲੋਂ ਕੀਤੇ ਜਾ ਰਾਹਤ ਕਾਰਜਾਂ ਦਾ ਜਾਇਜਾ ਲੈਣ ਲਈ ਜਲ ਸਰੋਤ ਮੰਤਰੀ ਬਰਿੰਦਰ ਗੋਇਲ ਨੇ ਸਰਕਾਰੀ ਸਕੂਲ ਬਾਰੀਕੇ ਵਿਖੇ ਬਣਾਏ ਗਏ ਰਾਹਤ ਕੈਂਪ ਦਾ ਦੌਰਾ ਕੀਤਾ ਗਿਆ। ਇਸ ਤੋਂ ਇਲਾਵਾ ਫਾਜ਼ਿਲਕਾ ਜ਼ਿਲ੍ਹਾ ਵਿਖੇ ਵੀ ਹੜ੍ਹ ਪ੍ਰਭਾਵਿਤ ਖੇਤਰਾਂ ਦਾ ਦੌਰਾ ਕੀਤਾ। ਕਾਵਾਂਵਾਲੀ ਪੱਤਣ ਵਿੱਚ 24 ਪਿੰਡਾਂ ਲਈ 7 ਰਾਹਤ ਕੈਂਪ ਸਥਾਪਤ ਕੀਤੇ ਗਏ ਹਨ, ਜਿੱਥੇ ਕਿ ਲੋਕਾਂ ਨੂੰ ਪੈਕਡ ਫੂਡ ਤੋਂ ਇਲਾਵਾ ਸੁੱਕਾ ਰਾਸ਼ਨ, ਪਸ਼ੂ ਚਾਰਾ ਦੀ ਵੰਡ ਕੀਤੀ ਗਈ ਅਤੇ ਇਸ ਇਲਾਕੇ ਵਿੱਚ ਹੁਣ ਤੱਕ ਐਨਡੀਐਫ ਦੀਆਂ ਟੀਮਾਂ ਵੱਲੋਂ 100 ਲੋਕਾਂ ਨੂੰ ਬਾਹਰ ਕੱਢਿਆ ਗਿਆ ਹੈ।

ਇਸੇ ਤਰ੍ਹਾਂ ਕਪੂਰਥਲਾ ਜ਼ਿਲ੍ਹੇ ਵਿੱਚ ਹੁਣ ਤੱਕ ਕੁੱਲ 480 ਪਰਿਵਾਰਾਂ ਨੂੰ ਰੈਸੇਕਿਊ ਕੀਤਾ ਗਿਆ ਜਿਨ੍ਹਾਂ ਵਿੱਚ ਸੁਲਤਾਨਪੁਰ ਲੋਧੀ ਵਿੱਚ 200 ਪਰਿਵਾਰ ਭੁਲੱਥ ਵਿੱਚ 180 ਪਰਿਵਾਰ ਅਤੇ ਕਪੂਰਥਲਾ ਵਿੱਚ 100 ਪਰਿਵਾਰ ਸ਼ਾਮਲ ਹਨ। ਇਸੇ ਤਰ੍ਹਾਂ ਪੰਜਾਬ ਦੇ ਮਾਲ ਤੇ ਮੁੜ ਵਸੇਬਾ ਮੰਤਰੀ ਸ. ਹਰਦੀਪ ਸਿੰਘ ਮੁੰਡੀਆਂ ਵੱਲੋਂ ਲੁਧਿਆਣਾ ਜ਼ਿਲ੍ਹੇ ਦੇ ਸਸਰਾਲੀ ਕਲੋਨੀ ਵਿਖੇ ਹੜ੍ਹ ਰਾਹਤ ਕਾਰਜਾਂ ਦਾ ਜਾਇਜਾ ਲਿਆ ਗਿਆ। ਪੰਜਾਬ ਦੇ ਲੋਕ ਨਿਰਮਾਣ ਮੰਤਰੀ ਹਰਭਜਨ ਸਿੰਘ ਈਟੀਓ ਵੱਲੋਂ ਬਿਆਸ ਇਲਾਕੇ ਵਿੱਚ ਹੜ੍ਹ ਰਾਹਤ ਕਾਰਜਾਂ ਦਾ ਜਾਇਜਾ ਲਿਆ ਗਿਆ। ਕੈਬਨਿਟ ਮੰਤਰੀ ਮੋਹਿੰਦਰ ਭਗਤ ਵੱਲੋਂ ਅੱਜ ਸੁਲਤਾਨਪੁਰ ਲੋਧੀ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਬਾਊਪੁਰ ਤੇ ਹੋਰਨਾਂ ਨੇੜਲੇ ਪਿੰਡਾਂ ਦਾ ਦੌਰਾ ਕਰਕੇ ਰਾਹਤ ਕਾਰਜਾਂ ਦੀ ਸਮੀਖਿਆ ਕੀਤੀ। ਜ਼ਿਲ੍ਹਾ ਪ੍ਰਸ਼ਾਸਨ ਗੁਰਦਾਸਪੁਰ ਵੱਲੋਂ ਡੇਰਾ ਬਾਬਾ ਨਾਨਕ ਦੇ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚੋਂ ਡਰੋਨ ਦੀ ਮਦਦ ਨਾਲ ਰਾਹਤ ਸਮੱਗਰੀ ਪਹੁੰਚਾਈ ਗਈ। ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਜ਼ਿਲ੍ਹਾ ਤਰਨਤਾਰਨ ਦੇ ਪੱਟੀ ਖੇਤਰ ਨਾਲ ਸਬੰਧਤ ਪਿੰਡ ਘੜੁੰਮ, ਕੁੱਤੀਵਾਲਾ, ਸਭਰਾਂ, ਜੱਲੋਕੇ, ਕੋਟਬੁੱਢਾ, ਭਾਉਵਾਲ, ਰਾਧਲਕੇ ਅਤੇ ਮੁੱਠਿਆਵਾਲਾ ਦੇ ਹੜ੍ਹ ਪ੍ਰਭਾਵਿਤ ਖੇਤਰਾਂ ਦਾ ਦੌਰਾ ਕੀਤਾ। ਉਨ੍ਹਾਂ ਨੇ ਮੋਟਰ ਬੋਟ ਨਾਲ ਜ਼ਰੂਰਤਮੰਦ ਲੋਕਾਂ ਨੂੰ ਰਾਸ਼ਨ, ਪਸ਼ੂਆਂ ਲਈ ਚਾਰਾ ਅਤੇ ਪਾਣੀ 'ਚ ਫਸੇ ਲੋਕਾਂ ਦਾ ਰੈਸਕਿਊ ਕਰਨ ਦੀ ਅਗਵਾਈ ਕੀਤੀ।

# ਡੇਰਾ ਸਿਰਸਾ 'ਚ ਨਾਬਾਲਗ਼ ਦੀ ਕਥਿਤ ਗ਼ੈਰ-ਕਾਨੂੰਨੀ ਹਿਰਾਸਤ ਦਾ ਮਾਮਲਾ

## ਪਿਤਾ ਦੀ ਪਟੀਸ਼ਨ 'ਤੇ ਹਾਈ ਕੋਰਟ ਨੇ ਪੀ.ਜੀ.ਆਈ. ਨੂੰ ਕਾਉਂਸਲਿੰਗ ਲਈ ਦਿੱਤੇ ਨਿਰਦੇਸ਼

ਚੰਡੀਗੜ੍ਹ, 28 ਅਗਸਤ (ਚ.ਨ.ਸ.): ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਇੱਕ ਮਾਮਲੇ ਵਿੱਚ ਹੁਕਮ ਦਿੱਤਾ ਹੈ ਕਿ ਸੌਦਾ ਸਾਧ, ਸਿਰਸਾ ਵਿਖੇ ਉਸਦੀ ਮਾਂ ਦੀ ਗੈਰ-ਕਾਨੂੰਨੀ ਹਿਰਾਸਤ ਵਿੱਚ ਰੱਖੀ ਗਈ ਇੱਕ ਨਾਬਾਲਗ ਲੜਕੀ ਦੀ ਕਾਉਂਸਲਿੰਗ ਤੁਰੰਤ ਪੀ.ਜੀ.ਆਈ.ਐਮ.ਈ.ਆਰ., ਚੰਡੀਗੜ੍ਹ ਦੁਆਰਾ ਕੀਤੀ ਜਾਵੇ ਜਸਟਿਸ ਸੁਭਾਸ਼ ਮੇਹਲਾ ਨੇ ਕਿਹਾ ਕਿ ਲੜਕੀ ਦੀ ਉਸ ਦੀ ਹਿਰਾਸਤ ਨਾਲ ਸਬੰਧਤ ਮੁੱਦੇ 'ਤੇ ਕਾਉਂਸਲਿੰਗ ਕੀਤੀ ਜਾਣੀ ਚਾਹੀਦੀ ਹੈ ਇਸ ਸਬੰਧ ਵਿੱਚ, ਇੱਕ ਕਾਉਂਸਲਿੰਗ ਸ਼ਡਿਊਲ ਤਿਆਰ ਕੀਤਾ ਜਾਣਾ ਚਾਹੀਦਾ ਹੈ ਅਤੇ ਦੋਵਾਂ ਧਿਰਾਂ ਦੇ ਵਕੀਲਾਂ ਨੂੰ ਸੂਚਿਤ ਕੀਤਾ ਜਾਣਾ ਚਾਹੀਦਾ ਹੈ ਅਦਾਲਤ ਨੇ ਇਹ ਵੀ ਸਪੱਸ਼ਟ ਕੀਤਾ ਕਿ ਪਿਤਾ (ਪਟੀਸ਼ਨਕਰਤਾ) ਕਾਉਂਸਲਿੰਗ ਦਾ ਸਾਰਾ ਖਰਚਾ ਚੁੱਕੇਗਾ ਇਹ ਮਾਮਲਾ ਗੋਆ ਨਿਵਾਸੀ ਪਿਤਾ ਸਾਈਪ੍ਰੀਆਨੋ ਬ੍ਰਿਟੋ ਦੁਆਰਾ ਦਾਇਰ ਹੈਬੀਅਸ ਕਾਰਪਸ ਪਟੀਸ਼ਨ ਨਾਲ ਸਬੰਧਤ ਹੈ ਉਸ ਨੇ ਦੋਸ਼ ਲਗਾਇਆ ਕਿ ਉਸ ਦੀ ਧੀ ਨੂੰ ਉਸ ਦੀ ਮਾਂ ਡੇਰਾ ਸੱਚਾ ਸੌਦਾ ਆਸ਼ਰਮ, ਸਿਰਸਾ ਵਿੱਚ ਗੈਰ-ਕਾਨੂੰਨੀ ਤੌਰ




'ਤੇ ਹਿਰਾਸਤ ਵਿੱਚ ਰੱਖ ਰਹੀ ਹੈ ਪਟੀਸ਼ਨ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਜਦੋਂ ਤੱਕ ਪਟੀਸ਼ਨ ਲੰਬਿਤ ਹੈ, ਲੜਕੀ ਨੂੰ ਆਸ਼ਰਮ ਤੋਂ ਪੇਸ਼ ਕੀਤਾ ਜਾਣਾ ਚਾਹੀਦਾ ਹੈ, ਕਿਉਂਕਿ ਇਹ ਸੰਸਥਾ ਕਈ ਵਿਵਾਦਾਂ ਅਤੇ ਅਪਰਾਧਿਕ ਮਾਮਲਿਆਂ ਲਈ ਬਦਨਾਮ ਰਹੀ ਹੈ ਪਿਤਾ ਨੇ ਅਦਾਲਤ ਨੂੰ ਬੇਨਤੀ ਕੀਤੀ ਕਿ ਲੜਕੀ ਦੀ ਫੈਮਿਲੀ ਕੋਰਟ ਐਕਟ, 1984 ਦੀ ਧਾਰਾ 12 ਦੀ ਭਾਵਨਾ ਦੇ ਤਹਿਤ ਇੱਕ ਯੋਗ ਬਾਲ ਮਨੋਵਿਗਿਆਨੀ ਦੁਆਰਾ ਸਲਾਹ-ਮਸ਼ਵਰਾ ਕੀਤਾ ਜਾਣਾ ਚਾਹੀਦਾ ਹੈ ਅਤੇ ਉਸਦੀ ਤੰਦਰੁਸਤੀ, ਭਾਵਨਾਤਮਕ ਸਥਿਤੀ ਅਤੇ ਸਰਬੋਤਮ ਹਿੱਤਾਂ ਬਾਰੇ ਇੱਕ ਮਾਹਰ ਰਿਪੋਰਟ ਉਪਲਬਧ ਕਰਵਾਈ ਜਾਣੀ ਚਾਹੀਦੀ ਹੈ ਪਿਤਾ ਦਾ ਕਹਿਣਾ ਹੈ ਕਿ ਉਸਨੂੰ ਅਦਾਲਤ ਤੋਂ ਆਪਣੀ ਧੀ ਦੀ ਹਿਰਾਸਤ ਲਈ ਕਈ ਵਾਰ ਆਦੇਸ਼ ਮਿਲੇ ਸਨ, ਪਰ ਉਹ ਕਦੇ ਵੀ ਆਪਣੀ ਧੀ ਨਾਲ ਖੁੱਲ੍ਹ ਕੇ ਗੱਲ ਨਹੀਂ ਕਰ ਸਕਿਆ ਡੇਰਾ ਸੱਚਾ ਸੌਦਾ ਦੇ ਦਖਲ ਕਾਰਨ, ਲੜਕੀ ਨੂੰ ਆਪਣੀ ਮਰਜ਼ੀ ਦਾ ਫੈਸਲਾ ਲੈਣ ਦਾ ਮੌਕਾ ਨਹੀਂ ਮਿਲਿਆ ਸੌਦਾ ਸਾਧ ਵੱਲੋਂ, ਇਹ ਦਲੀਲ ਦਿੱਤੀ ਗਈ ਸੀ ਕਿ ਪਟੀਸ਼ਨ ਵਿੱਚ ਸੰਸਥਾ ਵਿਰੁੱਧ ਕੋਈ ਖਾਸ ਦੋਸ਼ ਜਾਂ ਰਾਹਤ ਦੀ ਮੰਗ ਨਹੀਂ ਕੀਤੀ ਗਈ ਹੈ, ਇਸ ਲਈ ਇਸਨੂੰ ਖਾਰਜ ਕੀਤਾ ਜਾਣਾ ਚਾਹੀਦਾ ਹੈ ਹਾਈ ਕੋਰਟ ਨੇ ਪੀ.ਜੀ.ਆਈ.ਐਮ.ਈ.ਆਰ. ਚੰਡੀਗੜ੍ਹ ਨੂੰ ਨਿਰਦੇਸ਼ ਦਿੱਤੇ ਕਿ ਨਿਯੁਕਤ ਕੌਂਸਲਰ ਲੜਕੀ ਦੀ ਕਾਉਂਸਲਿੰਗ ਪੂਰੀ ਕਰਨ ਤੋਂ ਬਾਅਦ ਰਿਪੋਰਟ ਦਾਇਰ ਕਰੇ ਅਤੇ ਜੇ ਜ਼ਰੂਰੀ ਹੋਵੇ ਤਾਂ ਮਾਪਿਆਂ ਨਾਲ ਗੱਲ ਕਰਨ ਤੋਂ ਬਾਅਦ ਦੱਸੇ ਕਿ ਕੀ ਲੜਕੀ ਉਸਦੀ ਤੰਦਰੁਸਤੀ ਨੂੰ ਸਮਝਣ ਅਤੇ ਪਿਤਾ ਜਾਂ ਮਾਂ ਨਾਲ ਰਹਿਣ ਦਾ ਫੈਸਲਾ ਕਰਨ ਦੀ ਸਥਿਤੀ ਵਿੱਚ ਹੈ ਇਸ ਮਾਮਲੇ ਦੀ ਅਗਲੀ ਸੁਣਵਾਈ 9 ਸਤੰਬਰ ਨੂੰ ਹੋਵੇਗੀ।

# ਸਿਹਤ ਵਿਭਾਗ ਵੱਲੋਂ ਹੜ੍ਹਾਂ ਨਾਲ ਸਬੰਧਤ ਬਿਮਾਰੀਆਂ ਨਾਲ ਨਜਿੱਠਣ ਲਈ ਟੀਮਾਂ ਤੇ ਐਂਬੂਲੈਂਸਾਂ ਤਾਇਨਾਤ

## ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਸਿਵਲ ਸਰਜਨਾਂ ਨਾਲ ਸੂਬਾ ਪੱਧਰੀ ਮੀਟਿੰਗ ਦੀ ਕੀਤੀ ਪ੍ਰਧਾਨਗੀ

ਚੰਡੀਗੜ੍ਹ, 28 ਅਗਸਤ (ਚ.ਨ.ਸ.): ਹੜ੍ਹਾਂ ਦੀ ਮੌਜੂਦਾ ਸਥਿਤੀ ਦੇ ਮੱਦੇਨਜ਼ਰ, ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਐਮਰਜੈਂਸੀ ਮੈਡੀਕਲ ਰਿਸਪਾਂਸ, ਪਾਣੀ ਤੋਂ ਪੈਦਾ ਹੋਣ ਵਾਲੀਆਂ ਅਤੇ ਵੈਕਟਰ ਬੋਰਨ ਬਿਮਾਰੀਆਂ ਦੀ ਰੋਕਥਾਮ ਸਬੰਧੀ ਵਿਆਪਕ ਸਮੀਖਿਆ ਲਈ ਸਿਵਲ ਸਰਜਨਾਂ, ਮੈਡੀਕਲ ਕਾਲਜਾਂ ਦੇ ਪ੍ਰਿੰਸੀਪਲਾਂ, ਇੰਡੀਅਨ ਮੈਡੀਕਲ ਐਸੋਸੀਏਸ਼ਨ (ਆਈਐਮਏ), ਰੈੱਡ ਕਰਾਸ ਅਤੇ ਕੈਮਿਸਟ ਐਸੋਸੀਏਸ਼ਨਾਂ ਦੇ ਨੁਮਾਇੰਦਿਆਂ ਨਾਲ ਵੀਡੀਓ ਕਾਨਫਰੰਸ ਕੀਤੀ। ਸਿਹਤ ਨਾਲ ਸਬੰਧਤ ਕਿਸੇ ਵੀ ਐਮਰਜੈਂਸੀ ਨਾਲ ਨਜਿੱਠਣ ਸਬੰਧੀ ਸੂਬਾ ਸਰਕਾਰ ਦੀ ਵਚਨਬੱਧਤਾ ਦਹੁਰਾਉਂਦਿਆਂ ਡਾ. ਬਲਬੀਰ ਸਿੰਘ ਨੇ ਕਿਹਾ ਕਿ ਹੜ੍ਹ ਪ੍ਰਭਾਵਿਤ ਲੋਕਾਂ ਨੂੰ ਤੁਰੰਤ ਦੇਖਭਾਲ ਅਤੇ ਰਾਹਤ ਪ੍ਰਦਾਨ ਕਰਨ ਲਈ ਵੱਡੇ ਪੱਧਰ 'ਤੇ ਮੈਡੀਕਲ ਟੀਮਾਂ ਭੇਜੀਆਂ ਜਾ ਰਹੀਆਂ ਹਨ ਅਤੇ ਸਰੋਤ ਜੁਟਾਏ ਜਾ ਰਹੇ ਹਨ। ਮੀਟਿੰਗ ਦੌਰਾਨ ਬੋਲਦਿਆਂ ਡਾ. ਬਲਬੀਰ ਸਿੰਘ ਨੇ ਕਿਹਾ, "ਸਾਡੇ ਨਾਗਰਿਕਾਂ ਦੀ ਸਿਹਤ ਅਤੇ ਤੰਦਰੁਸਤੀ ਪੰਜਾਬ ਸਰਕਾਰ ਦੀ ਪ੍ਰਮੁੱਖ ਤਰਜੀਹ ਹੈ।"

ਉਨ੍ਹਾਂ ਸਿਵਲ ਸਰਜਨਾਂ ਨੂੰ ਇਹ ਯਕੀਨੀ ਬਣਾਉਣ ਦੀ ਹਦਾਇਤ ਕੀਤੀ ਕਿ ਇਸ ਮੁਸ਼ਕਿਲ ਸਮੇਂ ਦੌਰਾਨ ਕੋਈ ਵੀ ਵਿਅਕਤੀ ਡਾਕਟਰੀ ਸਹਾਇਤਾ ਤੋਂ ਵਾਂਝਾ ਨਾ ਰਹੇ। ਉਨ੍ਹਾਂ ਹਦਾਇਤਾ ਕੀਤੀ ਕਿ ਸਾਰੀਆਂ ਸਿਹਤ ਸੰਸਥਾਵਾਂ ਮਰੀਜ਼ਾਂ ਨੂੰ ਡਾਕਟਰੀ ਸਹਾਇਤਾ ਪ੍ਰਦਾਨ ਕਰਨ ਲਈ ਪੂਰੀ ਤਰ੍ਹਾਂ ਲੈਸ ਹੋਣ ਅਤੇ ਢੁੱਕਵੇਂ ਸਟਾਕ ਉਪਲੱਬਧ ਰੱਖੇ ਜਾਣ।



ਮੰਤਰੀ ਨੇ ਦੱਸਿਆ ਕਿ ਉਨ੍ਹਾਂ ਦੇ ਨਿਰਦੇਸ਼ਾਂ 'ਤੇ ਸਿਹਤ ਵਿਭਾਗ ਵੱਲੋਂ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਗਰਭਵਤੀ ਔਰਤਾਂ ਨੂੰ ਲੱਭਣ ਅਤੇ ਸਹਾਇਤਾ ਪ੍ਰਦਾਨ ਕਰਨ ਲਈ ਅਹਿਮ ਮਿਸ਼ਨ ਸ਼ੁਰੂ ਕੀਤਾ ਗਿਆ ਹੈ। ਇਸ ਟੀਚਾਗਤ ਪਹਿਲ ਦੇ ਜੀਵਨ ਬਚਾਉਣ ਵਾਲੇ ਨਤੀਜੇ ਸਾਹਮਣੇ ਆਏ ਹਨ ਕਿਉਂਕਿ ਫਿਰੋਜ਼ਪੁਰ ਤੇ ਫਾਜ਼ਿਲਕਾ ਵਿੱਚ ਟੀਮਾਂ ਵੱਲੋਂ ਅਜਿਹੀਆਂ ਛੇ ਔਰਤਾਂ ਨੂੰ ਸਫਲਤਾਪੂਰਵਕ ਬਚਾਇਆ ਗਿਆ ਹੈ ਤੇ ਉਹਨਾਂ ਸਾਰੀਆਂ ਔਰਤਾਂ ਨੇ ਸਰਕਾਰੀ ਸਹੂਲਤਾਂ ਵਿੱਚ ਸਿਹਤਮੰਦ ਬੱਚਿਆਂ ਨੂੰ ਜਨਮ ਦਿੱਤਾ ਹੈ। ਉਨ੍ਹਾਂ ਨੇ ਇਸ ਸੰਕਟ ਨਾਲ ਨਜਿੱਠਣ ਲਈ ਵਿਆਪਕ ਪੱਧਰ 'ਤੇ ਸਿਹਤ ਸੰਭਾਲ ਸਰੋਤਾਂ ਨੂੰ ਲਾਮਬੰਦ ਕਰਨ ਦਾ ਐਲਾਨ ਕੀਤਾ ਹੈ। ਵਿਭਾਗ ਵੱਲੋਂ 360 ਮੋਬਾਈਲ ਮੈਡੀਕਲ ਟੀਮਾਂ ਅਤੇ 458 ਰੈਪਿਡ ਰਿਸਪਾਂਸ ਟੀਮਾਂ ਦਾ ਗਠਨ ਕੀਤਾ ਹੈ, ਜੋ ਪ੍ਰਭਾਵਿਤ ਖੇਤਰਾਂ ਵਿੱਚ ਸਰਗਰਮੀ ਨਾਲ ਕੰਮ ਕਰ ਰਹੀਆਂ ਹਨ। ਮੰਤਰੀ ਨੇ ਦੱਸਿਆ ਕਿ ਹੜ੍ਹ ਰਾਹਤ ਲਈ ਕੁੱਲ 172 ਐਂਬੂਲੈਂਸਾਂ ਦਿਨ-ਰਾਤ ਤਾਇਨਾਤ ਰੱਖੀਆਂ ਗਈਆਂ ਹਨ। ਉਨ੍ਹਾਂ ਅੱਗੇ ਕਿਹਾ, "ਸਾਡੀਆਂ ਟੀਮਾਂ ਜੰਗੀ ਪੱਧਰ 'ਤੇ ਕੰਮ ਕਰ ਰਹੀਆਂ ਹਨ ਅਤੇ ਸਾਨੂੰ ਵਿਸ਼ਵਾਸ ਹੈ ਕਿ ਸੂਬਾ ਹੜ੍ਹਾਂ ਕਾਰਨ ਪੈਦਾ ਹੋਣ ਵਾਲੀ ਕਿਸੇ ਵੀ ਡਾਕਟਰੀ ਐਮਰਜੈਂਸੀ ਨਾਲ ਨਜਿੱਠਣ ਲਈ ਪੂਰੀ ਤਰ੍ਹਾਂ ਤਿਆਰ ਹੈ।"

ਮੰਤਰੀ ਨੇ ਕਿਹਾ ਕਿ ਸਿਵਲ ਸਰਜਨਾਂ ਨੂੰ ਡਿਪਟੀ ਕਮਿਸ਼ਨਰਾਂ ਨਾਲ ਮਿਲ ਕੇ ਪੀਣ ਵਾਲੇ ਪਾਣੀ ਲਈ ਕਲੋਰੀਨ ਦੀਆਂ ਗੋਲੀਆਂ ਵੰਡਣ ਅਤੇ ਘਰ-ਘਰ ਜਾ ਕੇ ਇਹ ਯਕੀਨੀ ਬਣਾਉਣ ਲਈ ਕਿਹਾ ਹਰ ਘਰ ਵਿੱਚ ਪੀਣ ਵਾਲੇ ਸੁਰੱਖਿਅਤ ਪਾਣੀ ਦੀ ਪਹੁੰਚ ਹੋਵੇ। ਉਨ੍ਹਾਂ ਨੇ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਲੋਕਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਆਈਐਮਏ, ਰੈੱਡ ਕਰਾਸ, ਕੈਮਿਸਟ ਐਸੋਸੀਏਸ਼ਨ ਅਤੇ ਐਨਜੀਓਜ਼ ਨੂੰ ਇਕਜੁੱਟ ਹੋ ਕੇ ਕੰਮ ਕਰਨ ਲਈ ਕਿਹਾ।

ਸਿਹਤ ਤੇ ਪਰਿਵਾਰ ਭਲਾਈ ਵਿਭਾਗ ਦੇ ਡਾਇਰੈਕਟਰ ਡਾ. ਹਿਤਿੰਦਰ ਕੌਰ ਨੇ ਵਿਭਾਗ ਦੀਆਂ ਪਹਿਲਕਦਮੀਆਂ ਦੀ ਜ਼ਮੀਨੀ ਰਿਪੋਰਟ ਪੇਸ਼ ਕੀਤੀ। ਉਨ੍ਹਾਂ ਕਿਹਾ, "ਸਾਡੀਆਂ ਟੀਮਾਂ ਜ਼ਮੀਨੀ ਪੱਧਰ 'ਤੇ ਕੰਮ ਰਹੀਆਂ ਹਨ, ਇਲਾਜ ਸੇਵਾਵਾਂ ਪ੍ਰਦਾਨ ਕਰ ਰਹੀਆਂ ਹਨ ਅਤੇ ਜ਼ਰੂਰੀ ਸਮੱਗਰੀ ਦੀ ਵੰਡ ਕਰ ਰਹੀਆਂ ਹਨ। ਪ੍ਰਭਾਵਿਤ ਖੇਤਰਾਂ ਵਿੱਚ ਰੋਜ਼ਾਨਾ ਮੈਡੀਕਲ ਕੈਂਪ ਲਗਾਏ ਜਾ ਰਹੇ ਹਨ ਅਤੇ ਜ਼ਿਲ੍ਹਾ ਕਪੂਰਥਲਾ ਵਿੱਚ ਇੱਕ ਕੈਂਪ ਦਿਨ-ਰਾਤ ਕਾਰਜਸ਼ੀਲ ਹੈ। ਵੈਕਟਰ ਬੋਰਨ ਬਿਮਾਰੀਆਂ ਨੂੰ ਰੋਕਣ ਲਈ ਸਪਰੇਅ ਅਤੇ ਫੌਗਿੰਗ ਵੀ ਕੀਤੀ ਜਾ ਰਹੀ ਹੈ।"

ਡੱਬੀ: ਹੜ੍ਹਾਂ ਦੌਰਾਨ ਪਾਣੀ, ਭੋਜਨ ਤੋਂ ਹੋਣ ਵਾਲੀਆਂ ਅਤੇ ਵੈਕਟਰ ਬੋਰਨ ਬਿਮਾਰੀਆਂ ਦੀ ਰੋਕਥਾਮ ਲਈ ਸਿਹਤ ਵਿਭਾਗ ਪੰਜਾਬ ਵੱਲੋਂ ਐਡਵਾਇਜ਼ਰੀ ਜਾਰੀ

ਆਮ ਸਾਵਧਾਨੀਆਂ: ਹੜ੍ਹ ਦੇ ਪਾਣੀ ਨਾਲ ਸਿੱਧੇ ਸੰਪਰਕ ਤੋਂ ਬਚੋ ਅਤੇ ਪਾਣੀ ਭਰੇ ਇਲਾਕਿਆਂ ਵਿੱਚ ਤੁਰਦੇ ਸਮੇਂ ਸੁਰੱਖਿਅਤ ਜੁੱਤੇ ਪਹਿਨੋ। ਸਾਬਣ ਅਤੇ ਪਾਣੀ ਨਾਲ ਵਾਰ-ਵਾਰ ਹੱਥ ਧੋਵੋ, ਖਾਸ ਕਰਕੇ ਖਾਣਾ ਖਾਣ ਤੋਂ ਪਹਿਲਾਂ।

ਪਾਣੀ ਨਾਲ ਹੋਣ ਵਾਲੀਆਂ ਬਿਮਾਰੀਆਂ ਦੀ ਰੋਕਥਾਮ: ਸਿਰਫ਼ ਉਬਲਿਆ ਜਾਂ ਕਲੋਰੀਨ ਵਾਲਾ ਪਾਣੀ ਹੀ ਪੀਓ। ਜੇਕਰ ਪਾਣੀ ਉਬਾਲਣਾ ਸੰਭਵ ਨਾ ਹੋਵੇ, ਤਾਂ ਕਲੋਰੀਨ ਦੀਆਂ ਗੋਲੀਆਂ ਦੀ ਵਰਤੋਂ ਕਰੋ। ਪਾਣੀ ਨੂੰ ਸਾਫ਼, ਢੱਕੇ ਹੋਏ ਡੱਬਿਆਂ ਵਿੱਚ ਸਟੋਰ ਕਰੋ। ਕੋਈ ਵੀ ਅਜਿਹਾ ਭੋਜਨ ਨਾ ਖਾਓ ਜੋ ਹੜ੍ਹਾਂ ਦੇ ਪਾਣੀ ਦੇ ਸੰਪਰਕ ਵਿੱਚ ਆਇਆ ਹੋਵੇ।

ਵੈਕਟਰ ਬੋਰਨ ਬਿਮਾਰੀਆਂ ਦੀ ਰੋਕਥਾਮ: ਮੱਛਰਾਂ ਦੇ ਪ੍ਰਜਨਨ ਨੂੰ ਰੋਕਣ ਲਈ ਡੱਬਿਆਂ, ਟਾਇਰਾਂ ਅਤੇ ਛੱਤਾਂ ਤੋਂ ਖੜ੍ਹੇ ਪਾਣੀ ਨੂੰ ਹਟਾਓ। ਬੱਚਿਆਂ ਅਤੇ ਗਰਭਵਤੀ ਔਰਤਾਂ ਲਈ ਮੱਛਰਦਾਨੀ ਦੀ ਵਰਤੋਂ ਕਰੋ ਅਤੇ ਬਾਹਾਂ ਨੂੰ ਢੱਕਣ ਵਾਲੇ ਪੂਰੇ ਕੱਪੜੇ ਪਾਓ।

ਸੱਪ ਦੇ ਡੰਗਣ ਤੋਂ ਰੋਕਥਾਮ: ਹਨ੍ਹੇਰਾ ਹੋਣ ਤੋਂ ਬਾਅਦ ਪਾਣੀ ਨਾਲ ਭਰੇ ਜਾਂ ਝਾੜੀਆਂ ਵਾਲੇ ਖੇਤਰਾਂ ਵਿੱਚ ਤੁਰਨ ਤੋਂ ਬਚੋ। ਛੇਕਾਂ ਜਾਂ ਸੰਘਣੀ ਬਨਸਪਤੀ ਵਿੱਚ ਹੱਥ ਜਾਂ ਪੈਰ ਨਾ ਪਾਓ।

ਚਮੜੀ ਦੀ ਲਾਗ: ਹੜ੍ਹ ਦੇ ਪਾਣੀ ਨਾਲ ਲੰਬੇ ਸਮੇਂ ਤੱਕ ਸੰਪਰਕ ਤੋਂ ਬਚੋ ਅਤੇ ਜਿੰਨੀ ਜਲਦੀ ਹੋ ਸਕੇ, ਗਿੱਲੇ ਕਪੜੇ ਬਦਲ ਕੇ ਸੁੱਕੇ ਕੱਪੜੇ ਪਾਓ। ਸਿਹਤ ਸੰਭਾਲ ਪ੍ਰਦਾਤਾ ਨਾਲ ਸਲਾਹ ਉਪਰੰਤ ਖੁਜਲੀ ਜਾਂ ਧੱਫੜ ਹੋਣ ਦੀ ਸਥਿਤੀ ਵਿੱਚ ਪਾਊਡਰ ਜਾਂ ਮਲਮ ਲਗਾਓ।

ਦਸਤ ਹੋਣ 'ਤੇ, ਤੁਰੰਤ ਓ.ਆਰ.ਐਸ. ਪੀਣਾ ਸ਼ੁਰੂ ਕਰੋ ਅਤੇ ਨਜ਼ਦੀਕੀ ਸਿਹਤ ਕੈਂਪ ਜਾਂ ਸੰਸਥਾ ਵਿੱਚ ਜਾਂਚ ਲਈ ਜਾਓ।

# ਬਾਬਾ ਬਲਜਿੰਦਰ ਸਿੰਘ ਦੀਆਂ ਅਸਥੀਆਂ ਕੀਰਤਪੁਰ ਸਾਹਿਬ ਵਿਖੇ ਕੀਤੀਆਂ ਜਲ ਪ੍ਰਵਾਹ

ਰਾੜਾ ਸਾਹਿਬ, 28 ਅਗਸਤ (ਸੰਜੀਵ ਲਹਿਲ): ਰਾੜ੍ਹਾ ਸਾਹਿਬ ਸੰਪਰਦਾਇ ਦੇ ਮੌਜੂਦਾ ਮੁਖੀ ਸੰਤ ਬਾਬਾ ਬਲਜਿੰਦਰ ਸਿੰਘ ਜੋ ਕਿ ਪਿਛਲੇ ਦਿਨੀ ਗੁਰੂ ਚਰਨਾਂ ਵਿੱਚ ਜਾ ਬਿਰਾਜੇ ਸਨ ਜਿਨਾਂ ਦਾ ਸਸਕਾਰ ਕੱਲ ਗੁਰਦੁਆਰਾ ਕਲਮਸਰ ਰਾੜਾ ਸਾਹਿਬ ਵਿਖੇ ਕੀਤਾ ਗਿਆ ਸੀ ਤੇ ਉਨ੍ਹਾਂ ਦੀਆਂ ਅਸਥੀਆਂ ਗੁਰਦੁਆਰਾ ਸ੍ਰੀ ਕਰਮਸਰ ਸਾਹਿਬ ਦੇ ਸਮੂਹ ਸੇਵਾਦਾਰ ਬਾਬਾ ਬਲਜਿੰਦਰ ਸਿੰਘ ਜੀ ਦੇ ਭਰਾ ਤੇ ਪਰਿਵਾਰਿਕ ਮੈਂਬਰ ਤੇ ਵੱਡੀ ਗਿਣਤੀ ਵਿੱਚ ਸੰਗਤਾਂ ਕੀਰਤਪੁਰ ਸਾਹਿਬ ਲੈ ਕੇ ਪਹੁੰਚੀਆਂ ਜਿੱਥੇ ਕਿ ਉਹ ਜਲ ਪਰਵਾਹ ਕੀਤੀਆਂ ਗਈਆਂ ਇਸ ਤੋਂ ਪਹਿਲਾਂ ਦੱਸੀਏ ਕਿ ਗੁਰਦੁਆਰਾ ਕਰਮਸਰ ਰਾੜਾ ਸਾਹਿਬ ਵਿਖੇ ਵੱਡੀ ਗਿਣਤੀ 'ਚ ਧਾਰਮਿਕ ਰਾਜਨੀਤਿਕ ਹਲਕਿਆਂ ਤੋਂ ਲੋਕ ਪਹੁੰਚੇ ਉੱਥੇ ਹੀ ਹਜ਼ਾਰਾਂ ਹੀ ਸ਼ਰਧਾਲੂ ਅਸਥੀਆਂ ਚੁਗਣ ਮੌਕੇ ਹਾਜ਼ਰ ਸਨ। ਇਸ ਮੌਕੇ ਉਚੇਚੇ ਤੌਰ ਤੇ ਸਤਵੰਤ ਸਿੰਘ ਟੌਹੜਾ ਤੇ ਬੀਬੀ ਜਗੀਰ ਕੌਰ ਸਾਬਕਾ ਐਸਜੀਪੀਸੀ ਪ੍ਰਧਾਨ ਗੁਰਦੁਆਰਾ ਕਰਮਸ ਰਾੜਾ ਸਾਹਿਬ ਵਿਖੇ ਪਹੁੰਚੇ ਹੋਏ ਸਨ ਇਸ ਸਮੇਂ ਪੱਤਰਕਾਰਾਂ ਦੇ ਰੱਬ ਰੂਬਰੂ ਹੁੰਦਿਆਂ ਬੀਬੀ ਜਗੀਰ ਕੌਰ ਨੇ ਕਿਹਾ ਕਿ ਬਾਬਾ ਜੀ ਦਾ ਤੁਰ ਜਾਣਾ ਜਿੱਥੇ ਪੂਰੀ ਮਾਨਵਤਾ ਲਈ ਪੰਜਾਬ ਲਈ ਦੇਸ਼ ਲਈ, ਵੱਡਾ ਘਾਟਾ ਹੈ ਉਥੇ ਹੀ ਸਿੱਖ ਜਗਤ ਲਈ ਵੀ ਬਹੁਤ ਵੱਡਾ ਘਾਟਾ ਹੈ ਜੋ ਕਿ ਕਦੇ ਪੂਰਾ ਨਹੀਂ ਹੋ ਸਕਦਾ ਉਹਨਾਂ ਕਿਹਾ ਕਿ ਬਾਬਾ ਜੀ ਲੱਗਦਾ ਨਹੀਂ ਸੀ ਕਿ ਇਨੀ ਜਲਦੀ ਇਸ ਸੰਸਾਰ ਤੋਂ ਕੂਚ ਕਰ ਜਾਣਗੇ ਉਹਨਾਂ ਉਸ ਅਖੀਰਲੇ ਦੀਵਾਨ ਦਾ ਵੀ ਜ਼ਿਕਰ ਕੀਤਾ ਜੋ ਕਿ ਆਪਣੇ ਆਖਰੀ ਸਾਹਾਂ ਤੋਂ ਮਹਿਜ਼ ਤਿੰਨ ਘੰਟੇ ਪਹਿਲਾਂ ਹੀ ਸਜਾਇਆ ਸੀ ਤੇ ਸੰਗਤਾਂ ਦੇ ਰੂਬਰੂ ਹੋਏ ਸਨ ਸੰਗਤਾਂ ਨੂੰ ਬਾਣੇ ਅਤੇ ਬਾਣੀ ਨਾਲ ਜੁੜਨ ਦਾ ਉਪਦੇਸ਼ ਦਿੱਤਾ ਸੀ ਉਨ੍ਹਾਂ ਕਿਹਾ ਕਿ ਸੰਤਾਂ ਨੇ ਹਮੇਸ਼ਾ ਹੀ ਜਿੱਥੇ ਗੁਰੂ ਘਰਾਂ ਅਤੇ ਸਿੱਖੀ ਲਈ ਵੱਡੇ ਪੱਧਰ ਤੇ ਕਾਰਜ ਕੀਤੇ ਉੱਥੇ ਹੀ 100 ਦੇ ਲਗਭਗ ਸਕੂਲ ਅਡੋਪਟ ਕੀਤੇ ਹੋਏ ਸਨ ਇਨ੍ਹਾਂ ਸਕੂਲਾਂ 'ਚ ਗੁਰਦੁਆਰਾ ਸਾਹਿਬ ਵੱਲੋਂ ਬੱਚਿਆਂ ਲਈ ਬਹੁਤ ਸਾਰਾ ਲੋੜੀਂਦਾ ਸਮਾਨ ਮੁਹੱਈਆ ਕਰਵਾਇਆ ਜਾਂਦਾ ਹੈ।

ਇਸ ਸਮੇਂ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹਾਂ ਭਾਈ ਸਤਵੰਤ ਸਿੰਘ ਟੌੜਾ ਨੇ ਕਿਹਾ ਕਿ ਉਹ ਬਾਬਾ ਜੀ ਦਾ ਦੀਵਾਨ 24 ਤੇ 25 ਤਰੀਕ ਨੂੰ ਸਰਵਣ ਕਰਕੇ ਗਏ ਸਨ ਪਰ ਉਹਨਾਂ ਨੂੰ ਬੜਾ ਹੀ ਉਸ ਵੇਲੇ ਅਚੰਬਾ ਲੱਗਾ ਜਦੋਂ ਉਹਨਾਂ ਨੂੰ ਪਤਾ ਲੱਗਾ ਕਿ ਬਾਬਾ ਜੀ ਤਾਂ ਸੱਚਖੰਡ ਦੇ ਵਾਸੀ ਹੋ ਚੁੱਕੇ ਹਨ।



## ਸੰਪਾਦਕੀ

# ਮੂੰਹ ਦੀ ਖਾਣੀ ਪਵੇਗੀ ਟਰੰਪ ਨੂੰ

ਅਮਰੀਕਾ ਨੇ ਰੂਸ ਤੋਂ ਤੇਲ ਖਰੀਦਣ ਲਈ ਭਾਰਤ 'ਤੇ 25% ਵਾਧੂ ਡਿਊਟੀ ਲਗਾਈ ਹੈ। ਇਸ ਦੇ ਨਾਲ, ਭਾਰਤ 'ਤੇ ਉਸ ਦੁਆਰਾ ਲਗਾਈ ਗਈ ਕੁੱਲ ਡਿਊਟੀ ਹੁਣ 50% ਹੋ ਗਈ ਹੈ। ਇਹ ਬਿਨਾਂ ਸ਼ੱਕ ਭਾਰਤ 'ਤੇ ਦਬਾਅ ਵਧਾਉਣ ਦੀ ਰਣਨੀਤੀ ਹੈ। ਭਾਰਤੀ ਨਿਰਯਾਤਕਾਂ ਦਾ ਚਿੰਤਤ ਹੋਣਾ ਸੁਭਾਵਿਕ ਹੈ। ਇਹ ਮੰਨਿਆ ਜਾਂਦਾ ਹੈ ਕਿ ਇਸ ਨਾਲ ਭਾਰਤ ਦੇ ਨਿਰਯਾਤ ਕਾਰੋਬਾਰ 'ਤੇ ਅਸਰ ਪੈ ਸਕਦਾ ਹੈ, ਪਰ ਇਸਦੀ ਹੱਦ ਦਾ ਮੁਲਾਂਕਣ ਕਰਨਾ ਮੁਸ਼ਕਲ ਹੈ। ਭਾਰਤ ਪਹਿਲਾਂ ਹੀ ਸਪੱਸ਼ਟ ਕਰ ਚੁੱਕਾ ਹੈ ਕਿ ਉਹ ਕਿਸੇ ਵੀ ਦਬਾਅ ਅੱਗੇ ਨਹੀਂ ਝੁਕੇਗਾ ਅਤੇ ਆਪਣੇ ਰਾਸ਼ਟਰੀ ਹਿੱਤਾਂ ਨਾਲ ਸਮਝੌਤਾ ਨਹੀਂ ਕਰੇਗਾ। ਸਪੱਸ਼ਟ ਤੌਰ 'ਤੇ ਭਾਰਤ ਦੇ ਇਸ ਰੁਖ਼ ਦਾ ਆਧਾਰ ਸੰਭਾਵੀ ਚੁਣੌਤੀਆਂ ਨਾਲ ਨਜਿੱਠਣ ਲਈ ਰਣਨੀਤਕ ਸੋਚ 'ਤੇ ਵੀ ਅਧਾਰਤ ਹੋਵੇਗਾ। ਪਰ ਇਸ ਸਭ ਦੇ ਵਿਚਕਾਰ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਇਹ ਵੀ ਨਹੀਂ ਭੁੱਲਣਾ ਚਾਹੀਦਾ ਕਿ ਇਸਦਾ ਉਨ੍ਹਾਂ ਦੇ ਦੇਸ਼ ਵਿੱਚ ਵੀ ਪ੍ਰਭਾਵ ਪਵੇਗਾ ਅਤੇ ਇਹ ਸੱਚਾਈ ਉੱਥੋਂ ਦੇ ਲੋਕਾਂ ਤੋਂ ਲੰਬੇ ਸਮੇਂ ਤੱਕ ਲੁਕੀ ਨਹੀਂ ਰਹਿ ਸਕਦੀ। ਅਮਰੀਕਾ ਨੇ ਪਹਿਲਾਂ ਭਾਰਤ 'ਤੇ 25% ਡਿਊਟੀ ਲਗਾਉਂਦਿਆਂ ਕਿਹਾ ਸੀ ਕਿ ਉਸਦੇ ਉਤਪਾਦਾਂ 'ਤੇ ਵੀ ਇੱਥੇ ਜ਼ਿਆਦਾ ਡਿਊਟੀ ਲਗਾਈ ਜਾਂਦੀ ਹੈ। ਇਸ ਤੋਂ ਬਾਅਦ ਅਮਰੀਕਾ ਦੁਆਰਾ 25% ਵਾਧੂ ਡਿਊਟੀ ਦਾ ਐਲਾਨ ਕੀਤਾ ਗਿਆ ਸੀ, ਜੋ ਬੁੱਧਵਾਰ ਤੋਂ ਲਾਗੂ ਹੋ ਗਿਆ। ਵਪਾਰ ਮਾਹਿਰਾਂ ਦਾ ਮੰਨਣਾ ਹੈ ਕਿ ਕੁੱਲ ਪੰਜਾਹ ਪ੍ਰਤੀਸ਼ਤ ਡਿਊਟੀ ਕੱਪੜਾ, ਚਮੜਾ, ਝੀਂਗਾ ਅਤੇ ਰਤਨ ਅਤੇ ਗਹਿਣਿਆਂ ਵਰਗੇ ਖੇਤਰਾਂ ਵਿੱਚ ਨਿਰਯਾਤ ਨੂੰ ਪ੍ਰਭਾਵਿਤ ਕਰ ਸਕਦੀ ਹੈ। ਇੱਥੇ ਇਹ ਗੱਲ ਧਿਆਨ ਦੇਣ ਯੋਗ ਹੈ ਕਿ ਪਿਛਲੇ ਵਿੱਤੀ ਸਾਲ ਵਿੱਚ ਅਮਰੀਕਾ ਦਾ ਭਾਰਤ ਦੇ 437.42 ਬਿਲੀਅਨ ਡਾਲਰ ਦੇ ਸਮਾਨ ਨਿਰਯਾਤ ਵਿੱਚ ਲਗਭਗ ਵੀਹ ਪ੍ਰਤੀਸ਼ਤ ਹਿੱਸਾ ਸੀ। ਉਸ ਸਮੇਂ ਦੋਵਾਂ ਦੇਸ਼ਾਂ ਦਾ ਦੁਵੱਲਾ ਵਪਾਰ 131.8 ਬਿਲੀਅਨ ਡਾਲਰ ਸੀ, ਜਿਸ ਵਿੱਚੋਂ 86.5 ਬਿਲੀਅਨ ਡਾਲਰ ਨਿਰਯਾਤ ਅਤੇ 45.3 ਬਿਲੀਅਨ ਡਾਲਰ ਆਯਾਤ ਸੀ। ਇਨ੍ਹਾਂ ਸਾਰੀਆਂ ਚਿੰਤਾਵਾਂ ਦੇ ਵਿਚਕਾਰ, ਰੇਟਿੰਗ ਏਜੰਸੀ ਕ੍ਰਿਸਿਲ ਨੇ ਆਪਣੀ ਤਾਜ਼ਾ ਰਿਪੋਰਟ ਵਿੱਚ ਕਿਹਾ ਹੈ ਕਿ ਭਾਵੇਂ ਸਰਕਾਰ ਨਿਵੇਸ਼ ਨੂੰ ਉਤਸ਼ਾਹਿਤ ਕਰ ਰਹੀ ਹੈ, ਪਰ ਨਿੱਜੀ ਕਾਰਪੋਰੇਟ ਪੂੰਜੀ ਖਰਚ ਹੌਲੀ ਰਹਿੰਦਾ ਹੈ। ਅਜਿਹੀ ਸਥਿਤੀ ਵਿੱਚ ਪੱਚੀ ਪ੍ਰਤੀਸ਼ਤ ਵਾਧੂ ਡਿਊਟੀ ਕਾਰਨ ਨਿਵੇਸ਼ਕਾਂ ਦੀ ਭਾਵਨਾ ਦੇ ਵਧੇਰੇ ਪ੍ਰਭਾਵਿਤ ਹੋਣ ਦੀ ਸੰਭਾਵਨਾ ਹੈ। ਹਾਲਾਂਕਿ, ਮੁਕਤ ਵਪਾਰ ਸਮਝੌਤਿਆਂ ਦੇ ਡਿਊਟੀ ਰੁਕਾਵਟਾਂ ਨੂੰ ਘਟਾ ਕੇ ਅਤੇ ਅਨੁਮਾਨਤ ਵਪਾਰ ਨੀਤੀਆਂ ਸਥਾਪਤ ਕਰਕੇ ਨਿਵੇਸ਼ਕਾਂ ਦਾ ਵਿਸ਼ਵਾਸ ਵਧਾਇਆ ਜਾ ਸਕਦਾ ਹੈ। ਅਜਿਹੀ ਸਥਿਤੀ ਵਿੱਚ ਇਹ ਸਪੱਸ਼ਟ ਹੈ ਕਿ ਸਰਕਾਰ ਨੂੰ ਡਿਊਟੀ ਦੀ ਚੁਣੌਤੀ ਨਾਲ ਨਜਿੱਠਣ ਲਈ ਸਮੇਂ ਸਿਰ ਪ੍ਰਭਾਵਸ਼ਾਲੀ ਕਦਮ ਚੁੱਕਣੇ ਪੈਣਗੇ। ਮਾਹਰਾਂ ਦੇ ਅਨੁਸਾਰ, ਨਿਰਯਾਤਕਾਂ ਨੂੰ ਵਿੱਤੀ ਪ੍ਰੋਤਸਾਹਨ ਪ੍ਰਦਾਨ ਕਰਨ, ਮੁਕਾਬਲੇਬਾਜ਼ੀ ਨੂੰ ਮਜ਼ਬੂਤ ਕਰਨ ਅਤੇ ਘਰੇਲੂ ਖਪਤ ਨੂੰ ਵਧਾਉਣ ਦੇ ਉਪਾਵਾਂ ਦੇ ਨਾਲ ਵਪਾਰ ਲਈ ਵਿਕਲਪਕ ਵਿਦੇਸ਼ੀ ਬਾਜ਼ਾਰਾਂ ਦੀ ਖੋਜ ਨੂੰ ਤੇਜ਼ ਕਰਨਾ ਹੋਵੇਗਾ। ਹਾਲਾਂਕਿ ਮਾਹਿਰਾਂ ਦਾ ਕਹਿਣਾ ਹੈ ਕਿ ਇਸ ਦਿਸ਼ਾ ਵਿੱਚ ਸਰਕਾਰੀ ਯਤਨ ਸ਼ੁਰੂ ਹੋ ਗਏ ਹਨ ਅਤੇ ਕੱਪੜਾ ਨਿਰਯਾਤ ਲਈ ਚਾਲੀ ਦੇਸ਼ਾਂ ਵਿੱਚ ਵਿਸ਼ੇਸ਼ ਸੰਪਰਕ ਪ੍ਰੋਗਰਾਮ ਚਲਾਉਣ ਦੀ ਯੋਜਨਾ ਬਣਾਈ ਗਈ ਹੈ। ਇਸ ਪਹਿਲਕਦਮੀ ਦੇ ਤਹਿਤ, ਰੂਸ, ਬ੍ਰਿਟੇਨ, ਜਪਾਨ, ਦੱਖਣੀ ਕੋਰੀਆ, ਜਰਮਨੀ, ਇਟਲੀ, ਸਪੇਨ, ਨੀਦਰਲੈਂਡ ਅਤੇ ਆਸਟਰੇਲੀਆ ਵਰਗੇ ਪ੍ਰਮੁੱਖ ਦੇਸ਼ਾਂ ਨੂੰ ਸ਼ਾਮਲ ਕੀਤਾ ਗਿਆ ਹੈ। ਇਸ ਤੋਂ ਇਲਾਵਾ, ਵਣਜ ਮੰਤਰਾਲਾ ਜਲਦੀ ਹੀ ਨਵੇਂ ਵਿਦੇਸ਼ੀ ਬਜ਼ਾਰਾਂ ਵਿੱਚ ਨਿਰਯਾਤ ਨੂੰ ਉਤਸ਼ਾਹਿਤ ਕਰਨ ਦੇ ਤਰੀਕਿਆਂ 'ਤੇ ਚਰਚਾ ਕਰਨ ਲਈ ਰਸਾਇਣਾਂ, ਰਤਨ ਅਤੇ ਗਹਿਣਿਆਂ ਸਮੇਤ ਵੱਖ-ਵੱਖ ਖੇਤਰਾਂ ਦੇ ਨਿਰਯਾਤਕਾਂ ਨਾਲ ਇੱਕ ਮੀਟਿੰਗ ਕਰਨ ਦੀ ਯੋਜਨਾ ਬਣਾ ਰਿਹਾ ਹੈ। ਉਮੀਦ ਹੈ ਕਿ ਸਰਕਾਰ ਦੇ ਇਹ ਯਤਨ ਫਲ ਦੇਣਗੇ ਅਤੇ ਡਿਊਟੀ ਦਬਾਅ ਲਗਾ ਕੇ ਲੋੜੀਂਦੇ ਨਤੀਜੇ ਪ੍ਰਾਪਤ ਕਰਨ ਦੇ ਅਮਰੀਕਾ ਦੇ ਇਰਾਦੇ ਅਸਫਲ ਹੁੰਦੇ ਦਿਖਾਈ ਦੇਣਗੇ।

-ਜਗਜੀਤ ਸਿੰਘ ਦਰਦੀ

## ਅੱਜ ਡੁੱਬਦੇ ਪੰਜਾਬ ਦੀ ਬਾਂਹ ਫੜਨ ਦੀ ਲੋੜ

# ਵੋਟ ਰਾਜਨੀਤੀ ਤੋਂ ਉੱਪਰ ਉੱਠ ਤਬਾਹ ਹੋਏ ਪੰਜਾਬ ਨੂੰ ਬਚਾਉਣ ਲਈ ਸ਼੍ਰੋਮਣੀ ਕਮੇਟੀ, ਧਾਰਮਿਕ ਅਤੇ ਸਮਾਜਿਕ ਸੰਸਥਾਂਵਾਂ ਵੀ ਖਾਲਸਾ ਏਡ ਵਾਂਗ ਅੱਗੇ ਆਉਣ



ਪ੍ਰੋ. ਡਾ. ਕ੍ਰਿਸ਼ਨ ਕੁਮਾਰ ਰੱਤੂ
ਮੋ: 9478730156
ਉਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ

ਅੱਜ ਅੱਧੇ ਤੋਂ ਜ਼ਿਆਦਾ ਪੰਜਾਬ ਪਾਣੀ ਦੀ ਮਾਰ ਹੇਠ ਹੈ। ਹੜ੍ਹਾਂ ਦੀ ਤਬਾਹੀ ਨੇ ਪਿਛਲੇ ਸਾਰੇ ਰਿਕਾਰਡ ਤੋੜ ਦਿੱਤੇ ਹਨ। ਸਰਕਾਰੀ ਮਦਦ ਇੱਕ ਪਾਸੇ ਹੈ ਪਰ ਅੰਦਰ ਲੋਕ ਨਿਰਾਸ਼ਾ ਹੈ ਅਤੇ ਭੁੱਖ ਅਤੇ ਉਹ ਕਸ਼ਟਾਂ ਨਾਲ ਜੂਝ ਰਹੇ ਹਨ। ਇਸ ਮੌਕੇ 'ਤੇ ਖਾਲਸਾ ਏਡ ਵਾਂਗ ਸ਼੍ਰੋਮਣੀ ਕਮੇਟੀ, ਹੋਰ ਧਾਰਮਿਕ 'ਤੇ ਸਮਾਜਿਕ ਸੰਸਥਾਵਾਂ ਨੂੰ ਅੱਗੇ ਆ ਕੇ ਡੁੱਬਦੇ ਪੰਜਾਬੀਆਂ ਤੇ ਤਬਾਹ ਹੋਈ ਆਰਥਿਕਤਾ ਦੇ ਵੇਲੇ ਬਾਂਹ ਫੜਨ ਦੀ ਲੋੜ ਹੈ।

ਅੱਜ ਪੰਜਾਬ ਵਿੱਚ ਵੋਟਾਂ ਦੀ ਰਾਜਨੀਤੀ ਤੋਂ ਉੱਪਰ ਉੱਠ ਕੇ ਉਹਨਾਂ ਨੇਤਾਵਾਂ ਤੋਂ ਵੀ ਉਮੀਦ ਰੱਖਦਾ ਹੈ ਕਿ ਦੁੱਖ ਦੀ ਘੜੀ ਵਿੱਚ ਉਹ ਪੰਜਾਬੀਆਂ ਦਾ ਸਾਥ ਦੇਣ। ਪੰਜਾਬੀਆਂ ਦੀ ਬਾਂਹ ਕੌਣ ਫੜੇ? ਇਸ ਸਵਾਲ 'ਤੇ ਦੇਖਦੇ ਹਾਂ ਕਿ ਅੱਜ ਪੰਜਾਬ ਹੜ੍ਹਾਂ ਦੀ ਭਿਆਨਕ ਮਾਰ ਹੇਠ ਹੈ। ਭਾਰੀ ਮੀਂਹ ਅਤੇ ਨਦੀਆਂ ਦੇ ਵਧਦੇ ਪਾਣੀ ਨੇ ਹਜ਼ਾਰਾਂ ਏਕੜ ਜ਼ਮੀਨ ਨੂੰ ਜਲਮਗਨ ਕਰ ਦਿੱਤਾ ਹੈ, ਫਸਲਾਂ ਤਬਾਹ ਹੋ ਗਈਆਂ ਹਨ, ਅਤੇ ਪਿੰਡਾਂ ਦੀ ਪਿੰਡ ਤਬਾਹੀ ਦਾ ਦ੍ਰਿਸ਼ ਸਾਹਮਣੇ ਹੈ।

ਕਪੂਰਥਲਾ, ਫਿਰੋਜ਼ਪੁਰ, ਤਰਨਤਾਰਨ, ਅੰਮ੍ਰਿਤਸਰ, ਗੁਰਦਾਸਪੁਰ, ਅਤੇ ਪਠਾਨਕੋਟ ਵਰਗੇ ਜ਼ਿਲ੍ਹਿਆਂ ਵਿੱਚ ਸਥਿਤੀ ਬੇਕਾਬੂ ਹੋ ਰਹੀ ਹੈ। ਸਤਲੁਜ, ਬਿਆਸ, ਅਤੇ ਰਾਵੀ ਨਦੀਆਂ ਦੇ ਪਾਣੀ ਦਾ ਪੱਧਰ ਖ਼ਤਰਨਾਕ ਹੱਦ ਤੱਕ ਵਧ ਗਿਆ ਹੈ, ਅਤੇ ਪੌਂਗ, ਭਾਖੜਾ, ਅਤੇ ਰਣਜੀਤ ਸਾਗਰ ਡੈਮਾਂ ਤੋਂ ਵਾਧੂ ਪਾਣੀ ਛੱਡੇ ਜਾਣ ਨਾਲ ਹਾਲਾਤ ਹੋਰ ਵਿਗੜ ਗਏ ਹਨ। ਇਸ ਸੰਕਟ ਨੇ ਨਾ ਸਿਰਫ਼ ਕਿਸਾਨਾਂ ਦੀਆਂ ਫਸਲਾਂ ਬਰਬਾਦ ਕੀਤੀਆਂ, ਸਗੋਂ ਗਰੀਬ ਪਰਿਵਾਰਾਂ ਦੇ ਘਰ, ਪਸ਼ੂ, ਅਤੇ ਜੀਵਨ ਦੀ ਸਾਰੀ ਸੰਪੱਤੀ ਤਹਿਸ-ਨਹਿਸ ਕਰ ਦਿੱਤੀ। ਅਜਿਹੇ ਸਮੇਂ ਵਿੱਚ ਸਵਾਲ ਉੱਠਦਾ ਹੈ: ਡੁੱਬਦੇ ਪੰਜਾਬ ਦੀ ਬਾਂਹ ਹੁਣ ਕੌਣ ਫੜੇ? ਅੱਜ ਪੰਜਾਬ ਦੇ ਹੜ੍ਹਾਂ ਦਾ ਸੰਕਟ ਸਿਰਫ਼ ਸਰਕਾਰੀ ਯਤਨਾਂ ਨਾਲ ਹੱਲ ਨਹੀਂ ਹੋ ਸਕਦਾ। ਸਮਾਜ ਦੇ ਹਰ ਵਰਗ—ਸਿਆਸੀ ਪਾਰਟੀਆਂ, ਧਾਰਮਿਕ ਸੰਸਥਾਵਾਂ, ਸਮਾਜਿਕ ਸੰਗਠਨ ਅਤੇ ਸਥਾਨਕ ਲੋਕਾਂ ਨੂੰ ਸਾਂਝੇ ਤੌਰ 'ਤੇ ਅੱਗੇ ਆਉਣਾ ਚਾਹੀਦਾ। ਸ਼੍ਰੋਮਣੀ ਕਮੇਟੀ ਅਤੇ ਹੋਰ ਜਥੇਬੰਦੀਆਂ ਨੂੰ ਆਪਣੇ ਸਾਧਨਾਂ ਦੀ ਵਰਤੋਂ ਕਰਕੇ ਤੁਰੰਤ ਰਾਹਤ ਪ੍ਰਦਾਨ ਕਰਨੀ ਚਾਹੀਦੀ ਹੈ। ਲੰਮੇ ਸਮੇਂ ਦੀ ਰਣਨੀਤੀ ਵਿੱਚ ਵਾਟਰ ਸਟੋਰੇਜ, ਨਦੀ ਪ੍ਰਬੰਧਨ ਅਤੇ ਜਲਵਾਯੂ ਅਨੁਕੂਲਤਾ 'ਤੇ ਜ਼ੋਰ ਦੇਣਾ ਜ਼ਰੂਰੀ ਹੈ। ਸਮੁੱਚੇ ਸਮਾਜ ਦੇ ਸਾਂਝੇ ਯਤਨਾਂ ਨਾਲ ਹੀ ਡੁੱਬਦੇ ਪੰਜਾਬ ਦੀ ਬਾਂਹ ਫੜੀ ਜਾ ਸਕਦੀ ਹੈ ਅਤੇ ਭਵਿੱਖ ਵਿੱਚ ਅਜਿਹੇ ਸੰਕਟਾਂ ਤੋਂ ਬਚਾਅ ਕੀਤਾ ਜਾ ਸਕਦਾ ਹੈ।

ਹੁਣ ਸਰਕਾਰ ਅਤੇ ਸਮਾਜ ਦੀ ਜ਼ਿੰਮੇਵਾਰੀ ਹੈ ਕਿ ਪੰਜਾਬ ਸਰਕਾਰ ਨੇ ਹੜ੍ਹਾਂ ਦੇ ਸੰਕਟ ਨਾਲ ਨਜਿੱਠਣ ਲਈ ਕੁਝ ਯਤਨ ਕੀਤੇ ਹਨ। ਨੈਸ਼ਨਲ ਡਿਜ਼ਾਸਟਰ ਰਿਸਪਾਂਸ ਫੋਰਸ (NDRF), ਆਰਮੀ, ਅਤੇ ਹੋਰ ਏਜੰਸੀਆਂ ਨੂੰ ਬਚਾਅ ਕਾਰਜਾਂ ਲਈ ਤਾਇਨਾਤ ਕੀਤਾ ਗਿਆ ਹੈ। ਅੰਮ੍ਰਿਤਸਰ, ਪਠਾਨਕੋਟ, ਅਤੇ ਹੋਰ ਪ੍ਰਭਾਵਿਤ ਖੇਤਰਾਂ ਵਿੱਚ ਬੋਟਾਂ ਰਾਹੀਂ ਲੋਕਾਂ ਨੂੰ ਸੁਰੱਖਿਅਤ ਸਥਾਨਾਂ 'ਤੇ ਪਹੁੰਚਾਇਆ ਜਾ ਰਿਹਾ ਹੈ। ਪੰਜਾਬ ਦੇ ਮੁੱਖ ਮੰਤਰੀ ਨੇ ਰਾਹਤ ਕਾਰਜਾਂ ਦੀ ਨਿਗਰਾਨੀ ਕੀਤੀ ਹੈ ਅਤੇ ਕਿਹਾ ਹੈ ਕਿ ਪ੍ਰਸ਼ਾਸਨ ਦੀ ਸੁਚੇਤਤਾ ਨਾਲ ਜਾਨੀ ਨੁਕਸਾਨ ਨੂੰ ਘਟਾਇਆ ਗਿਆ ਹੈ ਪਰ ਸਵਾਲ ਇਹ ਹੈ ਕਿ ਕੀ ਸਰਕਾਰੀ ਯਤਨ ਕਾਫ਼ੀ ਹਨ?

ਰਾਹਤ ਫੰਡ ਵਿੱਚ 6,200 ਕਰੋੜ ਰੁਪਏ ਦੀ ਉਪਲਬਧਤਾ ਦੇ ਬਾਵਜੂਦ, ਨੁਕਸਾਨ ਦੀ ਅਸਲ ਮਾਤਰਾ 1,700 ਕਰੋੜ ਤੋਂ ਵੀ ਵੱਧ ਹੋ ਸਕਦੀ ਹੈ ਅਤੇ ਇਹ ਫੰਡ ਬੁਨਿਆਦੀ ਢਾਂਚੇ ਦੀ ਮੁੜ-ਨਿਰਮਾਣ ਲਈ ਨਾਕਾਫ਼ੀ ਹਨ। ਸਰਕਾਰ ਦੇ ਨਾਲ-ਨਾਲ ਸਮਾਜ ਦੀਆਂ ਹੋਰ ਸੰਸਥਾਵਾਂ ਅਤੇ ਵਿਅਕਤੀਆਂ ਦੀ ਜ਼ਿੰਮੇਵਾਰੀ ਵੀ ਬਣਦੀ ਹੈ। ਸਿਆਸੀ ਪਾਰਟੀਆਂ, ਧਾਰਮਿਕ ਜਥੇਬੰਦੀਆਂ, ਅਤੇ ਸਮਾਜ ਵਿੱਚ ਚੌਧਰ ਚਮਕਾਉਣ ਵਾਲੇ ਵਿਅਕਤੀ ਕਿਉਂ ਇਸ ਸੰਕਟ ਵਿੱਚ ਚੁੱਪ ਹਨ? ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (SGPC) ਅਤੇ ਹੋਰ ਸਮਾਜਿਕ ਸੰਸਥਾਵਾਂ ਕੋਲ ਵਿਸ਼ਾਲ ਸਾਧਨ ਅਤੇ ਸੰਗਤ ਦਾ ਸਮਰਥਨ ਹੈ, ਪਰ ਉਹ ਆਪਣੇ ਖਜ਼ਾਨੇ ਅਤੇ ਸਾਧਨਾਂ ਨੂੰ ਪੂਰੀ ਤਰ੍ਹਾਂ ਨਾਲ ਖੋਲ੍ਹਣ ਵਿੱਚ ਪਿੱਛੇ ਕਿਉਂ ਹਨ?

ਖ਼ਾਲਸਾ ਏਡ ਵਰਗੀਆਂ ਸੰਸਥਾਵਾਂ ਨੇ 2023 ਵਿੱਚ ਹੜ੍ਹਾਂ ਦੌਰਾਨ ਸਰਗਰਮੀ ਨਾਲ ਰਾਹਤ ਕਾਰਜ ਕੀਤੇ ਸਨ, ਜਿਸ ਵਿੱਚ ਭੋਜਨ, ਪਾਣੀ, ਅਤੇ ਅਸਥਾਈ ਰਿਹਾਇਸ਼ ਦੀ ਵੰਡ ਸ਼ਾਮਲ ਸੀ। ਅਜਿਹੇ ਯਤਨਾਂ ਨੂੰ ਹੋਰ ਵਿਸਤਾਰ ਦੇਣ ਦੀ ਲੋੜ ਹੈ ਤੇ ਸਮੱਸਿਆ ਦੀ ਜੜ੍ਹ ਅਤੇ ਸੰਭਾਵੀ ਹੱਲ ਅਤੇ ਇਸ ਸੰਕਟ ਦੀਆਂ ਜੜ੍ਹਾਂ ਵਿੱਚ ਜਲਵਾਯੂ ਪਰਿਵਰਤਨ, ਮਾੜੀ ਯੋਜਨਾਬੰਦੀ ਅਤੇ ਬੁਨਿਆਦੀ ਢਾਂਚੇ ਦੀ ਕਮੀ ਸ਼ਾਮਲ ਹਨ। ਜਲਵਾਯੂ ਪਰਿਵਰਤਨ ਨੇ ਮੌਨਸੂਨ ਦੀ ਤੀਬਰਤਾ ਅਤੇ ਅਨਿਯਮਿਤਤਾ ਨੂੰ ਵਧਾ ਦਿੱਤਾ ਹੈ, ਜਿਸ ਨਾਲ ਅਚਾਨਕ ਹੜ੍ਹ ਅਤੇ ਭੂ-ਸਖਲਣ ਦੀਆਂ ਘਟਨਾਵਾਂ ਵਧੀਆਂ ਹਨ।

ਅੱਜ ਪੰਜਾਬ ਵਿੱਚ ਨਦੀਆਂ ਦੇ ਕੰਢਿਆਂ 'ਤੇ ਅਵੈਧ ਨਿਰਮਾਣ ਅਤੇ ਨਦੀਆਂ ਦੀ ਸਫ਼ਾਈ ਦੀ ਘਾਟ ਨੇ ਸਮੱਸਿਆ ਨੂੰ ਹੋਰ ਗੰਭੀਰ ਕੀਤਾ ਹੈ। ਆਉਣ ਵਾਲੇ ਸਮੇਂ ਵਿੱਚ ਇਸ ਸਮੱਸਿਆ ਦਾ ਹੱਲ ਕਰਨ ਲਈ ਸਾਂਝੇ ਅਤੇ ਲੰਮੇ ਸਮੇਂ ਦੇ ਯਤਨਾਂ ਦੀ ਲੋੜ ਹੈ। ਸਭ ਤੋਂ ਪਹਿਲਾਂ, ਸਰਕਾਰ ਨੂੰ ਅਪਦਾ ਪ੍ਰਬੰਧਨ ਨੂੰ ਮਜ਼ਬੂਤ ਕਰਨਾ ਚਾਹੀਦਾ। ਪੰਜਾਬ ਪ੍ਰੋਵਿੰਸ਼ੀਅਲ ਡਿਜ਼ਾਸਟਰ ਮੈਨੇਜਮੈਂਟ ਅਥਾਰਟੀ (PDMA) ਨੂੰ ਸਾਰੇ ਸੰਭਾਵੀ ਜ਼ੋਖਮ ਵਾਲੇ ਖੇਤਰਾਂ ਵਿੱਚ 24/7 ਐਮਰਜੈਂਸੀ ਸੈਂਟਰ ਸਥਾਪਤ ਕਰਨੇ ਚਾਹੀਦੇ ਅਤੇ ਨਦੀਆਂ ਦੇ ਪੱਧਰ ਦੀ ਨਿਗਰਾਨੀ ਲਈ ਆਧੁਨਿਕ ਸਿਸਟਮ ਲਾਗੂ ਕਰਨੇ ਚਾਹੀਦੇ ਹਨ। ਡੈਮਾਂ ਅਤੇ ਡਰੇਨੇਜ਼ ਸਿਸਟਮਾਂ ਦੀ ਨਿਯਮਿਤ ਜਾਂਚ ਅਤੇ ਮੁਰੰਮਤ ਜ਼ਰੂਰੀ ਹੈ।

ਦੂਜਾ, ਸਮਾਜਿਕ ਸੰਸਥਾਵਾਂ ਅਤੇ ਧਾਰਮਿਕ ਜਥੇਬੰਦੀਆਂ ਨੂੰ ਆਪਣੀ ਜ਼ਿੰਮੇਵਾਰੀ ਨਿਭਾਉਣੀ ਚਾਹੀਦੀ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਹੋਰ ਸੰਸਥਾਵਾਂ ਨੂੰ ਆਪਣੇ ਵਿੱਤੀ ਅਤੇ ਮਨੁੱਖੀ ਸਾਧਨਾਂ ਨੂੰ ਰਾਹਤ ਕਾਰਜਾਂ ਲਈ ਵਰਤਣਾ ਚਾਹੀਦਾ ਹੈ। ਲੰਗਰ, ਅਸਥਾਈ ਸ਼ੈਲਟਰ, ਅਤੇ ਮੈਡੀਕਲ ਕੈਂਪ ਵਰਗੀਆਂ ਸਹੂਲਤਾਂ ਨੂੰ ਤੁਰੰਤ ਪ੍ਰਭਾਵਿਤ ਖੇਤਰਾਂ ਵਿੱਚ ਪਹੁੰਚਾਇਆ ਜਾ ਸਕਦਾ ਹੈ। ਸਿਆਸੀ ਪਾਰਟੀਆਂ ਨੂੰ ਰਾਜਨੀਤੀ ਤੋਂ ਉਪਰ ਉੱਠ ਕੇ ਸਾਂਝੇ ਤੌਰ 'ਤੇ ਰਾਹਤ ਕਾਰਜਾਂ ਵਿੱਚ ਹਿੱਸਾ ਲੈਣਾ ਚਾਹੀਦਾ ਹੈ। ਤੀਜਾ, ਸਥਾਨਕ ਪੱਧਰ 'ਤੇ ਰਾਹਤ ਕਮੇਟੀਆਂ ਦਾ ਗਠਨ ਜ਼ਰੂਰੀ ਹੈ। ਇਹ ਕਮੇਟੀਆਂ ਸਥਾਨਕ ਅਧਿਕਾਰੀਆਂ, ਸਮਾਜਿਕ ਵਰਕਰਾਂ, ਅਤੇ ਸਵੈ-ਸੇਵੀ ਸੰਸਥਾਵਾਂ ਨਾਲ ਮਿਲ ਕੇ ਕੰਮ ਕਰ ਸਕਦੀਆਂ ਹਨ। ਸਥਾਨਕ ਪੱਧਰ 'ਤੇ ਭੋਜਨ, ਦਵਾਈਆਂ, ਅਤੇ ਸ਼ੈਲਟਰ ਦੀ ਵੰਡ ਨੂੰ ਤੇਜ਼ ਕਰਨ ਲਈ ਕਮਿਊਨਿਟੀ ਕਿਚਨ ਅਤੇ ਐਮਰਜੈਂਸੀ ਸੈਂਟਰ ਸਥਾਪਤ ਕੀਤੇ ਜਾਣੇ ਚਾਹੀਦੇ। ਹੁਣ ਲੰਮੇ ਸਮੇਂ ਦੀ ਰਣਨੀਤੀ ਅਨੁਸਾਰ ਹੜ੍ਹਾਂ ਦੀ ਰੋਕਥਾਮ ਲਈ ਲੰਮੇ ਸਮੇਂ ਦੀ ਯੋਜਨਾਬੰਦੀ ਜ਼ਰੂਰੀ ਹੈ। ਪਹਿਲਾਂ, ਪੰਜਾਬ ਵਿੱਚ ਵਾਟਰ ਸਟੋਰੇਜ ਸਮਰੱਥਾ ਵਧਾਉਣ ਦੀ ਲੋੜ ਹੈ। ਅੱਜ ਡੁੱਬਦੇ ਪੰਜਾਬ ਦੀ ਬਾਂਹ ਫੜਨ ਦੀ ਲੋੜ ਹੈ।

ਹੁਣ ਸਮੱਸਿਆ ਦੀ ਜੜ੍ਹ ਅਤੇ ਸੰਭਾਵੀ ਹੱਲ ਇਹ ਹੈ ਕਿ ਪੰਜਾਬ ਦੇ ਹੜ੍ਹਾਂ ਦੀ ਸਮੱਸਿਆ ਦੀਆਂ ਜੜ੍ਹਾਂ ਜਲਵਾਯੂ ਪਰਿਵਰਤਨ, ਮਾੜੀ ਯੋਜਨਾਬੰਦੀ, ਅਤੇ ਅਪ੍ਰਬੰਧਿਤ ਬੁਨਿਆਦੀ ਢਾਂਚੇ ਵਿੱਚ ਹਨ। ਜਲਵਾਯੂ ਪਰਿਵਰਤਨ ਨੇ ਮੌਨਸੂਨ ਦੀ ਤੀਬਰਤਾ ਅਤੇ ਅਨਿਯਮਿਤਤਾ ਵਧਾ ਦਿੱਤੀ ਹੈ, ਜਿਸ ਨਾਲ ਅਚਾਨਕ ਹੜ੍ਹ ਅਤੇ ਭੂ-ਸਖਲਣ ਦੀਆਂ ਘਟਨਾਵਾਂ ਵਧੀਆਂ ਹਨ। ਨਦੀਆਂ ਦੇ ਕੰਢਿਆਂ 'ਤੇ ਅਵੈਧ ਨਿਰਮਾਣ, ਨਦੀਆਂ ਦੀ ਸਫ਼ਾਈ ਦੀ ਘਾਟ ਅਤੇ ਪਾਣੀ ਸਟੋਰੇਜ ਦੀ ਕਮੀ ਨੇ ਸਮੱਸਿਆ ਨੂੰ ਹੋਰ ਗੰਭੀਰ ਕਰ ਦਿੱਤਾ ਹੈ।

ਹੁਣ ਇਸ ਦੇ ਤੁਰੰਤ ਹੱਲ ਲਈ ਸਰਕਾਰੀ ਯਤਨਾਂ ਦੀ ਮਜ਼ਬੂਤੀ ਪੰਜਾਬ ਪ੍ਰੋਵਿੰਸ਼ੀਅਲ ਡਿਜ਼ਾਸਟਰ ਮੈਨੇਜਮੈਂਟ ਅਥਾਰਟੀ (PDMA) ਨੂੰ 24/7 ਐਮਰਜੈਂਸੀ ਸੈਂਟਰ ਸਥਾਪਤ ਕਰਨੇ ਚਾਹੀਦੇ ਅਤੇ ਨਦੀਆਂ ਦੇ ਪਾਣੀ ਦੇ ਪੱਧਰ ਦੀ ਨਿਗਰਾਨੀ ਲਈ ਆਧੁਨਿਕ ਸਿਸਟਮ ਲਾਗੂ ਕਰਨੇ ਚਾਹੀਦੇ ਹਨ।

ਸਮਾਜਿਕ ਸੰਸਥਾਵਾਂ ਦੀ ਭੂਮਿਕਾ ਵਿਚ SGPC ਅਤੇ ਹੋਰ ਸੰਸਥਾਵਾਂ ਨੂੰ ਲੰਗਰ, ਅਸਥਾਈ ਸ਼ੈਲਟਰ, ਅਤੇ ਮੈਡੀਕਲ ਕੈਂਪ ਵਰਗੀਆਂ ਸਹੂਲਤਾਂ ਪ੍ਰਦਾਨ ਕਰਨੀਆਂ ਚਾਹੀਦੀਆਂ। ਖ਼ਾਲਸਾ ਏਡ ਦੀ ਤਰ੍ਹਾਂ ਹੋਰ ਸੰਸਥਾਵਾਂ ਨੂੰ ਰਾਹਤ ਕਾਰਜਾਂ ਵਿੱਚ ਸਰਗਰਮੀ ਨਾਲ ਹਿੱਸਾ ਲੈਣਾ ਚਾਹੀਦਾ ਹੈ।

ਸਥਾਨਕ ਰਾਹਤ ਕਮੇਟੀਆਂ ਸਥਾਨਕ ਅਧਿਕਾਰੀਆਂ, ਸਮਾਜਿਕ ਵਰਕਰਾਂ ਅਤੇ ਸਵੈ-ਸੇਵੀ ਸੰਸਥਾਵਾਂ ਨਾਲ ਮਿਲ ਕੇ ਰਾਹਤ ਕਮੇਟੀਆਂ ਦਾ ਗਠਨ ਕੀਤਾ ਜਾਣਾ ਚਾਹੀਦਾ। ਇਹ ਕਮੇਟੀਆਂ ਭੋਜਨ, ਦਵਾਈਆਂ ਅਤੇ ਸ਼ੈਲਟਰ ਦੀ ਵੰਡ ਨੂੰ ਤੇਜ਼ ਕਰ ਸਕਦੀਆਂ ਹਨ। ਕਮਿਊਨਿਟੀ ਸਹਿਯੋਗ ਸਥਾਨਕ ਲੋਕਾਂ ਨੂੰ ਬੋਟ ਚਲਾਉਣ, ਪਹਿਲੀ ਸਹਾਇਤਾ, ਅਤੇ ਰਾਹਤ ਕਾਰਜਾਂ ਦੀ ਸਿਖਲਾਈ ਦਿੱਤੀ ਜਾਣੀ ਚਾਹੀਦੀ ਹੈ।

ਹੜ੍ਹਾਂ ਬਾਰੇ ਲੰਮੇ ਸਮੇਂ ਦੀ ਰਣਨੀਤੀ ਅਨੁਸਾਰ ਵਾਟਰ ਸਟੋਰੇਜ ਸਮਰੱਥਾ ਲਈ ਪੰਜਾਬ ਵਿੱਚ ਨਵੇਂ ਡੈਮ ਅਤੇ ਪਾਣੀ ਸਟੋਰੇਜ ਸਹੂਲਤਾਂ ਦੀ ਸਥਾਪਨਾ ਜ਼ਰੂਰੀ ਹੈ। ਅੰਤ ਵਿੱਚ ਸਭ ਤੋਂ ਵੱਡੀ ਗੱਲ ਇਹ ਹੈ ਕਿ ਹੁਣ ਰਾਜਨੀਤੀ ਤੇ ਵੋਟਾਂ ਤੋਂ ਉਪਰ ਉੱਠ ਕੇ ਸਮੂਹ ਪਾਰਟੀਆਂ ਤੇ ਜਥੇਬੰਦੀਆਂ ਨੂੰ ਪੰਜਾਬੀਆਂ ਲਈ ਦਿਲ ਖੋਲ੍ਹ ਕੇ ਮਦਦ ਕਰਨ ਦਾ ਵੇਲਾ ਹੈ। ਆਓ ਆਪਣੇ ਦੁਖੀ ਲੋਕਾਂ ਦੀ ਬਾਂਹ ਫੜੀਏ।

# ਮਹਾਨ ਸਿੱਖ ਵਿਦਵਾਨ ਗਿਆਨੀ ਦਿੱਤ ਸਿੰਘ ਜਿਨ੍ਹਾਂ ਨੇ ਸਵਾਮੀ ਦਇਆਨੰਦ ਨੂੰ ਤਿੰਨ ਵਾਰ ਹਰਾਇਆ

ਪ੍ਰੋ. ਬਲਵਿੰਦਰ ਪਾਲ ਸਿੰਘ

ਗਿਆਨੀ ਦਿੱਤ ਸਿੰਘ ਜੀ, ਸਿੱਖ ਕੌਮ ਦਾ ਚਮਕਦਾ ਸਿਤਾਰਾ, ਜਿਨ੍ਹਾਂ ਦੀ ਜੀਵਨ-ਕਹਾਣੀ ਅੱਜ ਵੀ ਦਿਲਾਂ ਨੂੰ ਜੋਸ਼ ਨਾਲ ਭਰ ਦਿੰਦੀ ਏ। ਗਿਆਨੀ ਦਿੱਤ ਸਿੰਘ ਅਜਿਹਾ ਨਾਮ, ਜਿਸ ਨੇ ਸਿੱਖੀ ਦੀ ਡੁੱਬਦੀ ਬੇੜੀ ਨੂੰ ਕੰਢੇ ਲਾਇਆ। ਇਹ ਮਹਾਨ ਵਿਦਵਾਨ, ਸਿੰਘ ਸਭਾ ਲਹਿਰ ਦਾ ਮੋਢੀ, ਪੰਜਾਬੀ ਪੱਤ੍ਰਿਕਾ ਦਾ ਪਿਤਾਮਾ, ਸਮਾਜ ਸੁਧਾਰਕ ਤੇ ਸਿੱਖ ਪੰਥ ਦਾ ਅਣਥੱਕ ਸਿਪਾਹੀ ਸੀ। 21 ਅਪ੍ਰੈਲ 1850 ਨੂੰ, ਪਟਿਆਲੇ ਦੇ ਪਿੰਡ ਕਲੌੜ (ਹੁਣ ਜ਼ਿਲ੍ਹਾ ਫਤਹਿਗੜ੍ਹ ਸਾਹਿਬ) ਦੀ ਪਵਿੱਤਰ ਧਰਤੀ 'ਤੇ ਭਾਈ ਦੀਵਾਨ ਸਿੰਘ ਤੇ ਮਾਤਾ ਰਾਮ ਕੌਰ ਦੀ ਕੁੱਖੋਂ ਜਨਮਿਆ ਇਹ ਲਾਲ ਜਿਸ ਦਾ ਮੁਢਲਾ ਨਾਮ ਸੀ ਦਿੱਤਾ ਰਾਮ। ਅੱਜ ਵੀ ਉਸ ਪਿੰਡ 'ਚ ਗਿਆਨੀ ਜੀ ਦੀ ਯਾਦ 'ਚ ਗੁਰਦੁਆਰਾ ਸਾਹਿਬ ਦੀਆਂ ਸੋਹਣੀਆਂ ਇਮਾਰਤਾਂ ਸਿੱਖੀ ਦੀ ਸੇਵਾ ਦੀ ਗਾਥਾ ਸੁਣਾਉਂਦੀਆਂ ਨੇ।

ਨਿੱਕੀ ਜਿਹੀ ਉਮਰ 'ਚ ਹੀ ਗਿਆਨੀ ਜੀ ਦੇ ਮਨ 'ਚ ਵਿੱਦਿਆ ਦੀ ਜੋਤ ਜਗੀ। ਪਿੰਡ ਤਿਊੜ 'ਚ ਸੰਤ ਗੁਰਬਖਸ਼ ਸਿੰਘ ਜੀ, ਜੋ ਡੇਰਾ ਬਾਬਾ ਗੁਲਾਬਦਾਸੀ ਮਹਾਤਮਾ ਸਨ, ਦੀ ਛੱਤਰ-ਛਾਇਆ 'ਚ ਉਨ੍ਹਾਂ ਨੇ ਗਿਆਨ ਦੀਆਂ ਮਣਕਿਆਂ ਵਰਗੀਆਂ ਸਿੱਖਿਆਵਾਂ ਲਈਆਂ। 1872 'ਚ ਸੰਤ ਭਾਗ ਸਿੰਘ ਦੀ ਸਪੁੱਤਰੀ ਬਿਸ਼ਨ ਦੇਵੀ ਨਾਲ ਵਿਆਹ ਹੋਇਆ ਤੇ ਇਸ ਤੋਂ ਬਾਅਦ ਉਹ ਲਾਹੌਰ ਆ ਗਏ। ਉਥੇ ਸੰਤ ਦੇਸਾ ਸਿੰਘ ਜੀ ਦੇ ਪਾਸੋਂ ਹੋਰ ਗਿਆਨ ਪ੍ਰਾਪਤ ਕੀਤਾ।

ਲਾਹੌਰ ਵਿਚ ਭਾਈ ਜਵਾਹਰ ਸਿੰਘ ਤੇ ਓਰੀਐਂਟਲ ਕਾਲਜ ਦੇ ਪ੍ਰੋਫੈਸਰ ਗੁਰਮੁਖ ਸਿੰਘ ਜੀ ਦੀ ਸੰਗਤ ਨੇ ਉਨ੍ਹਾਂ ਦੇ ਜੀਵਨ ਨੂੰ ਨਵਾਂ ਮੋੜ ਦਿੱਤਾ। ਉਨ੍ਹਾਂ ਦੀ ਪ੍ਰੇਰਨਾ ਨਾਲ ਦਿੱਤਾ ਰਾਮ ਅੰਮ੍ਰਿਤ ਛੱਕ ਕੇ ਦਿੱਤ ਸਿੰਘ ਬਣਿਆ। ਲਾਹੌਰ ਦੀ ਪੰਜਾਬ ਯੂਨੀਵਰਸਿਟੀ ਤੋਂ ਗਿਆਨੀ ਦੀ ਪੜ੍ਹਾਈ ਪੂਰੀ ਕਰਕੇ 1878 'ਚ ਉਹ ਓਰੀਐਂਟਲ ਕਾਲਜ 'ਚ ਪ੍ਰੋਫੈਸਰ ਬਣ ਗਏ।

ਉਸ ਵਕਤ ਸਿੱਖ ਕੌਮ 'ਤੇ ਮੁਸੀਬਤਾਂ ਦੇ ਬੱਦਲ ਮੰਡਰਾ ਰਹੇ ਸਨ। 1861 ਦੀ ਮਰਦਮਸ਼ੁਮਾਰੀ 'ਚ ਸਿੱਖਾਂ ਦੀ ਗਿਣਤੀ ਘੱਟ ਕੇ 20 ਲੱਖ ਦੇ ਨੇੜੇ ਰਹਿ ਗਈ। ਅੰਗਰੇਜ਼ਾਂ ਦੀ ਸਰਪ੍ਰਸਤੀ 'ਚ ਈਸਾਈ ਮੱਤ ਦਾ ਪ੍ਰਚਾਰ ਏਨਾ ਵਧਿਆ ਕਿ ਵੱਡੇ-ਵੱਡੇ ਸਿੱਖ ਘਰਾਣਿਆਂ ਦੇ ਮੁੰਡੇ ਵੀ ਈਸਾਈ ਬਣਨ ਲੱਗੇ। ਇਸ ਤੂਫਾਨ ਨੂੰ ਰੋਕਣ ਲਈ 1 ਅਕਤੂਬਰ 1873 ਨੂੰ ਸ੍ਰੀ ਗੁਰੂ ਸਿੰਘ ਸਭਾ ਅੰਮ੍ਰਿਤਸਰ ਦੀ ਨੀਂਹ ਰੱਖੀ ਗਈ। ਸਰਦਾਰ ਠਾਕਰ ਸਿੰਘ ਸੰਧਾਵਾਲੀਆ ਪ੍ਰਧਾਨ, ਪ੍ਰੋਫੈਸਰ ਗੁਰਮੁਖ ਸਿੰਘ ਸਕੱਤਰ ਤੇ ਗਿਆਨੀ ਦਿੱਤ ਸਿੰਘ ਜੀ ਨੂੰ ਦਫ਼ਤਰੀ ਜ਼ਿੰਮੇਵਾਰੀ ਸੌਂਪੀ ਗਈ।



ਗਿਆਨੀ ਦਿੱਤ ਸਿੰਘ ਜੀ

ਪਰ ਕੁਝ ਸਮੇਂ ਬਾਅਦ ਇਹ ਸਭਾ ਆਪਣੇ ਮਕਸਦ ਤੋਂ ਭਟਕਣ ਲੱਗੀ। ਸਭਾ ਦੇ ਸਰਪ੍ਰਸਤ ਬਾਬਾ ਖੇਮ ਸਿੰਘ ਬੇਦੀ ਸਿੱਖੀ ਮਰਿਆਦਾ ਤੋਂ ਪਿੱਛੇ ਹੱਟਣ ਲੱਗੇ। ਉਹ ਕ੍ਰਿਪਾਨ ਦੇ ਨਾਲ ਜਨੇਊ ਪਹਿਨਣ ਲੱਗੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬਰਾਬਰ ਬੈਠਣ ਲੱਗੇ ਤੇ ਦਰਬਾਰ ਸਾਹਿਬ 'ਚ ਮੂਰਤੀਆਂ ਸਥਾਪਤ ਕਰ ਦਿੱਤੀਆਂ। ਗਿਆਨੀ ਦਿੱਤ ਸਿੰਘ ਤੇ ਪ੍ਰੋਫੈਸਰ ਗੁਰਮੁਖ ਸਿੰਘ ਨੇ ਹਾਰ ਨਾ ਮੰਨੀ। 2 ਨਵੰਬਰ 1879 ਨੂੰ ਸ੍ਰੀ ਗੁਰੂ ਸਿੰਘ ਸਭਾ ਲਾਹੌਰ ਦੀ ਸਥਾਪਨਾ ਕੀਤੀ, ਜਿਸ ਦੇ ਪ੍ਰਧਾਨ ਦੀਵਾਨ ਬੂਟਾ ਸਿੰਘ ਤੇ ਸਕੱਤਰ ਗੁਰਮੁਖ ਸਿੰਘ ਬਣੇ। ਗਿਆਨੀ ਜੀ ਦੀ ਸੰਪਾਦਨਾ ਵਿਚ ਲਾਹੌਰ ਤੋਂ 'ਖ਼ਾਲਸਾ ਅਖ਼ਬਾਰ' ਛੱਪਣ ਲੱਗਾ, ਜਿਸ ਨੇ ਸਿੱਖੀ ਦੇ ਪ੍ਰਚਾਰ 'ਚ ਅੱਗ ਲਾ ਦਿੱਤੀ। ਮੜ੍ਹੀ ਮਸਾਣਾਂ, ਥਿੱਤਾਂ-ਵਰਤਾਂ, ਤੇ ਹੋਰ ਕੁਰੀਤੀਆਂ ਵਿਰੁੱਧ ਗਿਆਨੀ ਜੀ ਨੇ ਜ਼ੋਰਦਾਰ ਆਵਾਜ਼ ਉਠਾਈ। ਉਨ੍ਹਾਂ ਦੀਆਂ ਲਿਖਤਾਂ ਨੇ ਲੋਕਾਂ ਦੇ ਮਨਾਂ 'ਚੋਂ ਝੂਠੇ ਕਰਮ-ਕਾਂਡਾਂ ਦਾ ਡਰ ਕੱਢ ਕੇ ਸਿੱਖੀ ਦੇ ਸਹੀ ਰਾਹ 'ਤੇ ਪਾਇਆ।

ਗਿਆਨੀ ਜੀ ਵਿਦਵਤਾ ਦਾ ਸੋਮਾ ਸੀ। ਆਰੀਆ ਸਮਾਜ ਦੇ ਸਵਾਮੀ ਦਇਆ ਨੰਦ, ਜੋ ਸਿੱਖ ਗੁਰੂ ਸਾਹਿਬਾਨ ਤੇ ਭਗਤ ਕਬੀਰ ਜੀ ਵਿਰੁੱਧ ਜ਼ਹਿਰ ਉਗਲਦਾ ਸੀ, ਨੂੰ ਗਿਆਨੀ ਜੀ ਨੇ ਤਿੰਨ ਵਾਰੀ ਧਰਮ ਬਹਿਸ ਵੇਦਾਂ, ਸੰਸਕ੍ਰਿਤ ਦੇ ਸੰਵਾਦ 'ਚ ਧੂੜ ਚਟਾਈ। ਫਿਰ ਸਵਾਮੀ ਦਇਆਨੰਦ ਨੇ ਪੰਜਾਬ ਵਲ ਮੂੰਹ ਨਾ ਕੀਤਾ। ਗਿਆਨੀ ਜੀ ਨੇ 'ਗੁੱਗਾ ਗਪੌੜਾ', 'ਮੀਰਾਂ ਮਨੌਤ', 'ਸੁਲਤਾਨ ਪੁਆੜਾ', 'ਨਕਲੀ ਸਿੱਖ ਪ੍ਰਬੋਧ', 'ਦੁਰਗਾ ਪ੍ਰਬੋਧ' ਸਮੇਤ 72 ਪੁਸਤਕਾਂ ਲਿਖੀਆਂ, ਜਿਨ੍ਹਾਂ ਨੇ ਸਿੱਖੀ ਦੇ ਵਿਕਾਸ ਵਿਚ ਵੱਡਾ ਯੋਗਦਾਨ ਪਾਇਆ।

ਜਦੋਂ ਬਾਬਾ ਖੇਮ ਸਿੰਘ ਬੇਦੀ ਨੇ ਦਰਬਾਰ ਸਾਹਿਬ 'ਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬਰਾਬਰ ਬੈਠਣਾ ਜਾਰੀ ਰੱਖਿਆ ਤੇ ਮੂਰਤੀ ਪੂਜਾ ਨਾ ਛੱਡੀ, ਤਾਂ ਗਿਆਨੀ ਜੀ ਨੇ ਸਾਥੀਆਂ ਨਾਲ ਮਿਲਕੇ ਉਸ ਦਾ ਬੋਰੀਆ-ਬਿਸਤਰਾ ਚੁੱਕ ਕੇ ਬਾਹਰ ਸੁੱਟ ਦਿੱਤਾ। ਮੂਰਤੀਆਂ ਨੂੰ ਭੰਨ੍ਹ-ਤੋੜ ਕੇ ਵਗਾਹ ਮਾਰਿਆ। 37 ਸਿੰਘ ਸਭਾਵਾਂ ਕਾਇਮ ਕਰਕੇ ਉਨ੍ਹਾਂ ਨੇ ਸਿੱਖੀ ਦੇ ਪ੍ਰਚਾਰ ਨੂੰ ਅੱਗੇ ਵਧਾਇਆ।

ਗਿਆਨੀ ਜੀ ਦੀ ਸਭ ਤੋਂ ਵੱਡੀ ਦੇਣ ਸੀ ਖ਼ਾਲਸਾ ਕਾਲਜ ਅੰਮ੍ਰਿਤਸਰ, ਜਿਸ ਦੀ ਸਥਾਪਨਾ ਲਈ ਉਨ੍ਹਾਂ ਨੇ ਦਿਨ-ਰਾਤ ਇੱਕ ਕਰ ਦਿੱਤਾ। ਪਰ ਅਫ਼ਸੋਸ, 6 ਸਤੰਬਰ 1901 ਨੂੰ ਇਹ ਮਹਾਨ ਸੂਰਮਾ, ਸਿੱਖ ਪੰਥ ਦੇ ਹਿੱਤ ਵਿੱਚ ਜੂਝਦਿਆਂ, ਸਦਾ ਲਈ ਅਲਵਿਦਾ ਕਹਿ ਗਿਆ। ਗਿਆਨੀ ਦਿੱਤ ਸਿੰਘ ਜੀ—ਸਿੱਖੀ ਦਾ ਸੱਚਾ ਸਿਪਾਹੀ, ਜਿਸ ਦੀ ਗੂੰਜ ਸਦੀਆਂ ਤੱਕ ਰਹੇਗੀ!

# ਚਿੰਤਾਜਨਕ ਹੈ ਸਿੱਖਾਂ ਪ੍ਰਤੀ ਰਾਜਸਥਾਨ ਸਰਕਾਰ ਦੀ ਮੰਦ ਭਾਵਨਾ



ਬਘੇਲ ਸਿੰਘ ਧਾਲੀਵਾਲ
99142-58142

ਉਂਜ ਤਾਂ ਆਏ ਦਿਨ ਭਾਰਤ ਅੰਦਰ ਸਿੱਖਾਂ ਸਮੇਤ ਸਮੁੱਚੀਆਂ ਹੀ ਘੱਟ ਗਿਣਤੀਆਂ ਨੂੰ ਗੁਲਾਮੀ ਦਾ ਅਹਿਸਾਸ ਕਰਵਾਇਆ ਜਾਂਦਾ ਹੈ, ਪਰ ਜਿਸ ਤਰਾਂ ਰਾਜਸਥਾਨ ਦੀ ਭਾਜਪਾ ਸਰਕਾਰ ਵੱਲੋਂ ਸਿੱਖਾਂ ਨੂੰ ਜਾਣ ਬੁੱਝ ਕੇ ਨਿਸ਼ਾਨੇ 'ਤੇ ਰੱਖਿਆ ਜਾ ਰਿਹਾ ਹੈ, ਇਹ ਬੇਹੱਦ ਹੀ ਨਿੰਦਣ ਯੋਗ ਅਤੇ ਚਿੰਤਾਜਨਕ ਵਰਤਾਰਾ ਹੈ। ਦੇਖਣ ਵਿੱਚ ਆਇਆ ਹੈ ਕਿ ਰਾਜਸਥਾਨ ਸਰਕਾਰ 1984 ਵੇਲੇ ਦੇ ਕੇਸਾਂ ਵਿੱਚੋਂ ਸਜ਼ਾਵਾਂ ਪੂਰੀਆਂ ਕਰਕੇ ਬਾਹਰ ਆ ਚੁੱਕੇ ਜਾਂ ਬਰੀ ਹੋ ਚੁੱਕੇ ਸਿੱਖਾਂ ਦੀ ਮੁੜ ਸ਼ਨਾਖਤ ਕਰਕੇ ਉਹਨਾਂ ਨੂੰ ਥਾਣਿਆਂ ਵਿੱਚ ਸੱਦ ਕੇ ਹੈਰਾਨ ਪਰੇਸ਼ਾਨ ਕਰ ਰਹੀ ਹੈ। ਸੋਚਣ ਵਾਲੀ ਗੱਲ ਹੈ ਕਿ ਜਿਨ੍ਹਾਂ ਕੇਸਾਂ ਵਿੱਚ ਸਿੱਖ ਬਰੀ ਹੋ ਚੁੱਕੇ ਹਨ ਜਾਂ ਸਜ਼ਾਵਾਂ ਭੁਗਤ ਕੇ ਆਪਣੇ ਘਰਾਂ ਵਿੱਚ ਰਹਿ ਕੇ ਆਪਣਾ ਕੰਮ ਧੰਦਾ ਕਰ ਕੇ ਪਰਿਵਾਰ ਪਾਲ਼ ਰਹੇ ਹਨ, ਉਹਨਾਂ ਕੇਸਾਂ ਵਿੱਚੋਂ ਸਿੱਖਾਂ ਨੂੰ ਫਾਰਗ ਹੋਇਆਂ ਨੂੰ ਵੀ ਦਹਾਕਿਆਂ ਬੱਧੀ ਸਮਾਂ ਬੀਤ ਚੁੱਕਾ ਹੈ, ਹੁਣ 40, 40 ਸਾਲ ਬਾਅਦ ਬਜ਼ੁਰਗ ਹੋ ਚੁੱਕੇ ਸਿੱਖਾਂ ਨੂੰ ਉਹਨਾਂ ਪੁਰਾਣੇ ਕੇਸਾਂ ਦਾ ਹਵਾਲਾ ਦੇ ਕੇ ਮੁੜ ਥਾਣਿਆਂ ਵਿੱਚ ਬੁਲਾ ਕੇ ਪੁੱਛ ਪੜਤਾਲ ਦੇ ਨਾਮ 'ਤੇ ਪਰੇਸ਼ਾਨ ਕੀਤਾ ਜਾ ਰਿਹਾ ਹੈ। ਉਹਨਾਂ ਦੀ ਜਾਇਦਾਦ ਦੇ ਵੇਰਵੇ ਮੰਗੇ ਜਾ ਰਹੇ ਹਨ, ਕੀ ਅਜਿਹਾ ਕਰਨਾ ਜਾਇਜ਼ ਹੈ? ਅਦਾਲਤਾਂ ਤੋਂ ਬਰੀ ਹੋ ਚੁੱਕੇ ਵਿਅਕਤੀਆਂ ਨੂੰ ਮੁੜ ਥਾਣਿਆਂ 'ਚ ਸੱਦਿਆ ਜਾਣਾ ਬਣਦਾ ਹੈ, ਉਹ ਵੀ ਬਗੈਰ ਕਿਸੇ ਦੋਸ਼ ਤੋਂ, ਬਗੈਰ ਕਿਸੇ ਸ਼ਿਕਾਇਤ ਤੋਂ ਅਤੇ ਬਗੈਰ ਕਿਸੇ ਕਨੂੰਨੀ ਨੋਟਿਸ ਤੋਂ? ਜਦੋਂ ਅਜਿਹੀਆਂ ਖਬਰਾਂ ਸਾਹਮਣੇ ਆਉਂਦੀਆਂ ਹਨ, ਤਾਂ ਆਮ ਸਿੱਖ ਭਾਵੇਂ ਉਹ ਕਿਤੇ ਵੀ ਰਹਿ ਰਿਹਾ ਹੋਵੇ, ਉਹਦਾ ਦਾ ਮਨ ਵੀ ਗੁਲਾਮੀ ਦਾ ਅਨੁਭਵ ਕਰਨ ਲੱਗਦਾ ਹੈ। ਰਾਜਸਥਾਨ ਦੇ ਸ੍ਰੀ ਗੰਗਾ ਨਗਰ ਦੇ ਬੱਸ ਸਟੈਂਡ ਪੁਲਿਸ ਚੌਂਕੀ ਤੋਂ ਜਨਤਕ ਹੋਈ ਵੀਡੀਓ ਵਿੱਚ ਪੀੜਤ ਸਿੱਖਾਂ ਵੱਲੋਂ ਭਾਜਪਾ 'ਚ ਬੈਠੇ ਸਿੱਖ ਚੌਧਰੀਆਂ ਅਤੇ ਸੰਘੀ ਸਿੱਖਾਂ ਨੂੰ ਵੀ ਨਿਹੋਰੇ ਦਿੱਤੇ ਗਏ ਹਨ। ਖਾਸ ਕਰਕੇ ਦਿੱਲੀ ਅਤੇ ਪੰਜਾਬ ਵਾਲੇ ਸਿੱਖਾਂ 'ਤੇ ਇਸ ਗੱਲ ਦਾ ਗਿਲਾ ਜਤਾਇਆ ਗਿਆ ਹੈ ਕਿ ਜਿਹੜੀ ਪਾਰਟੀ ਸਿੱਖਾਂ ਦੀ ਹੋਂਦ ਮਿਟਾਉਣ ਲਈ ਜਤਨਸ਼ੀਲ ਹੈ, ਤੁਸੀ ਉਹਨਾਂ ਤੋਂ ਚੇਅਰਮੈਨੀਆਂ, ਵਜ਼ੀਰੀਆਂ ਮਾਣਨ ਦੇ ਲਾਲਚ ਵਿੱਚ ਆਪਣੀ ਹੀ ਕੌਮ ਨਾਲ ਹੁੰਦੀਆਂ ਬੇ ਇਨਸਾਫੀਆਂ ਵੱਲ ਪਿੱਠ ਕਰ ਲਈ ਹੈ। ਰਾਜਸਥਾਨ ਦੇ ਉਹਨਾਂ ਪੀੜਤ ਸਿੱਖਾਂ ਦਾ ਕਹਿਣਾ ਹੈ ਕਿ ਜਦੋਂ ਕਿਸੇ ਜਾਟ ਸਮਾਜ, ਰਾਜਪੂਤ ਸਮਾਜ ਬਾਗੜੀ ਜਾਂ ਮੀਣੇ ਸਮਾਜ ਦੇ ਲੋਕਾਂ 'ਤੇ ਅਜਿਹੀ ਕੋਈ ਬਿਪਤਾ ਪੈਂਦੀ ਹੈ ਤਾਂ ਝੱਟ ਉਹ ਸਾਰਾ ਸਮਾਜ ਇਕੱਠਾ ਹੋ ਜਾਂਦਾ ਹੈ ਤੇ ਇਨਸਾਫ ਲਈ ਇੱਕਜੁੱਟਤਾ ਨਾਲ ਅਵਾਜ਼ ਬੁਲੰਦ ਕਰਦਾ ਹੈ, ਜਿਸ ਦੇ ਫਲ ਸਰੂਪ ਉਹ ਲੋਕ ਆਪਣੇ ਹੱਕ ਅਤੇ ਇਨਸਾਫ ਪ੍ਰਾਪਤ ਕਰ ਲੈਂਦੇ ਹਨ, ਪਰ ਸਿੱਖਾਂ ਲਈ ਇਹ ਕਿੰਨੀ ਸ਼ਰਮਨਾਕ ਗੱਲ ਹੈ ਕਿ ਇਹ ਆਪਣੇ ਨਾਲ ਹੁੰਦੇ ਅਨਿਆਂ ਦੇ ਖਿਲਾਫ ਬੋਲਣ ਤੋਂ ਵੀ ਟਾਲ਼ਾ ਵੱਟਣ ਲੱਗੀ ਹੈ। ਇੱਕੋ ਇੱਕ ਸਿੱਖ ਕੌਮ ਹੀ ਅਜਿਹੀ ਕੌਮ ਹੈ, ਜਿਹੜੀ ਆਪਣੇ ਹੱਕ ਹਿੱਤ ਤਲਵਾਰ ਨਾਲ ਲੈਣਾ ਜਾਣਦੀ ਹੈ ਅਤੇ ਤਲਵਾਰ ਦੀ ਬਹਾਦਰੀ ਨਾਲ ਵੱਡੇ ਰਾਜ ਭਾਗ ਹੰਢਾ ਵੀ ਚੁੱਕੀ ਹੈ, ਦੇਸ਼ ਨੂੰ ਅਜ਼ਾਦ ਕਰਵਾਉਣ ਵਿੱਚ ਸਭ ਤੋਂ ਵੱਧ ਕੁਰਬਾਨੀਆਂ ਵੀ ਸਿੱਖ ਕੌਮ ਦੇ ਹਿੱਸੇ ਆਈਆਂ ਹਨ, ਪਰੰਤੂ ਇਸ ਦੇ ਬਾਵਜੂਦ ਹੁਣ ਉਹਨਾਂ ਦੀ ਗੈਰਤ ਉਹਨਾਂ ਨੂੰ ਆਪਣੇ ਸਮਾਜ ਨਾਲ ਖੜ੍ਹਨ ਲਈ ਗਫਲਤ ਦੀ ਨੀਂਦ 'ਚੋਂ ਨਹੀ ਜਗਾਉਂਦੀ, ਆਪਣੇ ਫਿਰਕੇ ਦੇ ਲੋਕਾਂ ਨਾਲ ਹੁੰਦੇ ਅਨਿਆਂ ਦੇ ਖਿਲਾਫ ਇਕੱਠਿਆਂ ਹੋਣ ਲਈ ਸਿੱਖ ਮਨਾਂ ਅੰਦਰ ਤਾਂਘ ਪੈਦਾ ਨਹੀਂ ਕਰਦੀ, ਲਿਹਾਜ਼ਾ ਭਾਰਤ ਵਰਸ਼ ਅੰਦਰ ਸਮੁੱਚੀ ਸਿੱਖ ਕੌਮ ਦੀ ਦੁਰਗਤੀ ਇੱਕ ਆਮ ਵਰਤਾਰਾ ਬਣ ਗਿਆ ਹੈ। ਇੱਕ ਪਾਸੇ ਕੇਂਦਰ ਅਤੇ ਸੂਬਿਆਂ ਦੀਆਂ ਭਾਜਪਾ ਸਰਕਾਰਾਂ ਸਿੱਖ ਗੁਰੂ ਸਾਹਿਬਾਨਾਂ ਅਤੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਹਾੜਿਆਂ ਨੂੰ ਜ਼ੋਰ ਸ਼ੋਰ ਨਾਲ ਪ੍ਰਚਾਰਦੀ ਹੈ, ਦੂਜੇ ਪਾਸੇ ਗੁਰਦੁਆਰੇ ਢਾਹੁਣ ਦੀਆਂ ਵੀਡੀਓ ਜਨਤਕ ਹੋ ਜਾਂਦੀਆਂ ਹਨ। ਇਹ ਕਿਹੋ ਜਿਹੀ ਦੰਭੀ ਸਿਆਸਤ ਹੈ ਇੱਕ ਪਾਸੇ ਸਿੱਖਾਂ ਨੂੰ ਵਡਿਆਉਣ ਲਈ ਗੁਰੂ ਸਾਹਿਬਾਨਾਂ ਦੇ ਦਿਹਾੜੇ ਮਨਾਉਣ ਦੀ ਗੱਲ ਪ੍ਰਚਾਰੀ ਜਾਂਦੀ ਹੈ, ਉਹਨਾਂ ਸ਼ਹੀਦੀ ਦਿਹਾੜਿਆਂ ਵਿੱਚ ਸਿੱਖ ਗੁਰੂ ਸਾਹਿਬਾਨਾਂ ਅਤੇ ਸਿੱਖ ਕੌਮ ਦੇ ਸੋਹਿਲੇ ਵੀ ਖੂਬ ਗਾਏ ਜਾਂਦੇ ਹਨ, ਪਰ ਉਸ ਸਮੇਂ ਹੀ ਦੂਜੇ ਪਾਸੇ ਸਿੱਖਾਂ ਨਾਲ ਅਨਿਆਂ ਦੀਆਂ ਖਬਰਾਂ ਆ ਜਾਂਦੀਆਂ ਹਨ। ਹੁਣ ਵੀ ਇਸਤਰ੍ਹਾਂ ਦਾ ਹੀ ਵਰਤਾਰਾ ਸਾਹਮਣੇ ਆਇਆ ਹੈ। ਇੱਕ ਪਾਸੇ ਕੇਂਦਰ ਅਤੇ ਹਰਿਆਣਾ ਸਰਕਾਰਾਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਦਿਹਾੜੇ ਨੂੰ ਵੱਡੀ ਪੱਧਰ 'ਤੇ ਮਨਾਉਣ ਦਾ ਪ੍ਰਚਾਰ ਕਰ ਰਹੀਆਂ ਹਨ, ਪਰ ਦੂਜੇ ਪਾਸੇ ਗੁਆਂਢੀ ਸੂਬੇ ਰਾਜਸਥਾਨ ਅੰਦਰ 80, 90 ਦੇ ਦਹਾਕੇ ਵਿੱਚ ਸਿੱਖ ਹਿੱਤਾਂ ਦੀ ਲੜਾਈ ਵਿੱਚ ਸ਼ਾਮਲ ਉਹਨਾਂ ਸਿੱਖਾਂ ਨੂੰ ਥਾਣਿਆਂ ਵਿੱਚ ਸੱਦ ਕੇ ਪੁਲਿਸ ਕਾਰਵਾਈ ਇਸ ਕਰਕੇ ਸ਼ੁਰੂ ਕੀਤੀ ਜਾ ਰਹੀ ਹੈ ਕਿ 1984 ਵਿੱਚ ਉਹਨਾਂ ਨੇ ਪੰਥਕ ਕਾਰਜਾਂ ਲਈ ਜੇਲ੍ਹ ਕੱਟੀ ਸੀ। ਜਿਹੜੇ ਸਿੱਖ ਬਜ਼ੁਰਗ ਉਮਰ ਵਿੱਚ ਵੀ 80, 80 ਸਾਲਾਂ ਦੇ ਕਰੀਬ ਹੋ ਚੁੱਕੇ ਹਨ ਅਤੇ ਉਹਨਾਂ ਦੇ ਪੁਲਿਸ, ਕਚਹਿਰੀਆਂ ਵਿੱਚੋਂ ਕੇਸ ਨਿਬੜਿਆਂ ਨੂੰ ਵੀ 25, 25 ਸਾਲ ਗੁਜ਼ਰ ਚੁੱਕੇ ਹਨ, ਉਹਨਾਂ ਨੂੰ ਹੁਣ ਦੁਬਾਰਾ ਥਾਣਿਆਂ ਵਿੱਚ ਬੁਲਾ ਕੇ ਇਹ ਕਹਿਕੇ ਤੰਗ ਪਰੇਸ਼ਾਨ ਕਰਨਾ ਕੀ ਇਹ ਦੂਹਰੇ ਮਾਪਦੰਡ ਨਹੀਂ? ਕੀ ਇਹ ਸਿੱਖਾਂ ਦੇ ਜ਼ਖਮਾਂ 'ਤੇ ਲੂਣ ਪਾਉਣ ਵਰਗਾ ਵਿਰਤਾਂਤ ਨਹੀਂ ਹੈ? ਅਜਿਹੇ ਵਿਤਕਰੇਬਾਜ਼ੀ ਵਾਲੇ ਅਤੇ ਨਫਰਤੀ ਹਾਲਾਤਾਂ ਨੂੰ ਪੈਦਾ ਹੋਣ ਤੋਂ ਰੋਕਣਾ ਕੇਂਦਰ ਦੀ ਜ਼ਿੰਮੇਵਾਰੀ ਬਣਦੀ ਹੈ। ਜੇਕਰ ਕੇਂਦਰ ਸਰਕਾਰ ਸੱਚਮੁੱਚ ਹੀ ਸਿੱਖਾਂ ਦੀ ਅਹਿਸਾਨਮੰਦ ਹੈ ਅਤੇ ਸਿੱਖਾਂ ਨਾਲ ਚੰਗੇ ਸਬੰਧ ਰੱਖਣਾ ਚਾਹੁੰਦੀ ਹੈ ਤਾਂ ਉਹਨਾਂ ਨੂੰ ਰਾਜਸਥਾਨ ਵਰਗੇ ਸੂਬਿਆਂ ਦੀਆਂ ਸਰਕਾਰਾਂ ਨੂੰ ਅਜਿਹਾ ਕਰਨ ਤੋਂ ਸਖ਼ਤੀ ਨਾਲ ਵਰਜਣਾ ਚਾਹੀਦਾ ਹੈ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਸਿੱਖ ਮਨਾਂ ਵਿੱਚ ਬੇਗਾਨਗੀ ਦੀ ਭਾਵਨਾ ਹੋਰ ਵਧੇਗੀ, ਜਿਸ ਦੇ ਦੂਰਗਾਮੀ ਨਤੀਜੇ ਹਕੂਮਤਾਂ ਦੇ ਕਿਆਫ਼ਿਆਂ ਦੇ ਅਨੁਕੂਲ ਨਹੀਂ ਹੋ ਸਕਣਗੇ।

# ਇੱਕ ਪਾਸੇ ਹੜ੍ਹਾਂ ਦਾ ਜ਼ੋਰ, ਦੂਜੇ ਪਾਸੇ ਪੈ ਰਿਹੇ ਸਿਆਸਤ ਦਾ ਸ਼ੋਰ ।



ਸੂਬੇਦਾਰ ਜਸਵਿੰਦਰ ਸਿੰਘ ਭੁਲੇਰੀਆ
7589155501

ਪਿਛਲੇ ਕਈ ਦਿਨਾਂ ਤੋਂ ਪਹਾੜਾਂ ਵਿੱਚ ਮੀਂਹ ਲਗਾਤਾਰ ਪੈ ਰਿਹਾ ਹੈ। ਪਾਣੀ ਦਾ ਪੱਧਰ ਲਗਾਤਾਰ ਵੱਧਦਾ ਜਾ ਰਿਹਾ ਹੈ। ਪਾਣੀ ਡੈਮਾਂ ਦੀ ਸਮਰੱਥਾ ਤੋਂ ਵੱਧ ਹੋਣ ਕਰਕੇ ਦਰਿਆਵਾਂ ਵਿੱਚ ਛੱਡਿਆ ਜਾ ਰਿਹਾ ਹੈ। ਦਰਿਆਵਾਂ ਦੇ ਕੰਢੇ ਵਸਦੇ ਲੋਕਾਂ ਦੀ ਜਾਨ ਨੂੰ ਖਤਰਾ ਬਣਿਆ ਹੋਇਆ ਹੈ। ਬਹੁਤ ਸਾਰੀਆਂ ਜਗ੍ਹਾ ਉਤੇ ਬੰਨ੍ਹ ਤੇ ਧੁਸੀਆਂ ਟੁੱਟ ਵੀ ਚੁੱਕੀਆਂ ਹਨ। ਲੱਖਾਂ ਏਕੜ ਫਸਲਾਂ ਤਬਾਹ ਹੋ ਗਈਆਂ ਹਨ। ਮਾਲ ਡੰਗਰ ਭੁੱਖੇ ਮਰਨ ਕਿਨਾਰੇ ਪਹੁੰਚ ਚੁੱਕੇ ਹਨ। ਲੋਕ ਘਰਾਂ ਦੀਆਂ ਛੱਤਾਂ ਉਤੇ ਆਸਨ ਲਾਈ ਬੈਠੇ ਹਨ। ਕਦੇ ਅਸਮਾਨ ਵੱਲ ਵੇਖਦੇ ਹਨ। ਕਦੇ ਪ੍ਰਸ਼ਾਸਨ ਦਾ ਰਾਹ ਤੱਕਦੇ ਹਨ। ਕੋਈ ਤਾਂ ਸਾਡੀ ਬਾਂਹ ਫੜੇ ਇਹ ਸੋਚਦੇ ਪਏ ਹਨ। ਇਹ ਕੋਈ ਆਫ਼ਤ ਅੱਜ ਨਹੀਂ ਆਈ ਸਗੋਂ 2023 ਵਿੱਚ ਵੀ ਇਸੇ ਤਰ੍ਹਾਂ ਦਾ ਮੰਜ਼ਰ ਆਇਆ ਸੀ। 1988 ਵਿੱਚ ਵੀ ਬਹੁਤ ਜ਼ਿਆਦਾ ਪਾਣੀ ਆਇਆ ਸੀ। ਉਸ ਸਮੇਂ ਲੋਕਾਂ ਦੀਆਂ ਝੋਨੇ ਵਾਲੀਆਂ ਭਰੀਆਂ ਬੋਰੀਆਂ ਰੁੜ੍ਹ ਗਈਆਂ ਸਨ। ਕਣਕ ਦੀ ਬਿਜਾਈ ਨਹੀਂ ਹੋਈ ਸੀ। ਬਿਮਾਰੀ ਦਾ ਵੀ ਉਸ ਵਕਤ ਖਦਸ਼ਾ ਹੋਇਆ ਸੀ। ਬਹੁਤ ਸਾਰੇ ਲੋਕ ਤੇ ਮਵੈਸ਼ੀ ਵੀ ਮਰ ਗਏ ਸਨ। ਲੋਕਾਂ ਦੇ ਕਾਰੋਬਾਰ ਵੀ ਠੱਪ ਹੋ ਗਏ ਸਨ। ਕਈ ਕਿਸਾਨ ਉਹਨਾਂ ਸਮਿਆਂ ਦੇ ਮਾਰੇ ਅੱਜ ਤੱਕ ਸੈੱਟ ਨਹੀਂ ਹੋਏ। ਪਰ ਜਿਹੜੀ ਮੈਂ ਗੱਲ ਕਰਨੀ ਚਾਹੁੰਦਾ ਹਾਂ ਉਹ ਇਹ ਹੈ ਕਿ ਸਰਕਾਰਾਂ ਨੇ ਕੋਈ ਸਬਕ ਨਹੀਂ ਲਿਆ। ਬੱਸ ਜਦੋਂ ਅੱਗ ਲੱਗ ਜਾਂਦੀ ਹੈ। ਉਸ ਵਕਤ ਬਹੁਤ ਬਿਆਨ ਸਾਹਮਣੇ ਆ ਜਾਂਦੇ ਹਨ।

ਜਦੋਂ ਅੱਗ ਬੁਝ ਜਾਂਦੀ ਹੈ ਉਸ ਤੋਂ ਬਾਅਦ ਸਭ ਕੁਝ ਠੰਡੇ ਬਸਤੇ ਵਿੱਚ ਪੈ ਜਾਂਦਾ ਹੈ। ਅੱਗ ਲਗਣ ਤੋਂ ਪਹਿਲਾਂ ਕੀ ਕੀ ਸਾਵਧਾਨੀਆਂ ਵਰਤਣੀਆਂ ਚਾਹੀਦੀਆਂ ਹਨ। ਇਸ ਬਾਰੇ ਕਦੇ ਵੀ ਗਹੁ ਨਾਲ ਵਿਚਾਰ ਗੋਸ਼ਟੀ ਨਹੀਂ ਕੀਤੀ ਜਾਂਦੀ। ਇਥੇ ਮੈਨੂੰ ਇੱਕ ਗੱਲ ਯਾਦ ਆ ਗਈ ਕਿ



ਇੱਕ ਗਿੱਦੜ ਨੇ ਸਿਆਲ ਦੇ ਦਿਨਾਂ ਵਿੱਚ ਆਪਣਾ ਘੋਰਨਾ ਨਹੀਂ ਬਣਾਇਆ ਸੀ। ਉਸ ਕੋਲ ਇੱਕ ਭਾਂਡਾ ਜਿਹਾ ਸੀ। ਜਦੋਂ ਰਾਤ ਨੂੰ ਠੰਡ ਲੱਗਣੀ ਤੇ ਉਸ ਨੇ ਆਪਣੇ ਆਪ ਵਿੱਚ ਗੱਲ ਕਰਨੀ ਕਿ ਸਵੇਰੇ ਭਾਂਡਾ ਵੇਚ ਕਿ ਆਪਣਾ ਘਰ ਬਣਾਵਾਂਗਾ। ਜਦੋਂ ਸਵੇਰ ਹੋਣੀ ਉਸ ਨੇ ਸੂਰਜ ਦੀ ਧੁੱਪ ਸੇਕਣ ਲੱਗ ਜਾਣਾ। ਫਿਰ ਕਹਿਣਾ ਮੈਂ ਕੋਈ ਕਮਲਾ ਹਾਂ ਜਿਹੜਾ ਆਪਣਾ ਭਾਂਡਾ ਵੇਚਾਂ। ਉਹੀ ਗੱਲ ਸਾਡੀਆਂ ਆਉਣ ਜਾਣ ਵਾਲੀਆਂ ਸਰਕਾਰਾਂ ਦੀ ਹੈ।

ਜਦੋਂ ਕੋਈ ਆਫ਼ਤ ਆ ਗਈ ਫਿਰ ਵੱਡੇ ਵੱਡੇ ਵਾਅਦੇ। ਜਦੋਂ ਮੀਂਹ ਪੈਣੇ ਹੱਟ ਗਏ ਧੁੱਪਾਂ ਲੱਗਣ ਲੱਗ ਪਈਆਂ ਫਿਰ ਉਹੀ ਕੰਮ ਸ਼ੁਰੂ ਹੋ ਜਾਣੇ ਨੇ। ਤੁਸੀਂ ਅੱਜ ਹੀ ਵੇਖ ਲਓ ਕਿ ਇੱਕ ਪਾਸੇ ਰਾਵੀ ਬਿਆਸ ਤੇ ਸਤਲੁਜ ਦਾ ਪਾਣੀ ਠਾਠਾਂ ਮਾਰਦਾ ਹੋਇਆ ਤਬਾਹੀ ਕਰਦਾ ਜਾ ਰਿਹਾ ਹੈ। ਲੋਕਾਂ ਦੀ ਜਾਨ ਮੁੱਠੀ ਵਿੱਚ ਆਈ ਪਈ ਹੈ। ਹਰ ਇੱਕ ਬੰਦਾ ਪਰਮਾਤਮਾ ਅੱਗੇ ਅਰਦਾਸਾਂ ਕਰਨ ਵਿੱਚ ਕੋਈ ਕਸਰ ਨਹੀਂ ਛੱਡ ਰਿਹਾ। ਦੂਜੇ ਪਾਸੇ ਇਹੋ ਜਿਹੇ ਭਿਆਨਕ ਸਮੇਂ ਵਿੱਚ ਸਿਆਸੀ ਬੰਦੇ ਆਪਣੀ ਸਿਆਸਤ ਭਖਾਉਣ ਵਿੱਚ ਲੱਗੇ ਹੋਏ ਹਨ। ਰੈਲੀਆਂ, ਇੱਕਠ ਤੇ ਬੈਠਕਾਂ ਦੇ ਦੌਰ ਲਗਾਤਾਰ ਚੱਲ ਰਹੇ ਹਨ। ਲੋਕਾਂ ਨੂੰ ਆਪਣੇ ਵੱਲ ਖਿੱਚਣ ਲਈ ਡਰਾਮੇ ਬਾਜ਼ੀਆਂ ਕਰਦੇ ਹੋਏ ਨਜ਼ਰ ਆ ਰਹੇ ਹਨ। ਮੈਂ ਕੋਈ ਕਿਸੇ ਇੱਕ ਪਾਰਟੀ ਜਾਂ ਕਿਸੇ ਵਿਸ਼ੇਸ਼ ਬੰਦੇ ਦਾ ਨਾਂਅ ਲੈਕੇ ਨਹੀਂ ਦੱਸਣਾ ਚਾਹੁੰਦਾ। ਸੋਸ਼ਲ ਮੀਡੀਆ ਦਾ ਜ਼ਮਾਨਾ ਹੈ ਹਰ ਇੱਕ ਖਬਰ ਸਾਹਮਣੇ ਆ ਜਾਂਦੀ ਹੈ। ਇਹ ਸਭ ਕੁੱਝ ਤੁਸੀਂ ਵੀ ਵੇਖ ਰਹੇ ਹੋ। ਬੱਸ ਮੈਂ ਇਹੋ ਹੀ ਤੁਹਾਡੇ ਅਖਬਾਰ ਦੇ ਜ਼ਰੀਏ ਕਹਿਣਾ ਚਾਹੁੰਦਾ ਹਾਂ। ਕਿ ਪਹਿਲਾਂ ਆਪਾਂ ਲੋਕਾਂ ਦੀਆਂ ਜਾਨਾਂ ਬਚਾਅ ਲਈਏ। ਲੋਕਾਂ ਨੂੰ ਭੁੱਖੇ ਮਰਨ ਤੋਂ ਬਚਾਈਏ।

ਮਾਲ ਡੰਗਰਾਂ ਦਾ ਕੋਈ ਹੱਲ ਕਰੀਏ। ਜੇ ਇਹ ਬੱਚ ਗਏ ਫਿਰ ਆਪਾਂ ਇਹਨਾਂ ਨਾਲ ਸਿਆਸਤ ਦੀ ਗੱਲ ਵੀ ਕਰ ਲਵਾਂਗੇ। ਆਉ ਸਾਰੇ ਰਲ ਕੇ ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਇਹਨਾਂ ਦਾ ਭਲਾ ਕਰੀਏ। ਕੁੱਝ ਦਿਨਾਂ ਲਈ ਸਿਆਸਤ ਨੂੰ ਇੱਕ ਪਾਸੇ ਕਰਕੇ ਸੇਵਾ ਦੀ ਗੱਲ ਕਰੀਏ। ਸਰਬੱਤ ਦੇ ਭਲੇ ਦੀ ਅਰਦਾਸ ਕਰੀਏ। ਸਾਰੇ ਲੋਕ ਸੁੱਖੀ ਸੁੱਖੀ ਆਪਣੇ ਆਪਣੇ ਘਰਾਂ ਵਿੱਚ ਵੱਸਣ ਤੇ ਹਸਣ। ਹੜ੍ਹਾਂ ਦੇ ਜ਼ੋਰ ਲਾਗੇ ਸਿਆਸਤ ਦਾ ਸ਼ੋਰ ਘੱਟ ਕਰੀਏ।

# ਮਾਝਾ-ਦੁਆਬਾ
ਆਸ ਪਾਸ

## ਗੁ. ਧੋਬੜੀ ਸਾਹਿਬ ਤੋਂ ਆਰੰਭ ਹੋਇਆ ਸ਼ਹੀਦੀ ਨਗਰ ਕੀਰਤਨ ਰਾਂਚੀ ਤੋਂ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਲਈ ਰਵਾਨਾ

ਅੰਮ੍ਰਿਤਸਰ, 28 ਅਗਸਤ (ਗੁਰਦਆਲ ਸਿੰਘ): ਸ਼੍ਰੋਮਣੀ ਗੁਰਦੁਆਰਾ



ਪ੍ਰਬੰਧਕ ਕਮੇਟੀ ਵੱਲੋਂ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਸਾਕੇ ਦੀ 350 ਸਾਲਾ ਸ਼ਤਾਬਦੀ ਦੇ ਸਬੰਧ ਵਿੱਚ ਗੁਰਦੁਆਰਾ ਧੋਬੜੀ ਸਾਹਿਬ ਆਸਾਮ ਤੋਂ ਆਰੰਭ ਹੋਇਆ ਸ਼ਹੀਦੀ ਨਗਰ ਕੀਰਤਨ ਅੱਜ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਰਾਂਚੀ ਝਾਰਖੰਡ ਤੋਂ ਅਗਲੇ ਪੜਾਅ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਬਿਹਾਰ ਲਈ ਰਵਾਨਾ ਹੋਇਆ। ਨਗਰ ਕੀਰਤਨ ਦੀ ਰਵਾਨਗੀ ਤੋਂ ਪਹਿਲਾਂ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਰਾਂਚੀ ਵਿਖੇ ਸੱਜੇ ਧਾਰਮਿਕ ਦੀਵਾਨ ਵਿਚ ਰਾਗੀ ਜਥਿਆਂ ਨੇ ਗੁਰਬਾਣੀ ਕੀਰਤਨ ਕੀਤਾ ਅਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਸਿੰਘ ਸਾਹਿਬ ਗਿਆਨੀ ਬਲਵਿੰਦਰ ਸਿੰਘ ਨੇ ਸੰਗਤਾਂ ਨੂੰ ਗੁਰੂ-ਜਸ ਨਾਲ ਜੋੜਿਆ।

ਇਸ ਦੌਰਾਨ ਗੁਰਦੁਆਰਾ ਸਾਹਿਬ ਦੇ ਪ੍ਰਬੰਧਕਾਂ ਵੱਲੋਂ ਪੰਜ ਪਿਆਰੇ ਸਾਹਿਬਾਨ, ਨਿਸ਼ਾਨਚੀ ਸਿੰਘਾਂ ਤੇ ਪ੍ਰਮੁੱਖ ਸ਼ਖ਼ਸੀਅਤਾਂ ਨੂੰ ਸਿਰੋਪਾਓ ਦਿੱਤੇ ਗਏ। ਨਗਰ ਕੀਰਤਨ ਦੀ ਆਰੰਭਤਾ ਮੌਕੇ ਝਾਰਖੰਡ ਦੇ ਚੀਫ ਸੈਕਟਰੀ ਅਲਕਾ ਤਿਵਾੜੀ, ਘੱਟਗਿਣਤੀ ਕਮਿਸ਼ਨ ਦੇ ਵਾਈਸ ਚੇਅਰਮੈਨ ਜੋਤੀ ਸਿੰਘ ਮਠਾਰੂ, ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਜਨਰਲ ਸਕੱਤਰ ਇੰਦਰਜੀਤ ਸਿੰਘ ਸਮੇਤ ਸੰਗਤਾਂ ਨੇ ਸ਼ਮੂਲੀਅਤ ਕੀਤੀ। ਸਾਰੇ ਰਸਤੇ ਵਿਚ ਨਗਰ ਕੀਰਤਨ ਦਾ ਸੰਗਤਾਂ ਵੱਲੋਂ ਭਰਵਾਂ ਸਵਾਗਤ ਕੀਤਾ ਗਿਆ ਅਤੇ ਵੱਖ-ਵੱਖ ਪੜਾਵਾਂ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਰੁਮਾਲਾ ਸਾਹਿਬ ਭੇਟ ਕਰਕੇ ਸਤਿਕਾਰ ਦਿੱਤਾ। ਨਗਰ ਕੀਰਤਨ ਨਾਲ ਗੁਰੂ ਸਾਹਿਬਾਨ ਦੇ ਇਤਿਹਾਸਕ ਸ਼ਸਤਰਾਂ ਵਾਲੀ ਬੱਸ ਅਤੇ ਵੱਡਅਕਾਰੀ ਸਕਰੀਨਾਂ 'ਤੇ ਗੁਰੂ ਸਾਹਿਬ ਨਾਲ ਸੰਬੰਧਿਤ ਪਾਵਨ ਅਸਥਾਨਾਂ ਅਤੇ ਇਤਿਹਾਸ ਬਾਰੇ ਦਿਖਾਈਆਂ ਜਾ ਰਹੀਆਂ ਦਸਤਾਵੇਜ਼ੀ ਵੀਡੀਓ ਪ੍ਰਤੀ ਵੀ ਸੰਗਤਾਂ ਵਿਚ ਭਾਰੀ ਉਤਸ਼ਾਹ ਹੈ।

ਇਹ ਨਗਰ ਕੀਰਤਨ ਅੱਜ ਰਾਤ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਬਿਹਾਰ ਵਿਖੇ ਪੁੱਜੇਗਾ, ਜਿਥੇ ਸ਼੍ਰੋਮਣੀ ਕਮੇਟੀ ਵੱਲੋਂ ਰਾਤ ਨੂੰ ਵਿਸ਼ੇਸ਼ ਤੌਰ 'ਤੇ ਗੁਰਮਤਿ ਸਮਾਗਮ ਹੋਣਗੇ। 29 ਅਗਸਤ ਨੂੰ ਨਗਰ ਕੀਰਤਨ ਆਪਣੇ ਅਗਲੇ ਪੜਾਅ ਗੁਰਦੁਆਰਾ ਚਾਚਾ ਫੱਗੂ ਮੱਲ ਜੀ, ਸਾਸਾਰਾਮ ਲਈ ਰਵਾਨਾ ਹੋਵੇਗਾ। ਇਸ ਮੌਕੇ ਇਸ ਮੌਕੇ ਸ਼੍ਰੋਮਣੀ ਕਮੇਟੀ ਮੈਂਬਰ ਜਗਸੀਰ ਸਿੰਘ ਮਾਂਗੇਆਣਾ, ਮੀਤ ਸਕੱਤਰ ਬਲਵਿੰਦਰ ਸਿੰਘ ਖੈਰਾਬਾਦ, ਰਾਮ ਸਿੰਘ ਰਾਠੌਰ ਮੁੰਬਈ, ਇੰਚਾਰਜ ਦਵਿੰਦਰ ਸਿੰਘ ਖੁਸ਼ੀਪੁਰ, ਮੈਨੇਜਰ ਸਤਿੰਦਰ ਸਿੰਘ, ਭਾਈ ਜਗਦੇਵ ਸਿੰਘ, ਸਥਾਨਕ ਸਿੱਖ ਆਗੂ ਗੁਰਦੀਪ ਸਿੰਘ, ਇੰਦਰਜੀਤ ਸਿੰਘ ਟਾਟਾ ਨਗਰ, ਗਗਨਦੀਪ ਸਿੰਘ, ਕੁਲਤਾਰ ਸਿੰਘ, ਪਰਮਜੀਤ ਸਿੰਘ, ਹੈਪੀ ਸਿੰਘ ਸਮੇਤ ਵੱਡੀ ਗਿਣਤੀ ਸੰਗਤਾਂ ਹਾਜ਼ਰ ਸਨ।

## ਰਾਵੀ 'ਚ ਆਏ ਹੜ੍ਹਾਂ ਕਾਰਨ ਅੰਮ੍ਰਿਤਸਰ ਜ਼ਿਲ੍ਹੇ ਦੇ 40 ਦੇ ਕਰੀਬ ਪਿੰਡ ਪ੍ਰਭਾਵਿਤ

### ਸਿਵਲ, ਪੁਲਿਸ, ਫੌਜ ਤੇ ਐਨ.ਡੀ.ਆਰ.ਐਫ. ਦੀਆਂ ਟੀਮਾਂ ਵੱਲੋਂ ਰਾਹਤ ਕਾਰਜ ਜਾਰੀ

ਅੰਮ੍ਰਿਤਸਰ/ਜੰਡਿਆਲਾ ਗੁਰੂ/ ਅਜਨਾਲਾ, 28 ਅਗਸਤ (ਬਬਲੂ ਮਹਾਜਨ/ ਰਾਮ ਸ਼ਰਨਜੀਤ ਸਿੰਘ/ ਸੁਖਦੇਵ ਸਿੰਘ ਖਾਲਸਾ): ਰਾਵੀ ਦਰਿਆ 'ਚ ਆਏ ਹੜ੍ਹਾਂ ਕਾਰਨ ਅਜਨਾਲਾ ਤਹਿਸੀਲ ਦੇ ਤਕਰੀਬਨ 40 ਪਿੰਡਾਂ ਵਿੱਚ ਲੋਕ ਪ੍ਰਭਾਵਿਤ ਹੋਏ ਹਨ ਅਤੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਅਤੇ ਜਿਲਾ ਪੁਲਿਸ ਮੁਖੀ ਸ ਮਨਿੰਦਰ ਸਿੰਘ ਦੀ ਅਗਵਾਈ ਹੇਠ ਅੱਜ ਸਵੇਰੇ 4 ਵਜੇ ਤੋਂ ਦੁਬਾਰਾ ਰਾਹਤ ਕਾਰਜ ਸ਼ੁਰੂ ਕੀਤੇ ਗਏ ਹਨ, ਜਿਸ ਵਿੱਚ ਸਿਵਲ ਪ੍ਰਸ਼ਾਸਨ ਤੋਂ ਇਲਾਵਾ ਪੁਲਿਸ, ਫੌਜ ਅਤੇ ਐਨ ਡੀ ਆਰ ਐਫ ਦੀਆਂ ਟੀਮਾਂ ਲਗਾਤਾਰ ਕੰਮ ਕਰ ਰਹੀਆਂ ਹਨ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਸ੍ਰੀ ਰੋਹਿਤ ਗੁਪਤਾ, ਐਸਡੀਐਮ ਅੰਮ੍ਰਿਤਸਰ ਸ ਗੁਰਸਿਮਰਨ ਸਿੰਘ ਢਿੱਲੋਂ, ਜਿਲਾ ਮਾਲ ਅਫਸਰ ਨਵਕੀਰਤ ਸਿੰਘ, ਜ਼ਿਲ੍ਹਾ ਪੰਚਾਇਤ ਅਧਿਕਾਰੀ ਸ੍ਰੀ ਸੰਦੀਪ ਮਲਹੋਤਰਾ ਆਪਣੀ ਆਪਣੀਆਂ ਟੀਮਾਂ ਨਾਲ ਰਾਹਤ ਕਾਰਜਾਂ ਵਿੱਚ ਡਟੇ ਹੋਏ ਹਨ। ਇਹ ਟੀਮਾਂ ਫੌਜ ਦੇ ਏ ਟੀ ਓ ਆਰ ਵਹੀਕਲਾਂ, ਕਿਸ਼ਤੀਆਂ ਅਤੇ ਟਰੈਕਟਰ ਟਰਾਲੀਆਂ ਦੀ ਮਦਦ ਨਾਲ ਹੜ ਵਿੱਚ ਘਿਰੇ ਹੋਏ ਪਿੰਡਾਂ ਤੇ ਡੇਰਿਆਂ ਤੋਂ ਲੋਕਾਂ ਨੂੰ ਸੁਰੱਖਿਅਤ ਥਾਵਾਂ ਉੱਤੇ ਲਿਆ ਰਹੇ ਹਨ। ਹੜ ਕਾਰਨ 14000 ਦੇ ਕਰੀਬ ਆਬਾਦੀ ਦੇ ਪ੍ਰਭਾਵਿਤ ਹੋਣ ਦਾ ਅੰਦਾਜ਼ਾ ਹੈ । ਦੱਸਣ ਯੋਗ ਹੈ ਕਿ 27 ਅਗਸਤ ਦੇ ਸਵੇਰ ਧੁਸੀ ਬੰਨ ਤੋੜ ਕੇ ਪਾਣੀ ਆਬਾਦੀਆਂ ਵਾਲੇ ਪਾਸਿਆਂ ਨੂੰ ਵਧਿਆ ਸੀ। ਕੱਲ੍ਹ ਸਾਰੀ ਦਿਹਾੜੀ ਲੋਕਾਂ ਨੂੰ ਉਹਨਾਂ ਦੇ ਘਰਾਂ ਤੋਂ ਕੱਢ ਕੇ ਬਾਹਰ ਸੁਰੱਖਿਅਤ ਸਥਾਨਾਂ ਵੱਲ ਲਿਆਉਣ ਵਿੱਚ ਲੰਘ ਗਈ। ਦੇਰ ਰਾਤ 11 ਵਜੇ ਤੱਕ ਡਿਪਟੀ ਕਮਿਸ਼ਨਰ ਸਾਕਸ਼ੀ ਸਹਾਨੀ, ਜਿਲਾ ਪੁਲਿਸ ਮੁਖੀ ਮਨਿੰਦਰ ਸਿੰਘ, ਵਧੀਕ ਡਿਪਟੀ ਕਮਿਸ਼ਨਰ ਸ੍ਰੀ ਰੋਹਿਤ ਗੁਪਤਾ ਲੋਕਾਂ ਨੂੰ ਪਾਣੀ ਵਿੱਚ ਘਿਰੇ ਘਰਾਂ ਵਿੱਚੋਂ ਕੱਢਣ ਲਈ ਕੰਮ ਕਰਦੇ ਰਹੇ। ਅੱਜ 28 ਅਗਸਤ ਸਵੇਰੇ 4 ਵਜੇ ਦੁਬਾਰਾ ਫਿਰ ਅੰਮ੍ਰਿਤਸਰ ਤੋਂ ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਅਤੇ ਵਧੀਕ ਡਿਊਟੀ ਕਮਿਸ਼ਨਰ ਰੋਹਿਤ ਗੁਪਤਾ ਆਪਣੀਆਂ ਟੀਮਾਂ ਨਾਲ ਰਵਾਨਾ ਹੋ ਗਏ। ਰਮਦਾਸ ਜਿੱਥੋਂ ਕੱਲ ਤੱਕ ਗੱਡੀਆਂ ਦਾ ਕਾਫਲਾ ਅੱਗੇ ਜਾਂਦਾ ਸੀ, ਅੱਜ ਪਾਣੀ ਨੇ ਰਸਤਾ ਰੋਕ ਲਿਆ ਹੈ । ਗੱਡੀਆਂ ਉੱਥੇ ਖੜੀਆਂ ਕਰਕੇ ਟਰੈਕਟਰਾਂ ਰਾਹੀਂ ਅਧਿਕਾਰੀ ਅਤੇ ਕ ਰ ਮ ਚਾ ਰੀ ਅੱਗੇ ਗਏ ਅਤੇ ਡਿਪਟੀ ਕਮਿਸ਼ਨਰ ਨੇ ਵਧੀਕ ਡਿਪਟੀ ਕਮਿਸ਼ਨਰ ਦੀ ਅਗਵਾਈ ਹੇਠ ਜਵਾਨਾਂ ਨੂੰ ਨਾਲ ਤੋਰਿਆ ਤਾਂ ਜੋ ਲੋਕਾਂ ਨੂੰ ਘਰਾਂ ਵਿੱਚੋਂ ਕੱਢ ਕੇ ਸੁਰੱਖਿਆ ਸਥਾਨਾਂ ਉੱਤੇ ਪਹੁੰਚਾ ਸਕਣ। ਬੀਤੀ ਰਾਤ ਦੀਆਂ ਕੀਤੀਆਂ ਕੋਸ਼ਿਸ਼ਾਂ ਸਦਕਾ ਫੌਜ ਦੇ ਜਵਾਨ ਵੀ ਅੱਜ ਸਵੇਰੇ ਤੜਕੇ ਪਹੁੰਚ ਚੁੱਕੇ ਗਏ। ਉਹਨਾਂ ਕੋਲ ਅਜਿਹੀਆਂ ਸਥਿਤੀਆਂ ਨਾਲ ਨਜਿੱਠਣ ਲਈ ਟ੍ਰੇਨਿੰਗ ਹੈ। ਇਸ ਤੋਂ ਇਲਾਵਾ ਏਟੀ ਓ ਆਰ ਵਹੀਕਲ, ਕਿਸ਼ਤੀਆਂ ਅਤੇ ਵਾਹਨ ਫਸਣ ਦੀ ਸੂਰਤ ਵਿੱਚ ਕਰੇਨਾਂ ਲਗਾਤਾਰ ਕੰਮ ਕਰ ਰਹੀਆਂ ਹਨ।



ਉਨ੍ਹਾਂ ਦੱਸਿਆ ਕਿ ਫਿਲਹਾਲ ਪਾਣੀ ਵਿੱਚ ਘਿਰੇ ਲੋਕਾਂ ਨੂੰ ਸੁਰੱਖਿਤ ਸਥਾਨਾਂ ਉਤੇ ਲਿਆਉਣ ਦਾ ਕੰਮ ਚੱਲ ਰਿਹਾ ਹੈ ਅਤੇ ਡਿਪਟੀ ਕਮਿਸ਼ਨਰ ਖ਼ੁਦ ਇਸ ਦੀ ਅਗਵਾਈ ਕਰ ਰਹੇ ਹਨ। ਪਿੰਡਾਂ ਵਿੱਚੋਂ ਲਿਆਂਦੇ ਗਏ ਲੋਕਾਂ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਖਾਣੇ ਦਾ ਪ੍ਰਬੰਧ ਵੀ ਕੀਤਾ ਗਿਆ ਹੈ। ਜ਼ਿਲਾ ਪੰਚਾਇਤ ਅਫਸਰ ਸ੍ਰੀ ਸੰਦੀਪ ਮਲਹੋਤਰਾ ਨੇ ਦੱਸਿਆ ਕਿ ਇਸ ਪਾਣੀ ਕਾਰਨ ਘੋਨੇਵਾਲ, ਮਾਛੀਵਾਲ, ਨਿਸੋਕੇ, ਪੰਜਗਰਾਈ ਵਾਲਾ, ਘੁਮਰਾਏ, ਰੁੜੇਵਾਲ, ਦਰਿਆ ਮੂਸਾ, ਮਲਕਪੁਰਾ, ਗਿਲਾਂ ਵਾਲੀ, ਬੇਦੀ ਛੰਨਾ, ਚਾਹੜਪੁਰ, ਕਮੀਰਪੁਰਾ, ਬਲ ਲੱਭੇ ਦਰਿਆ, ਸਾਹੋਵਾਲ, ਬਜਵਾ, ਢਾਈ ਸਿੰਗਾਰਪੁਰਾ, ਜਗਦੇਵ ਖੁਰਦ, ਚੱਕਵਾਲਾ, ਭੈਣੀ ਗਿੱਲਾਂ, ਨੰਗਲ ਅੰਬ, ਗਾਲਿਬ, ਭਡਾਲ, ਸਮਰਾਏ, ਸੂਫੀਆਂ, ਦੁਜੋਵਾਲ, ਲੰਗਰਪੁਰਾ, ਮਲਕਪੁਰਾ, ਪੰਡੋਰੀ, ਖਟੜਾ, ਰਮਦਾਸ ਅਤੇ ਮੁਹੰਮਦ ਪਿੰਡ ਪ੍ਰਭਾਵਿਤ ਹੋਏ ਹਨ।

## ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਵਿਖੇ ਪੁੱਜਣ 'ਤੇ ਜਥੇਦਾਰ ਗੜਗੱਜ ਦਾ ਪ੍ਰਬੰਧਕ ਕਮੇਟੀ ਤੇ ਸੰਗਤਾਂ ਵੱਲੋਂ ਸਨਮਾਨ



ਅੰਮ੍ਰਿਤਸਰ, 28 ਅਗਸਤ (ਬਬਲੂ ਮਹਾਜਨ): ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਬਿਹਾਰ ਵਿਖੇ ਪੁੱਜਣ 'ਤੇ ਤਖ਼ਤ ਸਾਹਿਬ ਦੀ ਪ੍ਰਬੰਧਕ ਕਮੇਟੀ ਸਮੇਤ ਪਟਨਾ ਸ਼ਹਿਰ ਦੀ ਸਮੂਹ ਸਿੱਖ ਸੰਗਤ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਅਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਦਾ ਭਰਵਾਂ ਸਵਾਗਤ ਕੀਤਾ ਗਿਆ। ਇਸ ਮੌਕੇ ਸੰਗਤ ਵੱਲੋਂ ਜੈਕਾਰਿਆਂ ਦੀ ਗੂੰਜ ਵਿੱਚ ਉਨ੍ਹਾਂ ਦਾ ਪਟਨਾ ਹਵਾਈ ਅੱਡੇ ਉੱਤੇ ਸਵਾਗਤ ਕੀਤਾ ਗਿਆ। ਇਸ ਉਪਰੰਤ ਕਾਫ਼ਲੇ ਦੇ ਰੂਪ ਵਿੱਚ ਸਿੰਘ ਸਾਹਿਬ ਨੂੰ ਸੰਗਤ ਵੱਲੋਂ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਵਿਖੇ ਲਿਜਾਇਆ ਗਿਆ ਜਿੱਥੇ ਉਹ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜਨਮ ਸਥਾਨ ਤਖ਼ਤ ਸ੍ਰੀ ਪਟਨਾ ਸਾਹਿਬ ਵਿਖੇ ਨਤਮਸਤਕ ਹੋਏ। ਇਸ ਮੌਕੇ ਤਖ਼ਤ ਸਾਹਿਬ ਦੀ ਗ੍ਰੰਥੀ ਗਿਆਨੀ ਗੁਰਦਿਆਲ ਸਿੰਘ ਵੱਲੋਂ ਸਿੰਘ ਸਾਹਿਬ ਨੂੰ ਸਿਰੋਪਾਓ ਦੇ ਕੇ ਸਨਮਾਨ ਦਿੱਤਾ ਗਿਆ। ਇਸ ਮੌਕੇ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਗਜੋਤ ਸਿੰਘ ਸੋਹੀ, ਸੀਨੀਅਰ ਮੀਤ ਪ੍ਰਧਾਨ ਲਖਵਿੰਦਰ ਸਿੰਘ, ਜੂਨੀਅਰ ਮੀਤ ਪ੍ਰਧਾਨ ਪ੍ਰਧਾਨ ਗੁਰਵਿੰਦਰ ਸਿੰਘ, ਗ੍ਰੰਥੀ ਸਿੰਘ ਸਾਹਿਬਾਨ ਗਿਆਨੀ ਦਲੀਪ ਸਿੰਘ, ਗਿਆਨੀ ਗੁਰਦਿਆਲ ਸਿੰਘ ਤੇ ਕਥਾਵਾਚਕ ਗਿਆਨੀ ਚਰਨਜੀਤ ਸਿੰਘ ਸਮੇਤ ਤਖ਼ਤ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਸਮੂਹ ਸਟਾਫ਼ ਤੇ ਸਥਾਨਕ ਸੰਗਤਾਂ ਹਾਜ਼ਰ ਸਨ।

## ਸ਼੍ਰੋਮਣੀ ਕਮੇਟੀ ਨੇ 350 ਸਾਲਾ ਸ਼ਹੀਦੀ ਸ਼ਤਾਬਦੀ ਦੇ ਸਮਾਗਮਾਂ ਲਈ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਨੂੰ ਦਿੱਤਾ ਸੱਦਾ

ਅੰਮ੍ਰਿਤਸਰ, 28 ਅਗਸਤ (ਗੁਰਦਿਆਲ ਸਿੰਘ): ਯਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਸਾਕੇ ਦੀ 350 ਸਾਲਾ ਸ਼ਤਾਬਦੀ ਸਬੰਧੀ ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋਣ ਵਾਲੇ ਸਮਾਗਮਾਂ ਵਿੱਚ ਸਮੂਲੀਅਤ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਅਦਿੱਤਯ ਨਾਥ ਯੋਗੀ ਨੂੰ ਸੱਦਾ-ਪੱਤਰ ਦਿੱਤਾ ਗਿਆ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਦਿਸ਼ਾ ਨਿਰਦੇਸ਼ ਅਨੁਸਾਰ ਬੀਤੇ ਕੱਲ੍ਹ ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਭਾਈ ਅਜੈਬ ਸਿੰਘ ਅਭਿਆਸੀ ਦੀ ਅਗਵਾਈ ਵਿਚ ਇੱਕ ਵਫਦ ਨੇ ਮੁੱਖ ਮੰਤਰੀ ਅਦਿੱਤਯ ਨਾਥ ਯੋਗੀ ਨਾਲ ਮੁਲਾਕਾਤ ਕੀਤੀ। ਇਸ ਦੌਰਾਨ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਨੂੰ ਸ੍ਰੀ ਅਨੰਦਪੁਰ ਸਾਹਿਬ ਵਿਖੇ ਕਰਵਾਏ ਜਾ ਰਹੇ ਸ਼ਤਾਬਦੀ ਸਮਾਗਮਾਂ ਵਿਚ ਸ਼ਮੂਲੀਅਤ ਕਰਨ ਲਈ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਪੱਤਰ ਸੌਂਪਿਆ ਗਿਆ। ਇਸ ਦੇ ਨਾਲ ਹੀ ਵਫ਼ਦ ਨੇ ਮੁੱਖ ਮੰਤਰੀ ਨੂੰ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਅਸਾਮ ਤੋਂ ਆਰੰਭ ਹੋਏ ਸ਼ਹੀਦੀ ਨਗਰ ਕੀਰਤਨ ਬਾਰੇ ਜਾਣੂ ਕਰਵਾਇਆ, ਜੋ ਭਾਰਤ ਦੇ ਹੋਰ ਸੂਬਿਆਂ



ਸਮੇਤ ਉੱਤਰ ਪ੍ਰਦੇਸ਼ ਤੋਂ ਹੁੰਦਾ ਹੋਇਆ ਸ੍ਰੀ ਅਨੰਦਪੁਰ ਸਾਹਿਬ ਵਿਖੇ ਸੰਪੂਰਨ ਹੋਵੇਗਾ।

ਮੁੱਖ ਮੰਤਰੀ ਨਾਲ ਮੁਲਾਕਾਤ ਕਰਨ ਵਾਲੇ ਵਫ਼ਦ ਵਿਚ ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਭਾਈ ਅਜੈਬ ਸਿੰਘ ਅਭਿਆਸੀ, ਉੱਤਰ ਪ੍ਰਦੇਸ਼ ਸਿੱਖ ਮਿਸ਼ਨ ਹਾਪੁੜ ਦੇ ਇੰਚਾਰਜ ਬ੍ਰਿਜਪਾਲ ਸਿੰਘ, ਗੁਰਦੁਆਰਾ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਯਹਿਆਗੰਜ ਲਖਨਊ ਦੇ ਪ੍ਰਧਾਨ ਡਾ. ਗੁਰਮੀਤ ਸਿੰਘ ਤੇ ਉੱਤਰ ਪ੍ਰਦੇਸ਼ ਘੱਟਗਿਣਤੀ ਕਮਿਸ਼ਨ ਦੇ ਮੈਂਬਰ ਪਰਵਿੰਦਰ ਸਿੰਘ ਸ਼ਾਮਲ ਸਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਭਾਈ ਅਜੈਬ ਸਿੰਘ ਅਭਿਆਸੀ ਨੇ ਦੱਸਿਆ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ, ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਤੇ ਭਾਈ ਦਿਆਲਾ ਜੀ ਦੇ 350 ਸਾਲਾ ਸ਼ਹੀਦੀ ਸ਼ਤਾਬਦੀ ਦੇ ਨਵੰਬਰ ਵਿਚ ਹੋ ਰਹੇ ਸਮਾਗਮਾਂ ਵਿਚ ਸਮੂਲੀਅਤ ਲਈ ਦੇਸ਼ ਭਰ ਦੀਆਂ ਪ੍ਰਮੁੱਖ ਸਖ਼ਸ਼ੀਅਤਾਂ ਨੂੰ ਸਦਾ ਪੱਤਰ ਦਿੱਤੇ ਜਾ ਰਹੇ ਹਨ। ਇਸੇ ਸਬੰਧ ਵਿਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਨਿਰਦੇਸ਼ਾਂ ਅਨੁਸਾਰ ਵਫ਼ਦ ਵੱਲੋਂ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਨਾਲ ਮੁਲਾਕਾਤ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਅਦਿੱਤਯ ਨਾਥ ਯੋਗੀ ਨੇ ਜਿਥੇ ਸ਼੍ਰੋਮਣੀ ਕਮੇਟੀ ਵੱਲੋਂ ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋ ਰਹੇ ਸਮਾਗਮਾਂ ਵਿਚ ਸ਼ਮੂਲੀਅਤ ਕਰਨ ਦਾ ਭਰੋਸਾ ਦਿੱਤਾ, ਉਥੇ ਹੀ ਸ਼ਹੀਦੀ ਨਗਰ ਕੀਰਤਨ ਦੌਰਾਨ ਉੱਤਰ ਪ੍ਰਦੇਸ਼ ਵਿਚ ਉਚਿਤ ਪ੍ਰਬੰਧਾਂ ਲਈ ਵਿਸ਼ਵਾਸ ਦਿਵਾਉਂਦਿਆਂ ਸੂਬੇ ਅੰਦਰ ਨਗਰ ਕੀਰਤਨ ਦਾ ਸਰਕਾਰੀ ਤੌਰ 'ਤੇ ਸਵਾਗਤ ਕਰਨ ਦੀ ਵੀ ਵਚਨਬੱਧਤਾ ਪ੍ਰਗਟਾਈ ਹੈ। ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਵੱਲੋਂ ਉੱਤਰ ਪ੍ਰਦੇਸ਼ ਵਿਚ ਨਗਰ ਕੀਰਤਨ ਸਬੰਧੀ ਹਰ ਤਰ੍ਹਾਂ ਦੇ ਪ੍ਰਬੰਧਾਂ ਦੀ ਜ਼ੁੰਮੇਵਾਰੀ ਉੱਤਰ ਪ੍ਰਦੇਸ਼ ਸਰਕਾਰ ਦੇ ਰਾਜ ਮੰਤਰੀ ਬਲਦੇਵ ਸਿੰਘ ਔਲਖ ਨੂੰ ਦਿੱਤੀ ਗਈ ਹੈ। ਉਨ੍ਹਾਂ ਇਹ ਵੀ ਕਿਹਾ ਕਿ ਨਗਰ ਕੀਰਤਨ ਦਾ ਪੂਰੇ ਉੱਤਰ ਪ੍ਰਦੇਸ਼ ਵਿੱਚ ਭਰਵਾਂ ਸਵਾਗਤ ਤੇ ਸਨਮਾਨ ਹੋਵੇਗਾ।

## ਖ਼ਾਲਸਾ ਕਾਲਜ ਆਫ਼ ਲਾਅ ਵਿਖੇ ਨਸ਼ਾਖੋਰੀ ਵਿਸ਼ੇ 'ਤੇ ਕਰਵਾਇਆ ਸੈਮੀਨਾਰ

ਅੰਮ੍ਰਿਤਸਰ, 28 ਅਗਸਤ (ਬਬਲੂ ਮਹਾਜਨ): ਖ਼ਾਲਸਾ ਕਾਲਜ ਆਫ਼ ਲਾਅ ਵਿਖੇ "ਡਰੱਗ ਜਾਗਰੂਕਤਾ ਤੇ ਤੰਦਰੁਸਤੀ ਨੇਵੀਗੇਸ਼ਨ" ਵਿਸ਼ੇ 'ਤੇ ਸੈਮੀਨਾਰ ਕਰਵਾਇਆ ਗਿਆ। ਕਾਲਜ ਦੇ ਡਾਇਰੈਕਟਰ-ਕਮ-ਪ੍ਰਿੰਸੀਪਲ ਡਾ. ਜਸਪਾਲ ਸਿੰਘ ਦੇ ਦਿਸ਼ਾ-ਨਿਰਦੇਸ਼ਾਂ 'ਤੇ ਕਰਵਾਏ ਗਏ ਉਕਤ ਸੈਮੀਨਾਰ ਮੌਕੇ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਅੰਮ੍ਰਿਤਸਰ ਸੀ.ਜੇ.ਐੱਮ. ਕਮ ਸਕੱਤਰ ਅਮਰਦੀਪ ਸਿੰਘ ਬੈਂਸ, ਦੇਵਕੀ ਨਿਊਰੋਸਾਈਕਾਇਟ੍ਰੀ ਹਸਪਤਾਲ ਵਿਖੇ ਅਭਿਆਸ ਕਰ ਰਹੇ ਮਨੋਰੋਗ ਵਿਗਿਆਨੀ ਡਾ. ਨਿਸ਼ਠਾ ਗੁਪਤਾ ਤੇ ਸ਼ਰਤ ਵਸ਼ਿਸ਼ਟ, ਕਾਨੂੰਨੀ ਕਾਰਵਾਈ ਲਈ ਸੰਸਥਾਪਕ, ਰਾਸ਼ਟਰੀ ਪ੍ਰਧਾਨ ਨੇ ਮੁੱਖ ਬੁਲਾਰਿਆਂ ਵਜੋਂ ਸ਼ਿਰਕਤ ਕੀਤੀ। ਕਾਲਜ ਦੇ ਕਾਨੂੰਨੀ ਸਹਾਇਤਾ ਕਲੀਨਿਕ ਦੁਆਰਾ ਆਯੋਜਿਤ ਉਕਤ ਸੈਮੀਨਾਰ ਦਾ ਉਦੇਸ਼ ਵਿਦਿਆਰਥੀਆਂ ਨੂੰ ਨਸ਼ਿਆਂ ਦੇ ਸਿਹਤ ਦੇ ਨਾਲ-ਨਾਲ ਉਨ੍ਹਾਂ ਦੇ ਨਿੱਜੀ ਅਤੇ ਪੇਸ਼ੇਵਰ ਜੀਵਨ 'ਤੇ ਮਾੜੇ ਪ੍ਰਭਾਵਾਂ ਸਬੰਧੀ ਜਾਗਰੂਕ ਕਰਨਾ ਸੀ। ਸੈਮੀਨਾਰ ਦੀ ਸ਼ੁਰੂਆਤ ਮੌਕੇ ਡਾ. ਜਸਪਾਲ ਸਿੰਘ ਨੇ ਆਏ ਉਕਤ ਮਹਿਮਾਨਾਂ ਦਾ ਫੁੱਲਾਂ ਦੇ ਗੁਲਦਸਤੇ ਭੇਂਟ ਕਰਕੇ ਸਵਾਗਤ ਕੀਤਾ।

ਇਸ ਮੌਕੇ ਬੈਂਸ ਨੇ "ਡਰੱਗ ਐਂਡ ਐਡਿਕਸ਼ਨ" ਵਿਸ਼ੇ 'ਤੇ ਭਾਸ਼ਣ ਦਿੰਦਿਆਂ ਸਮਾਜ, ਕਾਲਜਾਂ ਅਤੇ ਯੂਨੀਵਰਸਿਟੀ ਦੇ ਵਿਦਿਆਰਥੀਆਂ 'ਚ ਨਸ਼ੇ ਦੇ ਵੱਧ ਰਹੇ ਰੁਝਾਨ ਦੀ ਦੁਖਦਾਈ ਹਕੀਕਤ ਨੂੰ ਉਜਾਗਰ ਕੀਤਾ। ਉਨ੍ਹਾਂ ਨਸ਼ੇ ਦੇ ਪ੍ਰਭਾਵਾਂ, ਇਸ ਦੀਆਂ ਕਿਸਮਾਂ, ਰੋਕਥਾਮ ਲਈ ਸੁਝਾਅ ਆਦਿ ਸਬੰਧੀ ਵੀ ਚਾਨਣਾ ਪਾਇਆ। ਉਨ੍ਹਾਂ ਨੇ ਪੰਜਾਬ ਰਾਜ ਦੇ ਸ਼ਾਨਦਾਰ ਅਤੀਤ ਅਤੇ ਇਤਿਹਾਸ ਸਬੰਧੀ ਵੀ ਗੱਲ ਕਰਦਿਆਂ ਕਿਹਾ ਕਿ ਅੱਜ ਪੂਰੇ ਦੇਸ਼ ਦੇ ਵਿਚਾਰ ਕਿਵੇਂ ਬਦਲ ਗਏ ਹਨ। ਸੈਮੀਨਾਰ ਮੌਕੇ ਡਾ. ਗੁਪਤਾ ਨੇ ਇਸ ਗੱਲ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਨਸ਼ਾ ਭਾਰਤ ਭਰ 'ਚ ਇੱਕ ਮਹੱਤਵਪੂਰਨ ਤੇ ਵੱਧ ਰਹੀ ਚਿੰਤਾ ਹੈ, ਜੋ ਵਿਅਕਤੀਆਂ, ਪਰਿਵਾਰਾਂ ਤੇ ਸਮਾਜ ਲਈ ਵੱਡੇ ਪੱਧਰ 'ਤੇ ਗੰਭੀਰ ਚੁਣੌਤੀਆਂ ਖੜ੍ਹੀਆਂ ਕਰਦੀ ਹੈ। ਇਸ ਤੋਂ ਇਲਾਵਾ ਜੈਨੇਟਿਕ ਸੰਵੇਦਨਸ਼ੀਲਤਾ, ਮਾਨਸਿਕ ਸਿਹਤ ਸਥਿਤੀਆਂ ਤੇ ਨਕਾਰਾਤਮਕ ਪਰਿਵਾਰਕ ਵਾਤਾਵਰਣ ਵਰਗੇ ਕਾਰਕ ਜਿਸ 'ਚ ਬੱਚਿਆਂ ਨਾਲ ਬਦਸਲੂਕੀ ਜਾਂ ਅਣਗਹਿਲੀ ਸ਼ਾਮਿਲ ਹੈ, ਵਿਅਕਤੀਆਂ ਦੀ ਨਸ਼ਿਆਂ ਦੀ ਦੁਰਵਰਤੋਂ ਪ੍ਰਤੀ ਕਮਜ਼ੋਰੀ ਨੂੰ ਕਾਫ਼ੀ ਵਧਾਉਂਦੇ ਹਨ।

ਇਸ ਮੌਕੇ ਵਿਦਿਆਰਥੀਆਂ ਨੇ ਵੀ ਸਰਗਰਮੀ ਨਾਲ ਹਿੱਸਾ ਲੈਂਦਿਆਂ 'ਨਸ਼ਾਖੋਰੀ' ਵਿਸ਼ੇ 'ਤੇ ਆਪਣੇ ਵਿਚਾਰ ਪ੍ਰਗਟ ਕੀਤੇ। ਇਸ ਮੌਕੇ ਕਾਰਜਕਾਰੀ ਪ੍ਰਿੰਸੀਪਲ ਡਾ. ਗੁਨੀਸ਼ਾ ਸਲੂਜਾ, ਡਾ. ਪੂਰਨਿਮਾ ਖੰਨਾ, ਡਾ. ਦਿਵਿਆ ਸ਼ਰਮਾ, ਡਾ. ਹਰਪ੍ਰੀਤ ਕੌਰ, ਡਾ. ਰਸ਼ੀਮਾ ਚੰਗੋਤਰਾ, ਡਾ. ਰੇਣੂ ਸੈਣੀ, ਡਾ. ਅਨੀਤਾ ਸ਼ਰਮਾ, ਪ੍ਰੋ. ਮਨਸੀਰਤ ਕੌਰ, ਪ੍ਰੋ. ਸੁਗਮ, ਪ੍ਰੋ. ਹੇਮਾ ਸਿੰਘ ਆਦਿ ਹੋਰ ਫੈਕਲਟੀ ਮੈਂਬਰ ਮੌਜੂਦ ਸਨ। ਸੈਮੀਨਾਰ ਦੇ ਅੰਤ 'ਚ ਇੱਕ ਇੰਟਰਐਕਟਿਵ ਸੈਸ਼ਨ ਕਰਵਾਇਆ ਗਿਆ ਤੇ ਇਸ ਉਪਰੰਤ ਕਾਨੂੰਨੀ ਸਹਾਇਤਾ ਕਲੀਨਿਕ ਦੀ ਕੋਆਰਡੀਨੇਟਰ ਡਾ. ਸੀਮਾ ਰਾਣੀ ਵੱਲੋਂ ਧੰਨਵਾਦ ਕੀਤਾ ਗਿਆ।

## ਦੋ ਰੋਜ਼ਾ ਅਲਟੀਮੇਟਮ ਤੋਂ ਬਾਅਦ ਪੰਜਾਬ ਸਰਕਾਰ ਵਿਰੁੱਧ ਵੱਖ-ਵੱਖ ਪਿੰਡ ਵਾਸੀਆਂ ਨੇ ਪ੍ਰਗਟਾਇਆ ਰੋਸ

ਤਰਸਿੱਕਾ, 28 ਅਗਸਤ (ਦਵਿੰਦਰ ਸਿੰਘ ਤਰਸਿੱਕਾ): ਪੰਜਾਬ ਸਰਕਾਰ ਵੱਲੋਂ ਬਲਾਕ ਤਰਸਿੱਕਾ ਨੂੰ ਖਤਮ ਕਰਨ ਦੇ ਫੈਸਲੇ ਨੇ ਲੋਕਾਂ ਦੇ ਗੁੱਸੇ ਨੂੰ ਭੜਕਾ ਦਿੱਤਾ ਹੈ। 'ਬਲਾਕ ਤਰਸਿੱਕਾ ਬਚਾਓ ਮੋਰਚੇ' ਵੱਲੋਂ ਦਿੱਤੇ ਗਏ ਅਲਟੀਮੇਟਮ ਦੀ ਮਿਆਦ ਖਤਮ ਹੋਣ ਤੋਂ ਬਾਅਦ, ਲੋਕਾਂ ਨੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਕੈਬਨਿਟ ਮੰਤਰੀ ਹਰਭਜਨ ਸਿੰਘ ਈ.ਟੀ.ਓ. ਖਿਲਾਫ ਵਿਰੋਧ ਪ੍ਰਦਰਸ਼ਨ ਤੇਜ਼ ਕਰ ਦਿੱਤੇ ਹਨ।ਇਸ ਵਿਰੋਧ ਤਹਿਤ, ਦੋਵਾਂ ਆਗੂਆਂ ਦੇ ਪੁਤਲੇ ਫੂਕੇ ਗਏ। ਪਿੰਡ ਸਾਹਪੁਰ, ਸੰਗਰਾਂਵਾ ਤੇ ਰਸੂਲਪੁਰ ਖੁਰਦ ਸਮੇਤ ਕਈ ਪਿੰਡਾਂ ਦੇ ਲੋਕਾਂ ਨੇ ਵੱਡੀ ਗਿਣਤੀ ਵਿੱਚ ਇਕੱਠੇ ਹੋ ਕੇ ਸਰਕਾਰ ਵਿਰੁੱਧ ਨਾਅਰੇਬਾਜ਼ੀ ਕੀਤੀ। ਪ੍ਰਦਰਸ਼ਨ ਵਿੱਚ ਪਿੰਡ ਤਰਸਿੱਕਾ, ਕੋਟ ਖਹਿਰਾ, ਮਾਲੋਵਾਲ, ਡੇਅਰੀਵਾਲ, ਸਰਜਾ, ਯੋਧਾਨਗਰੀ ਤੇ ਜੱਬੋਵਾਲ ਦੇ ਮੌਜੂਦਾ ਤੇ ਸਾਬਕਾ ਪੰਚਾਂ-ਸਰਪੰਚਾਂ ਸਮੇਤ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੇ ਆਗੂਆਂ ਨੇ ਵੀ ਸ਼ਿਰਕਤ ਕੀਤੀ। ਇਕੱਠ ਨੂੰ ਸੰਬੋਧਨ ਕਰਦਿਆਂ, ਆਗੂਆਂ ਨੇ ਸਰਕਾਰ ਦੇ ਇਸ ਫੈਸਲੇ ਨੂੰ ਲੋਕਤੰਤਰ ਵਿਰੋਧੀ ਅਤੇ ਤਾਨਾਸ਼ਾਹੀ ਦੱਸਿਆ। ਉਨ੍ਹਾਂ ਨੇ ਕਿਹਾ ਕਿ ਇਹ ਫੈਸਲਾ ਪਿੰਡਾਂ ਦੇ ਲੋਕਾਂ ਨਾਲ ਸਿੱਧਾ ਧੱਕਾ ਹੈ ਅਤੇ ਇਸ ਨੂੰ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਆਗੂਆਂ ਨੇ ਸਪੱਸ਼ਟ ਕੀਤਾ ਕਿ ਜਦੋਂ ਤੱਕ ਬਲਾਕ ਤਰਸਿੱਕਾ ਨੂੰ ਬਹਾਲ ਨਹੀਂ ਕੀਤਾ ਜਾਂਦਾ, ਉਨ੍ਹਾਂ ਦਾ ਸੰਘਰਸ਼ ਜਾਰੀ ਰਹੇਗਾ।

ਉਨ੍ਹਾਂ ਨੇ ਚੇਤਾਵਨੀ ਦਿੱਤੀ ਕਿ ਆਉਣ ਵਾਲੀਆਂ ਬਲਾਕ ਸਮਿਤੀ ਚੋਣਾਂ ਵਿੱਚ ਆਮ ਆਦਮੀ ਪਾਰਟੀ ਅਤੇ ਹਰਭਜਨ ਸਿੰਘ ਈ.ਟੀ.ਓ. ਦਾ ਬਾਈਕਾਟ ਕੀਤਾ ਜਾਵੇਗਾ। ਇਸ ਤੋਂ ਇਲਾਵਾ, ਲੋਕਾਂ ਨੂੰ ਇੱਕਜੁੱਟ ਹੋਣ ਦੀ ਅਪੀਲ ਕਰਦਿਆਂ ਕਿਹਾ ਗਿਆ ਕਿ ਜੇਕਰ ਹੁਣ ਸਰਕਾਰ ਨੂੰ ਨਾ ਰੋਕਿਆ ਗਿਆ, ਤਾਂ ਬਾਕੀ ਸਰਕਾਰੀ ਦਫਤਰ ਵੀ ਤਰਸਿੱਕੇ ਤੋਂ ਚਲੇ ਜਾਣਗੇ। ਆਗੂਆਂ ਨੇ ਕਿਹਾ ਕਿ ਉਹ ਆਪਣੇ ਹੱਕਾਂ ਲਈ ਲੜਨਾ ਜਾਰੀ ਰੱਖਣਗੇ ਅਤੇ ਆਪਣੇ ਬਜ਼ੁਰਗਾਂ ਦੇ ਸੰਘਰਸ਼ ਨੂੰ ਅਜਾਈਂ ਨਹੀਂ ਜਾਣ ਦੇਣਗੇ।

ਇਸ ਮੌਕੇ ਹਰਜੀਤ ਸਿੰਘ ਗੋਲੂ ਤਰਸਿੱਕਾ, ਬਲਜੀਤ ਸਿੰਘ ਪ੍ਰਧਾਨ, ਬੰਲੂ ਸਰਪੰਚ ਕੋਟ ਖਹਿਰਾ, ਸਿਮਰਨਜੀਤ ਸਿੰਘ ਮਾਂਗਟ, ਸੱਤਾ ਮੈਂਬਰ ਤਰਸਿੱਕਾ ਸਮੇਤ ਸੀਨੀਅਰ ਆਗੂ ਹਾਜਰ ਸਨ।

## ਚੀਫ਼ ਖ਼ਾਲਸਾ ਦੀਵਾਨ ਵੱਲੋਂ ਹੜ੍ਹ ਪੀੜ੍ਹਤਾਂ ਦੀ ਹਰ ਸੰਭਵ ਮਦਦ ਦਾ ਭਰੋਸਾ

ਅੰਮ੍ਰਿਤਸਰ, 28 ਅਗਸਤ (ਬਬਲੂ ਮਹਾਜਨ): ਚੀਫ਼ ਖ਼ਾਲਸਾ ਦੀਵਾਨ ਮੁੱਖ



ਦਫ਼ਤਰ ਵਿਖੇ ਹੋਈ ਮੀਟਿੰਗ ਦੌਰਾਨ ਦੀਵਾਨ ਪ੍ਰਬੰਧਕਾਂ ਨੇ ਹੜ੍ਹਾਂ ਕਾਰਨ ਹੋ ਰਹੀ ਵੱਡੀ ਤਬਾਹੀ, ਜਾਨੀ-ਮਾਲੀ ਹੋ ਰਹੇ ਨੁਕਸਾਨ ਤੇ ਗਹਿਰੇ ਦੁੱਖ ਅਤੇ ਚਿੰਤਾ ਦਾ ਪ੍ਰਗਟਾਵਾ ਕੀਤਾ। ਚੀਫ਼ ਖ਼ਾਲਸਾ ਦੀਵਾਨ ਦੇ ਆਨਰੇਰੀ ਸਕੱਤਰ ਰਮਣੀਕ ਸਿੰਘ ਫਰੀਡਮ ਤੇ ਐਡੀ.ਆਨਰੇਰੀ ਸਕੱਤਰ ਜਸਪਾਲ ਸਿੰਘ ਢਿੱਲੋਂ ਨੇ ਸਦਮੇ ਵਿਚ ਆਏ ਪੀੜ੍ਹਤ ਪਰਿਵਾਰਾਂ ਨਾਲ ਹਮਦਰਦੀ ਪ੍ਰਗਟਾਉਂਦਿਆਂ ਕਿਹਾ ਕਿ ਸਮੁੱਚਾ ਪੰਜਾਬ, ਜੰਮੂ ਕਸ਼ਮੀਰ ਅਤੇ ਹੋਰਨਾਂ ਇਲਾਕਿਆਂ ਵਿਚ ਬੇਕਾਬੂ ਕੁਦਰਤੀ ਆਫਤ ਕਾਰਨ ਲੋਕਾਂ ਦੇ ਘਰਾਂ, ਫਸਲਾਂ, ਪਸ਼ੂ ਸੰਪਤੀ ਤੇ ਜਾਨੀ ਨੁਕਸਾਨ ਹੋਣਾ ਬਹੁਤ ਹੀ ਦੁੱਖਦਾਈ ਹੈ। ਉਨ੍ਹਾਂ ਨੇ ਕਿਹਾ ਕਿ ਇਸ ਸੰਕਟ ਘੜੀ ਵਿਚ ਚੀਫ਼ ਖ਼ਾਲਸਾ ਦੀਵਾਨ ਪੀੜ੍ਹਤਾਂ ਦੇ ਨਾਲ ਖੜ੍ਹਾ ਹੈ ਤੇ ਪ੍ਰਭਾਵਿਤ ਲੋਕਾਂ ਦੀ ਸਹਾਇਤਾ ਲਈ ਦੀਵਾਨ ਵੱਲੋਂ ਹਰ ਸੰਭਵ ਕਦਮ ਚੁੱਕਦਿਆ ਰਾਹਤ ਸਮਗਰੀ ਭੇਜੀ ਜਾਵੇਗੀ।

ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਡਾ. ਇੰਦਰਬੀਰ ਸਿੰਘ ਨਿੱਜਰ ਵੱਲੋਂ ਹੜ੍ਹਾਂ ਦੀ ਲਪੇਟ 'ਚ ਆਏ ਸਰਹੱਦੀ ਇਲਾਕਿਆਂ 'ਚ ਸਥਿਤ ਦੀਵਾਨ ਸਕੂਲਾਂ ਨੂੰ ਨਿਰਦੇਸ਼ ਦਿੱਤੇ ਗਏ ਕਿ ਸਕੂਲਾਂ ਵੱਲੋਂ ਹੜ੍ਹ ਪੀੜ੍ਹਤਾਂ ਦੀ ਸਹਾਇਤਾ ਲਈ ਰਾਹਤ ਸਮਗਰੀ ਕੱਪੜੇ, ਲੰਗਰ, ਦਵਾਈਆਂ ਆਦਿ ਇਕੱਠੀਆਂ ਕਰਕੇ ਸਟਾਫ ਦੇ ਸਹਿਯੋਗ ਨਾਲ ਲੋੜ੍ਹਵੰਦਾਂ ਤੱਕ ਜਲਦ ਤੋ ਜਲਦ ਪਹੁੰਚਾਇਆ ਜਾਣ ਅਤੇ ਲੋਕਾਂ ਦੀ ਹਰ ਸੰਭਵ ਮਦਦ ਕਰਨ ਵਿਚ ਕੋਈ ਕਸਰ ਨਾ ਛੱਡੀ ਜਾਵੇ। ਦੀਵਾਨ ਪ੍ਰਬੰਧਕਾਂ ਨੇ ਸਮਾਜ ਦੇ ਹਰ ਵਰਗ ਨੂੰ ਇਸ ਨਾਜ਼ੁਕ ਘੜੀ ਵਿਚ ਮਨੁੱਖਤਾ ਦੀ ਸੇਵਾ ਕਾਰਜ ਵਿਚ ਵੱਧ ਚੜ੍ਹ ਕੇ ਯੋਗਦਾਨ ਦੇਣ ਦੀ ਅਪੀਲ ਕੀਤੀ। ਇਸ ਮੋਕੇ ਚੀਫ਼ ਖ਼ਾਲਸਾ ਦੀਵਾਨ ਦੇ ਆਨਰੇਰੀ ਸਕੱਤਰ ਰਮਣੀਕ ਸਿੰਘ, ਐਡੀ. ਆਨਰੇਰੀ ਸਕੱਤਰ ਜਸਪਾਲ ਸਿੰਘ ਢਿੱਲੋਂ, ਸਰਜੋਤ ਸਿੰਘ ਸਾਹਨੀ, ਤਰਲੋਚਨ ਸਿੰਘ, ਏ.ਪੀਐਸ. ਮਾਨ, ਇੰਦਰਜੀਤ ਸਿੰਘ ਅੜੀ, ਗੁਰਭੇਜ ਸਿੰਘ, ਡਾਇਰੈਕਟਰ ਡਾ.ਏ.ਪੀ.ਐਸ ਚਾਵਲਾ ਆਦਿ ਮੋਜੂਦ ਸਨ।

## ਘੱਟ ਗਿਣਤੀ ਸਮੁਦਾਇ ਲਈ ਸਾਂਝੇ ਯਤਨ ਕੀਤੇ ਜਾਣਗੇ : ਡੇਨੀਅਲ ਮਸੀਹ ਭੱਟੀ

ਬਾਬਾ ਬਕਾਲਾ ਸਾਹਿਬ, 28 ਅਗਸਤ (ਬਲਰਾਜ ਸਿੰਘ ਰਾਜਾ) ਕ੍ਰਿਸ਼ਚਨ ਭਲਾਈ ਬੋਰਡ ਪੰਜਾਬ ਸਰਕਾਰ ਦੇ ਚੇਅਰਮੈਨ ਡੇਨੀਅਲ ਮਸੀਹ ਭੱਟੀ ਨੇ ਸਮਾਜ ਦੇ ਹੱਕ 'ਚ ਇਤਿਹਾਸਕ ਕੀਰਤੀਮਾਨ ਸਥਾਪਿਤ ਕਰਨ ਲਈ ਘੱਟ ਗਿਣਤੀ ਹਲਕਿਆਂ 'ਚ ਵਿਚਰਨ ਵਾਲੀਆਂ ਜਥੇਬੰਦੀਆਂ ਨੂੰ ਚਾਹ ਤੇ ਕੱਪ ਤੇ ਨਾਲ ਲੈ ਲਿਆ ਹੈ। ਚੇਤੇ ਰਹੇ ਕਿ ਈਸਾਈ ਭਲਾਈ ਬੋਰਡ ਦੇ ਚੇਅਰਮੈਨ ਡੈਨੀਅਲ ਮਸੀਹ ਭੱਟੀ ਨੇ ਆਪਣੇ ਗ੍ਰਹਿ ਵਿਖੇ ਪੰਜਾਬ ਦੀਆਂ ਉਨ੍ਹਾ ਚੋਣੀਂਦਾ ਜਥੇਬੰਦੀਆਂ ਦੇ ਲੀਡਰਾਂ ਨਾਲ ਮੁਲਾਕਾਤ ਕੀਤੀ ਜਿੰਨ੍ਹਾ ਨੇ ਘੱਟ ਗਿਣਤੀ ਭਾਈਚਾਰੇ ਲਈ ਚੰਗੇਂ ਉਪਰਾਲੇ ਕੀਤੇ ਹਨ। ਅੰਮ੍ਰਿਤਸਰ ਵਿਖੇ ਸਥਿਤ ਆਪਣੀ ਜੱਦੀ ਰਿਹਾਈਸ਼ ਤੇ ਪਲੇਠੀ ਮੀਟਿੰਗ 'ਚ ਵਿਸ਼ੇਸ਼ ਤੌਰ 'ਤੇ ਘੱਟ ਗਿਣਤੀ ਲੋਕ ਭਲਾਈ ਸੰਸਥਾ (ਰਜਿ) ਦੇ ਫਾਉਂਡਰ ਪ੍ਰਧਾਨ ਸਤਨਾਮ ਸਿੰਘ ਗਿੱਲ ਤੇ ਡੇਨੀਅਲ ਮਸੀਹ ਭੱਟੀ ਵਿੱਚਕਾਰ ਹੋਈ ਰਸਮੀਂ ਮਿਲਣੀ ਦੌਰਾਨ ਦੋਵਾਂ ਨੇ ਅਹਿਮ ਲਿਆ ਕਿ ਉਹ ਘੱਟ ਗਿਣਤੀ ਸਮੁਦਾਇ ਦਿਆਂ ਲੋਕਾਂ ਦੀ ਪ੍ਰਗਤੀ, ਆਰਥਿਕ ਵਿਕਾਸ, ਸਮਾਜਿਕ ਤਰੱਕੀ ਤੇ ਸਮੁਦਾਇ ਦੇ ਮੌਲਿਕ ਹੱਕਾਂ ਦੀ ਰਾਖੀ ਸਾਂਝੇਂ ਯਤਨਾ ਰਾਹੀਂ ਕਰਾਂਗੇ। ਇਸ ਵਿਸ਼ੇਸ਼ ਹੋਈ ਇਕੱਤਰਤਾ 'ਚ ਸਤਨਾਮ



ਸਿੰਘ ਗਿੱਲ ਤੇ ਚੇਅਰਮੈਨ ਡੇਨੀਅਲ ਮਸੀਹ ਭੱਟੀ ਨੇ ਸਾਂਝੇਂ ਤੌਰ 'ਤੇ ਮੀਡੀਆ ਸਾਹਮਣੇ ਖਲਾਸਾ ਕੀਤਾ ਕਿ ਕ੍ਰਿਸ਼ਚਨਾ ਦੇ ਲਈ ਲੋੜੀਂਦੇ ਕਬਰਸਥਾਨਾ ਲਈ ਜਗ੍ਹਾ ਅਲਾਟਮੈਂਟ ਕਰਾਉਂਣ ਲਈ 2012 'ਚ ਸਟੇਟ ਗੌਰਮਿੰਟ ਦੁਆਰਾ ਜਾਰੀ ਨੋਟੀਫੀਕੇਸ਼ਨ ਨੂੰ ਮੁੜ ਵਿਧਾਨ ਸਭਾ 'ਚ ਪੇਸ਼ ਕਰਵਾ ਕੇ ਲੋੜੀਂਦਾ ਫੇਰਬਦਲ ਕਰਵਾਉਂਣ ਲਈ ਵਿਧਾਨ ਸਭਾ ਦੇ ਵਿੱਪ੍ਰ ਨੂੰ ਮਿਲਾਂਗੇ। ਮੀਟਿੰਗ ਦੀ ਰਸਮੀਂ ਸ਼ੁਰੂਆਤ ਕਰਦੇ ਹੋਏ ਮੇਜ਼ਬਾਨੀ ਲਹਿਜ਼ੇ 'ਚ ਆਏ ਮਹਿਮਾਨਾ ਦਾ ਜ਼ਿਕਰ ਕਰਦਿਆਂ ਡੇਨੀਅਲ ਮਸੀਹ ਭੱਟੀ ਨੇ ਕਿਹਾ ਕਿ ਪੰਜਾਬ 'ਚ ਘੱਟ ਗਿਣਤੀ ਭਾਈਚਾਰੇ ਦਿਆਂ ਹੱਕਾਂ ਤੇ ਹਿੱਤਾਂ ਤੇ ਹੋਣ ਵਾਲੇ ਸੁਭਾਵਿਕ ਨਸ਼ਲੀ ਹਮਲੇ ਨੂੰ ਰੋਕਣ ਲਈ ਜਿਥੇ ਅਸੀਂ ਪੰਜਾਬ ਪੁਲਿਸ ਦੀਆਂ ਸੇਵਾਂਵਾਂ ਪ੍ਰਾਪਤ ਕਰਨੀਆਂ ਹਨ ਉਥੇਂ ਕ੍ਰਿਸ਼ਚਨ ਵੈਲਫੇਅਰ ਬੋਰਡ ਵੱਲੋਂ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਵੱਲੋਂ ਦਿੱਤੀਆਂ ਸ਼ਕਤੀਆਂ ਦੀ ਵਰਤੋਂ ਕਰਦਿਆਂ ਈਸਾਈ ਸਮੁਦਾਈ ਨੂੰ ਬਣਦਾ ਮਾਣ ਸਤਿਕਾਰ ਦਿੱਤਾ ਜਾਵੇਗਾ।

ਉਨ੍ਹਾ ਨੇ ਕਿਹਾ ਕਿ ਧਰਮ ਦੇ ਪ੍ਰਚਾਰ 'ਚ ਕੁਝ ਅਖੌਤੀ ਜਨੂੰਨੀਆਂ ਵੱਲੋਂ ਪਾਏ ਜਾ ਰਹੇ ਖੱਲਲ ਨੂੰ ਰੋਕਣ ਲਈ ਰਾਜ ਸਰਕਾਰ ਨਾਲ ਪਲਾਨਿੰਗ ਕਰਕੇ ਹਰ ਸਥਿਤੀ ਦਾ ਸਾਹਮਣਾ ਕਰਨ ਲਈ ਪ੍ਰਸਾਸਨਿਕ ਪੱਧਰ ਤੇ ਤਿਆਰੀ ਕਰਨਗੇ।ਡੇਨੀਅਲ ਮਸੀਹ ਭੱਟੀ ਨੇ ਕਿਹਾ ਕਿ ਚਰਚਾ ਨੂੰ ਲੈਕੇ ਆ ਰਹੀਆਂ ਦਿੱਕਤਾਂ ਨੂੰ ਦੂਰ ਕਰਨ ਲਈ ਪਾਸਟਰਾਂ, ਬਿਸਪਜ਼ ਨੂੰ ਕ੍ਰਿਸ਼ਚਨ ਭਲਾਈ ਬੋਰਡ ਸੰਗਤ ਦਰਸ਼ਨ ਦੀ ਤਰਜ਼ ਤੇ ਸੁਣਿਆਂ ਜਾਵੇਗਾ। ਇਸ ਮੌਕੇ ਘੱਟ ਗਿਣਤੀ ਲੋਕ ਭਲਾਈ ਸੰਸਥਾ ਦੇ ਪ੍ਰਧਾਨ ਸਤਨਾਮ ਸਿੰਘ ਗਿੱਲ ਨੇ ਚੇਅਰਮੈਨ ਕ੍ਰਿਸਚਨ ਭਲਾਈ ਬੋਰਡ ਡੇਨੀਅਲ ਮਸੀਹ ਭੱਟੀ ਨੂੰ ਸਨਮਾਨਿਤ ਕੀਤਾ।ਇਸ ਮੌਕੇ ਸਤਨਾਮ ਸਿੰਘ ਗਿੱਲ ਦੇ ਲੋਕ ਸੰਪਰਕ ਅਫਸਰ ਅੰਮ੍ਰਿਤਪਾਲ ਸਿੰਘ ਸ਼ਾਹਪੁਰ ਆਦਿ ਹਾਜਰ ਸਨ।

## ਤ੍ਰੈ ਸ਼ਤਾਬਦੀ ਗੁਰੂ ਗੋਬਿੰਦ ਸਿੰਘ ਖ਼ਾਲਸਾ ਕਾਲਜ ਵਿਖੇ ਕਰਵਾਇਆ ਪਲੇਸਮੈਂਟ ਸੈਮੀਨਾਰ

ਅੰਮ੍ਰਿਤਸਰ, 28 ਅਗਸਤ (ਬਬਲੂ ਮਹਾਜਨ): ਤ੍ਰੈ ਸ਼ਤਾਬਦੀ ਗੁਰੂ ਗੋਬਿੰਦ ਸਿੰਘ




ਖਾਲਸਾ ਕਾਲਜ ਦੇ ਪ੍ਰਿੰਸੀਪਲ ਡਾ ਕੁਲਵਿੰਦਰ ਸਿੰਘ ਨੇ ਦੱਸਿਆ ਕਿ 21 ਅਗਸਤ ਤੋਂ 27 ਅਗਸਤ ਤੀਕ 7 ਦਿਨ ਦੀ ਸੁਖਮਿੰਦਰ ਸਿੰਘ ਸਕੱਤਰ ਵਿਦਿਆ ਦੇ ਉਦਮ ਸਦਕਾ ਡਾਇਰੈਕਟੋਰੇਟ ਆਫ ਐਜੂਕੇਸ਼ਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋ ਹਰ ਸਾਲ ਦੀ ਤਰ੍ਹਾਂ ਮਹਿੰਦਰਾ ਐਂਡ ਮਹਿੰਦਰਾ ਕੰਪਨੀ ਦੇ ਨੰਦੀ ਫਾਂਉਡੇਸ਼ਨ ਰਾਹੀਂ ਕਾਲਜ ਦੇ ਪਲੇਸਮੈਂਟ ਇੰਚਾਰਜ ਪ੍ਰੋ ਰਜਨੀ ਸੈਣੀ ਦੀ ਦੇਖ ਰੇਖ ਵਿੱਚ ਗਰੈਜੂਏਸ਼ਨ ਦੇ ਫਾਈਨਲ ਕਲਾਸਾਂ ਦੀਆਂ ਵਿਦਿਆਰਥਣਾਂ ਲਈ ਟ੍ਰੇਨਿੰਗ ਕੈਂਪ ਲਗਾਇਆ ਗਿਆ ਜਿਸ ਵਿੱਚ ਸ਼ਵੇਤਾ ਬਤੌਰ ਟ੍ਰੇਨਰ ਵਿਦਿਆਰਥਣਾਂ ਦੇ ਰੂਬਰੂ ਹੋਏ। ਇਸ ਕੈਂਪ 'ਚ ਲਗਭਗ 60 ਵਿਦਿਆਰਥਣਾਂ ਨੇ ਭਾਗ ਲਿਆ। ਇਸ 7 ਦਿਨ ਦੀ ਟ੍ਰੇਨਿੰਗ ਦੌਰਾਨ ਵਿਦਿਆਰਥਣਾਂ ਨੂੰ ਭਵਿੱਖ ਵਿੱਚ ਸਮਾਂ ਤੇ ਪੈਸੇ ਦੀ ਕਦਰ, ਇਟਰਵਿਊ ਸਮੇ ਆਪਣੇ ਆਪ ਬਾਰੇ ਜਾਣਕਾਰੀ ਦੇਣ ਦਾ ਤਰੀਕਾ, ਟੀਮ 'ਚ ਰਹਿ ਕੇ ਕੰਮ ਕਰਨਾ, ਕਿਸੇ ਵੀ ਸਮੱਸਿਆ ਦਾ ਮੋਕੇ ਤੇ ਫੈਸਲਾ ਲੈਣਾ, ਆਪਣੇ ਆਪ ਤੇ ਭਰੋਸਾ , ਬਾਇਓ ਡਾਟਾ ਤਿਆਰ ਕਰਨਾ, ਇੰਟਰਵਿਊ ਵਿੱਚ ਜਾਣ ਸਮੇਂ ਡਰੈਸਿੰਗ ਤਰੀਕਾ, ਗੱਲਬਾਤ ਕਰਨ ਦਾ ਤਰੀਕਾ ਆਦਿ ਵਿਸ਼ਿਆਂ ਤੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ। ਵਿਦਿਆਰਥਣਾਂ ਨੇ ਕਿਹਾ ਕਿ ਅਜਿਹੇ ਟ੍ਰੇਨਿੰਗ ਕੈਂਪ ਉਨ੍ਹਾਂ ਲਈ ਆਉਣ ਵਾਲੇ ਸਮੇਂ ਦੌਰਾਨ ਬਹੁਤ ਹੀ ਫਾਇਦੇਮੰਦ ਹੋਣਗੇ। ਕਾਲਜ ਪ੍ਰਿੰਸੀਪਲ ਡਾ. ਕੁਲਵਿੰਦਰ ਸਿੰਘ ਨੇ ਵਿਦਿਆਰਥੀਆਂ ਨੂੰ ਸੰਬੋਧਨ ਹੁੰਦਿਆਂ ਕਿਹਾ ਕਿ ਕਾਲਜ ਮੈਨੇਜਮੈਟ ਵਿਦਿਆਰਥੀਆਂ ਦੇ ਸਰਬਪੱਖੀ ਵਿਕਾਸ ਲਈ ਵਚਨਬੱਧ ਹੈ ।ਆਪਣੀ ਪੜ੍ਹਾਈ ਪੂਰੀ ਹੋਣ ਤੇ ਵਿਦਿਆਰਥਣਾਂ ਨੂੰ ਕਿਸੇ ਵਿਭਾਗ ਵਿੱਚ ਇੰਟਰਵਿਊ ਦੇਣ ਸਮੇਂ ਟ੍ਰੇਨਰ ਵਲੋਂ ਦੱਸੇ ਗਏ ਨਿੱਕੇ ਨਿੱਕੇ ਲੋੜੀਦੇ ਨੁਕਤੇ ਬਹੁਤ ਹੀ ਫਾਇਦੇਮੰਦ ਹੋਣਗੇ।

ਉਨ੍ਹਾਂ ਅੱਗੇ ਦੱਸਿਆ ਕਿ ਸਕੱਤਰ ਵਿਦਿਆ ਵਲੋਂ ਵਿਦਿਆਰਥੀਆਂ ਲਈ ਐਨ ਡੀ ਏ ਟੈਸਟ ਲਈ ਫ੍ਰੀ ਕੋਚਿੰਗ, ਆਈ ਏ ਐਸ/ਪੀ ਸੀ ਐਸ ਦੇ ਟੈਸਟਾਂ ਲਈ ਫ੍ਰੀ ਕੋਚਿੰਗ, ਅੰਗਰੇਜ਼ੀ ਵਿਸ਼ੇ ਤੇ ਸੀ ਸੈਟ ਦੀਆਂ ਆਨ ਲਾਈਨ ਕਲਾਸਾਂ ਦਾ ਪ੍ਰਬੰਧ ਕਰਨਾ ਬਹੁਤ ਹੀ ਸ਼ਲਾਘਾਯੋਗ ਉਪਰਾਲਾ ਹੈ। ਕਾਲਜ ਪ੍ਰਿੰਸੀਪਲ, ਪਲੇਸਮੈਟ ਇੰਚਾਰਜ ਤੇ ਵਿਦਿਆਰਥੀਆਂ ਨੇ ਸੁਖਮਿੰਦਰ ਸਿੰਘ ਸਕੱਤਰ ਵਿਦਿਆ ਦਾ ਅਜਿਹੇ ਕੈਂਪਾਂ ਲਈ ਵਧੀਆ ਟ੍ਰੇਨਰ ਦਾ ਪ੍ਰਬੰਧ ਕਰਨਾ ਤੇ ਬਾਕੀ ਕਾਰਜਾਂ ਲਈ ਧੰਨਵਾਦ ਕੀਤਾ। ਕੈਂਪ ਦੇ ਆਖ਼ਰੀ ਦਿਨ ਕੈਂਪ ਦੌਰਾਨ ਕਰਵਾਈਆਂ ਗਈਆਂ ਗਤੀਵਿਧੀਆਂ 'ਚ ਜੇਤੂ ਵਿਦਿਆਰਥਣਾਂ ਨੂੰ ਨੰਦੀ ਫਾਂਉਡੇਸ਼ਨ ਵਲੋ ਇਨਾਮ ਤਕਸੀਮ ਕੀਤੇ ਗਏ। ਆਖੀਰ 'ਚ ਕਾਲਜ ਪ੍ਰਿੰਸੀਪਲ ਤੇ ਸਟਾਫ ਨੇ ਸ਼ਵੇਤਾ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ।

## ਖ਼ਾਲਸਾ ਕਾਲਜ ਦਾ ਆਸਟ੍ਰੇਲੀਆ ਦੀ ਸ਼ਪੇਂਜ਼ਾ ਟੈਕਨਾਲੌਜੀਜ਼ ਨਾਲ ਹੋਇਆ ਸਮਝੌਤਾ

ਅੰਮ੍ਰਿਤਸਰ, 28 ਅਗਸਤ (ਬਬਲੂ ਮਹਾਜਨ): ਖ਼ਾਲਸਾ ਕਾਲਜ ਦੇ



ਸਕੂਲ ਆਫ਼ ਕੰਪਿਊਟਰ ਸਾਇੰਸ ਐਂਡ ਐਪਲੀਕੇਸ਼ਨਜ਼ ਨੇ ਆਸਟਰੇਲੀਆ ਦੀ ਪ੍ਰਮੁੱਖ ਟੈਕਨਾਲੋਜੀ ਕੰਪਨੀ "ਸ਼ਪੇਂਜ਼ਾ ਟੈਕਨਾਲੋਜੀਜ਼" ਨਾਲ ਇਕ ਮਹੱਤਵਪੂਰਨ ਸਮਝੌਤਾ ਕੀਤਾ ਹੈ, ਜੋ ਗਲੋਬਲ ਅਕਾਦਮਿਕ ਉਦਯੋਗਿਕ ਸਹਿਯੋਗ ਦੀ ਨਵੀਂ ਪਹਿਚਾਨ ਹੈ। ਇਸ ਸਮਝੌਤੇ ਦਾ ਮੁੱਖ ਉਦੇਸ਼ ਅਕਾਦਮਿਕ ਸੰਸਥਾਵਾਂ ਅਤੇ ਉਦਯੋਗ ਵਿਚਕਾਰ ਸਹਿਯੋਗੀ ਮਾਹੌਲ ਬਣਾਉਣਾ ਹੈ ਤਾਂ ਜੋ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਉਦਯੋਗ ਨਾਲ ਸਬੰਧਿਤ ਤਾਲੀਮ ਤੇ ਹੁਨਰ ਵਿਕਾਸ ਕਾਰਜਕ੍ਰਮਾਂ ਰਾਹੀਂ ਸਮਰੱਥ ਬਣਾਇਆ ਜਾ ਸਕੇ।

ਇਸ ਸਬੰਧੀ ਕਾਲਜ ਪ੍ਰਿੰਸੀਪਲ ਡਾ. ਆਤਮ ਸਿੰਘ ਰੰਧਾਵਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹ ਭਾਈਚਾਰਾ ਰੋਜ਼ਗਾਰ ਯੋਗਤਾ 'ਚ ਵਾਧਾ ਕਰਨ, ਤਕਨਾਲੋਜੀ ਨਵੀਨਤਾ ਨੂੰ ਉਤਸ਼ਾਹਿਤ ਕਰਨ ਅਤੇ ਅਕਾਦਮਿਕ ਪਾਠਕ੍ਰਮ ਨੂੰ ਵਿਸ਼ਵ ਪੱਧਰੀ ਮਿਆਰਾਂ ਦੇ ਅਨੁਕੂਲ ਬਣਾਉਣ ਲਈ ਤੱਤਪਰ ਹੈ। ਉਨ੍ਹਾਂ ਕਿਹਾ ਕਿ ਇਸ ਸਮਝੌਤੇ ਮੌਕੇ ਉਕਤ ਕੰਪਨੀ ਦੇ ਸੀ. ਈ. ਓ. ਸੁਮਿਤ ਸਿੰਘ ਚੱਢਾ, ਅਕਾਦਮਿਕ ਮਾਮਲੇ ਡੀਨ ਡਾ. ਤਮਿੰਦਰ ਸਿੰਘ ਭਾਟੀਆ, ਵਿਭਾਗ ਮੁੱਖੀ ਡਾ. ਸੁਖਵਿੰਦਰ ਕੌਰ, ਟੈਕ ਏਰਾ ਸੋਸਾਇਟੀ ਸਹਿ-ਕੋਆਰਡੀਨੇਟਰ ਡਾ. ਮਨੀ ਅਰੋੜਾ ਤੇ ਕੰਪਿਊਟਰ ਸਾਇੰਸ ਵਿਭਾਗ ਫੈਕਲਟੀ ਡਾ. ਅਨੁਰੀਤ ਕੌਰ ਮੌਜੂਦ ਸਨ। ਉਨ੍ਹਾਂ ਕਿਹਾ ਕਿ ਉਕਤ ਸਮਝੌਤੇ ਤਹਿਤ ਸ਼ਪੇਂਜ਼ਾ ਵੱਲੋਂ ਵਿਦਿਆਰਥੀਆਂ ਅਤੇ ਅਧਿਆਪਕਾਂ ਲਈ ਆਰਟੀਫੀਸ਼ੀਅਲ ਇੰਟੈਲੀਜੈਂਸ, ਡੇਟਾ ਸਾਇੰਸ, ਮਸ਼ੀਨ ਲਰਨਿੰਗ, ਸਾਈਬਰ ਸੁਰੱਖਿਆ, ਕਲਾਉਡ ਕੰਪਿਊਟਿੰਗ ਤੇ ਹੋਰ ਉਭਰਦੀਆਂ ਤਕਨਾਲੋਜੀਆਂ 'ਚ ਆਨਲਾਈਨ ਤੇ ਆਫ- ਲਾਈਨ ਸਰਟੀਫਾਈਡ ਕੋਰਸ ਮੁਹੱਈਆ ਕਰਵਾਏ ਜਾਣਗੇ। ਉਨ੍ਹਾਂ ਕਿਹਾ ਕਿ ਉਕਤ ਤਾਲਮੇਲ 'ਚ ਵਿਸ਼ੇਸ਼ ਤਾਲੀਮੀ ਮਾਡਿਊਲਾਂ ਦੀ ਰਚਨਾ ਅਤੇ ਡਿਲੀਵਰੀ, ਅਧਿਆਪਕ ਵਿਕਾਸ ਕਾਰਜਕ੍ਰਮ, ਟੈਕ ਟਾਕਸ, ਹੈਕਾਥਾਨ, ਵੈਬੀਨਾਰ ਅਤੇ ਸਾਂਝੇ ਸਰਟੀਫ਼ਿਕੇਸ਼ਨ ਇਨੀਸ਼ੀਏਟਿਵ ਵੀ ਸ਼ਾਮਿਲ ਹਨ। ਉਨ੍ਹਾਂ ਉਕਤ ਵਿਭਾਗ ਦੇ ਯਤਨਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਹ ਸਮਝੌਤਾ 5 ਸਾਲਾਂ ਲਈ ਲਾਗੂ ਰਹੇਗਾ ਅਤੇ ਇਸ ਅਧੀਨ ਸਾਂਝੇ ਪ੍ਰੋਜੈਕਟਾਂ, ਗਿਆਨ ਦੇ ਅਦਾਨ ਪ੍ਰਦਾਨ ਅਤੇ ਮੁੱਲ ਵਧਾਉਣ ਵਾਲੀਆਂ ਤਾਲੀਮੀ ਗਤੀਵਿਧੀਆਂ ਲਈ ਰਣਨੀਤਕ ਢਾਂਚਾ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਉਕਤ ਉਪਰਾਲਾ ਕਾਲਜ ਦੇ ਵਿਦਿਆਰਥੀਆਂ ਨੂੰ ਵਿਸ਼ਵ ਪੱਧਰੀ ਸਿੱਖਣ ਦੇ ਅਨੁਭਵ ਦੇਣ ਅਤੇ ਉਨ੍ਹਾਂ ਨੂੰ 21ਵੀਂ ਸਦੀ ਦੇ ਹੁਨਰਾਂ ਨਾਲ ਲੈਸ ਕਰਨ ਦੀ ਲਗਾਤਾਰ ਕੋਸ਼ਿਸ਼ ਨੂੰ ਦਰਸਾਉਂਦਾ ਹੈ।

## ਸਰਕਾਰ ਦੀਆਂ ਹਦਾਇਤਾਂ ਦੀ ਪੂਰਨ ਤੌਰ 'ਤੇ ਪਾਲਣਾ ਕੀਤੀ ਜਾਂਦੀ ਹੈ :ਮਨਪ੍ਰੀਤ ਸਿੰਘ



ਰਈਆ 28 ਅਗਸਤ (ਰਾਕੇਸ਼ ਸਲਵਾਨ): ਪਟਵਾਰੀ ਮਨਪ੍ਰੀਤ ਸਿੰਘ ਨਾਲ ਲੋਕਾਂ ਦੇ ਕੰਮ ਕਾਜ ਨੂੰ ਲੈ ਕੇ ਗੱਲਬਾਤ ਕੀਤੀ ਜਿਨ੍ਹਾਂ ਵੱਲੋ ਦੱਸਿਆ ਗਿਆ ਕਿ ਸਾਡੀ ਹਰ ਵੇਲੇ ਏਹੀ ਕੋਸ਼ਿਸ ਹੁੰਦੀ ਹੈ ਕਿ ਲੋਕਾਂ ਨੂੰ ਕਿਸੇ ਵੀ ਗੱਲ ਦੀ ਕੋਈ ਪਰੇਸ਼ਾਨੀ ਨਾ ਆਵੇ ਸਾਡੇ ਵੱਲੋ ਲੋਕਾਂ ਦਾ ਕੰਮ ਸਮੇ ਸਿਰ ਕੀਤਾ ਜਾਂਦਾ ਹੈ ਮਨਪ੍ਰੀਤ ਵੱਲੋ ਦੱਸਿਆ ਗਿਆ ਕਿ ਸਰਕਲ ਰਈਆ ਦੇ ਪਟਵਾਰ ਖਾਨੇ ਦਾ ਕੰਮ ਮੇਰੇ ਕੋਲ ਹੈ ਅਤੇ ਲੋਕਾਂ ਨੂੰ ਵੀ ਅਪੀਲ ਕੀਤੀ ਜਾਂਦੀ ਹੈ ਕਿ ਰਈਆ ਦਾ ਪਟਵਾਰ ਖਾਨੇ ਸੰਬੰਧੀ ਕੋਈ ਵੀ ਕੰਮ ਹੋਵੇ ਸ਼ਿਧੇ ਦਫਤਰ ਆਇਆ ਜਾਵੇ ਸਰਕਾਰੀ ਫੀਸ ਤੋਂ ਇਲਾਵਾ ਕੋਈ ਵੀ ਪੈਸਾ ਕਿਸੇ ਨੂੰ ਨਾ ਦਿੱਤਾ ਜਾਵੇ ਹਰ ਇੱਕ ਦਾ ਕੰਮ ਪਹਿਲ ਦੇ ਅਧਾਰ ਤੇ ਕੀਤਾ ਜਾਵੇਗਾ ਮਨਪ੍ਰੀਤ ਵੱਲੋ ਆਖਿਆ ਗਿਆ ਕਿ ਸਰਕਾਰ ਦੀਆ ਦਿੱਤੀਆਂ ਹਦਾਇਤਾਂ ਦੀ ਪੂਰਨ ਤੋਰ ਤੇ ਪਾਲਣਾ ਕੀਤਾ ਜਾਂਦੀ ਹੈ ਅਤੇ ਲੋਕਾਂ ਨੂੰ ਕਿਸੇ ਵੀ ਕੰਮ ਦੀ ਖੱਜਲ ਖੁਆਰੀ ਨਹੀਂ ਹੋਣ ਦਿੱਤੀ ਜਾਂਦੀ ਜਿਨ੍ਹਾਂ ਲੋਕਾਂ ਦੇ ਕੰਮ ਦਾ ਰਿਕਾਰਡ ਚੈਕ ਕਰਕੇ ਹੋਣਾ ਹੁੰਦਾ ਉਹਨਾਂ ਨੂੰ ਵੀ ਦਿੱਤੇ ਗਏ ਸਮੇ ਤੇ ਉਹਨਾਂ ਦਾ ਕਾਗਜ਼ੀ ਕੰਮ ਕਰਕੇ ਫੋਨ ਤੇ ਦੱਸ ਦਿੱਤਾ ਜਾਂਦਾ ਹੈ ਲੋਕਾਂ ਨੂੰ ਕਿਸੇ ਵੀ ਕੰਮ ਦੇ ਪਰੇਸ਼ਾਨੀ ਨਹੀਂ ਹੋਣ ਦਿੱਤੀ ਜਾਵੇਗੀ ਸਵਰੇ ਦੇ ਨੋ ਵਜੇ ਤੋਂ ਸ਼ਾਮ ਪੰਜ ਵਜੇ ਤੱਕ ਲੋਕਾਂ ਦੇ ਕੰਮ ਕਾਜ ਕੀਤੇ ਜਾਂਦੇ ਹਨ ਪਟਵਾਰ ਖਾਨੇ ਵਿੱਚ ਬੈਠੇ ਕੁੱਝ ਲੋਕਾਂ ਨਾਲ ਵੀ ਗੱਲ ਬਾਤ ਕੀਤੀ ਗਈ ਜਿਨ੍ਹਾਂ ਵੱਲੋ ਦੱਸਿਆ ਗਿਆ ਕਿ ਸਾਡੇ ਕੰਮ ਸਮੇ ਤੇ ਹੋ ਰਹੇ ਹਨ ਅਤੇ ਸਰਕਾਰੀ ਫੀਸ ਤੋਂ ਇਲਾਵਾ ਕਿਸੇ ਕਿਸਮ ਦਾ ਵਾਧੂ ਪੈਸਾ ਨਹੀਂ ਮੰਗਿਆ ਜਾਂਦਾ।

# ਸੀ.ਪੀ.ਆਈ. ਦੇ ਲੋਕ ਚੇਤਨਾ ਜੱਥਾ ਮਾਰਚ ਦੌਰਾਨ ਵਿਸ਼ਾਲ ਜਨਤਕ ਸਮਾਗਮ

ਲੁਧਿਆਣਾ, 28 ਅਗਸਤ (ਰਵਿੰਦਰ ਸਿੰਘ ਨਿੱਝਰ) : ਭਾਰਤੀ ਕਮਿਊਨਿਸਟ ਪਾਰਟੀ ਦਾ 25ਵਾਂ ਮਹਾਂ ਸੰਮੇਲਨ, 21 ਤੋਂ 25 ਸਤੰਬਰ ਚੰਡੀਗੜ੍ਹ ਵਿਖੇ ਹੋਣ ਜਾ ਰਿਹਾ ਹੈ,ਜੋ ਪਾਰਟੀ ਦੇ ਸੌਵੇਂ ਸਾਲ ਦੌਰਾਨ ਹੋ ਰਿਹਾ ਹੈ। ਉਸ ਦੇ ਤਹਿਤ ਦੇਸ਼ ਦੁਨੀਆ ਨੂੰ ਦਰਪੇਸ਼ ਮਸਲਿਆਂ ਅਤੇ ਉਨ੍ਹਾਂ ਦੇ ਹੱਲ ਬਾਰੇ ਲੋਕ ਚੇਤਨਾ ਪੈਦਾ ਕਰਨ ਦੇ ਲਈ ਪੰਜਾਬ ਵਿੱਚ ਵੱਖ-ਵੱਖ ਜੱਥੇ ਤੋਰੇ ਗਏ ਹਨ। ਇੱਕ ਜੱਥਾ ਹੁਸੈਨੀਵਾਲਾ, ਸ਼ਹੀਦ ਭਗਤ ਸਿੰਘ, ਰਾਜਗੁਰੂ, ਸੁਖਦੇਵ ਦੀ ਯਾਦਗਾਰ ਤੋਂ ਆਰੰਭ ਹੋ ਕੇ ਅੱਜ ਉਸਦੀ ਸਮਾਪਤੀ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਸਰਾਭਾ ਵਿਖੇ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਜੱਦੀ ਪਿੰਡ ਸਰਾਭਾ ਵਿਖੇ ਹੋਈ। ਅੱਜ ਸਵੇਰੇ ਸਭ ਤੋਂ ਪਹਿਲਾਂ ਦੋਰਾਹਾ ਵਿਖੇ ਮੇਨ ਬਾਜ਼ਾਰ ਵਿੱਚ ਜੱਥਾ ਮਾਰਚ ਕੀਤਾ ਗਿਆ, ਰੈਲੀ ਕੀਤੀ ਗਈ ਤੇ ਉਪਰੰਤ ਮਲੌਦ ਵਿਖੇ ਪਾਰਟੀ ਦੇ ਬਲਾਕ ਸਕੱਤਰ ਕਾਮਰੇਡ ਭਗਵਾਨ ਸਿੰਘ ਸੋਮਲਖੇੜੀ ਦੀ ਅਗਵਾਈ ਹੇਠ ਇੱਕ ਵਿਸ਼ਾਲ ਜਨਤਕ ਸਮਾਗਮ ਕੀਤਾ ਗਿਆ ਜਿਸ ਨੂੰ ਪ੍ਰਮੁੱਖ ਤੌਰ 'ਤੇ ਸੀ ਪੀ ਆਈ ਦੇ ਕੌਮੀ ਸਕਤਰੇਤ ਦੇ ਮੈਂਬਰ ਕਾਮਰੇਡ ਅਮਰਜੀਤ ਕੌਰ ਨੇ ਸੰਬੋਧਨ ਕੀਤਾ। ਉਹਨਾਂ ਦੱਸਿਆ ਕਿ ਅੱਜ ਦੇਸ਼ ਦੇ ਮਿਹਨਤਕਸ਼ ਅਵਾਮ ਦੇ ਸਾਹਮਣੇ ਬਹੁਤ ਵੱਡੀਆਂ ਵੱਡੀਆਂ ਚੁਣੌਤੀਆਂ ਖੜੀਆਂ ਹਨ ਜਿਨਾਂ ਵਿੱਚੋਂ ਕੁਝ ਸਿਹਤ, ਸਿੱਖਿਆ ਰੁਜ਼ਗਾਰ ਅਤੇ ਮਹਿੰਗਾਈ ਦੀਆਂ ਸਮੱਸਿਆਵਾਂ ਹਨ। ਦੇਸ਼ ਦਾ ਜੋ ਧਰਮ ਨਿਰਪੱਖ ਤੇ ਜਮਹੂਰੀ ਢਾਂਚਾ ਹੈ ਉਸਨੂੰ ਤਹਿਸ ਨਹਿਸ ਕਰਨ ਦੀ ਮੋਦੀ ਸਰਕਾਰ ਵੱਲੋਂ ਪੂਰੀਆਂ ਕੁਚਾਲਾਂ ਚਲੀਆਂ ਜਾ ਰਹੀਆਂ ਹਨ। ਘੱਟ ਗਿਣਤੀਆਂ 'ਤੇ ਕੋਈ ਨਾ ਕੋਈ ਫਰਜ਼ੀ ਕਾਰਨ ਬਣਾ ਕੇ ਹਮਲੇ ਕੀਤੇ ਜਾ ਰਹੇ ਹਨ, ਔਰਤਾਂ ਦੇ ਅਧਿਕਾਰਾਂ ਦਾ ਘਾਣ ਕੀਤਾ ਜਾ ਰਿਹਾ ਹੈ, ਦਲਿਤਾਂ ਦੇ ਉੱਪਰ ਵੀ ਅਖੌਤੀ ਉੱਚ ਜਾਤੀਆਂ ਵੱਲੋਂ ਹਮਲੇ ਵਧ ਗਏ ਹਨ। ਸੰਵਿਧਾਨ ਦੀਆਂ ਧੱਜੀਆਂ ਉਡਾਈਆਂ ਜਾ ਰਹੀਆਂ ਹਨ। ਸਾਰੀਆਂ ਸੰਵਿਧਾਨਿਕ ਸੰਸਥਾਵਾਂ, ਇੱਥੋਂ ਤੱਕ ਕਿ ਨਿਆਂ ਪਾਲਿਕਾ ਅਤੇ ਚੋਣ ਕਮਿਸ਼ਨ ਵੀ ਇਸ ਸਰਕਾਰੀ ਦਬਾਅ ਤੋਂ ਬਾਹਰ ਨਹੀਂ ਰਹੇ। ਇਸ ਲਈ ਕਮਿਊਨਿਸਟ ਪਾਰਟੀ ਦੇ ਸਾਹਮਣੇ ਸੰਵਿਧਾਨ ਦੀ ਰਾਖੀ ਅਤੇ ਲੋਕਾਂ ਦੇ ਹੱਕਾਂ ਦੀ ਰਾਖੀ ਕਰਨ ਲਈ ਬਹੁਤ ਵੱਡਾ ਕੰਮ ਸਾਹਮਣੇ ਖੜ੍ਹਾ ਹੈ। ਮਲੌਦ ਤੋਂ ਉਪਰੰਤ ਇਹ ਜਥਾ ਪਿੰਡ ਸਰਾਭਾ ਪੁੱਜਾ ਜਿੱਥੇ ਕਿ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਬੁੱਤ ਨੂੰ ਹਾਰ ਪਾ ਕੇ ਉਹਨਾਂ ਦੇ ਵੱਲੋਂ ਦਿਖਾਏ ਗਏ ਕਦਮਾਂ 'ਤੇ ਚੱਲਣ ਦਾ ਪ੍ਰਣ ਲਿਆ ਗਿਆ। ਇਸ ਮੌਕੇ ਕਾਮਰੇਡ ਡੀ ਪੀ ਮੌੜ, ਐਮ ਐਸ ਭਾਟੀਆ, ਚਮਕੌਰ ਸਿੰਘ, ਨਰੇਸ਼ ਗੌੜ, ਡਾਕਟਰ ਅਰੁਣ ਮਿਤਰਾ, ਡਾਕਟਰ ਰਜਿੰਦਰ ਪਾਲ, ਕਾਮਰੇਡ ਰਮੇਸ਼ ਰਤਨ, ਵਿਜੇ ਕੁਮਾਰ, ਗੁਲਜ਼ਾਰ ਪੰਧੇਰ, ਗੁਰਮੇਲ ਮੇਹਲੀ, ਜਗਦੀਸ਼ ਬੌਬੀ, ਨਿਰੰਜਨ ਸਿੰਘ, ਹਰਮਿੰਦਰ ਸੇਠ ਆਦਿ ਨੇ ਸੰਬੋਧਨ ਕੀਤਾ।

# ਰੋਮ ਸੜ ਰਿਹੈ ਅਤੇ ਨੀਰੋ ਬੰਸਰੀ ਵਜਾ ਰਿਹੈ : ਬਾਵਾ



ਲੁਧਿਆਣਾ, 28 ਅਗਸਤ (ਰਵਿੰਦਰ ਸਿੰਘ ਨਿੱਝਰ) : ਸੀਨੀਅਰ ਕਾਂਗਰਸੀ ਨੇਤਾ ਕ੍ਰਿਸ਼ਨ ਕੁਮਾਰ ਬਾਵਾ ਕੋਆਰਡੀਨੇਟਰ ਕੁੱਲ ਹਿੰਦ ਕਾਂਗਰਸ (ਓ.ਬੀ.ਸੀ) ਇੰਚਾਰਜ ਹਿਮਾਚਲ ਪ੍ਰਦੇਸ਼ ਨੇ ਆਪਣੇ ਬਿਆਨ ਵਿੱਚ ਕਿਹਾ ਹੈ ਕਿ ਪੰਜਾਬ ਡੁੱਬ ਰਿਹਾ ਹੈ। ਮੁੱਖ ਮੰਤਰੀ ਦੂਜੇ ਸੂਬੇ ਤਾਮਿਲਨਾਡੂ 'ਚ ਜਾ ਕੇ ਇਡਲੀ ਡੋਸਾ ਖਾ ਰਹੇ ਹਨ। ਉਹਨਾਂ ਕਿਹਾ ਕਿ ਪਿਛਲੇ ਸਾਲ ਲੋਕ ਹੜ੍ਹਾਂ ਵਿੱਚ ਡੁੱਬ ਰਹੇ ਸਨ ਤਾਂ ਸ਼੍ਰੀ ਮਾਨ ਮੁਰਗੀ, ਡੰਗਰ - ਵੱਛੇ, ਕੱਦੂ ਦੁਬਾਰਾ ਕਰਨ ਦਾ ਮੁਆਵਜਾ ਦੇਣ ਦੇ ਲੱਛੇਦਾਰ ਭਾਸ਼ਣ ਰਾਹੀਂ ਵਾਅਦੇ ਕਰ ਰਹੇ ਸਨ। ਕੀ ਉਹ ਸਭ ਪੂਰੇ ਹੋਏ..? ਸਰਕਾਰ ਪੰਜਾਬੀਆਂ ਨੂੰ ਜਵਾਬ ਦੇਵੇ ਉਨ੍ਹਾਂ ਕਿਹਾ ਕਿ ਸਰਕਾਰ ਨੇ ਸੂਬੇ ਦੇ ਲੋਕਾਂ ਲਈ ਮਾਨਸੂਨ ਆਉਣ ਤੋਂ ਪਹਿਲਾਂ ਕੋਈ ਵੀ ਪੁਖਤਾ ਨਹੀਂ ਕੀਤੇ ਸਨ, ਜਿਸ ਕਰਕੇ ਲੋਕਾਂ ਨੂੰ ਭਾਰੀ ਮੁਸੀਬਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਹੁਣ ਪਿੰਡਾਂ ਦੇ ਪਿੰਡ ਰੁੜ ਰਹੇ ਹਨ। ਪੰਜਾਬ ਸਰਕਾਰ ਦਾ ਹੈਲੀਕਾਪਟਰ ਕੁਝ ਘੰਟਿਆਂ ਲਈ ਲੋਕਾਂ ਦੇ ਹਵਾਲੇ ਕਰਕੇ ਆਪਣੇ ਆਪ ਨੂੰ ਪੰਜਾਬ ਹਿਤੈਸ਼ੀ ਮੁੱਖ ਮੰਤਰੀ ਸਿੱਧ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਬਾਵਾ ਨੇ ਕਿਹਾ ਕਿ ਨੇਤਾ ਉਹ ਹੁੰਦਾ ਹੈ, ਜੋ ਵਿਸ਼ਾਲ ਹਿਰਦੇ ਦਾ ਮਾਲਕ ਹੋਵੇ। ਕਹਿਣੀ ਅਤੇ ਕਰਨੀ ਦਾ ਪੂਰਾ ਹੋਵੇ।,ਜਿਸ ਦੇ ਦਿਲ ਵਿੱਚ ਸੱਚਾਈ, ਸਾਦਗੀ, ਸਹਿਜ, ਦਇਆ ਦੀ ਭਾਵਨਾ ਹੋਵੇ। ਜੋ ਹਰ ਇੱਕ ਨੂੰ ਗਲੇ ਲਗਾਏ। ਲੋਕਾਂ ਦੇ ਦਰਦ ਨੂੰ ਆਪਣਾ ਦਰਦ ਸਮਝੇ, ਮਜ਼ਾਕ ਨਾ ਕਰੇ।

# ਮੰਤਰੀ ਮੁੰਡੀਆਂ ਅਤੇ ਡੀ.ਸੀ. ਜੈਨ ਵੱਲੋਂ ਹੜ੍ਹਾਂ ਦੀ ਸਥਿਤੀ ਦਾ ਜਾਇਜ਼ਾ



ਲੁਧਿਆਣਾ, 28 ਅਗਸਤ (ਵਿਸ਼ਾਲ ਸ਼ਰਮਾ) : ਮਾਲ ਮੰਤਰੀ ਹਰਦੀਪ ਸਿੰਘ ਮੁੰਡੀਆਂ ਨੇ ਡਿਪਟੀ ਕਮਿਸ਼ਨਰ ਹਿਮਾਂਸ਼ੂ ਜੈਨ ਦੇ ਨਾਲ ਵੀਰਵਾਰ ਨੂੰ ਹੜ੍ਹ ਪ੍ਰਭਾਵਿਤ ਖੇਤਰਾਂ ਦਾ ਜਾਇਜ਼ਾ ਲੈਣ ਅਤੇ ਸਤਲੁਜ ਦਰਿਆ ਦੇ ਨਾਲ ਲੱਗਦੀ ਸਸਰਾਲੀ ਕਲੋਨੀ ਵਿਖੇ ਸਥਿਤੀ ਦਾ ਜਾਇਜ਼ਾ ਲੈਣ ਲਈ ਦੌਰਾ ਕੀਤਾ। ਉਨ੍ਹਾਂ ਪੁਸ਼ਟੀ ਕੀਤੀ ਕਿ ਪਾਣੀ ਦਾ ਪੱਧਰ ਘੱਟ ਗਿਆ ਹੈ ਅਤੇ ਲੁਧਿਆਣਾ ਵਿੱਚ ਸਥਿਤੀ ਪੂਰੀ ਤਰ੍ਹਾਂ ਕਾਬੂ ਹੇਠ ਹੈ। ਆਪਣੇ ਦੌਰੇ ਦੌਰਾਨ ਕੈਬਨਿਟ ਮੰਤਰੀ ਮੁੰਡੀਆਂ ਨੇ ਸੁਲਤਾਨਪੁਰ ਲੋਧੀ ਅਤੇ ਪੰਜਾਬ ਦੇ ਹੋਰ ਹਿੱਸਿਆਂ 'ਤੇ ਬਿਆਸ ਦਰਿਆ ਦੇ ਗੰਭੀਰ ਪ੍ਰਭਾਵ ਨੂੰ ਉਜਾਗਰ ਕੀਤਾ, ਜਿਸ ਨਾਲ ਕਾਫ਼ੀ ਨੁਕਸਾਨ ਹੋਇਆ ਹੈ। ਇੱਥੇ ਸਸਰਾਲੀ ਕਲੋਨੀ ਵਿੱਚ ਸਤਲੁਜ ਦਰਿਆ ਨੇ ਕੁਝ ਝੋਨੇ ਅਤੇ ਪਾਪੂਲਰ ਦੇ ਰੁੱਖਾਂ ਦੇ ਖੇਤਾਂ ਨੂੰ ਪ੍ਰਭਾਵਿਤ ਕੀਤਾ ਹੈ। ਇਸ ਦੇ ਹੱਲ ਲਈ ਮੰਤਰੀ ਨੇ ਐਲਾਨ ਕੀਤਾ ਕਿ ਨੁਕਸਾਨ ਦਾ ਮੁੱਲਾਂਕਣ ਕਰਨ ਲਈ ਇੱਕ ਵਿਸ਼ੇਸ਼ ਗਿਰਦਾਵਰੀ ਦੇ ਹੁਕਮ ਦਿੱਤੇ ਗਏ ਹਨ।

ਮੰਤਰੀ ਨੇ ਅੱਗੇ ਭਰੋਸਾ ਦਿੱਤਾ ਕਿ ਜਿਵੇਂ ਹੀ ਹੜ੍ਹ ਦਾ ਪਾਣੀ ਘੱਟ ਜਾਵੇਗਾ, ਨਿਸ਼ਚਿਤ ਸਮਾਂ-ਸੀਮਾ ਦੇ ਅੰਦਰ ਵਿਸ਼ੇਸ਼ ਗਿਰਦਾਵਰੀ ਕੀਤੀ ਜਾਵੇਗੀ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਸੂਬਾ ਸਰਕਾਰ ਲੋਕਾਂ ਦੇ ਜਾਨ-ਮਾਲ ਦੀ ਰੱਖਿਆ ਲਈ ਹਰ ਸੰਭਵ ਯਤਨ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਸਥਿਤੀ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਸੰਭਾਲਣ ਅਤੇ ਰਾਹਤ ਪ੍ਰਦਾਨ ਕਰਨ ਲਈ ਮੰਤਰੀਆਂ ਦੇ ਸਮੂਹਾਂ ਨੂੰ ਨਿਯੁਕਤ ਕੀਤਾ ਹੈ। ਮੁੰਡੀਆਂ ਨੇ ਅੱਗੇ ਕਿਹਾ, 'ਅਸੀਂ ਹਰ ਕਿਸਾਨ ਨੂੰ ਉਨ੍ਹਾਂ ਦੇ ਨੁਕਸਾਨ ਦੀ ਭਰਪਾਈ ਕਰਨ ਲਈ ਵਚਨਬੱਧ ਹਾਂ ਅਤੇ ਮੈਂ ਪਰਮਾਤਮਾ ਅੱਗੇ ਅਰਦਾਸ ਕਰਦਾ ਹਾਂ ਕਿ ਪੰਜਾਬ ਭਰ ਵਿੱਚ ਜਲਦੀ ਹੀ ਆਮ ਵਰਗੀ ਸਥਿਤੀ ਬਣ ਜਾਵੇ।'

ਡਿਪਟੀ ਕਮਿਸ਼ਨਰ ਹਿਮਾਂਸ਼ੂ ਜੈਨ ਨੇ ਦੁਹਰਾਇਆ ਕਿ ਲੁਧਿਆਣਾ ਵਿੱਚ ਸਥਿਤੀ ਆਮ ਵਾਂਗ ਹੈ। ਉਨ੍ਹਾਂ ਸਿੰਚਾਈ ਵਿਭਾਗ ਨੂੰ ਹਦਾਇਤ ਕੀਤੀ ਕਿ ਧੁੱਸੀ ਬੰਨ੍ਹ ਨੂੰ ਤੁਰੰਤ ਮਜ਼ਬੂਤ ਕੀਤਾ ਜਾਵੇ ਤਾਂ ਜੋ ਇਸ ਦੀ ਮਜ਼ਬੂਤੀ ਨੂੰ ਵਧਾਇਆ ਜਾ ਸਕੇ। ਉਨ੍ਹਾਂ ਨੇ ਵਸਨੀਕਾਂ ਨੂੰ ਅਫਵਾਹਾਂ 'ਤੇ ਵਿਸ਼ਵਾਸ ਨਾ ਕਰਨ ਦੀ ਵੀ ਅਪੀਲ ਕੀਤੀ, ਇਸ ਗੱਲ 'ਤੇ ਜ਼ੋਰ ਦਿੰਦੇ ਹੋਏ ਕਿ ਪ੍ਰਸ਼ਾਸਨ ਚੌਕਸ ਹੈ ਅਤੇ ਸਥਿਤੀ ਕਾਬੂ ਹੇਠ ਹੈ। ਰਾਹਤ ਯਤਨਾਂ ਨੂੰ ਸੁਚਾਰੂ ਬਣਾਉਣ ਲਈ ਹਿਮਾਂਸ਼ੂ ਜੈਨ ਨੇ ਕਿਹਾ ਕਿ ਲੁਧਿਆਣਾ ਦੇ ਸਾਰੇ ਸਬ-ਡਿਵੀਜ਼ਨਲ ਮੈਜਿਸਟ ?ਰੇਟ (ਐਸ.ਡੀ.ਐਮ) ਨੂੰ ਅਸਲ-ਸਮੇਂ ਦੀ ਨਿਗਰਾਨੀ ਲਈ ਜ਼ਮੀਨ 'ਤੇ ਰਹਿਣ ਦੇ ਨਿਰਦੇਸ਼ ਦਿੱਤੇ ਗਏ ਹਨ। ਇਸ ਤੋਂ ਇਲਾਵਾ ਸਾਰੀਆਂ ਸਬ-ਡਿਵੀਜ਼ਨਾਂ ਵਿੱਚ ਹੜ੍ਹ ਕੰਟਰੋਲ ਰੂਮ ਸਥਾਪਤ ਕੀਤੇ ਗਏ ਹਨ, ਜਿਨ੍ਹਾਂ ਵਿੱਚ ਐਮਰਜੈਂਸੀ ਦਾ ਜਵਾਬ ਦੇਣ ਲਈ ਢੁਕਵਾਂ ਸਟਾਫ ਉਪਲਬਧ ਹੈ। ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ (ਡੀ.ਏ.ਸੀ) ਕੰਟਰੋਲ ਰੂਮ ਨਾਲ 0161-2433100 'ਤੇ ਸੰਪਰਕ ਕੀਤਾ ਜਾ ਸਕਦਾ ਹੈ। ਸਬ-ਡਵੀਜ਼ਨ ਕੰਟਰੋਲ ਰੂਮ ਦੇ ਨੰਬਰ ਇਸ ਪ੍ਰਕਾਰ ਹਨ: ਲੁਧਿਆਣਾ ਪੂਰਬੀ (0161-2922330), ਲੁਧਿਆਣਾ ਪੱਛਮੀ (0161-2412555), ਜਗਰਾਉਂ (01624-223256), ਖੰਨਾ (01628-226091), ਸਮਰਾਲਾ (01628-262354), ਪਾਇਲ (01628-276892), ਰਾਏਕੋਟ (01624-264350), ਅਤੇ ਐਮ.ਸੀ ਲੁਧਿਆਣਾ (0161-2749120) ਹੈ।

# ਸਰਕਾਰਾਂ ਹੜ੍ਹਾਂ ਦੀ ਮਾਰ ਹੇਠ ਆਏ ਪਿੰਡਾਂ ਦੀ ਵੱਧ ਤੋਂ ਵੱਧ ਮੱਦਦ ਕਰਨ : ਭੱਲਾ



ਲੁਧਿਆਣਾ, 28 ਅਗਸਤ (ਰਵਿੰਦਰ ਸਿੰਘ ਨਿੱਝਰ) : ਜ਼ਿਲ੍ਹਾ ਕਾਂਗਰਸ ਕਮੇਟੀ ਓਬੀਸੀ ਸੈੱਲ ਦੇ ਕਾਰਜਕਾਰੀ ਚੇਅਰਮੈਨ ਵਰਿੰਦਰ ਭੱਲਾ ਨੇ ਆਖਿਆ ਹੈ ਕਿ ਪੰਜਾਬ ਵਿੱਚ ਆਏ ਹੜ੍ਹਾਂ ਕਾਰਨ ਲੋਕਾਂ ਦਾ ਬਹੁਤ ਨੁਕਸਾਨ ਹੋਇਆ ਹੈ, ਜਿਥੇ ਲੋਕਾਂ ਦੇ ਘਰ ਢਹਿ ਢੇਰੀ ਹੋ ਰਹੇ ਨੇ, ਉਥੇ ਹੀ ਕਿਸਾਨਾਂ ਦੀਆਂ ਫਸਲਾਂ ਵੀ ਬਰਬਾਦ ਹੋ ਗਈਆਂ ਹਨ। ਉਹਨਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਹੜ੍ਹਾਂ ਦੀ ਸਥਿਤੀ ਨਾਲ ਨਜਿੱਠਣ ਲਈ ਪਹਿਲਾਂ ਤੋਂ ਕੋਈ ਵਿਉਂਤਬੰਦੀ ਨਹੀਂ ਕੀਤੀ,ਜਿਸ ਕਿਸਾਨਾਂ ਦੀਆਂ ਫਸਲਾਂ,ਪਸ਼ੂਆਂ ਦਾ ਬਹੁਤ ਨੁਕਸਾਨ ਹੋਇਆ, ਉਥੇ ਅਨੇਕਾਂ ਗਰੀਬ ਲੋਕਾਂ ਘਰ ਦੇ ਢਹਿਣ ਕਰਕੇ ਲੋਕ ਖੁੱਲ੍ਹੇ ਅਸਮਾਨ ਹੇਠ ਰਹਿਣ ਲਈ ਮਜਬੂਰ ਹਨ। ਉਨ੍ਹਾਂ ਕਿਹਾ ਕਿ ਪ੍ਰਸ਼ਾਸਨ ਵੀ ਕੋਈ ਵੱਡੇ ਪੱਧਰ ਸਰਗਰਮ ਨਹੀਂ ਦਿਖਾਈ ਦੇ ਰਿਹਾ। ਉਹਨਾਂ ਸਰਕਾਰ ਕੋਲੋਂ ਮੰਗ ਕਰਦਿਆਂ ਕਿਹਾ ਕਿ ਸਰਕਾਰ ਮੁਸੀਬਤ ਵਿੱਚ ਘਿਰੇ ਲੋਕਾਂ ਦੀ ਹੜਾਂ ਨਾਲ ਖ਼ਰਾਬ ਹੋ ਚੁੱਕੀਆਂ ਫਸਲਾਂ ਦੀ ਤਰੁੰਤ ਗਿਰਦਾਵਰੀ ਕਰਵਾ ਕੇ ਵੱਧ ਤੋਂ ਵੱਧ ਮੁਆਵਜ਼ਾ ਦਿੱਤਾ ਜਾਵੇ। ਪਾਣੀ ਵਿੱਚ ਡੁੱਬ ਕੇ ਮਰਨ ਵਾਲੇ ਪਸ਼ੂਆਂ ਅਤੇ ਗਰੀਬ ਲੋਕਾਂ ਦੇ ਢਹਿ ਚੁੱਕੇ ਮਕਾਨਾਂ ਦਾ ਵੀ ਵੱਧ ਤੋਂ ਵੱਧ ਮੁਆਵਜ਼ਾ ਦਿੱਤਾ ਜਾਵੇ।

# ਗਲਾਡਾ ਨੇ ਅਣ-ਅਧਿਕਾਰਤ ਕਲੋਨੀ 'ਤੇ ਕੀਤੀ ਕਾਰਵਾਈ



ਲੁਧਿਆਣਾ, 28 ਅਗਸਤ (ਵਿਸ਼ਾਲ ਸ਼ਰਮਾ) : ਮਕਾਨ ਅਤੇ ਸ਼ਹਿਰੀ ਵਿਕਾਸ ਮੰਤਰੀ ਹਰਦੀਪ ਸਿੰਘ ਮੁੰਡੀਆਂ ਅਤੇ ਗਲਾਡਾ ਦੇ ਮੁੱਖ ਪ੍ਰਸ਼ਾਸਕ ਸੰਦੀਪ ਕੁਮਾਰ ਦੇ ਨਿਰਦੇਸ਼ਾਂ ਦੀ ਪਾਲਣਾ ਕਰਦੇ ਹੋਏ, ਗਲਾਡਾ ਰੈਗੂਲੇਟਰੀ ਵਿੰਗ ਨੇ ਵੀਰਵਾਰ ਨੂੰ ਪਿੰਡ ਭਾਦਲਾ ਵਿੱਚ ਇੱਕ ਅਣਅਧਿਕਾਰਤ ਕਲੋਨੀ ਢਾਹ ਦਿੱਤੀ, ਜਿਸ ਵਿੱਚ ਸੜਕਾਂ ਢਾਹ ਕੇ ਅਤੇ ਇਨ੍ਹਾਂ ਥਾਵਾਂ 'ਤੇ ਗੈਰ-ਕਾਨੂੰਨੀ ਉਸਾਰੀਆਂ ਅਤੇ ਢਾਂਚਿਆਂ ਦਾ ਨਿਰਮਾਣ ਕੀਤਾ ਗਿਆ। ਕੁਮਾਰ ਨੇ ਕਿਹਾ ਕਿ ਉਨ੍ਹਾਂ ਲੋਕਾਂ ਵਿਰੁੱਧ ਸਜ਼ਾਯੋਗ ਕਾਰਵਾਈ ਕਰਨ ਲਈ ਇੱਕ ਵਿਸ਼ੇਸ਼ ਮੁਹਿੰਮ ਸ਼ੁਰੂ ਕੀਤੀ ਗਈ ਹੈ, ਜੋ ਇਨ੍ਹਾਂ ਅਣਅਧਿਕਾਰਤ ਕਲੋਨੀਆਂ ਵਿੱਚ ਸਸਤੇ ਪਲਾਟ ਦੇਣ ਦੀ ਆੜ ਵਿੱਚ ਮਾਸੂਮ ਵਸਨੀਕਾਂ ਨੂੰ ਲੁੱਟ ਰਹੇ ਸਨ, ਜਿਨ੍ਹਾਂ ਕੋਲ ਕਾਨੂੰਨੀ ਪ੍ਰਵਾਨਗੀ ਅਤੇ ਸਰਕਾਰੀ ਨਿਯਮਾਂ ਦੀ ਪਾਲਣਾ ਨਹੀਂ ਸੀ।

ਮੁੱਖ ਪ੍ਰਸ਼ਾਸਕ ਨੇ ਆਮ ਲੋਕਾਂ ਨੂੰ ਵੀ ਅਪੀਲ ਕੀਤੀ ਕਿ ਉਹ ਅਣਅਧਿਕਾਰਤ ਕਲੋਨੀਆਂ ਵਿੱਚ ਜਾਇਦਾਦ/ਪਲਾਟ/ਇਮਾਰਤਾਂ ਨਾ ਖਰੀਦਣ, ਕਿਉਂਕਿ ਗਲਾਡਾ ਪਾਣੀ ਸਪਲਾਈ, ਸੀਵਰੇਜ਼, ਬਿਜਲੀ ਕੁਨੈਕਸ਼ਨ ਆਦਿ ਵਰਗੀ ਕੋਈ ਸਹੂਲਤ ਪ੍ਰਦਾਨ ਨਹੀਂ ਕਰੇਗਾ। ਮਨਜ਼ੂਰਸ਼ੁਦਾ ਅਤੇ ਨਿਯਮਤ ਕਲੋਨੀਆਂ ਦੀ ਸੂਚੀ ਉਨ੍ਹਾਂ ਦੇ ਮਨਜ਼ੂਰਸ਼ੁਦਾ ਨਕਸ਼ਿਆਂ ਦੇ ਨਾਲ ਗਲਾਡਾ ਦੀ ਅਧਿਕਾਰਤ ਵੈੱਬਸਾਈਟ 'ਤੇ ਉਪਲੱਬਧ ਹੈ, ਜਿਸਦੀ ਸੰਭਾਵੀ ਖਰੀਦਦਾਰ ਕੋਈ ਵੀ ਜਾਇਦਾਦ ਖਰੀਦਣ ਤੋਂ ਪਹਿਲਾਂ ਜਾਂਚ ਕਰ ਸਕਦੇ ਹਨ। ਉਨ੍ਹਾਂ ਅੱਗੇ ਕਿਹਾ ਕਿ ਢਾਹੁਣ ਦੀ ਮੁਹਿੰਮ ਚਲਾਉਣ ਤੋਂ ਇਲਾਵਾ, ਗਲਾਡਾ ਨੇ ਜ਼ਿਲ੍ਹੇ ਵਿੱਚ ਅਣਅਧਿਕਾਰਤ ਕਲੋਨੀਆਂ ਦੇ ਡਿਵੈਲਪਰਾਂ ਵਿਰੁੱਧ ਐਫਆਈਆਰ ਦਰਜ ਕਰਨ ਦੀ ਵੀ ਸਿਫਾਰਸ਼ ਕੀਤੀ ਹੈ।

# ਲੁਧਿਆਣਾ ਵਿਖੇ ਜ਼ੀਆ ਪ੍ਰੋਡਕਸ਼ਨ ਕੰਪਨੀ ਦੇ ਕੀਰਤੀ ਮਿਊਜ਼ਿਕ ਸਟੂਡੀਓ ਦਾ ਉਦਘਾਟਨ



ਲੁਧਿਆਣਾ, 28 ਅਗਸਤ (ਰਵਿੰਦਰ ਸਿੰਘ ਨਿੱਝਰ) : ਸਥਾਨਕ ਪੱਖੋਵਾਲ ਰੋਡ ਸਥਿਤ ਤਲਵਾਰ ਕਲੋਨੀ, ਦਾਦ ਵਿਖੇ ਪੰਜਾਬ ਦੀ ਉੱਘੀ ਸੰਗੀਤਕ ਕੰਪਨੀ ਜ਼ੀਆ ਪ੍ਰੋਡਕਸ਼ਨ ਵੱਲੋਂ ਆਪਣਾ ਨਵਾਂ ਕੀਰਤੀ ਮਿਊਜ਼ਿਕ ਸਟੂਡੀਓ ਲਾਂਚ ਕੀਤਾ ਗਿਆ, ਜਿਸਦਾ ਉਦਘਾਟਨ ਲੋਕ ਗਾਇਕ ਜਗਦੇਵ ਖਾਨ ਦੀ ਸਪੁੱਤਰੀ ਕੀਰਤੀ ਖਾਨ ਨੇ ਕੀਤਾ । ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਲੋਕ ਗਾਇਕ ਜਗਦੇਵ ਖਾਨ ਨੇ ਕਿਹਾ ਕਿ ਵਧੀਆ ਗੀਤ ਸੰਗੀਤ ਆਪਣੇ ਰੱਬ ਵਰਗੇ ਸੰਗੀਤ ਪ੍ਰੇਮੀਆਂ ਦੀ ਝੋਲੀ ਪਾਉਣਾ ਸਾਡਾ ਮੁੱਢ ਤੋਂ ਹੀ ਉਦੇਸ਼ ਰਿਹਾ ਹੈ ਅਤੇ ਆਪਣੇ ਇਸ ਸਟੂਡੀਓ ਰਾਹੀਂ ਅਸੀਂ ਇਹ ਕੋਸ਼ਿਸ਼ ਵੀ ਕਰਾਂਗੇ ਕਿ ਜੋ ਆਰਥਿਕ ਤੌਰ 'ਤੇ ਕਮਜ਼ੋਰ ਪਰ ਸੁਰੀਲੇ ਗਾਇਕ ਹਨ, ਉਹਨਾਂ ਦੀ ਹਰ ਸੰਭਵ ਸਹਾਇਤਾ ਕਰਕੇ ਉਹਨਾਂ ਦੀ ਕਲਾ ਨੂੰ ਪੰਜਾਬੀ ਸੰਗੀਤ ਪ੍ਰੇਮੀਆਂ ਦੇ ਰੂਬਰੂ ਕੀਤਾ ਜਾਵੇ। ਇਸ ਮੌਕੇ ਉਹਨਾਂ ਨੂੰ ਵਧਾਈ ਦੇਣ ਲਈ ਪ੍ਰਸਿੱਧ ਪੰਜਾਬੀ ਲੋਕ ਗਾਇਕ ਯੁੱਧਵੀਰ ਮਾਣਕ, ਪਰਗਟ ਖਾਨ, ਹੁਸਨ ਲਾਲ ਹੀਰਾ, ਜਤਿੰਦਰ ਰੰਧਾਵਾ, ਗੀਤਕਾਰ ਕੁਲਦੀਪ ਸਿੰਘ ਦੁੱਗਲ, ਹਰਬੰਸ ਸਿੰਘ ਤੂਰ ਸਮੇਤ ਕਈ ਸ਼ਖ਼ਸ਼ੀਅਤਾਂ ਨੇ ਵਿਸ਼ੇਸ਼ ਸ਼ਿਰਕਤ ਕੀਤੀ।ਸਮਾਗਮ ਦੌਰਾਨ ਕੀਰਤੀ ਖਾਨ ਨੇ ਆਏ ਮਹਿਮਾਨਾਂ ਦਾ ਵਿਸ਼ੇਸ਼ ਧੰਨਵਾਦ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਮੁਖਵਿੰਦਰ ਖਾਨ, ਜਗਜੀਤ ਸਿੰਘ ਜੱਗਾ, ਸਲੀਮ ਮੁਹੰਮਦ, ਰਮਨ ਹਲਵਾਰਾ, ਮਨੀ ਮਿਸ਼ਾਲ (ਦੋਵੇਂ ਸੰਗੀਤਕਾਰ) ਜਸ਼ਨਦੀਪ ਪ੍ਰਿੰਸ, ਵੰਸ਼ਵੀਰ ਆਦਿ ਨੇ ਵੀ ਆਪਣੀ ਵਿਸ਼ੇਸ਼ ਹਾਜ਼ਰੀ ਲਵਾਈ।

# ਵਿਸ਼ਵ ਵਿਆਪੀ ਖ਼ਾਲਸਾ ਰਾਜ ਕਿਵੇਂ ਹੋਵੇਗਾ ਸ੍ਰੀ ਗੁਰੂ ਨਾਨਕ ਦੇਵ ਜੀ ਦੱਸਿਆ : ਠਾਕੁਰ ਦਲੀਪ ਸਿੰਘ



ਲੁਧਿਆਣਾ, 28 ਅਗਸਤ (ਵਿਸ਼ਾਲ ਸ਼ਰਮਾ) : ਖਾਲਸਾ ਰਾਜ ਦੀਆਂ ਹੱਦਾਂ ਉਲੀਕੀਆਂ ਸਤਿਗੁਰੂ ਨਾਨਕ ਜੀ ਛੋਟਾ ਜਿਹਾ ਖਾਲਿਸਤਾਨ ਮੰਗਣ ਵਾਲੇ ਵੀਰੋ ਖਾਲਸਾ ਰਾਜ ਦੀਆਂ ਸੀਮਾਵਾਂ ਕਿੱਥੋਂ ਤੱਕ ਹੋਣਗੀਆਂ। ਸਾਰਾ ਕਰਨੀ ਨਾਮਾ ਪੜ੍ਹ ਕੇ ਵੇਖੋ। ਇਹ ਲੇਖ, ਕੇਵਲ 12 % ਸਿੱਖ ਗਿਣਤੀ ਵਾਲੇ, ਮਹਾਰਾਜਾ ਰਣਜੀਤ ਸਿੰਘ ਦੇ ਰਾਜ, (ਜਿਸ ਨੂੰ 'ਖਾਲਸਾ ਰਾਜ' ਵੀ ਕਿਹਾ ਜਾਂਦਾ ਹੈ) ਬਾਰੇ ਨਹੀਂ।

ਰਾਜ ਕਰੇਗਾ ਖਾਲਸਾ ਵਾਲਾ ਦੋਹਰਾ, ਜੋ ਅਰਦਾਸ ਪਿੱਛੋਂ ਪ੍ਰਤੀ ਦਿਨ ਪੜ੍ਹਿਆ ਜਾਂਦਾ ਹੈ, ਉਸ ਦਾ ਮੂਲ ਸਰੋਤ ਕਰਨੀ ਨਾਮਾ ਹੈ। ਖਾਲਸਾ ਰਾਜ ਦੀ ਇੱਛਾ ਰੱਖਣ ਵਾਲੇ, ਹਰ ਸਿੱਖ ਨੂੰ ਕਰਨੀ ਨਾਮਾ ਜ਼ਰੂਰ ਪੜ੍ਹਨਾ ਚਾਹੀਦਾ ਹੈ। ਮੈਂ ਇੱਥੇ ਸੰਖੇਪ ਵਿੱਚ ਕਰਨੀ ਨਾਮਾ ਦਾ ਸਾਰ ਲਿਖ ਰਿਹਾ ਹਾਂ। ਇਸ ਲੇਖ ਵਿੱਚੋਂ ਖਾਲਸਾ ਰਾਜ ਦੀ ਵਿਆਖਿਆ ਆਪੇ ਸਪੱਸ਼ਟ ਹੋ ਜਾਵੇਗੀ। ਆਪ ਜੀ ਨੂੰ ਆਪੇ ਹੀ ਪਤਾ ਲੱਗ ਜਾਵੇਗਾ ਕਿ ਸਤਿਗੁਰੂ ਨਾਨਕ ਦੇਵ ਜੀ ਦਾ (ਖਾਲਿਸਤਾਨ) ਖਾਲਸਾ ਰਾਜ ਕਿੱਡਾ ਵਿਸ਼ਾਲ ਹੈ! ਖਾਲਸਾ ਰਾਜ ਦਾ ਸੰਕਲਪ ਕਰਨ ਤੋਂ ਪਹਿਲੋਂ, ਹੇਠ ਲਿਖੀ ਖਾਲਸੇ ਦੀ ਵਿਆਖਿਆ ਵੀ ਸਮਝਣ ਦੀ ਲੋੜ ਹੈ ਕਹੁ ਕਬੀਰ ਜਨ ਭਏ ਖਾਲਸੇ ਪ੍ਰੇਮ ਭਗਤਿ ਜਿਹ ਜਾਨੀ (ਸੋਰਠਿ) ਅਤੇ ਖਾਲਸਾ ਸੋਇ, ਜੋ ਨਿੰਦਾ ਤਿਆਗੈ। ਖਾਲਸਾ ਸੋਇ, ਲੜੇ ਹੋਇ ਆਗੈ। ਖਾਲਸਾ ਸੋਇ, ਪੰਚ ਕਉ ਮਾਰੈ। ਖਾਲਸਾ ਸੋਇ, ਭਰਮ ਕਉ ਸਾੜੈ। ਖਾਲਸਾ ਸੋਇ, ਮਾਨ ਜੋ ਤਿਆਗੈ। ਖਾਲਸਾ ਸੋ, ਪਰਤ੍ਰਿਆ ਤੇ ਭਾਗੈ। ਖਾਲਸਾ ਸੋਇ, ਨਿਰਧਨ ਕੋ ਪਾਲੈ। ਖਾਲਸਾ ਸੋਇ, ਦੁਸਟ ਕੋ ਗਾਲੈ। ਖਾਲਸਾ ਸੋਇ, ਨਾਮੁ ਜਪਿ ਕਰੈ। ਖਾਲਸਾ ਸੋਇ, ਮਲੇਛ ਪਰ ਚੜ੍ਹੈ। (ਤਨਖਾਹਨਾਮਾ) ਸਤਿਗੁਰੂ ਨਾਨਕ ਦੇਵ ਜੀ ਦੀ ਅਮਰ ਵਾਣੀ, 'ਕਰਨੀਨਾਮੇ' ਦੇ ਪਾਵਨ ਸ਼ਬਦਾਂ ਵਿੱਚ, ਖਾਲਸਾ- ਰਾਜ ਦੀ ਸਥਾਪਨਾ ਦਾ ਅਤਿ ਸੁਨਹਿਰੀ ਭਵਿੱਖ ਉਲੀਕਿਆ ਗਿਆ ਹੈ। ਇਹ ਰਾਜ ਭਾਗ ਸਿਰਫ਼ ਇੱਕ ਸਰਕਾਰ ਨਹੀਂ ਸਗੋਂ ਸੱਚ, ਧਰਮ ਅਤੇ ਨਿਆਂ ਦਾ ਪ੍ਰਤੀਕ ਹੋਵੇਗਾ, ਜੋ ਸਾਰੇ ਸੰਸਾਰ ਨੂੰ ਆਪਣੇ ਗੁਰੂ ਕੇ ਦਰਸ਼ਨ (ਫਿਲਾਸਫੀ) ਦੇ ਪ੍ਰਕਾਸ਼ ਨਾਲ ਰੌਸ਼ਨ ਕਰੇਗਾ। ਸਤਿਗੁਰੂ ਨਾਨਕ ਦੇਵ ਜੀ ਭਾਰਤੀ ਸਨ, ਭਾਰਤ ਰਖਿਅਕ ਸਨ। ਇਸਲਾਮ ਤਾਂ ਸਾਮੀ ਸੱਭਿਅਤਾ ਦਾ ਧਰਮ ਸੀ, ਇਸਲਾਮ ਨੂੰ ਗੁਰੂ ਜੀ ਵਿਦੇਸ਼ੀ ਮੰਨਦੇ ਸਨ। ਗੁਰੂ ਜੀ ਸਨਾਤਨ ਧਰਮ ਦੇ ਰਖਵਾਲੇ ਸਨ। ਗੁਰੂ ਜੀ ਦਾ ਪ੍ਰਕਾਸ਼ ਹੀ ਸਨਾਤਨ ਦੀ ਰੱਖਿਆ ਵਾਸਤੇ ਹੋਇਆ ਸੀ।

# 350 ਸਾਲਾਂ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਕੀਰਤਨ ਸਮਾਗਮ ਕਰਵਾਇਆ



ਲੁਧਿਆਣਾ, 28 ਅਗਸਤ (ਰਵਿੰਦਰ ਸਿੰਘ ਨਿੱਝਰ) : ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ ਐਕਸਟੈਨਸ਼ਨ ਵਿਖੇ ਗੁਰ ਦਸਮੇਸ਼ ਸੇਵਾ ਸੁਸਾਇਟੀ ਵੱਲੋਂ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਨਿੱਘੇ ਸਹਿਯੋਗ ਨਾਲ ਬੀਤੀ ਰਾਤ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾਂ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਹਫਤਾਵਾਰੀ ਕੀਰਤਨ ਸਮਾਗਮ ਆਯੋਜਿਤ ਕੀਤਾ ਗਿਆ, ਜਿਸ ਵਿੱਚ ਵਿਸ਼ੇਸ਼ ਤੌਰ 'ਤੇ ਆਪਣੇ ਕੀਰਤਨੀ ਜੱਥੇ ਸਮੇਤ ਹਾਜ਼ਰੀ ਭਰਨ ਲਈ ਪੁੱਜੇ ਪੰਥ ਦੇ ਪ੍ਰਸਿੱਧ ਕੀਰਤਨੀਏ ਭਾਈ ਹਰਭੇਜ ਸਿੰਘ ਵਡਾਲਾ ਹਜ਼ੂਰੀ ਰਾਗੀ ਸੱਚਖੰਡ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਾਲਿਆਂ ਦੇ ਕੀਰਤਨੀ ਜੱਥੇ ਨੇ ਗੁਰਬਾਨੀ ਦਾ ਇਲਾਹੀ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ।

ਇਸ ਮੌਕੇ ਸੁਸਾਇਟੀ ਦੇ ਮੈਬਰਾਂ ਨੇ ਸਾਂਝੇ ਤੌਰ 'ਤੇ ਭਾਈ ਹਰਭੇਜ ਸਿੰਘ ਵਡਾਲਾ ਤੇ ਉਨ੍ਹਾਂ ਦੇ ਸਾਥੀਆਂ ਨੂੰ ਸਿਰਪਾਉ ਭੇਟ ਕਰਕੇ ਸਨਮਾਨਿਤ ਵੀ ਕੀਤਾ। ਕੀਰਤਨ ਸਮਾਗਮ ਅੰਦਰ ਦਸਮੇਸ਼ ਸੇਵਾ ਸੁਸਾਇਟੀ ਦੇ ਪ੍ਰਮੁੱਖ ਮੈਂਬਰ ਇੰਦਰਬੀਰ ਸਿੰਘ ਬੱਤਰਾ, ਹਰਪਾਲ ਸਿੰਘ ਬੱਤਰਾ, ਨਰਿੰਦਰਪਾਲ ਸਿੰਘ ਕਥੂਰੀਆ, ਰਜਿੰਦਰ ਸਿੰਘ ਡੰਗ, ਭੁਪਿੰਦਰ ਸਿੰਘ ਜੁਨੇਜਾ, ਸਰਬਜੀਤ ਸਿੰਘ ਦਸ਼ਮੇਸ਼ ਪੰਪ ਵਾਲੇ, ਬਲਬੀਰ ਸਿੰਘ ਭਾਟੀਆ ਵੀ ਹਾਜ਼ਰ ਸਨ।

# ਵੀ.ਐਸ.ਯੂ. ਨੇ ਰਾਜਪਾਲ 'ਤੇ ਵਿੱਤ ਮੰਤਰੀ ਨਾਲ ਮੀਟਿੰਗ ਲਈ ਮੰਗ ਪੱਤਰ ਸੌਂਪਿਆ



ਲੁਧਿਆਣਾ, 28 ਅਗਸਤ (ਵਿਸ਼ਾਲ ਸ਼ਰਮਾ) : ਵੈਟਨਰੀ ਸਟੂਡੈਂਟਸ ਯੂਨੀਅਨ ਨੇ ਗੁਰੂ ਅੰਗਦ ਦੇਵ ਵੈਟਰਨਰੀ ਐਂਡ ਐਨੀਮਲ ਸਾਇੰਸਿਜ਼ ਯੂਨੀਵਰਸਿਟੀ (ਗਡਵਾਸੂ) ਦੇ ਵਾਈਸ-ਚਾਂਸਲਰ ਨੂੰ ਇੱਕ ਅਧਿਕਾਰਕ ਪੱਤਰ ਸੌਂਪ ਕੇ ਪੰਜਾਬ ਦੇ ਮਾਣਯੋਗ ਰਾਜਪਾਲ ਸਾਹਿਬ ( ਯੂਨੀਵਰਸਿਟੀ ਦੇ ਚਾਂਸਲਰ ), ਜੋ ਇਸ ਹਫ਼ਤੇ ਯੂਨੀਵਰਸਿਟੀ ਦੇ ਦੌਰੇ 'ਤੇ ਆ ਰਹੇ ਹਨ, ਨਾਲ ਮੀਟਿੰਗ ਕਰਨ ਦੀ ਮੰਗ ਕੀਤੀ ਹੈ। ਇਸਦੇ ਨਾਲ ਹੀ ਉਨ੍ਹਾਂ ਨੇ ਮਾਣਯੋਗ ਵਿੱਤ ਮੰਤਰੀ ਪੰਜਾਬ ਨਾਲ ਵੀ ਮੀਟਿੰਗ ਦੀ ਮੰਗ ਰੱਖੀ ਹੈ। ਮੀਟਿੰਗ ਦਾ ਮੁੱਖ ਏਜੰਡਾ ਵੈਟਰਨਰੀ ਇੰਟਰਨਾਂ ਦੇ ਲੰਮੇ ਸਮੇਂ ਤੋਂ ਅਟਕੇ ਹੋਏ ਇੰਟਰਨਸ਼ਿਪ ਭੱਤੇ ਵਿੱਚ ਵਾਧੇ ਦੇ ਮੁੱਦੇ ਨੂੰ ਅੱਗੇ ਰੱਖਣਾ ਹੈ। ਮੌਜੂਦਾ ਸਮੇਂ ਵਿੱਚ ਵੈਟਨਰੀ ਇੰਟਰਨ ਡਾਕਟਰਾਂ ਨੂੰ ਕੇਵਲ 500 ਰੁਪਏ ਪ੍ਰਤੀ ਦਿਨ ਦਿੱਤੇ ਜਾ ਰਹੇ ਹਨ, ਜਿਸਨੂੰ ਯੂਨਿਅਨ ਨੇ ਅਣਉਚਿਤ ਅਤੇ ਗੈਰ-ਇਨਸਾਫ਼ੀ ਵਾਲਾ ਕਰਾਰ ਦਿੱਤਾ ਹੈ।

ਉਨ੍ਹਾਂ ਦਾ ਕਹਿਣਾ ਹੈ ਕਿ ਇਹ ਰਕਮ ਉਨ੍ਹਾਂ ਦੀ ਪੇਸ਼ਾਵਰ ਜ਼ਿੰਮੇਵਾਰੀ, ਮਿਹਨਤ ਅਤੇ ਸਮਰਪਣ ਨਾਲ ਬਿਲਕੁਲ ਮੇਲ ਨਹੀਂ ਖਾਂਦੀ। ਇਹ ਰਕਮ ਨਾ ਸਿਰਫ਼ ਪੰਜਾਬ ਦੇ ਐਮ.ਬੀ.ਬੀ.ਐਸ ਅਤੇ ਬੀ.ਡੀ.ਐਸ ਇੰਟਰਨਾਂ ਨੂੰ ਮਿਲ ਰਹੇ ਸਟਾਈਪੈਂਡ ਤੋਂ ਘੱਟ ਹੈ, ਸਗੋਂ ਗੁਆਂਢੀ ਰਾਜਾਂ ਜਿਵੇਂ ਹਰਿਆਣਾ (ਲੂਵਾਸ), ਰਾਜਸਥਾਨ (ਰਾਜੂਵਾਸ) ਅਤੇ ਉੱਤਰ ਪ੍ਰਦੇਸ਼ (ਬੀ.ਐਚ.ਯੂ) ਦੇ ਵੈਟਨਰੀ ਇੰਟਰਨਾਂ ਨਾਲੋਂ ਵੀ ਕਾਫ਼ੀ ਘੱਟ ਹੈ। ਯੂਨੀਅਨ ਨੇ ਮੰਗ ਕੀਤੀ ਹੈ ਕਿ ਇੰਟਰਨਸ਼ਿਪ ਭੱਤੇ ਨੂੰ ਵਧਾ ਕੇ 24,310 ਰੁਪਏ ਪ੍ਰਤੀ ਮਹੀਨਾ ਕੀਤਾ ਜਾਵੇ। ਪਿਛਲੇ ਕਈ ਮਹੀਨਿਆਂ ਦੌਰਾਨ ਯੂਨੀਅਨ ਵੱਲੋਂ ਯੂਨੀਵਰਸਿਟੀ ਪ੍ਰਸ਼ਾਸਨ ਅਤੇ ਸਰਕਾਰੀ ਅਧਿਕਾਰੀਆਂ ਨਾਲ ਕਈ ਵਾਰ ਮੀਟਿੰਗਾਂ ਕੀਤੀਆਂ ਗਈਆਂ ਹਨ, ਜਿਸ ਵਿੱਚ ਮਾਣਯੋਗ ਪਸ਼ੂ ਪਾਲਣ ਮੰਤਰੀ ਗੁਰਮੀਤ ਸਿੰਘ ਖੁੱਡੀਆਂ, ਕੈਬਿਨੇਟ ਮੰਤਰੀ ਅਮਨ ਅਰੋੜਾ ਅਤੇ ਵਿੱਤ ਮੰਤਰੀ ਹਰਪਾਲ ਚੀਮਾ ਨਾਲ ਗੱਲਬਾਤ ਵੀ ਸ਼ਾਮਲ ਹੈ। ਪਰੰਤੂ ਅਜੇ ਤੱਕ ਇਸ ਮੁੱਦੇ ਨੂੰ ਹੱਲ ਕਰਨ ਲਈ ਕੋਈ ਠੋਸ ਕਦਮ ਨਹੀਂ ਚੁੱਕਿਆ ਗਿਆ। ਆਪਣੀ ਮੰਗਾਂ ਵੱਲ ਧਿਆਨ ਖਿੱਚਣ ਲਈ, ਯੂਨਿਅਨ ਨੇ 25 ਅਗਸਤ 2025 ਨੂੰ ਸਵੇਰੇ 9 ਵਜੇ ਤੋਂ ਦੁਪਹਿਰ 1 ਵਜੇ ਤੱਕ ਗਡਵਾਸੂ ਵੈਟਨਰੀ ਹਸਪਤਾਲ ਵਿੱਚ ਸ਼ਾਂਤੀਪੂਰਨ ਰੋਸ ਪ੍ਰਦਰਸ਼ਨ ਵੀ ਕੀਤਾ ਸੀ। ਇਸਦੇ ਬਾਵਜੂਦ ਵੀ ਮਾਮਲਾ ਅਟਕਿਆ ਹੋਇਆ ਹੈ।

# ਮੁਫ਼ਤ ਰਾਸ਼ਨ ਸਕੀਮ ਵਿੱਚੋਂ ਗ਼ਰੀਬਾਂ ਦੇ ਨਾਮ ਨਾ ਕੱਟੇ ਜਾਣ : ਡਾ. ਓਂਕਾਰ ਚੰਦ ਸ਼ਰਮਾ



ਲੁਧਿਆਣਾ, 28 ਅਗਸਤ (ਰਵਿੰਦਰ ਸਿੰਘ ਨਿੱਝਰ) : ਸੀਨੀਅਰ ਕਾਂਗਰਸੀ ਨੇਤਾ ਡਾ ਓਂਕਾਰ ਚੰਦ ਸ਼ਰਮਾ ਨੇ ਆਖਿਆ ਹੈ ਕਿ ਗਰੀਬ ਲੋਕਾਂ ਲਈ ਕੇਂਦਰ ਸਰਕਾਰ ਨੇ ਜਿਹੜੀ ਮੁਫਤ ਰਾਸ਼ਨ ਸਕੀਮ ਸ਼ੁਰੂ ਕੀਤੀ ਹੋਈ ਹੈ ਉਸ ਵਿੱਚੋਂ ਕਈ ਨਾਮ ਕੱਟੇ ਜਾਣ ਦੀ ਚਰਚਾ ਬੜੇ ਜੋਰਾਂ ਤੇ ਹੈ । ਉਹਨਾਂ ਕਿਹਾ ਕਿ ਗਰੀਬ ਲੋਕਾਂ ਲਈ ਅੱਜ ਕੱਲ੍ਹ ਮਹਿੰਗਾਈ ਦੇ ਯੁੱਗ ਵਿੱਚ ਰੋਟੀ ਦਾ ਖਰਚਾ ਚਲਾਉਣਾ ਬਹੁਤ ਔਖਾ ਹੈ ਕਿਉਂਕਿ ਬਿਮਾਰੀਆਂ ਇੰਨੀਆਂ ਜ਼ਿਆਦਾ ਗਈਆਂ ਹਨ ਹਨ ਕਿ ਇਨਸਾਨ ਦੀ ਕਮਾਈ ਦਾ ਇੱਕ ਵੱਡਾ ਹਿੱਸਾ ਇਲਾਜ ਤੇ ਹੀ ਖਰਚ ਹੋ ਜਾਂਦਾ ਹੈ। ਉਹਨਾਂ ਕਿਹਾ ਕਿ ਜਿਹੜੇ ਗਰੀਬ ਲੋਕਾਂ ਦੇ ਰਾਸ਼ਨ ਕਾਰਡ ਕੱਟ ਦਿੱਤੇ ਜਾਣਗੇ ਉਹਨਾਂ ਲਈ ਇਲਾਜ ਕਰਵਾਉਣਾ ਔਖਾ ਹੋ ਜਾਵੇਗਾ। ਉਹਨਾਂ ਕਿਹਾ ਕਿ ਪੰਜਾਬ ਸਰਕਾਰ ਨੂੰ ਇਸ ਸਬੰਧੀ ਸਖਤ ਸਟੈਂਡ ਲੈਣਾ ਚਾਹੀਦਾ ਹੈ ਅਤੇ ਮੁਫਤ ਰਾਸ਼ਨ ਸਕੀਮ ਵਿੱਚੋਂ ਕਿਸੇ ਦਾ ਵੀ ਨਾਂਅ ਕੱਟਣ ਦੇ ਸੰਬੰਧ ਵਿੱਚ ਕੇਂਦਰ ਸਰਕਾਰ ਨੂੰ ਕੋਰਾ ਜਵਾਬ ਦੇ ਦੇਣਾ ਚਾਹੀਦਾ ਹੈ। ਉਹਨਾਂ ਕਿਹਾ ਕਿ ਪੰਜਾਬ ਵਿੱਚ ਤਾਂ ਸਿਰਫ ਕਣਕ ਹੀ ਦਿੱਤੀ ਮੁਫ਼ਤ ਵਿੱਚ ਦਿੱਤੀ ਜਾਂਦੀ ਹੈ ਜਦੋਂ ਕਿ ਕਈ ਰਾਜਿਆਂ ਵਿੱਚ ਦਾਲਾਂ, ਘਿਓ ਅਤੇ ਹੋਰ ਮਸਾਲੇ ਆਦਿ ਵੀ ਸਰਕਾਰ ਵੱਲੋਂ ਗਰੀਬ ਲੋਕਾਂ ਨੂੰ ਮੁਫਤ ਵਿੱਚ ਦੇਣ ਬਾਰੇ ਸੁਣਿਆ ਜਾ ਰਿਹਾ ਹੈ। ਉਹਨਾਂ ਇਹ ਵੀ ਕਿਹਾ ਕਿ ਸਰਕਾਰਾਂ ਨੇ ਮੁਫਤ ਕਣਕ ਦੇ ਨਾਲ ਨਾਲ ਦਾਲ ਅਤੇ ਘਿਓ ਦੇਣ ਬਾਰੇ ਵੀ ਕਈ ਵਾਰ ਕਿਹਾ ਹੈ ਪਰੰਤੂ ਕਦੇ ਵੀ ਐਲਾਨ ਸਿਰੇ ਨਹੀਂ ਚੜ੍ਹਾਇਆ।

# ਗੁਰਮਤਿ ਸੰਗੀਤ ਨੂੰ ਮੁੜ ਸੁਰਜੀਤ ਕਰਕੇ ਸਿਖਰਾਂ 'ਤੇ ਪਹੁੰਚਾਉਣ ਵਾਲੀ ਮਾਇਨਾਜ਼ ਸ਼ਖ਼ਸੀਅਤ ਸਨ ਬਾਬਾ ਸੁੱਚਾ ਸਿੰਘ



ਲੁਧਿਆਣਾ, 28 ਅਗਸਤ (ਵਿਸ਼ਾਲ ਸ਼ਰਮਾ) : ਸਿੱਖ ਪੰਥ ਦੀਆਂ ਮਹਾਨ ਸ਼ਖ਼ਸੀਅਤਾਂ ਵਿੱਚੋਂ ਇੱਕ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੇ ਅਤੁੱਟ ਪਿਆਰ ਤੇ ਅਦਬ ਵਿੱਚ ਜੀਉਣ ਵਾਲੀ ਸ਼ਖਸੀਅਤ ਸਨ- ਸ਼੍ਰੀ ਮਾਨ ਸੰਤ ਬਾਬਾ ਸੁਚਾ ਸਿੰਘ ਜੀ ਬਾਨੀ ਜਵੱਦੀ ਟਕਸਾਲ। ਇਨ੍ਹਾਂ ਦਾ ਜਨਮ ਮਿਤੀ 1 ਅਕਤੂਬਰ 1948 ਨੂੰ ਪਿਤਾ ਸ੍. ਨਗੀਨਾ ਸਿੰਘ ਜੀ ਅਤੇ ਮਾਤਾ ਧੰਨ ਕੌਰ ਜੀ ਦੀ ਕੁੱਖੋਂ ਪਿੰਡ ਜਮੀਅਤਗੜ੍ਹ ਭੱਲੇ, ਗੜ੍ਹਸ਼ੰਕਰ ਵਿੱਚ ਹੋਇਆ। ਆਪ ਜੀ ਭਗਤੀ - ਭਾਵ ਤੇ ਪ੍ਰਭੂ ਪ੍ਰੇਮ ਵਿੱਚ ਭਿੱਜੀ ਹੋਈ ਆਤਮਾ ਸਨ। ਆਪ ਜੀ ਵਧਦੀ ਉਮਰ ਦੇ ਨਾਲ-ਨਾਲ ਆਪਣੇ ਪਿਤਾ ਜੀ ਨਾਲ ਖੇਤੀ ਦੀ ਕਿਰਤ ਕਰਦੇ ਤੇ ਇਕਾਂਤ ਵਿੱਚ ਰਹਿ ਕੇ ਪ੍ਰਭੂ ਸਿਮਰਨ ਦਾ ਆਨੰਦ ਮਾਣਦੇ। ਮਾਤਾ ਜੀ ਦੇ ਦੇਹਾਂਤ ਤੋਂ ਬਾਦ ਉਪਰਾਮ ਬਿਰਤੀ ਹੋਣ ਕਾਰਨ ਆਪ ਜੀ ਘਰ ਦਾ ਤਿਆਗ ਕਰਕੇ ਉਸ ਪਿਆਰੇ ਦੀ ਮਹਾਨ ਬਖਸ਼ਿਸ਼ ਦਾ ਆਨੰਦ ਮਾਣਨ ਲਈ ਇਕਾਂਤ ਦੇ ਮੁੱਦਈ ਹੋ ਗਏ ਅਤੇ ਬੜੀ ਕਠਿਨ ਘਾਲਣਾ ਘਾਲੀ। ਆਪ ਜੀ ਨੇ ਸਮੇਂ-ਸਮੇਂ ਅਧਿਆਤਮ ਸਿੱਖਿਆ ਲਈ ਸ਼੍ਰੀ ਮਾਨ ਸੰਤ ਬਾਬਾ ਤਾਰਾ ਸਿੰਘ ਜੀ ਬਲਾਚੌਰ , ਬ੍ਰਹਮ ਗਿਆਨੀ ਸੰਤ ਬਾਬਾ ਅਜੀਤ ਸਿੰਘ ਜੀ ਹੰਸਾਲੀ ਸਾਹਿਬ ਅਤੇ ਮਹਾਨ ਮਹਾਪੁਰਸ਼ ਸ਼੍ਰੀ ਮਾਨ ਸੰਤ ਬਾਬਾ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲਿਆਂ ਦੇ ਚਰਨਾਂ 'ਚ' ਰਹਿ ਕੇ ਜੀਵਨ ਬਤੀਤ ਕੀਤਾ। ਫਿਰ ਬੜੂ ਸਾਹਿਬ ਦੀਆਂ ਪਹਾੜੀਆਂ ਵਿੱਚ ਇਕਾਂਤ ਮਾਨਣ ਲੱਗੇ। ਸਮਾਂ ਪਾ ਕੇ ਲੁਧਿਆਣੇ ਦੀਆਂ ਕੁਝ ਸੰਗਤਾਂ ਉਨ੍ਹਾਂ ਨੂੰ ਮਿਲਣ ਉਥੇ ਜਾਂਦੀਆਂ ਅਤੇ ਉਨ੍ਹਾਂ ਦੇ ਬੁਲਾਵੇ 'ਤੇ ਆਪ ਜੀ ਲੁਧਿਆਣੇ ਵੀ ਆਉਂਦੇ ਰਹੇ। ਆਪ ਜੀ 1986 ਵਿੱਚ ਲੁਧਿਆਣਾ ਦੀ ਖੱਬੀ ਵੱਖੀ 'ਤੇ ਵਸੇ ਪਿੰਡ ਜਵੱਦੀ ਕਲਾਂ ਵਿੱਚ ਨਾਮ ਬਾਣੀ ਤੇ ਸੇਵਾ ਸਿਮਰਨ ਨਾਲ ਜੁੜ ਕੇ ਇੱਕ ਆਤਮਕ ਜੀਵਨ ਦੀ ਉਸਾਰੀ ਲਈ ਇੱਕ ਧਾਰਮਿਕ ਕੇਂਦਰ ਸਥਾਪਤ ਕੀਤਾ ਤੇ ਇਸ ਦਾ ਨਾਮ ਗੁਰਦੁਆਰਾ ਗੁਰ ਗਿਆਨੁ ਪ੍ਰਕਾਸ਼, ਜਵੱਦੀ ਟਕਸਾਲ ਰੱਖਿਆ । ਆਪ ਜੀ ਨੇ ਧਰਮ ਪ੍ਰਚਾਰ ਦੇ ਬਹੁਤ ਵੱਡੇ ਕਾਰਜ ਕੀਤੇ,ਜਿਨ੍ਹਾਂ ਅਧੀਨ ਪ੍ਰਮੁੱਖ ਤੌਰ 'ਤੇ ਧੰਨ ਗੁਰੂ ਗ੍ਰੰਥ ਸਾਹਿਬ ਜੀ ਵਿਚ ਆਏ 31 ਸ਼ੁਧ ਤੇ 31 ਮਿਸ਼ਰਤ ਰਾਗਾਂ ਨੂੰ ਨਿਰਧਾਰਤ ਰਾਗਾਂ ਵਿਚ ਗਾਇਨ ਕਰਵਾਉਣ ਹਿਤ ਰਾਗ ਨਿਰਣਾਇਕ ਕਮੇਟੀ ਗਠਿਤ ਕਰਕੇ ਰਾਗਾਂ ਦੇ ਸਰੂਪ ਨਿਸ਼ਚਿਤ ਕਰਵਾਏ ਤੇ 1991 ਵਿੱਚ ਉਨ੍ਹਾਂ ਦਾ ਗਾਇਨ ਕਰਵਾਇਆਂ। ਆਪ ਜੀ ਨੇ "ਗੁਰਮੁਖਿ ਬੈਸਹੁ ਸਫਾ ਵਿਛਾਇ"ਦੇ ਸਿਧਾਂਤ ਨੂੰ ਸੰਗਤ ਸਾਹਮਣੇ ਉਜਾਗਰ ਕਰਦਿਆਂ ਦੇਸ਼- ਪ੍ਰਦੇਸ਼ ਦੀਆਂ ਯੂਨੀਵਰਸਿਟੀਆਂ ਦੇ ਵਿਦਵਾਨਾਂ ਤੇ ਪ੍ਰੋਫੈਸਰਾਂ ਨੂੰ ਇਕੋ ਮੰਚ 'ਤੇ ਇਕੱਠਾ ਕਰਕੇ ਸੈਮੀਨਾਰ ਪਰੰਪਰਾ ਨੂੰ ਕਾਲਜਾਂ ,ਯੂਨੀਵਰਸਿਟੀਆਂ ਤੋਂ ਕੱਢ ਕੇ ਇੱਕ ਧਾਰਮਿਕ ਸਥਾਨ 'ਤੇ ਵੀ ਲਿਆਦਾਂ।

ਉਨ੍ਹਾਂ ਨੇ ਆਪਣੀ ਹਿਆਤੀ ਵਿੱਚ ਸ਼ਬਦ ਦਾ ਸੰਕਲਪ , ਦੇਹੀ ਸੰਕਲਪ ਇਤਿਆਦਿ ਅਨੇਕਾਂ ਅੰਤਰ-ਰਾਸ਼ਟਰੀ ਸੈਮੀਨਾਰ ਕਰਵਾਏ । ਵਿਸਮਾਦ ਨਾਦ ਸੰਸਥਾ ਅਧੀਨ ਅਨੇਕਾਂ ਪੁਸਤਕ ਸੰਪਾਦਿਤ ਕਰਵਾਈਆਂ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਆਏ ਭਗਤਾਂ ਦੇ ਸਥਾਨਾਂ 'ਤੇ ਜਾ ਕੇ ਸ਼ਬਦ ਯਾਤਰਾ ਦੀ ਪਰੰਪਰਾ ਆਰੰਭ ਕੀਤੀ ਤੇ ਇਹ ਜਾਇਆ ਕਿ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਮੁੱਚੇ ਜਗਤ ਨੂੰ ਆਪਣੀ ਰੋਸ਼ਨੀ ਤੇ ਸੁੱਖ ਭਰੀ ਬੁੱਕਲ ਦਾ ਨਿੱਘ ਦੇਣ ਦੇ ਸਮਰੱਥ ਹਨ।

# '84 ਸਿੱਖ ਨਸਲਕੁਸ਼ੀ ਹਰਿਆਣਾ ਦੇ ਪੀੜਿਤ ਪਰਿਵਾਰਾਂ ਨੂੰ ਸਰਕਾਰੀ ਨੌਕਰੀ ਦੇ ਮੁੱਖ ਮੰਤਰੀ ਦੇ ਐਲਾਨ ਦਾ ਜਥੇਦਾਰ ਦਾਦੂਵਾਲ ਵੱਲੋਂ ਸੁਆਗਤ



ਲੁਧਿਆਣਾ, 28 ਅਗਸਤ (ਕਰਨੈਲ ਸਿੰਘ ਐੱਮ.ਏ.) : ਪਿਛਲੇ ਦਿਨੀਂ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਵੱਲੋਂ ਵਿਧਾਨ ਸਭਾ ਵਿੱਚ ਹਰਿਆਣਾ 1984 ਸਿੱਖ ਕਤਲੇਆਮ ਦੇ ਸ਼ਿਕਾਰ ਪਰਿਵਾਰਿਕ ਮੈਂਬਰਾਂ ਨੂੰ ਸਰਕਾਰੀ ਨੌਕਰੀ ਦੇਣ ਦਾ ਸਿੱਖ ਸਮਾਜ ਵੱਲੋਂ ਸੁਆਗਤ ਕੀਤਾ ਜਾ ਰਿਹਾ ਹੈ । ਅੱਜ ਹਰਿਆਣਾ ਗੁਰਦੁਆਰਾ ਧਰਮ ਪ੍ਰਚਾਰ ਦੇ ਚੇਅਰਮੈਨ ਜਥੇਦਾਰ ਦਾਦੂਵਾਲ ਨੇ ਪ੍ਰੈਸ ਨੂੰ ਜਾਰੀ ਸੰਦੇਸ਼ ਵਿੱਚ ਆਖਿਆ ਕਿ 84 ਪੀੜਤ ਪਰਿਵਾਰਾਂ ਨੂੰ ਸਰਕਾਰੀ ਨੌਕਰੀ ਸਿੱਖਾਂ ਦੇ ਜ਼ਖ਼ਮਾਂ ਤੇ ਮਲ੍ਹਮ ਦਾ ਕੰਮ ਕਰੇਗੀ । ਇਸ ਕਦਮ ਲਈ ਹਰਿਆਣਾ ਗੁਰਦੁਆਰਾ ਕਮੇਟੀ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਦਾ ਵਿਸ਼ੇਸ਼ ਸਨਮਾਨ ਵੀ ਕਰੇਗੀ। ਉਹਨਾਂ ਆਖਿਆ ਕਿ ਭਾਵੇਂ ਪੀੜਿਤ ਪਰਿਵਾਰ 125 ਤੋਂ 150 ਹੀ ਹਨ ਪਰ ਸਰਕਾਰ ਦੇ ਵਿਰਦੇ ਨੇਕ ਹੋਣ ਤੋਂ ਕੀ ਨਹੀਂ ਕੀਤਾ ਜਾ ਸਕਦਾ । ਦਾਦੂਵਾਲ ਨੇ ਆਖਿਆ ਕਿ ਪਿਛਲੀ ਹਰਿਆਣਾ ਸਰਕਾਰ ਨੇ ਵੀ ਸਿੱਖ ਕਤਲੇਆਮ ਦਾ ਕਮਿਸ਼ਨ ਬਣਾ ਕੇ ਪੀੜਿਤ ਪਰਿਵਾਰਾਂ ਨੂੰ ਮੁਆਵਜ਼ੇ ਦਿੱਤੇ ਸਨ। ਦਾਦੂਵਾਲ ਨੇ ਆਖਿਆ ਕਿ ਜੇਕਰ ਅਸੀਂ ਸਿੱਖ ਵਿਰੋਧੀ ਫੈਸਲਿਆਂ ਦਾ ਵਿਰੋਧ ਕਰਦੇ ਹਾਂ ਤਾਂ ਸਿੱਖਾਂ ਪ੍ਰਤੀ ਹਮਦਰਦੀ ਭਰੇ ਫੈਸਲਿਆਂ ਦੀ ਸ਼ਲਾਘਾ ਕਰਨੀ ਵੀ ਬਣਦੀ ਹੈ।

# ਕੇਂਦਰ ਵੱਲੋਂ ਮੁਫ਼ਤ ਰਾਸ਼ਨ ਕਾਰਡ ਕੱਟਣ ਦੀ ਯੋਜਨਾ ਅਤੇ ਵੋਟ ਚੋਰੀ ਨੂੰ ਰੋਕਣ ਲਈ ਹਰ ਨਾਗਰਿਕ ਨੂੰ ਲਾਮਬੰਦ ਹੋਣ ਦੀ ਲੋੜ : ਤਰਸੇਮ ਸਿੰਘ ਭਿੰਡਰ



ਲੁਧਿਆਣਾ, 28 ਅਗਸਤ (ਕਰਨੈਲ ਸਿੰਘ ਐੱਮ.ਏ.) : ਕੇਂਦਰ ਦੀ ਭਾਜਪਾ ਸਰਕਾਰ ਵੱਲੋਂ ਪੰਜਾਬ ਦੇ 55 ਲੱਖ ਬੀ ਪੀ ਐਲ ਕਾਰਡ ਕੱਟਣ ਦੀ ਯੋਜਨਾ ਹੈ ਅਤੇ ਕਈ ਹਜ਼ਾਰ ਪਰਿਵਾਰਾਂ ਦਾ ਰਾਸ਼ਨ ਬੰਦ ਵੀ ਕਰ ਦਿੱਤਾ ਗਿਆ ਹੈ, ਜਿਸ ਦਾ ਅਸੀਂ ਸਭ ਨੇ ਮਿਲ ਕੇ ਵਿਰੋਧ ਕਰਨਾ ਹੈ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਤਰਸੇਮ ਸਿੰਘ ਭਿੰਡਰ ਚੇਅਰਮੈਨ ਇੰਪਰੂਵਮੈਂਟ ਟਰੱਸਟ ਨੇ ਨਿਊ ਸ਼ਿਵਾ ਜੀ ਨਗਰ ਗਗਨਦੀਪ ਜੌਨੀ ਦੇ ਦਫਤਰ ਵਿਖੇ ਪਾਰਟੀ ਵਰਕਰਾਂ ਨੂੰ ਸੰਬੋਧਨ ਕਰਦਿਆਂ ਕੀਤਾ। ਭਿੰਡਰ ਨੇ ਆਖਿਆ ਕਿ ਪੰਜਾਬ ਵਿੱਚ ਕੇਂਦਰ ਵੱਲੋਂ ਜੋ ਗਰੀਬਾਂ ਦੇ ਰਾਸ਼ਨ ਕਾਰਡ ਕੱਟਣ ਦੀ ਯੋਜਨਾ ਹੈ ਉਸਨੂੰ ਬਿਲਕੁਲ ਵੀ ਕਾਮਯਾਬ ਨਹੀਂ ਹੋਣ ਦਿੱਤਾ ਜਾਵੇਗਾ ਭਾਵੇਂ ਕੇਂਦਰ ਵੱਲੋਂ ਕਈ ਹਜ਼ਾਰ ਕਾਰਡ ਪਹਿਲਾਂ ਹੀ ਕੱਟੇ ਜਾ ਚੁੱਕੇ ਹਨ। ਉਹਨਾਂ ਆਖਿਆ ਕਿ ਭਾਜਪਾ ਨੇ ਵੱਖ-ਵੱਖ ਜਗ੍ਹਾ ਕੈਂਪਾਂ ਦੀ ਆੜ ਵਿੱਚ ਹੁਣ ਵੋਟਾਂ ਅਤੇ ਵੋਟਰ ਕਾਰਡ ਕੱਟਣ ਦੀ ਵੋਟ ਚੋਰੀ ਯੋਜਨਾ ਹੈ। ਪੰਜਾਬ ਸਰਕਾਰ ਡੱਟ ਕੇ ਉਸਦੇ ਖਿਲਾਫ ਖੜ੍ਹੀ ਹੈ ਅਤੇ ਸਾਨੂੰ ਸਭ ਨੂੰ ਵੋਟ ਚੋਰੀ, ਜੋ ਕਿ ਭਾਰਤ ਅਤੇ ਹਰ ਰਾਜ ਦੀਆਂ ਵੋਟਾਂ ਵਿੱਚ ਇੱਕ ਅਹਿਮ ਮੁੱਦਾ ਬਣ ਚੁੱਕਿਆ ਹੈ। ਇਸਨੂੰ ਰੋਕਣ ਲਈ ਹਰ ਨਾਗਰਿਕ ਆਪਣਾ ਫਰਜ਼ ਨਿਭਾਵੇ ਅਤੇ ਜੋ ਨਾਗਰਿਕ ਹੈ ਉਸਦੀ ਵੋਟ ਕੱਟੀ ਨਾ ਜਾਵੇ ਅਤੇ ਗਰੀਬ ਪਰਿਵਾਰਾਂ ਨੂੰ ਮੁਫ਼ਤ ਰਾਸ਼ਨ ਯਕੀਨੀ ਬਣੇ। ਇਹ ਤਾਂ ਹੀ ਬਣ ਸਕਦਾ ਹੈ ਜੇਕਰ ਅਸੀਂ ਸਭ ਆਪਣੀ ਜ਼ਿੰਮੇਵਾਰੀ ਸਮਝ ਕੇ ਹਰ ਜਨ ਮਾਨਸ ਨੂੰ ਜਾਗਰੂਕ ਕਰੀਏ। ਇਸ ਪ੍ਰੋਗਰਾਮ ਵਿੱਚ ਅਬਦੁਲ ਕਾਦਿਰ, ਅਤੇ ਗਗਨਦੀਪ ਜੌਨੀ ਨੇ ਵੀ ਆਪਣੇ ਵਿਚਾਰ ਰੱਖੇ। ਹੋਰਨਾਂ ਤੋਂ ਇਲਾਵਾ ਇਸ ਮੌਕੇ ਜਸਬੀਰ ਸਿੰਘ ਚੱਢਾ, ਪਰਮਿੰਦਰ ਸੰਧੂ, ਭਾਰਤ ਭੂਸ਼ਣ, ਸੰਦੀਪ ਬੈਂਸ, ਰੰਗਾ ਮਦਾਨ, ਗਗਨਦੀਪ ਸੇਠੀ, ਅਜੇ ਨਈਅਰ ਟੈਂਕੀ, ਅਲਕਾ ਮਲਹੋਤਰਾ ਅਤੇ ਹੋਰ ਪਤਵੰਤੇ ਹਾਜ਼ਰ ਸਨ।



ਸ੍ਰੀ ਗਣਪਤੀ ਚੈਰੀਟੇਬਲ ਟਰੱਸਟ ਅਰਬਨ ਅਸਟੇਟ ਦੁਗਰੀ ਫੇਸ 1ਲੁਧਿਆਣਾ ਦੇ ਅਹੁਦੇਦਾਰ ਰਾਜ ਕੁਮਾਰ ਸ਼ਰਮਾ, ਰਵਿੰਦਰ ਕਪੂਰ ਅਤੇ ਵਿਜੇ ਜੈਦਰਥ ਸੀਨੀਅਰ ਕਾਂਗਰਸੀ ਆਗੂ ਜੋਗਿੰਦਰ ਸਿੰਘ ਜੰਗੀ ਨੂੰ ਉਹਨਾਂ ਦੇ ਦਫ਼ਤਰ ਵਿਖੇ ਪਹੁੰਚ ਕੇ ਸ੍ਰੀ ਗਣਪਤੀ ਰਥ ਯਾਤਰਾ ਦਾ ਸੱਦਾ ਦਿੰਦੇ ਹੋਏ। (ਫੋਟੋ ਤੇ ਵੇਰਵਾ-ਰਵਿੰਦਰ ਸਿੰਘ ਨਿੱਝਰ)

# ਜੇਕਰ ਤੁਸੀਂ ਖੰਨੇ ਸ਼ਹਿਰ ਦੇ ਨੈਸ਼ਨਲ ਹਾਈਵੇ ਤੋਂ ਲੰਘਦੇ ਹੋ ਤਾਂ ਹੋ ਜਾਓ ਸਾਵਧਾਨ, ਪੁੱਲ ਫੇਰ ਤੋਂ ਗਿਐ ਧੱਸ : ਬੈਨੀਪਾਲ



ਖੰਨਾਂ, 28 ਅਗੱਸਤ (ਅਰਵਿੰਦਰ ਸਿੰਘ ਸਵੈਚ) : ਸ਼ਹਿਰ 'ਚੋਂ ਨਿਕਲਣ ਵਾਲਾ ਨੈਸ਼ਨਲ ਹਾਈਵੇ ਅਕਸਰ ਹੀ ਆਏ ਦਿਨ ਮਾੜੇ ਪ੍ਰਬੰਧਾਂ ਕਰਕੇ ਧੱਸ ਰਿਹਾ ਹੈ, ਜਿਸ ਕਰਕੇ ਅਖ਼ਬਾਰਾਂ ਦੀਆਂ ਸੁਰਖ਼ੀਆਂ ਕਰਕੇ ਚਰਚਾ ਵਿੱਚ ਰਹਿੰਦਾ ਹੈ। ਪੱਤਰਕਾਰਾਂ ਨੂੰ ਜਾਣਕਾਰੀ ਦਿੰਦੇ ਹੋਏ ਪਿੰਡ ਰੋਹਣੋ ਖੁਰਦ ਦੇ ਨੰਬਰਦਾਰ ਸੰਤੋਖ ਸਿੰਘ ਬੈਨੀਪਾਲ ਨੇ ਦੱਸਿਆ ਕਿ ਖੰਨਾਂ ਸ਼ਹਿਰ ਦੇ ਵਿਚਕਾਰੋਂ ਲੰਘਣ ਵਾਲਾ ਨੈਸ਼ਨਲ ਹਾਈਵੇ ਜੋ ਦਿੱਲੀ ਤੋਂ ਵਾਹਗਾ ਬਾਰਡਰ ਤੱਕ ਜਾਂਦਾ ਹੈ ਅੱਜ ਫੇਰ ਤੋਂ ਸਮਰਾਲਾ ਚੌਂਕ ਦੇ ਬਿਲਕੁਲ ਨਜ਼ਦੀਕ ਧੱਸ ਗਿਆ ਹੈ। ਬੈਨੀਪਾਲ ਨੇ ਦੱਸਿਆ ਕਿ ਪੁੱਲ 'ਤੇ ਤਕਰੀਬਨ 3 ਫੁੱਟ ਚੌੜਾ ਤੇ ਤਕਰੀਬਨ 5 ਫੁੱਟ ਡੂੰਘਾ ਟੋਆ ਪੈ ਚੁੱਕਾ ਹੈ ਜਿਸ ਕਰਕੇ ਕਦੇ ਵੀ ਕੋਈ ਵੱਡਾ ਹਾਦਸਾ ਵਾਪਰ ਸਕਦਾ ਹੈ। ਜਦੋਂ ਕਿ ਇਸ ਨੈਸ਼ਨਲ ਹਾਈਵੇ ਉਪਰੋਂ ਲੰਘਦੇ ਵਾਹਨਾਂ ਦੀ ਸਪੀਡ ਤਕਰੀਬਨ 90 ਤੋਂ 100 ਕਿਲੋਮੀਟਰ ਦੀ ਹੁੰਦੀ ਹੈ ਜੇਕਰ ਏਨੀਂ ਸਪੀਡ ਨਾਲ ਚੱਲਣ ਵਾਲੇ ਵਾਹਨ ਇਸ ਟੋਏ ਨਾਲ ਹਾਦਸੇ ਦਾ ਸ਼ਿਕਾਰ ਹੋ ਜਾਣ ਤਾਂ ਅਨੇਕਾਂ ਲੋਕਾਂ ਦੀਆਂ ਜ਼ਿੰਦਗੀਆਂ ਨੂੰ ਖ਼ਤਰੇ ਵਿੱਚ ਪਾ ਸਕਦੇ ਹਨ।

ਬੈਨੀਪਾਲ ਨੇ ਕਿਹਾ ਕਿ ਇਸੇ ਸਾਲ ਕੁਝ ਸਮਾਂ ਪਹਿਲਾਂ ਵੀ ਇਸ ਜਗ੍ਹਾ ਤੇ ਵੱਡਾ ਟੋਆ ਪੈ ਗਿਆ ਸੀ ਜਦੋਂ ਟੋਆ ਅਖ਼ਬਾਰਾਂ ਦੀਆਂ ਸੁਰਖ਼ੀਆਂ ਬਣਿਆਂ ਤਾਂ ਨੈਸ਼ਨਲ ਹਾਈਵੇ ਦੇ ਅਧਿਕਾਰੀਆਂ ਨੇ ਇਸ ਟੋਏ ਦੀ ਮਾੜੀ ਮੋਟੀ ਮੁਰੰਮਤ ਕਰਵਾ ਕੇ ਡੰਗ ਟਪਾ ਦਿੱਤਾ ਜਿਸ ਦੇ ਚਲਦਿਆਂ ਅੱਜ ਫੇਰ ਉਸੇ ਜਗ੍ਹਾ ਤੇ ਫੇਰ ਤੋਂ ਵੱਡਾ ਟੋਆ ਪੈ ਗਿਆ ਜਿਸ ਨਾਲ ਕੋਈ ਵੱਡਾ ਹਾਦਸਾ ਵਾਪਰ ਸਕਦਾ ਹੈ।

ਬੈਨੀਪਾਲ ਨੇ ਕਿਹਾ ਕਿ ਨੈਸ਼ਨਲ ਹਾਈਵੇ ਦੇ ਅਧਿਕਾਰੀਆਂ ਤੇ ਕਰਮਚਾਰੀਆਂ ਦੀ ਨਲਾਇਕੀ ਕਰਕੇ ਲੋਕ ਹਾਈਵੇ ਤੇ ਪਏ ਟੋਇਆਂ ਨਾਲ ਹਾਦਸਿਆਂ ਦੇ ਸ਼ਿਕਾਰ ਹੁੰਦੇ ਹਨ ਪਰੰਤੂ ਪ੍ਰਸ਼ਾਸਨ ਵੱਲੋਂ ਇਹਨਾਂ ਟੋਇਆਂ ਦਾ ਕੋਈ ਵੀ ਹੱਲ ਨਹੀਂ ਕੀਤਾ ਜਾਂਦਾ ਜਦੋਂ ਕਿ ਲੋਕ ਨੈਸ਼ਨਲ ਹਾਈਵੇ ਨੂੰ ਕਰੋੜਾਂ ਰੁਪਏ ਦੇ ਰੂਪ ਵਿੱਚ ਟੋਲ ਦਿੰਦੇ ਹਨ। ਕਰੋੜਾਂ ਰੁਪਏ ਦੇਣ ਦੇ ਬਾਵਜੂਦ ਵੀ ਲੋਕਾਂ ਨੂੰ ਟੁੱਟੀਆਂ ਸੜਕਾਂ ਉਪਰੋਂ ਲੰਘਣਾ ਹੀ ਨਸੀਬ ਹੁੰਦਾ ਹੈ। ਬੈਨੀਪਾਲ ਨੇ ਕੇਂਦਰੀ ਮੰਤਰੀ ਨਿਤਿਨ ਗਡਕਰੀ ਤੋਂ ਮੰਗ ਕੀਤੀ ਹੈ ਕਿ ਖੰਨਾਂ ਸ਼ਹਿਰ 'ਚੋਂ ਨਿਕਲਣ ਵਾਲੇ ਨੈਸ਼ਨਲ ਹਾਈਵੇ ਵੱਲ ਤੁਰੰਤ ਧਿਆਨ ਦੇ ਕੇ ਇਸ ਦੀ ਹਾਲਤ ਸੁਧਾਰੀ ਜਾਵੇ ਤੇ ਖੰਨਾ ਸ਼ਹਿਰ 'ਚੋਂ ਹਾਈਵੇ ਦੇ ਨਾਲ ਲੰਘਣ ਵਾਲੀ ਸਰਵਿਸ ਲੇਨ ਸੜਕਾਂ ਵਿੱਚ ਪਏ ਟੋਇਆਂ ਨੂੰ ਜਲਦੀ ਭਰਨ ਤੇ ਸੜਕਾਂ ਨੂੰ ਨਵੇਂ ਸਿਰੇ ਤੋਂ ਬਣਾਉਣ ਦੇ ਹੁਕਮ ਕੀਤੇ ਜਾਣ।

## ਘਰੇਲੂ ਖਪਤ ਵਧਾ ਕੇ ਹੋ ਸਕਦੀ ਹੈ ਭਰਪਾਈ

ਨਵੀਂ ਦਿੱਲੀ, 28 ਅਗਸਤ (ਚ.ਨ.ਸ): ਆਰਥਿਕ ਥਿੰਕ ਟੈਂਕ ਜੀਟੀਆਰਆਈ ਦਾ ਕਹਿਣਾ ਹੈ ਕਿ ਭਾਰਤ ਘਰੇਲੂ ਖਪਤ ਵਧਾ ਕੇ ਕੁਝ ਹੱਦ ਤੱਕ ਅਮਰੀਕੀ ਵਪਾਰ ਵਿਚ ਹੋਏ ਨੁਕਸਾਨ ਦੀ ਭਰਪਾਈ ਕਰ ਸਕਦਾ ਹੈ।ਭਾਰਤ 'ਤੇ ਟਰੰਪ ਵੱਲੋਂ ਲਗਾਏ ਗਏ 50 ਫ਼ੀਸਦੀ ਟੈਰਿਫ ਵੀਰਵਾਰ ਤੋਂ ਲਾਗੂ ਹੋ ਗਏ ਹਨ ਤੇ ਇਸ ਨਾਲ ਦੇਸ਼ ਦੇ ਬਰਾਮਦ ਆਧਾਰਤ ਉਦਯੋਗਾਂ ਸਾਹਮਣੇ ਚੁਣੌਤੀਆਂ ਖੜ੍ਹੀਆਂ ਹੋ ਗਈਆਂ ਹਨ। ਹੀਰੇ, ਰਤਨ, ਗਹਿਣੇ, ਕੱਪੜੇ, ਲਿਬਾਸ ਤੇ ਝੀਂਗਾ ਵਰਗੇ ਕਿਰਤ ਪ੍ਰਧਾਨ ਖੇਤਰ ਅਮਰੀਕੀ ਬਾਜ਼ਾਰ 'ਤੇ ਆਪਣੀ ਵਾਧੂ ਨਿਰਭਰਤਾ ਦੇ ਕਾਰਨ ਕਾਫੀ ਪ੍ਰਭਾਵਿਤ ਹੋਣਗੇ।ਗਲੋਬਲ ਟ੍ਰੇਡ ਰਿਸਰਚ ਇਨੀਸ਼ੀਏਟਿਵ ਦੇ ਸੰਸਥਾਪਕ ਅਜੈ ਸ੍ਰੀਵਾਸਤਵ ਨੇ ਕਿਹਾ ਕਿ ਅਮਰੀਕਾ ਦੀਆਂ ਕੁਝ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਭਾਰਤ ਕੋਲ ਮੋਟੇ ਤੌਰ 'ਤੇ ਦੋ ਬਦਲ ਹਨ। ਉਨ੍ਹਾਂ ਕਿਹਾ ਕਿ ਪਹਿਲਾ ਵੱਡਾ ਬਦਲ ਸਥਾਨਕ ਬਾਜ਼ਾਰ ਹੈ।ਸਾਡੀ ਬ੍ਰਾਮਦ ਭਾਰਤੀ ਅਰਥਚਾਰੇ ਦੀ ਸਿਰਫ਼ 20 ਫ਼ੀਸਦੀ ਹੈ ਤੇ ਭਾਰਤੀ ਬਾਜ਼ਾਰ ਬਹੁਤ ਵੱਡਾ ਹੈ। ਇਹ ਭਾਰਤੀ ਉਤਪਾਦਨ ਦੇ 80 ਫ਼ੀਸਦੀ ਦੀ ਖਪਤ ਖ਼ੁਦ ਕਰਦਾ ਹੈ ਤੇ ਇਸ ਵਿਚ ਹੋਰ ਖਪਤ ਕਰਨ ਦੀ ਗੁੰਜਾਇਸ਼ ਹੈ ਕਿਉਂਕਿ ਭਾਰਤੀ ਅਰਥਚਾਰਾ ਸਾਲਾਨਾ ਛੇ ਤੋਂ ਸੱਤ ਫ਼ੀਸਦੀ ਦੀ ਦਰ ਨਾਲ ਵੱਧ ਰਿਹਾ ਹੈ।ਉਨ੍ਹਾਂ ਕਿਹਾ ਕਿ ਘਰੇਲੂ ਖਪਤ ਕੁਝ ਝਟਕਿਆਂ ਨੂੰ ਖ਼ੁਸ਼ੀ ਨਾਲ ਸਹਿਣ ਕਰ ਸਕਦੀ ਹੈ।ਦੂਜਾ ਬਿਹਤਰੀਨ ਬਦਲ ਇਹ ਹੈ ਕਿ ਭਾਰਤ ਜਿਹੜੀ ਬਰਾਮਦ ਅਮਰੀਕਾ ਨੂੰ ਨਹੀਂ ਕਰ ਸਕਦਾ ਉਸ ਦੇ ਲਈ ਨਵੇਂ ਬਾਜ਼ਾਰਾਂ ਦੀ ਤਲਾਸ਼ ਕਰੇ।ਇਸ ਦੇ ਲਈ ਸਰਕਾਰ ਯੂਰਪੀ ਸੰਘ ਦੇ ਨਾਲ ਮੁਕਤ ਵਪਾਰ/ਸਮਝੌਤਿਆਂ ਵਿਚ ਤੇਜ਼ੀ ਲਿਆਉਣ ਦਾ ਯਤਨ ਕਰ ਰਹੀ ਹੈ।ਅਸੀਂ ਬਰਤਾਨੀਆਂ ਨਾਲ ਇਕ ਸਮਝੌਤੇ 'ਤੇ ਦਸਤਖ਼ਤ ਕਰ ਵੀ ਲਏ ਹਨ। ਪੇਰੂ ਤੇ ਹੋਰ ਦੇਸ਼ਾਂ ਦੇ ਨਾਲ ਕੁਝ ਹੋਰ ਮੁਕਤ ਵਪਾਰ ਸਮਝੌਤੇ ਹੋਣ ਵਾਲੇ ਹਨ।ਅਮਰੀਕੀ ਲਿਬਾਸ ਬਜ਼ਾਰ ਵਿਚ ਭਾਰਤ ਦੇ ਨੇੜਲੇ ਮੁਕਾਬਲੇਬਾਜ਼ ਚੀਨ, ਬੰਗਲਾਦੇਸ਼ ਤੇ ਵੀਅਤਨਾਮ ਹਨ।ਇਨ੍ਹਾਂ ਸਾਰੇ ਦੇਸ਼ਾਂ 'ਤੇ ਭਾਰਤ ਦੇ ਮੁਕਾਬਲੇ ਉਮੀਦ ਮੁਤਾਬਕ ਘੱਟ ਟੈਰਿਫ ਹੈ।

## ਦੇਸ਼ ਭਗਤ ਯੂਨੀਵਰਸਿਟੀ ਨੇ ਨਵੇਂ ਵਿਦਿਆਰਥੀਆਂ ਦੀ ਆਮਦ 'ਤੇ ਤੀਜ ਦਾ ਤਿਉਹਾਰ ਮਨਾਇਆ

### ☛ ਅਭਿਸ਼ਰੁਤੀ ਮਿਸ ਤੀਜ ਤੇ ਸ੍ਰੀਮਤੀ ਨਵਜੋਤ ਕੌਰ ਦੇ ਸਿਰ ਸਜਿਆ ਤੀਜ ਕੁਈਨ ਦਾ ਤਾਜ



ਮੰਡੀ ਗੋਬਿੰਦਗੜ੍ਹ, 28 ਅਗਸਤ (ਅੰਮ੍ਰਿਤਪਾਲ ਸਿੰਘ/ਸੂਦ): ਦੇਸ਼ ਭਗਤ ਯੂਨੀਵਰਸਿਟੀ ਨੇ ਨਵੇਂ ਵਿਦਿਆਰਥੀਆਂ ਦੀ ਆਮਦ ਦੀ ਖੁਸ਼ੀ ਵਿੱਚ ਤੀਜ ਦਾ ਤਿਉਹਾਰ ਧੂਮ-ਧਾਮ ਨਾਲ ਮਨਾਇਆ। ਇਹ ਸਮਾਗਮ ਕੈਂਪਸ ਵਿੱਚ ਖੁਸ਼ੀ, ਸਾਂਝ ਤੇ ਤਿਉਹਾਰ ਦੀ ਭਾਵਨਾ ਦਾ ਮਾਹੌਲ ਪੈਦਾ ਕਰਦੇ ਹੋਏ ਨਵੇਂ ਵਿਦਿਆਰਥੀਆਂ ਨੂੰ ਪੰਜਾਬ ਦੀ ਅਮੀਰ ਸੱਭਿਆਚਾਰਕ ਵਿਰਾਸਤ ਤੋਂ ਜਾਣੂ ਕਰਵਾਉਣ ਲਈ ਕਰਵਾਇਆ ਗਿਆ ਸੀ। ਜਸ਼ਨ ਦੀ ਸ਼ੁਰੂਆਤ ਰਵਾਇਤੀ ਗੀਤ, ਨਾਚ ਪ੍ਰਦਰਸ਼ਨਾਂ ਤੇ ਲੋਕ ਗਤੀਵਿਧੀਆਂ ਨਾਲ ਹੋਈ ਜੋ ਪੰਜਾਬੀ ਸੱਭਿਆਚਾਰ ਦੇ ਅਸਲ ਤੱਤ ਨੂੰ ਦਰਸਾਉਂਦੀਆਂ ਸਨ। ਵਿਦਿਆਰਥੀਆਂ ਨੇ ਗਿੱਧਾ, ਭੰਗੜਾ, ਮਹਿੰਦੀ ਕਲਾ ਤੇ ਪੀਂਘ ਝੂਟਣ ਵਿੱਚ ਉਤਸ਼ਾਹ ਨਾਲ ਹਿੱਸਾ ਲਿਆ। ਫੈਕਲਟੀ ਮੈਂਬਰ ਤੇ ਸੀਨੀਅਰ ਵਿਦਿਆਰਥੀ ਵੀ ਇਸ ਵਿਚ ਸ਼ਾਮਲ ਹੋਏ, ਜਿਨ੍ਹਾਂ ਨੇ ਸਮਾਗਮ ਨੂੰ ਹੋਰ ਰੌਣਕ ਵਾਲਾ ਬਣਾ ਦਿੱਤਾ। ਚਾਂਸਲਰ ਡਾ. ਜ਼ੋਰਾ ਸਿੰਘ ਤੇ ਪ੍ਰੋ-ਚਾਂਸਲਰ ਡਾ. ਤਜਿੰਦਰ ਕੌਰ ਨੇ ਪੰਜਾਬੀ ਪਰੰਪਰਾ ਵਿੱਚ ਤੀਜ ਦੇ ਸੱਭਿਆਚਾਰਕ ਮਹੱਤਵ 'ਤੇ ਜ਼ੋਰ ਦਿੱਤਾ ਤੇ ਵਿਦਿਆਰਥੀਆਂ ਨੂੰ ਅਕਾਦਮਿਕ ਉਤਮਤਾ ਦੇ ਨਾਲ-ਨਾਲ ਸੱਭਿਆਚਾਰਕ ਕਦਰਾਂ-ਕੀਮਤਾਂ ਨੂੰ ਗ੍ਰਹਿਣ ਕਰਨ ਦਾ ਸੱਦਾ ਦਿੱਤਾ। ਵਾਈਸ ਚਾਂਸਲਰ ਪ੍ਰੋ. (ਡਾ.) ਹਰਸ਼ ਸਦਾਵਰਤੀ ਨੇ ਸੱਭਿਆਚਾਰਕ ਜਸ਼ਨਾਂ ਨੂੰ ਇੰਡਕਸ਼ਨ ਪ੍ਰੋਗਰਾਮ ਨਾਲ ਮਿਲਾਉਣ ਦੀ ਪਹਿਲਕਦਮੀ ਦੀ ਵੀ ਸ਼ਲਾਘਾ ਕੀਤੀ ਕਿਉਂਕਿ ਇਹ ਵਿਦਿਆਰਥੀਆਂ ਦੇ ਸਮੁੱਚੇ ਵਿਕਾਸ ਲਈ ਇੱਕ ਸੰਪੂਰਨ ਵਾਤਾਵਰਣ ਨੂੰ ਉਤਸ਼ਾਹਿਤ ਕਰਦਾ ਹੈ। ਪ੍ਰੋਗਰਾਮ ਵਿੱਚ ਗ੍ਰੈਂਡ ਫਿਨਾਲੇ ਦੇ ਰੂਪ ਵਿੱਚ ਸੱਭਿਆਚਾਰਕ ਸ਼ੋਅ ਤੇ ਮਿਸ ਤੀਜ (ਵਿਦਿਆਰਥੀਆਂ ਲਈ) ਤੇ ਤੀਜ ਕੁਈਨ (ਫੈਕਲਟੀ ਮੈਂਬਰਾਂ ਲਈ) ਮੁਕਾਬਲੇ ਕਰਵਾਏ ਗਏ, ਜਿਸ ਵਿਚ 22 ਵਿਦਿਆਰਥੀ ਤੇ 10 ਫੈਕਲਟੀ ਮੈਂਬਰਾਂ ਨੇ ਪੰਜਾਬੀ ਪਹਿਰਾਵੇ ਤੇ ਗਹਿਣਿਆਂ ਵਿੱਚ ਸੱਜ ਕੇ ਗਿੱਧਾ ਪ੍ਰਦਰਸ਼ਨ ਤੇ ਪੰਜਾਬੀ ਗਾਇਕੀ ਰਾਹੀਂ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕੀਤਾ। ਮੁਕਾਬਲੇ ਵਿੱਚ ਤਿੰਨ ਦੌਰ ਰੈਂਪ ਵਾਕ ਵੀ ਸ਼ਾਮਿਲ ਸਨ। ਇਸ ਉਪਰੰਤ ਅਭਿਸ਼ਰੁਤੀ ਨੂੰ ਮਿਸ ਤੀਜ ਦਾ ਤਾਜ ਪਹਿਨਾਇਆ ਗਿਆ ਜਦੋਂਕਿ ਸ੍ਰੀਮਤੀ ਨਵਜੋਤ ਕੌਰ ਨੂੰ ਤੀਜ ਕੁਈਨ ਨਾਲ ਸਨਮਾਨਤ ਕੀਤਾ ਗਿਆ। ਜਸ਼ਨ ਇੱਕ ਓਪਨ ਡੀਜੇ ਸੈਸ਼ਨ ਨਾਲ ਸਮਾਪਤ ਹੋਇਆ, ਜਿਸ ਦਾ ਵਿਦਿਆਰਥੀਆਂ ਨੇ ਪੂਰਾ ਆਨੰਦ ਮਾਣਿਆ।

## ਉਤਰ-ਪ੍ਰਦੇਸ਼ 'ਚ ਕਰੋੜਪਤੀ ਕਾਰੋਬਾਰੀ ਜੋੜੇ ਨੇ ਪੁੱਤ ਸਮੇਤ ਕੀਤੀ ਖ਼ੁਦਕੁਸ਼ੀ

ਸ਼ਾਹਜਹਾਂਪੁਰ, 28 ਅਗਸਤ (ਚ.ਨ.ਸ.): ਉਤਰ ਪ੍ਰਦੇਸ਼ ਦੇ ਸ਼ਾਹਜਹਾਂਪੁਰ ਵਿੱਚ ਇੱਕ ਕਰੋੜਪਤੀ ਕਾਰੋਬਾਰੀ ਨੇ ਆਪਣੀ ਪਤਨੀ ਤੇ 4 ਸਾਲ ਦੇ ਪੁੱਤਰ ਸਮੇਤ ਖ਼ੁਦਕੁਸ਼ੀ ਕਰ ਲਈ।ਪਹਿਲਾਂ ਉਸ ਨੇ ਆਪਣੇ ਪੁੱਤਰ ਨੂੰ ਚੂਹੇ ਮਾਰਨ ਵਾਲੀ ਦਵਾਈ ਖਵਾਈ, ਫਿਰ ਪਤੀ-ਪਤਨੀ ਨੇ ਫਾਹਾ ਲੈ ਲਿਆ।ਕਿਹਾ ਜਾ ਰਿਹਾ ਹੈ ਕਿ ਪ੍ਰਵਾਰ ਕਾਰੋਬਾਰ ਵਿੱਚ ਹੋਏ ਨੁਕਸਾਨ ਕਾਰਨ ਪ੍ਰੇਸ਼ਾਨ ਸੀ।ਮ੍ਰਿਤਕਾਂ ਦੀ ਪਛਾਣ ਕਾਰੋਬਾਰੀ ਸਚਿਨ ਤੇ ਸ਼ਿਵਾਂਗੀ ਤੇ 4 ਸਾਲਾ ਪੁੱਤ ਫ਼ਤਹਿ ਵਜੋਂ ਹੋਈ ਹੈ।ਬੁੱਧਵਾਰ ਸਵੇਰੇ ਜਦੋਂ ਘਰ ਵਿੱਚ ਕੋਈ ਹਰਕਤ ਨਾ ਹੋਈ ਤਾਂ ਪਰਿਵਾਰਕ ਮੈਂਬਰਾਂ ਨੂੰ ਸ਼ੱਕ ਹੋਇਆ।ਜਦੋਂ ਉਨ੍ਹਾਂ ਨੇ ਖਿੜਕੀ ਵਿੱਚੋਂ ਦੇਖਿਆ ਤਾਂ ਦੋਵਾਂ ਦੀਆਂ ਲਾਸ਼ਾਂ ਫੰਦੇ ਨਾਲ ਲਟਕਦੀਆਂ ਦੇਖੀਆਂ।ਸੂਚਨਾ ਮਿਲਣ 'ਤੇ ਪੁਲਿਸ ਪਹੁੰਚੀ ਤੇ ਦਰਵਾਜ਼ਾ ਤੋੜ ਕੇ ਅੰਦਰ ਚਲੀ ਗਈ। ਪੁੱਤਰ ਬਿਸਤਰੇ 'ਤੇ ਬੇਹੋਸ਼ ਪਿਆ ਸੀ। ਪਤੀ-ਪਤਨੀ ਦੋ ਵੱਖ-ਵੱਖ ਕਮਰਿਆਂ ਵਿੱਚ ਲਟਕਦੇ ਮਿਲੇ।ਪਤਨੀ ਬੈਡਰੂਮ ਵਿੱਚ ਲਟਕਦੀ ਮਿਲੀ ਜਦੋਂ ਕਿ ਪਤੀ ਡਰਾਇੰਗ ਰੂਮ ਵਿੱਚ ਲਟਕਦਾ ਮਿਲਿਆ।ਸਾਰਿਆਂ ਨੂੰ ਹਸਪਤਾਲ ਲਿਜਾਇਆ ਗਿਆ।ਉਥੇ ਡਾਕਟਰਾਂ ਨੇ ਤਿੰਨਾਂ ਨੂੰ ਮ੍ਰਿਤਕ ਐਲਾਨ ਦਿੱਤਾ। ਮਰਨ ਤੋਂ ਪਹਿਲਾਂ, ਕਾਰੋਬਾਰੀ ਦੀ ਪਤਨੀ ਨੇ ਆਪਣੀ ਮਾਂ ਨੂੰ ਵਟਸਐਪ 'ਤੇ 35 ਪੰਨਿਆਂ ਦਾ ਸੁਸਾਈਡ ਨੋਟ ਭੇਜਿਆ ਸੀ। ਇਸ ਵਿੱਚ ਲਿਖਿਆ ਸੀ-ਤੁਸੀਂ ਸਾਰੇ ਮੇਰੇ ਕਾਰਨ ਪ੍ਰੇਸ਼ਾਨ ਹੋ।ਹੁਣ ਤੁਸੀਂ ਸਾਰੇ ਆਰਾਮ ਕਰ ਸਕਦੇ ਹੋ।ਕਾਰੋਬਾਰੀ ਦਾ 8 ਸਾਲ ਪਹਿਲਾਂ ਪ੍ਰੇਮ ਵਿਆਹ ਹੋਇਆ ਸੀ।ਇਹ ਘਟਨਾ ਰੋਜ਼ਾ ਥਾਣਾ ਖੇਤਰ ਦੀ ਦੁਰਗਾ ਐਨਕਲੇਵ ਕਲੋਨੀ ਵਿੱਚ ਵਾਪਰੀ।ਪੁਲਿਸ ਦਾ ਕਹਿਣਾ ਹੈ-ਸ਼ੁਰੂਆਤੀ ਜਾਂਚ ਵਿੱਚ ਮਾਮਲਾ ਖ਼ੁਦਕੁਸ਼ੀ ਵਰਗਾ ਜਾਪਦਾ ਸੀ, ਪਰ ਕਾਰੋਬਾਰੀ ਦੀ ਲਾਸ਼ ਜ਼ਮੀਨ ਨੂੰ ਛੂਹ ਰਹੀ ਸੀ।ਅਜਿਹੀ ਸਥਿਤੀ ਵਿੱਚ ਕਤਲ ਦੇ ਐਂਗਲ 'ਤੇ ਵੀ ਜਾਂਚ ਕੀਤੀ ਜਾ ਰਹੀ ਹੈ। ਪਰਿਵਾਰਕ ਮੈਂਬਰਾਂ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ।ਪਤਨੀ ਦਾ ਮੋਬਾਈਲ ਜ਼ਬਤ ਕਰ ਲਿਆ ਗਿਆ ਹੈ।

## ਟੈਰਿਫ ਦੀ ਕਾਟ ਲਈ ਭਾਰਤ ਦਾ 'ਟਰੰਪ ਕਾਰਡ'



ਨਵੀਂ ਦਿੱਲੀ, 28 ਅਗਸਤ (ਚ.ਨ.ਸ): ਭਾਰਤੀ ਕੱਪੜਾ ਉਤਪਾਦਾਂ 'ਤੇ ਅਮਰੀਕਾ ਵੱਲੋਂ 50 ਫ਼ੀਸਦੀ ਟੈਰਿਫ ਲਾਏ ਜਾਣ ਵਿਚਾਲੇ ਸਰਕਾਰ ਨੇ ਕੱਪੜਾ ਬਰਾਮਦ ਨੂੰ ਉਤਸ਼ਾਹਤ ਕਰਨ ਲਈ 40 ਦੇਸ਼ਾਂ ਵਿਚ ਵਿਸ਼ੇਸ਼ ਸੰਪਰਕ ਪ੍ਰੋਗਰਾਮ ਚਲਾਉਣ ਦੀ ਯੋਜਨਾ ਬਣਾਈ ਹੈ।ਇਸ ਪਹਿਲ ਦੇ ਤਹਿਤ ਬਰਤਾਨੀਆ, ਜਪਾਨ, ਦੱਖਣੀ ਕੋਰੀਆ, ਜਰਮਨੀ, ਫਰਾਂਸ ਇਟਲੀ, ਸਪੇਨ, ਨੀਦਰਲੈਂਡ, ਪੋਲੈਂਡ, ਕੈਨੇਡਾ, ਮੈਕਸੀਕੋ, ਰੂਸ, ਬੈਲਜੀਅਮ, ਤੁਰਕੀ, ਯੂਏਈ ਅਤੇ ਆਸਟ੍ਰੇਲੀਆ ਵਰਗੇ ਪ੍ਰਮੁੱਖ ਦੇਸ਼ਾਂ ਵਿਚ ਭਾਰਤ ਨੂੰ ਪ੍ਰਮੋਟ ਕੀਤਾ ਜਾਵੇਗਾ। ਇਹ ਦੇਖਦੇ ਹੋਏ ਕਿ ਭਾਰਤ ਪਹਿਲਾਂ ਤੋਂ ਹੀ 220 ਤੋਂ ਵੱਧ ਦੇਸ਼ਾਂ ਨੂੰ ਕੱਪੜਾ ਬਰਾਮਦ ਕਰਦਾ ਹੈ ਪਰ ਇਹ 40 ਦੇਸ਼ ਮਿਲ ਕੇ ਕਰੀਬ 590 ਅਰਬ ਡਾਲਰ ਦੇ ਕੱਪੜੇ ਤੇ ਲਿਬਾਸ ਦਰਾਮਦ ਕਰਦੇ ਹਨ।ਇਸ ਦਰਾਮਦ ਵਿਚ ਭਾਰਤ ਦੀ ਹਿੱਸੇਦਾਰੀ ਫ਼ਿਲਹਾਲ ਮਹਿਜ਼ ਪੰਜ-ਛੇ ਫ਼ੀਸਦੀ ਹੈ।ਇਕ ਅਧਿਕਾਰੀ ਨੇ ਕਿਹਾ ਕਿ ਮੌਜੂਦਾ ਹਾਲਾਤ ਵਿਚ ਇਨ੍ਹਾਂ ਦੇਸ਼ਾਂ ਦੇ ਨਾਲ ਵਿਸ਼ੇਸ਼ ਸੰਪਰਕ ਦੀ ਇਹ ਪਹਿਲ ਬਾਜ਼ਾਰ ਵਿਭਿੰਨਤਾ ਦੀ ਦਿਸ਼ਾ ਵਿਚ ਇਕ ਅਹਿਮ ਕਦਮ ਹੋ ਜਾ ਰਿਹਾ ਹੈ।ਇਸ ਵਿਚ ਭਾਰਤੀ ਮਿਸ਼ਨਾਂ ਤੇ ਦਰਾਮਦ ਪ੍ਰਮੋਸ਼ਨ ਕੌਂਸਲਾਂ (ਈਪੀਸੀ) ਦੀ ਅਹਿਮ ਕੱਪੜਾ ਬਰਾਮਦ ਵਧਾਉਣ ਲਈ 40 ਦੇਸ਼ਾਂ ਨਾਲ ਸੰਪਰਕ ਕਰੇਗੀ, ਸਰਕਾਰੀ ਭੂਮਿਕਾ ਹੋਵੇਗੀ।ਐਪੇਰਲ ਐਕਸਪੋਰਟ ਪ੍ਰਮੋਸ਼ਨ ਕੌਂਸਲ (ਏਈਪੀਸੀ) ਦੇ ਜਨਰਲ ਸਕੱਤਰ ਮਿਥਿਲੇਸ਼ ਠਾਕੁਰ ਨੇ ਕਿਹਾ ਕਿ 25 ਫ਼ੀਸਦੀ ਟੈਰਿਫ ਦਰ ਨੂੰ ਤਾਂ ਉਦਯੋਗ ਨੇ ਪਹਿਲਾਂ ਹੀ ਸਵੀਕਾਰ ਕਰ ਲਿਆ ਸੀ ਪਰ ਵਾਧੂ 25 ਫ਼ੀਸਦੀ ਟੈਰਿਫ ਲੱਗਣ ਨਾਲ ਭਾਰਤ ਦੀ ਮੁਕਾਬਲੇਬਾਜ਼ੀ ਵਾਲੇ ਬੰਗਲਾਦੇਸ਼, ਵੀਅਤਨਾਮ, ਸ੍ਰੀਲੰਕਾ, ਕੰਬੋਡੀਆ ਤੇ ਇੰਡੋਨੇਸ਼ੀਆ ਵਰਗੇ ਦੇਸ਼ਾਂ ਦੀ ਤੁਲਨਾ ਵਿਚ 30-31 ਫ਼ੀਸਦੀ ਤੱਕ ਘੱਟ ਗਈ ਹੈ। ਇਸ ਨਾਲ ਭਾਰਤੀ ਲਿਬਾਸ ਉਦਯੋਗ ਅਮਰੀਕੀ ਬਾਜ਼ਾਰ ਤੋਂ ਲਗਭਗ ਬਾਹਰ ਹੋ ਗਿਆ ਹੈ।ਉਨ੍ਹਾਂ ਨੇ ਸਰਕਾਰ ਤੋਂ ਤੱਤਕਾਲ ਵਿੱਤੀ ਸਹਾਇਤਾ ਦੀ ਮੰਗ ਕੀਤੀ ਤਾਂ ਕਿ ਉਦਯੋਗ ਸੰਕਟ 'ਚੋਂ ਬਾਹਰ ਨਿਕਲ ਸਕੇ।ਉਨ੍ਹਾਂ ਨੇ ਕਿਹਾ ਕਿ ਕੱਪੜਾ ਉਦਯੋਗ ਹੁਣ ਬਰਤਾਨੀਆ ਤੇ ਈਐੱਫਟੀਏ ਦੇਸ਼ਾਂ ਨਾਲ ਵਪਾਰ ਸਮਝੌਤਿਆਂ ਰਾਹੀਂ ਨੁਕਸਾਨ ਦੀ ਭਰਪਾਈ ਦੀਆਂ ਸੰਭਾਵਨਾਵਾਂ ਦੀ ਤਲਾਸ਼ ਕਰ ਰਿਹਾ ਹੈ।

## ਐਲਜੀ ਵੱਲੋਂ ਵੈਸ਼ਨੋ ਦੇਵੀ ਮਾਰਗ 'ਤੇ ਮਰੇ ਹਰ ਸ਼ਰਧਾਲੂ ਦੇ ਪਰਿਵਾਰ ਨੂੰ 9 ਲੱਖ ਮੁਆਵਜ਼ਾ ਦੇਣ ਦਾ ਐਲਾਨ

ਜੰਮੂ, 28 ਅਗਸਤ (ਚ.ਨ.ਸ): ਮਾਤਾ ਵੈਸ਼ਨੋ ਦੇਵੀ ਮੰਦਰ ਦੇ ਯਾਤਰਾ ਮਾਰਗ 'ਤੇ ਆਦਕੁਆਰੀ ਦੇ ਨਜ਼ਦੀਕ ਪਹਾੜ ਖਿਸਕਣ ਨਾਲ ਦੱਬੇ ਸ਼ਰਧਾਲੂਆਂ ਨੂੰ ਕੱਢਣ ਦੀ ਕਾਰਵਾਈ ਬੁੱਧਵਾਰ ਤੜਕੇ ਮੁੜ ਬਾਰਿਸ਼ ਵਿਚਾਲੇ ਜੰਗੀ ਪੱਧਰ 'ਤੇ ਤੇਜ਼ ਕੀਤੀ ਗਈ। ਇਸ ਆਫਤ 'ਚ ਕੁੱਲ 34 ਸ਼ਰਧਾਲੂਆਂ ਦੀ ਮੌਤ ਹੋ ਗਈ ਹੈ ਤੇ ਕਰੀਬ 22 ਸ਼ਰਧਾਲੂ ਜ਼ਖ਼ਮੀ ਹਨ, ਜਿਨ੍ਹਾਂ ਦਾ ਕਟੜਾ ਦੇ ਨਾਰਾਇਣ ਹਸਪਤਾਲ 'ਚ ਇਲਾਜ ਜਾਰੀ ਹੈ। ਇਸ ਹਾਦਸੇ 'ਚ ਮਾਰੇ ਗਏ 34 ਸ਼ਰਧਾਲੂਆਂ 'ਚੋਂ 26 ਦੀ ਪਛਾਣ ਕੀਤੀ ਜਾ ਚੁੱਕੀ ਹੈ। ਮਾਰੇ ਗਏ ਸ਼ਰਧਾਲੂਆਂ ਵਿਚ ਚੰਡੀਗੜ੍ਹ ਨਿਵਾਸੀ ਕ੍ਰਿਸ਼ਨਾ (30), ਅੰਮ੍ਰਿਤਸਰ ਨਿਵਾਸੀ ਮਨਪ੍ਰੀਤ (20), ਰਾਜ (10), ਰਾਮ ਸ਼ਰਨ (40) ਸ਼ਾਮਲ ਹਨ। ਇਸੇ ਤਰ੍ਹਾਂ ਜ਼ਖ਼ਮੀਆਂ ਸ਼ਰਧਾਲੂਆਂ ਵਿਚ ਮੋਹਾਲੀ ਨਿਵਾਸੀ ਕਿਰਨ (62) ਪਠਾਨੀ ਸੁਭਾਸ਼ ਤੇ ਅੰਮ੍ਰਿਤਸਰ ਨਿਵਾਸੀ ਸੁਰਜੀਤ (45) ਵੀ ਸ਼ਾਮਲ ਹਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਉਪ-ਰਾਜਪਾਲ ਮਨੋਜ ਸਿਨ੍ਹਾ ਤੇ ਮੁੱਖ ਮੰਤਰੀ ਉਮਰ ਅਬਦੁੱਲਾ ਨਾਲ ਗੱਲ ਕਰਕੇ ਪੂਰੀ ਸਥਿਤੀ ਦਾ ਪਤਾ ਲਗਾਇਆ ਤੇ ਹਰ ਸੰਭਵ ਮਦਦ ਦਾ ਭਰੋਸਾ ਦਿੱਤਾ। ਉਪ-ਰਾਜਪਾਲ ਮਨੋਜ ਸਿਨ੍ਹਾ ਨੇ ਵੈਸ਼ਨੋ ਦੇਵੀ ਯਾਤਰਾ ਮਾਰਗ 'ਤੇ ਜ਼ਮੀਨ ਖਿਸਕਣ 'ਚ ਮਾਰੇ ਗਏ ਹਰ ਸ਼ਰਧਾਲੂ ਦੇ ਪਰਿਵਾਰ ਨੂੰ ਨੌਂ ਲੱਖ ਰੁਪਏ ਮੁਆਵਜ਼ਾ ਦੇਣ ਦਾ ਐਲਾਨ ਕੀਤਾ। ਉਥੇ ਮੁੱਖ ਮੰਤਰੀ ਉਮਰ ਅਬਦੁੱਲਾ ਨੇ ਹਰ ਮ੍ਰਿਤਕ ਦੇ ਪਰਿਵਾਰ ਨੂੰ ਛੇ ਲੱਖ ਰੁਪਏ ਦੇਣ ਦਾ ਐਲਾਨ ਕੀਤਾ ਹੈ।

## ਕੇਂਦਰ ਨੇ ਕਾਲੋਜੀਅਮ ਦੀ ਸਿਫ਼ਾਰਸ਼ ਨੂੰ ਮੰਨਦਿਆਂ ਜਸਟਿਸ ਆਲੋਕ ਅਰਾਧੇ ਤੇ ਪੰਚੋਲੀ ਨੂੰ ਸੁਪਰੀਮ ਕੋਰਟ ਦੇ ਜੱਜ ਨਿਯੁਕਤ ਕੀਤਾ

ਨਵੀਂ ਦਿੱਲੀ, 28 ਅਗਸਤ (ਚ.ਨ.ਸ): ਕੇਂਦਰ ਸਰਕਾਰ ਨੇ ਕਾਲੋਜੀਅਮ ਦੀ ਸਿਫ਼ਾਰਸ਼ ਨੂੰ ਮੰਨਦਿਆਂ ਬਾਂਬੇ ਹਾਈ ਕੋਰਟ ਦੇ ਮੁੱਖ ਜੱਜ ਆਲੋਕ ਅਰਾਧੇ ਤੇ ਪਟਨਾ ਹਾਈ ਕੋਰਟ ਦੇ ਮੁੱਖ ਜੱਜ ਵਿਪੁਲ ਮਨੂਭਾਈ ਪੰਚੋਲੀ ਨੂੰ ਸੁਪਰੀਮ ਕੋਰਟ ਦੇ ਜੱਜ ਨਿਯੁਕਤ ਕੀਤਾ ਹੈ। ਇਨ੍ਹਾਂ ਦੋਵਾਂ ਨਵੇਂ ਜੱਜਾਂ ਦੇ ਅਹੁਦਾ ਗ੍ਰਹਿਣ ਕਰਨ ਦੇ ਨਾਲ ਹੀ ਸਰਬਉੱਚ ਅਦਾਲਤ ਵਿਚ ਜੱਜਾਂ ਦੀ ਗਿਣਤੀ 34 ਹੋ ਜਾਵੇਗੀ। ਸੁਪਰੀਮ ਕੋਰਟ ਵਿਚ ਜੱਜਾਂ ਦੇ ਕੁੱਲ ਇੰਨੇ ਹੀ ਅਹੁਦੇ ਮਨਜ਼ੂਰਸ਼ੁਦਾ ਹਨ। ਦੋਵਾਂ ਜੱਜਾਂ ਦੀ ਨਿਯੁਕਤੀ ਬਾਰੇ ਜਾਰੀ ਨੋਟੀਫਿਕੇਸ਼ਨ ਮੁਤਾਬਕ, ਰਾਸ਼ਟਰਪਤੀ ਨੇ ਸੰਵਿਧਾਨ ਦੀ ਧਾਰਾ 124 (2) ਵਿਚ ਦਿੱਤੀਆਂ ਸ਼ਕਤੀਆਂ ਤਹਿਤ ਜਸਟਿਸ ਆਲੋਕ ਅਰਾਧੇ ਤੇ ਜਸਟਿਸ ਵਿਪੁਲ ਪੰਚੋਲੀ ਨੂੰ ਸੁਪਰੀਮ ਕੋਰਟ ਦਾ ਜੱਜ ਨਿਯੁਕਤ ਕੀਤਾ ਹੈ। ਦੋਵਾਂ ਜੱਜਾਂ ਦੀ ਨਿਯੁਕਤੀ ਉਨ੍ਹਾਂ ਦੇ ਅਹੁਦਾ ਗ੍ਰਹਿਣ ਕਰਨ ਦੇ ਦਿਨ ਤੋਂ ਪ੍ਰਭਾਵੀ ਹੋਵੇਗੀ। ਸੁਪਰੀਮ ਕੋਰਟ ਕਾਲੋਜੀਅਮ ਨੇ 25 ਅਗਸਤ ਨੂੰ ਇਨ੍ਹਾਂ ਦੋਵਾਂ ਜੱਜਾਂ ਨੂੰ ਉੱਚ ਅਦਾਲਤ ਦਾ ਜੱਜ ਨਿਯੁਕਤ ਕਰਨ ਦੀ ਸਿਫਾਰਸ਼ ਕੇਂਦਰ ਸਰਕਾਰ ਨੂੰ ਕੀਤੀ ਸੀ। ਕੇਂਦਰ ਸਰਕਾਰ ਨੇ ਸਿਫਾਰਸ਼ ਮੰਨਦਿਆਂ ਦੋ ਦਿਨਾਂ ਵਿਚ ਹੀ ਦੋਵਾਂ ਜੱਜਾਂ ਦੀ ਸੁਪਰੀਮ ਕੋਰਟ ਦੇ ਕਾਲੋਜੀਅਮ ਨੇ ਕੀਤੀ ਸੀ ਪ੍ਰਮੋਟ ਕਰਨ ਦੀ ਸਿਫ਼ਾਰਸ਼। ਕੇਂਦਰ ਨੇ ਦੋ ਦਿਨਾਂ 'ਚ ਹੀ ਨਿਯੁਕਤੀ ਦਾ ਹੁਕਮ ਜਾਰੀ ਕਰ ਦਿੱਤਾ। ਸੁਪਰੀਮ ਕੋਰਟ ਵਿਚ ਜੱਜਾਂ ਦੀ ਨਿਯੁਕਤੀ ਦੀ ਸਿਫਾਰਸ਼ ਸੀਜੇਆਈ ਦੀ ਅਗਵਾਈ ਵਾਲੀ ਪੰਜ ਸੀਨੀਅਰ ਜੱਜਾਂ ਦੀ ਕਾਲੋਜੀਅਮ ਕਰਦੀ ਹੈ। ਕਾਲੋਜੀਅਮ ਦੀ ਮੈਂਬਰ ਜਸਟਿਸ ਬੀਵੀ ਨਾਗਰਤਨਾ ਨੇ ਜਸਟਿਸ ਵਿਪੁਲ ਮਨੂਭਾਈ ਪੰਚੋਲੀ ਨੂੰ ਪ੍ਰਮੋਟ ਕਰਨ 'ਤੇ ਅਸਹਿਮਤੀ ਪ੍ਰਗਟਾਈ ਸੀ। ਉਨ੍ਹਾਂ ਨੇ ਸੁਪਰੀਮ ਕੋਰਟ ਵਿਚ ਖੇਤਰੀ ਨੁਮਾਇੰਦਗੀ ਦੇ ਮਾਮਲੇ ਅਤੇ ਪਟਨਾ ਹਾਈ ਕੋਰਟ ਦੇ ਜੱਜਾਂ ਵਿਚ ਸੀਨੀਆਰਤਾ ਸਬੰਧੀ ਜਸਟਿਸ ਪੰਚੋਲੀ ਨੂੰ ਲੈ ਕੇ ਆਪਣੀ ਅਸਹਿਮਤੀ ਪ੍ਰਗਟਾਈ ਸੀ। 2 ਅਕਤੂਬਰ, 2031 ਨੂੰ ਜਸਟਿਸ ਜੋਇਮਾਲਿਆ ਬਾਗਚੀ ਦੀ ਸੇਵਾਮੁਕਤੀ ਤੋਂ ਬਾਅਦ ਜਸਟਿਸ ਪੰਚੋਲੀ ਚੀਫ਼ ਜਸਟਿਸ ਬਣਨਗੇ। ਉਹ 3 ਅਕਤੂਬਰ, 2031 ਨੂੰ ਸੀਜੇਆਈ ਦਾ ਕਾਰਜਕਾਲ ਸੰਭਾਲਣਗੇ ਤੇ 27 ਮਈ, 2033 ਨੂੰ ਸੇਵਾਮੁਕਤ ਹੋਣਗੇ।

## ਵਿਧਾਇਕ ਬੜਿੰਗ ਵੱਲੋਂ ਪਿੰਡਾਂ ਦੇ ਨੌਜਵਾਨਾਂ ਦੇ ਮਨੋਬਲ ਨੂੰ ਉਚਾ ਚੁੱਕਣ ਲਈ ਉਪਰਾਲੇ ਤੇਜ਼

### ☛ ਯੂਥ ਕਲੱਬਾਂ ਦੇ ਬੈਂਕ ਖਾਤਿਆਂ 'ਚ ਸਿੱਧੀਆਂ ਹੀ ਜਾਣੀ ਹੋਣਗੀਆਂ ਗ੍ਰਾਂਟਾਂ



ਅਮਲੋਹ, 28 ਅਗਸਤ (ਜਸਵੰਤ ਸਿੰਘ): ਹਲਕਾ ਅਮਲੋਹ ਅਧੀਨ ਆਉਂਦੇ ਪਿੰਡਾਂ ਵਿੱਚ ਨੌਜਵਾਨ ਵਰਗ ਦੇ ਮਨੋਬਲ ਨੂੰ ਉਚਾ ਚੁੱਕਣ, ਪਿੰਡਾਂ ਦੇ ਵਿਕਾਸ ਵਿੱਚ ਭਾਗੀਦਾਰ ਬਣਾਉਣ ਤੇ ਨੌਜਵਾਨਾਂ ਦੀ ਸ਼ਕਤੀ ਨੂੰ ਸਹੀ ਦਿਸ਼ਾ ਦੇਣ ਲਈ ਵਿਸ਼ੇਸ਼ ਉਪਰਾਲੇ ਹੋਰ ਤੇਜ਼ ਕੀਤੇ ਗਏ ਹਨ। ਇਹ ਪ੍ਰਗਟਾਵਾ ਵਿਧਾਇਕ ਗੁਰਿੰਦਰ ਸਿੰਘ ਗੈਰੀ ਬੜਿੰਗ ਨੇ ਪਿੰਡ ਮਾਜਰੀ ਕਿਸ਼ਨੇ ਵਾਲੀ, ਮਾਜਰੀ ਅਰਾਈਆਂ, ਹਰੀਪੁਰ, ਮਾਨਗੜ੍ਹ, ਚਹਿਲਾਂ, ਬੈਣੀ ਜੇਰ ਤੇ ਖਨਿਆਣ ਆਦਿ ਪਿੰਡਾਂ ਵਿੱਚ ਨੌਜਵਾਨਾਂ ਤੇ ਪਤਵੰਤਿਆਂ ਨਾਲ ਮੀਟਿੰਗਾਂ ਕਰਦਿਆਂ ਕੀਤਾ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਪਿੰਡਾਂ ਦੇ ਅਗਾਂਹਵਧੂ ਤੇ ਹਿੰਮਤੀ ਨੌਜਵਾਨਾਂ ਨੂੰ ਸਰੀਰਕ ਤੇ ਮਾਨਸਿਕ ਤੰਦਰੁਸਤੀ ਵੱਲ ਪ੍ਰੇਰਿਤ ਕਰਨ ਦੇ ਉਦੇਸ਼ ਨਾਲ ਜਿਥੇ ਹਰ ਪਿੰਡ ਵਿੱਚ ਜਿਮਨੇਜ਼ੀਅਮ ਬਣਾਉਣ ਦਾ ਟੀਚਾ ਮਿੱਥਿਆ ਹੈ, ਉਥੇ ਖੇਡਾਂ ਵਿਚ ਰੁਚੀ ਵਿਕਸਤ ਕਰਨ ਲਈ ਖੇਡ ਕਿੱਟਾਂ ਵੀ ਵੰਡੀਆਂ ਜਾਣਗੀਆਂ ਤੇ ਇਸ ਸਬੰਧੀ ਪੰਚਾਇਤਾਂ ਨਾਲ ਉਹ ਸਿੱਧੇ ਤੌਰ 'ਤੇ ਰਾਬਤਾ ਕਰ ਰਹੇ ਹਨ ਤਾਂ ਜੋ ਪੰਚਾਇਤਾਂ ਤੋਂ ਇਸ ਲੋਕ ਪੱਖੀ ਕਾਰਜ ਲਈ ਜਗਾ ਲੈ ਕੇ ਜਿੰਮ ਸਥਾਪਤ ਕੀਤੇ ਜਾ ਸਕਣ।ਉਨ੍ਹਾਂ ਦੱਸਿਆ ਕਿ ਪਿੰਡਾਂ ਵਿੱਚ ਨਵੇਂ ਯੂਥ ਕਲੱਬਾਂ ਦਾ ਗਠਨ ਕੀਤਾ ਜਾ ਰਿਹਾ ਹੈ ਤਾਂ ਜੋ ਨੌਜਵਾਨ ਸਮਾਜਿਕ ਬੁਰਾਈਆਂ ਖਿਲਾਫ਼ ਇਕਜੁਟ ਹੋ ਕੇ ਯੋਗਦਾਨ ਪਾ ਸਕਣ। ਇਨ੍ਹਾਂ ਕਲੱਬਾਂ ਦੇ ਬੈਂਕ ਖਾਤੇ ਖੁੱਲ੍ਹਵਾਏ ਜਾਣਗੇ ਤਾਂ ਜੋ ਸਰਕਾਰ ਵੱਲੋਂ ਗ੍ਰਾਂਟਾਂ ਸਿੱਧੇ ਤੌਰ 'ਤੇ ਕਲੱਬਾਂ ਨੂੰ ਪਾਈਆਂ ਜਾ ਸਕਣ ਤੇ ਕਲੱਬਾਂ ਦੇ ਅਹੁਦੇਦਾਰ ਆਪਸੀ ਰਾਏ ਨਾਲ ਇਨ੍ਹਾਂ ਦੀ ਵਰਤੋਂ ਖੇਡਾਂ ਜਾਂ ਸਭਿਆਚਾਰਕ ਗਤੀਵਿਧੀਆਂ ਲਈ ਕਰ ਸਕਣ। ਉਨ੍ਹਾਂ ਅਪੀਲ ਕੀਤੀ ਕਿ ਇਨ੍ਹਾਂ ਨਵੇਂ ਗਠਿਤ ਹੋਣ ਵਾਲੇ ਕਲੱਬਾਂ ਵਿੱਚ ਵੱਧ ਤੋਂ ਵੱਧ ਮੈਂਬਰਾਂ ਨੂੰ ਜੋੜਿਆ ਜਾਵੇ।

## ਅਕਾਲ ਅਕੈਡਮੀ ਦੇ ਵਿਦਿਆਰਥੀਆਂ ਨੇ 10ਵੀਂ ਪੰਜਾਬ ਰਾਜ ਗੱਤਕਾ ਚੈਂਪੀਅਨਸ਼ਿਪ 'ਚ ਸ਼ਾਨਦਾਰ ਪ੍ਰਦਰਸ਼ਨ ਕੀਤਾ



ਬੜੂ ਸਾਹਿਬ, 28 ਅਗਸਤ (ਅੰਮ੍ਰਿਤਪਾਲ ਸਿੰਘ): ਕਲਗੀਧਰ ਟਰੱਸਟ ਬੜੂ ਸਾਹਿਬ ਦੇ ਦਿਸ਼ਾ-ਨਿਰਦੇਸ਼ਾਂ ਹੇਠ ਚੱਲ ਰਹੀ ਅਕਾਲ ਅਕੈਡਮੀ ਖੂਈਆਂ ਸਰਵਰ ਦੀ ਗੱਤਕਾ ਟੀਮ ਨੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਅਨੰਦਪੁਰ ਸਾਹਿਬ ਵਿਖੇ ਆਯੋਜਿਤ 10ਵੀਂ ਪੰਜਾਬ ਰਾਜ ਗੱਤਕਾ ਚੈਂਪੀਅਨਸ਼ਿਪ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਜ਼ਿਲ੍ਹਾ ਫਾਜ਼ਿਲਕਾ ਦਾ ਮਾਣ ਵਧਾਇਆ। ਲੜਕਿਆਂ ਦੀ ਫਰੀ ਸੋਟੀ ਟੀਮ ਸਹਿਜਪ੍ਰੀਤ ਸਿੰਘ, ਹਰਜੋਤ ਸਿੰਘ, ਰੋਬਿਨ ਸਿੰਘ, ਕਿਰਨਵੀਰ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ। ਲੜਕੀਆਂ ਦੀ ਸਿੰਗਲ ਸੋਟੀ ਟੀਮ ਨਵਦੀਪ ਕੌਰ, ਖੁਸ਼ਦੀਪ ਕੌਰ, ਜਸਪ੍ਰੀਤ ਕੌਰ, ਸਿਮਰਨ ਕੌਰ ਨੇ ਵੀ ਤੀਸਰਾ ਸਥਾਨ ਹਾਸਲ ਕੀਤਾ। ਵਿਅਕਤੀਗਤ ਸਿੰਗਲ ਸੋਟੀ ਮੁਕਾਬਲੇ ਵਿੱਚ ਏਕਨੂਰ ਕੌਰ ਨੇ ਤੀਸਰਾ ਸਥਾਨ ਪ੍ਰਾਪਤ ਕਰਕੇ ਅਕੈਡਮੀ ਦਾ ਨਾਮ ਰੌਸ਼ਨ ਕੀਤਾ।ਅਕਾਲ ਅਕੈਡਮੀ ਖੂਈਆਂ ਸਰਵਰ ਦੀ ਪ੍ਰਿੰਸੀਪਲ ਅੰਮ੍ਰਿਤਾਪਾਲ ਕੌਰ ਨੇ ਗੱਤਕਾ ਕੋਚ ਲਵਪ੍ਰੀਤ ਸਿੰਘ ਤੇ ਸਾਰੇ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਮਿਹਨਤ ਤੇ ਪ੍ਰਾਪਤੀਆਂ ਲਈ ਦਿਲੋਂ ਮੁਬਾਰਕਬਾਦ ਦਿੱਤੀ ਤੇ ਭਵਿੱਖ ਲਈ ਸ਼ੁਭ ਕਾਮਨਾਵਾਂ ਪ੍ਰਗਟਾਈਆਂ।

## ਬਿਹਾਰ ਦੇ ਮੰਤਰੀ 'ਤੇ ਪਿੰਡ ਵਾਲਿਆਂ ਵੱਲੋਂ ਹਮਲਾ, ਇੱਕ ਕਿਲੋਮੀਟਰ ਤੱਕ ਪੈਦਲ ਦੌੜ ਕੇ ਬਚਾਈ ਜਾਨ

ਜਾਸ/ਹਿਲਸਾ, 28 ਅਗਸਤ (ਚ.ਨ.ਸ): ਪਟਨਾ ਵਿਚ ਸਿਹਤ ਮੰਤਰੀ ਮੰਗਲ ਪਾਂਡੇ ਦੇ ਕਾਫ਼ਲੇ 'ਤੇ ਪੱਥਰਬਾਜ਼ੀ ਤੋਂ ਬਾਅਦ ਬਿਹਾਰ ਦੇ ਨਾਲੰਦਾ ਜ਼ਿਲ੍ਹੇ ਵਿਚ ਸੜਕ ਹਾਦਸੇ ਵਿਚ ਮਾਰੇ ਗਏ ਨੌਂ ਲੋਕਾਂ ਦੇ ਪਰਿਵਾਰਾਂ ਨੂੰ ਮੁਆਵਜ਼ੇ ਵਿਚ ਦੇਰੀ ਹੋਣ 'ਤੇ ਪਿੰਡ ਵਾਲਿਆਂ ਨੇ ਪੇਂਡੂ ਵਿਕਾਸ ਵਿਭਾਗ ਦੇ ਮੰਤਰੀ ਸ੍ਰਵਣ ਕੁਮਾਰ 'ਤੇ ਹਮਲਾ ਕਰ ਦਿੱਤਾ। ਮੰਤਰੀ ਨੂੰ ਲਗਭਗ ਇਕ ਕਿਲੋਮੀਟਰ ਤੱਕ ਪੈਦਲ ਦੌੜ ਕੇ ਆਪਣੀ ਜਾਨ ਬਚਾਉਣੀ ਪਈ। ਮੰਤਰੀ ਦੇ ਇਕ ਸੁਰੱਖਿਆ ਮੁਲਾਜ਼ਮ ਦੇ ਸਿਰ 'ਤੇ ਸੱਟ ਲੱਗੀ ਹੈ। ਮੰਤਰੀ ਵੰਣ ਕੁਮਾਰ ਨੇ ਕਿਹਾ ਕਿ ਪਿੰਡ ਵਾਲਿਆਂ ਦੇ ਗੁੱਸੇ ਦਾ ਕਾਰਨ ਮੈਨੂੰ ਸਮਝ ਨਹੀਂ ਆਇਆ। ਪਥਰਾਅ ਹੁੰਦਾ ਦੇਖ ਕੇ ਪੁਲਿਸ ਨੇ ਮੋਰਚਾ ਸੰਭਾਲ ਲਿਆ। ਮੰਤਰੀ ਨੇ ਜੇਡੀਯੂ ਆਗੂ ਦੀ ਕਾਰ ਵਿਚ ਬੈਠ ਕੇ ਉੱਥੋਂ ਨਿਕਲਣ ਦੀ ਕੋਸ਼ਿਸ਼ ਕੀਤੀ ਪਰ ਉਸ ਕਾਰ 'ਤੇ ਵੀ ਪਥਰਾਅ ਕੀਤਾ ਗਿਆ। ਹਿਲਸਾ ਦੇ ਥਾਣਾ ਇੰਚਾਰਜ ਅਭਿਜੀਤ ਕੁਮਾਰ ਨੇ ਦੱਸਿਆ ਕਿ ਅਰਜ਼ੀ ਮਿਲਣ 'ਤੇ ਕਾਰਵਾਈ ਕੀਤੀ ਜਾਵੇਗੀ। ਇਸ ਦੌਰਾਨ ਗੁੱਸਾ ਵੱਧ ਗਿਆ। ਜਦੋਂ ਮੰਤਰੀ ਪਹੁੰਚੇ ਤਾਂ ਪਥਰਾਅ ਵੀ ਕੀਤਾ ਗਿਆ। ਜ਼ਿਲ੍ਹਾ ਮੈਜਿਸਟ੍ਰੇਟ ਕੁੰਦਨ ਕੁਮਾਰ ਨੇ ਕਿਹਾ ਕਿ ਹਾਦਸੇ ਵਾਲੇ ਦਿਨ ਹੀ ਪੀੜਤ ਪਰਿਵਾਰਾਂ ਨੂੰ ਤੁਰੰਤ ਸਹਾਇਤਾ ਵਜੋਂ 20-20 ਹਜ਼ਾਰ ਰੁਪਏ ਦਾ ਚੈੱਕ ਦਿੱਤਾ ਗਿਆ ਸੀ। ਜ਼ਿਕਰਯੋਗ ਹੈ ਕਿ 23 ਅਗਸਤ ਨੂੰ ਪਟਨਾ ਵਿਚ ਇਕ ਸੜਕ ਦੁਰਘਟਨਾ ਦੌਰਾਨ ਟਰੱਕ ਤੇ ਆਟੋ ਦੀ ਟੱਕਰ ਵਿਚ ਨੌਂ ਲੋਕਾਂ ਦੀ ਮੌਤ ਹੋ ਗਈ ਸੀ। ਮੰਤਰੀ ਪੀੜਤ ਪਰਿਵਾਰਾਂ ਨੂੰ ਮਿਲਣ ਗਏ ਸਨ, ਜਿੱਥੇ ਗੱਲਬਾਤ ਦੌਰਾਨ ਪਿੰਡ ਵਾਲਿਆਂ ਨੇ ਹਮਲਾ ਕਰ ਦਿੱਤਾ। ਜਾਣਕਾਰੀ ਮਿਲਦੇ ਹੀ ਏਐੱਸਪੀ ਸ਼ੈਲਜਾ ਪੁਲਿਸ ਬਲ ਨਾਲ ਘਟਨਾ ਸਥਾਨ 'ਤੇ ਪੁੱਜੇ ਪਰ ਉਦੋਂ ਤੱਕ ਹੁੱਲੜਬਾਜ਼ ਫਰਾਰ ਹੋ ਚੁੱਕੇ ਸਨ। ਮੰਤਰੀ ਦੇ ਨਾਲ ਜੇਡੀਯੂ ਦੇ ਕਈ ਆਗੂ, ਵਰਕਰ ਤੇ ਵਿਭਾਗ ਦੇ ਅਧਿਕਾਰੀ ਵੀ ਸਨ। ਮੰਤਰੀ ਨੇ ਪੀੜਤ ਪਰਿਵਾਰ ਨਾਲ ਗੱਲ ਕੀਤੀ ਤੇ ਆਰਥਿਕ ਸਹਾਇਤਾ ਲਈ ਕਾਰਵਾਈ ਜਲਦੀ ਪੂਰੀ ਕਰਨ ਦਾ ਵਾਅਦਾ ਕੀਤਾ। ਜਦੋਂ ਉਹ ਮੀਡੀਆ ਨਾਲ ਗੱਲ ਕਰਨ ਲਈ ਸਮੁਦਾਇਕ ਭਵਨ ਨੇੜੇ ਪਹੁੰਚੇ ਤਾਂ ਪਿੰਡ ਵਾਲਿਆਂ ਨੇ ਗੁੱਸੇ ਵਿਚ ਨਾਅਰੇਬਾਜ਼ੀ ਸ਼ੁਰੂ ਕਰ ਦਿੱਤੀ। ਉਨ੍ਹਾਂ ਦਾ ਕਹਿਣਾ ਸੀ ਕਿ ਹਾਦਸੇ ਤੋਂ ਬਾਅਦ ਲਾਸ਼ਾਂ ਲਿਆਉਣ ਵਿਚ ਵੀ ਉਨ੍ਹਾਂ ਨੂੰ ਖਰਚਾ ਕਰਨਾ ਪਿਆ। ਸਥਿਤੀ ਨੂੰ ਦੇਖਦੇ ਹੋਏ ਮੰਤਰੀ ਤੇ ਵਿਧਾਇਕ ਪਿੰਡ ਤੋਂ ਸੜਕ ਵੱਲ ਜਾਣ ਲੱਗੇ ਤਾਂ ਲੋਕਾਂ ਨੇ ਪਥਰਾਅ ਸ਼ੁਰੂ ਕਰ ਦਿੱਤਾ।

## ਵਿਧਾਇਕ ਸਵਨਾ ਦੀ ਧਰਮਪਤਨੀ ਖ਼ੁਸ਼ਬੂ ਨੇ ਹੜ੍ਹ ਪ੍ਰਭਾਵਿਤ ਢਾਣੀ ਮੋਹਨਾ ਰਾਮ ਪਹੁੰਚ ਕੇ ਲੋਕਾਂ ਦਾ ਜਾਣਿਆ ਹਾਲ



ਫਾਜ਼ਿਲਕਾ, 28 ਅਗਸਤ(ਬਖਸ਼ੀਸ਼ ਸਿੰਘ/ਜਸਪ੍ਰੀਤ ਸਿੰਘ): ਫਾਜ਼ਿਲਕਾ ਦੇ ਵਿਧਾਇਕ ਨਰਿੰਦਰਪਾਲ ਸਿੰਘ ਸਵਨਾ ਜਿੱਥੇ ਹਲਕੇ ਦੇ ਹੜ੍ਹ ਪ੍ਰਭਾਵਿਤ ਪਿੰਡਾਂ ਦੇ ਲੋਕਾਂ ਵਿੱਚ ਵਿਚਰ ਕੇ ਲੋਕਾਂ ਨੂੰ ਰਾਹਤ ਸਮੱਗਰੀ ਵੰਡ ਰਹੇ ਹਨ, ਉਥੇ ਹੀ ਉਨ੍ਹਾਂ ਦੀ ਧਰਮ ਪਤਨੀ ਖੁਸ਼ਬੂ ਸਾਵਨਸੁੱਖਾ ਸਵਨਾ ਵੀ ਹੜ੍ਹ ਪੀੜਤ ਲੋਕਾਂ ਵਿੱਚ ਵਿਚਰ ਰਹੇ ਹਨ। ਇਸੇ ਤਹਿਤ ਹੀ ਅੱਜ ਖੁਸ਼ਬੂ ਨੇ ਫਾਜ਼ਿਲਕਾ ਦੀ ਹੜ੍ਹ ਪ੍ਰਭਾਵਿਤ ਢਾਣੀ ਮੋਹਨਾ ਰਾਮ ਪਹੁੰਚੇ ਕਿਉਂਕਿ ਢਾਣੀ 'ਤੇ ਪਾਣੀ ਦਾ ਪੱਧਰ ਵਧਣ ਕਾਰਨ ਲੋਕ ਪੀਰ ਬਾਬਾ ਦੀ ਸਮਾਧ 'ਤੇ ਸ਼ਰਨ ਲੈ ਕੇ ਰਹਿ ਰਹੇ ਹਨ। ਮੌਕੇ ਦੀ ਸਥਿਤੀ ਦੇਖਣ 'ਤੇ ਲੋਕਾਂ ਦਾ ਹਾਲ ਚਾਲ ਜਾਣਨ ਤੇ ਲੋਕਾਂ ਨੂੰ ਰਾਸ਼ਨ ਕਿੱਟਾਂ ਦੀ ਵੰਡ ਕਰਨ ਲਈ ਖੁਸ਼ਬੂ ਲੋਕਾਂ ਵਿਚਕਾਰ ਪਹੁੰਚੇ। ਇਸ ਮੌਕੇ ਖੁਸ਼ਬੂ ਨੇ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਤੇ ਜ਼ਿਲ੍ਹਾ ਪ੍ਰਸ਼ਾਸਨ ਲੋਕਾਂ ਦੀ ਹਰ ਸੰਭਵ ਮਦਦ ਕਰਨ ਲਈ ਤਿਆਰ ਹੈ ਤੇ ਤੁਹਾਡੇ ਵਿਧਾਇਕ ਵੀ ਤੁਹਾਡੇ ਵਿੱਚ ਵਿਚਰ ਰਹੇ ਹਨ। ਉਨ੍ਹਾਂ ਕਿਹਾ ਕਿ ਲੋਕਾਂ ਦੇ ਇਲਾਜ ਲਈ ਮੈਡੀਕਲ ਟੀਮ ਪਿੰਡ ਵਿੱਚ ਲਿਆਂਦੀ ਗਈ ਹੈ ਤੇ ਇਸ ਤੋਂ ਇਲਾਵਾ ਰਾਸ਼ਨ ਤੇ ਪਸ਼ੂਆਂ ਲਈ ਵੀ ਹਰਾ ਚਾਰਾ ਤੇ ਫੀਡ ਲਿਆਂਦੀ ਗਈ ਹੈ ਤਾਂ ਜੋ ਇਨ੍ਹਾਂ ਹੜ੍ਹ ਪ੍ਰਭਾਵਿਤ ਪਿੰਡਾਂ ਦੇ ਲੋਕਾਂ ਨੂੰ ਹਰ ਸੰਭਵ ਮਦਦ ਕੀਤੀ ਜਾ ਸਕੇ। ਉਨ੍ਹਾਂ ਇੱਥੋਂ ਦੇ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਹੁਣ ਰਾਹਤ ਕੈਂਪਾਂ ਵਿੱਚ ਪਹੁੰਚਣ, ਜਿੱਥੇ ਉਨ੍ਹਾਂ ਦੇ ਰਹਿਣ ਸਹਿਣ, ਖਾਣ ਪੀਣ, ਪਾਣੀ ਤੇ ਇਲਾਜ ਆਦਿ ਹਰ ਤਰ੍ਹਾਂ ਦੇ ਪ੍ਰਬੰਧ ਕੀਤੇ ਗਏ ਹਨ।

## ਰਜਨੀਸ਼ ਦਹੀਯਾ ਵੱਲੋਂ ਮਮਦੋਟ ਦੇ ਵੱਖ-ਵੱਖ ਪਿੰਡਾਂ ਦਾ ਦੌਰਾ

### ☛ ਹੜ੍ਹ ਨਾਲ ਹੋਏ ਨੁਕਸਾਨ ਦਾ ਪੰਜਾਬ ਸਰਕਾਰ ਦੇਵੇਗੀ ਬਣਦਾ ਮੁਆਵਜ਼ਾ: ਵਿਧਾਇਕ



ਫ਼ਿਰੋਜ਼ਪੁਰ, 28 ਅਗਸਤ (ਤਿਵਾੜੀ): ਜ਼ਿਲ੍ਹੇ ਵਿੱਚ ਹੜ੍ਹਾਂ ਦੀ ਸਥਿਤੀ ਦੇ ਮੱਦੇਨਜ਼ਰ ਵਿਧਾਇਕਾਂ ਤੇ ਪ੍ਰਸ਼ਾਸਨਿਕ ਅਧਿਕਾਰੀਆਂ ਵੱਲੋਂ ਲਗਾਤਾਰ ਹੜ੍ਹ ਪ੍ਰਭਾਵਿਤ ਖੇਤਰਾਂ ਦਾ ਦੌਰਾ ਕੀਤਾ ਜਾ ਰਿਹਾ ਹੈ ਤੇ ਹੜ੍ਹ ਪ੍ਰਭਾਵਿਤ ਪਿੰਡਾਂ ਦੇ ਲੋਕਾਂ ਦੀ ਸਾਰ ਲਈ ਜਾ ਰਹੀ ਹੈ। ਵਿਧਾਇਕ ਫ਼ਿਰੋਜ਼ਪੁਰ ਦਿਹਾਤੀ ਰਜਨੀਸ਼ ਦਹੀਯਾ ਨੇ ਦਿਹਾਤੀ ਹਲਕੇ ਦੇ ਕਸਬੇ ਮਮਦੋਟ ਦੇ ਵੱਖ-ਵੱਖ ਪਿੰਡਾਂ ਵਿਖੇ ਪਹੁੰਚ ਕੇ ਸਥਿਤੀ ਦਾ ਜਾਇਜ਼ਾ ਲਿਆ ਤੇ ਲੋਕਾਂ ਦਾ ਹਾਲ ਚਾਲ ਜਾਣਿਆ। ਵਿਧਾਇਕ ਰਜਨੀਸ਼ ਦਹੀਯਾ ਨੇ ਹਲਕੇ ਦੇ ਪਿੰਡ ਗੰਦੂ ਕਿਲਚਾ, ਮੱਬੋ ਕੇ, ਦੋਨਾ ਤੇਲੂ ਮੱਲ, ਚੱਕ ਭੰਗੇ ਵਾਲਾ ਆਦਿ ਪਿੰਡਾਂ ਦਾ ਦੌਰਾ ਕਰਨ ਉਪਰੰਤ ਦੱਸਿਆ ਕਿ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਲੋਕਾਂ ਨੂੰ ਭੋਜਨ, ਦਵਾਈਆਂ, ਸੁੱਕੇ ਰਾਸ਼ਨ ਦੀਆਂ ਕਿੱਟਾਂ ਤੇ ਪੀਣ ਵਾਲੇ ਪਾਣੀ ਸਮੇਤ ਹੋਰ ਜ਼ਰੂਰੀ ਵਸਤਾਂ ਉਪਲਬਧ ਕਰਾਈਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਇਨ੍ਹਾਂ ਦਿਹਾਤੀ ਹਲਕੇ ਦੇ ਪਿੰਡਾਂ ਵਿੱਚ ਸਥਿੱਤੀ ਬਿਲਕੁਲ ਠੀਕ ਹੈ, ਪ੍ਰੰਤੂ ਫਿਰ ਵੀ ਸਤਲੁੱਜ ਵਿੱਚ ਪਾਣੀ ਦਾ ਪੱਧਰ ਬਹੁਤ ਜ਼ਿਆਦਾ ਹੋਣ ਕਾਰਨ ਸੁਚੇਤ ਰਹਿਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਹੜ੍ਹਾਂ ਸਬੰਧੀ ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਜਾਂ ਸਹਾਇਤਾ ਲਈ ਹੜ੍ਹ ਕੰਟਰੋਲ ਰੂਮ ਨੰਬਰ 01632-244017 'ਤੇ ਸੰਪਰਕ ਕੀਤਾ ਜਾਵੇ। ਇਸ ਮੌਕੇ ਉਨ੍ਹਾਂ ਹੜ੍ਹ ਪ੍ਰਭਾਵਿਤ ਕਿਸਾਨਾਂ ਨਾਲ ਗੱਲਬਾਤ ਕੀਤੀ ਤੇ ਉਨ੍ਹਾਂ ਦੀਆਂ ਮੁਸ਼ਕਲਾਂ ਸੁਣੀਆਂ, ਜਿਸ ਸਬੰਧੀ ਉਨ੍ਹਾਂ ਮੁੱਖ ਮੰਤਰੀ ਮਾਨ ਦੇ ਧਿਆਨ ਵਿੱਚ ਲਿਆ ਕੇ ਛੇਤੀ ਤੋਂ ਛੇਤੀ ਹੱਲ ਦਾ ਭਰੋਸਾ ਦਿੱਤਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਲੋਕਾਂ ਦੇ ਹੜ੍ਹ ਨਾਲ ਹੋਏ ਨੁਕਸਾਨ ਦਾ ਗਿਰਦਾਵਰੀ ਕਰਾ ਕੇ ਮੁਆਵਜ਼ਾ ਦਿੱਤਾ ਜਾਵੇਗਾ।

## ਰਾਹਤ ਕੈਂਪਾਂ 'ਚ ਪਹੁੰਚ ਕੇ ਡੀ.ਸੀ. ਖ਼ੁਦ ਵੰਡ ਰਹੇ ਨੇ ਲੋਕਾਂ ਨੂੰ ਰਾਹਤ ਸਮੱਗਰੀ



ਫਾਜ਼ਿਲਕਾ, 28 ਅਗਸਤ (ਬਖਸ਼ੀਸ਼ ਸਿੰਘ/ਜਸਪ੍ਰੀਤ ਸਿੰਘ): ਫਾਜ਼ਿਲਕਾ ਦੇ ਸਰਹੱਦੀ ਪਿੰਡਾਂ ਵਿੱਚ ਸਤਲੁਜ ਦਾ ਪਾਣੀ ਆਉਣ ਕਾਰਨ ਬਣੇ ਹੜ੍ਹ ਦੇ ਹਾਲਾਤ ਦੇ ਮੱਦੇਨਜ਼ਰ ਜੋ ਲੋਕ ਰਾਹਤ ਕੈਂਪਾਂ ਵਿੱਚ ਪਹੁੰਚੇ ਹਨ। ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਛੇ ਰਾਹਤ ਕੈਂਪ ਬਣਾਏ ਗਏ ਹਨ। ਉਨ੍ਹਾਂ ਨੂੰ ਰਾਹਤ ਸਮੱਗਰੀ ਦੀ ਵੰਡ ਡਿਪਟੀ ਕਮਿਸ਼ਨਰ ਅਮਰਪ੍ਰੀਤ ਕੌਰ ਸੰਧੂ ਦੀ ਨਿੱਜੀ ਨਿਗਰਾਨੀ ਹੇਠ ਕੀਤੀ ਜਾ ਰਹੀ ਹੈ। ਇਸ ਮੌਕੇ ਉਨ੍ਹਾਂ ਦੇ ਨਾਲ ਐਸਐਸਪੀ ਗੁਰਮੀਤ ਸਿੰਘ ਦੀ ਹਾਜ਼ਰ ਰਹੇ। ਉਨ੍ਹਾਂ ਨੇ ਅੱਜ ਮੰਡੀ ਲਾਧੂਕਾ ਵਿਖੇ ਬਣੇ ਰਾਹਤ ਕੇਂਦਰ ਵਿੱਚ ਪਹੁੰਚ ਕੇ ਇੱਥੇ ਜਿੱਥੇ ਪਰਿਵਾਰਾਂ ਨੂੰ ਫੂਡ ਕਿੱਟਾਂ, ਮੱਛਰਦਾਨੀਆਂ ਤਕਸੀਮ ਕੀਤੀਆਂ ਉੱਥੇ ਹੀ ਪਰਿਵਾਰਾਂ ਨਾਲ ਪਹੁੰਚੇ ਬੱਚਿਆਂ ਲਈ ਵਿਸ਼ੇਸ਼ ਤੌਰ 'ਤੇ ਕਿੱਟਾਂ ਉਹਨਾਂ ਬੱਚਿਆਂ ਨੂੰ ਵੰਡੀਆਂ। ਉਹਨਾਂ ਕਿਹਾ ਕਿ ਬੱਚਿਆਂ ਦੇ ਮਨਾਂ ਵਿੱਚ ਕਿਸੇ ਪ੍ਰਕਾਰ ਦਾ ਤਨਾਵ ਪੈਦਾ ਨਾ ਹੋਵੇ, ਇਸ ਲਈ ਇਹ ਕਿੱਟਾਂ ਬੱਚਿਆਂ ਨੂੰ ਇੱਥੇ ਦਿਲ ਲਗਾਉਣ ਲਈ ਵੰਡੀਆਂ ਗਈਆਂ ਹਨ। ਇਸ ਦੌਰਾਨ ਵਧੀਕ ਡਿਪਟੀ ਕਮਿਸ਼ਨਰ ਜਰਨਲ ਡਾ. ਮਨਦੀਪ ਕੌਰ ਤੇ ਸਹਾਇਕ ਕਮਿਸ਼ਨਰ ਜਨਰਲ ਅਮਨਦੀਪ ਸਿੰਘ ਮਾਵੀ ਵੀ ਉਹਨਾਂ ਦੇ ਨਾਲ ਹਾਜ਼ਰ ਸਨ। ਇੱਥੇ ਸੰਤ ਬਾਬਾ ਸੋਹਣ ਸਿੰਘ ਖੁਸ਼ਦਿਲ ਵੀ ਲੰਗਰ ਲੈ ਕੇ ਪਹੁੰਚੇ ਤੇ ਲੰਗਰ ਵੀ ਵਰਤਾਇਆ ਗਿਆ। ਦੂਜੇ ਪਾਸੇ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਹੁਸੈਨੀਵਾਲਾ ਹੈਡਵਰਕਸ ਤੋਂ ਇਸ ਸਮੇਂ 2 ਲੱਖ 60 ਹਜ਼ਾਰ ਕਿਊਸਿਕ ਪਾਣੀ ਛੱਡਿਆ ਜਾ ਰਿਹਾ ਹੈ। ਸਰਹੱਦੀ ਪਿੰਡਾਂ ਵਿੱਚ ਕਿਸ਼ਤੀਆਂ ਤੇ ਟਰੈਕਟਰ ਟਰਾਲੀਆਂ ਰਾਹੀਂ ਪ੍ਰਸ਼ਾਸਨ ਦਾ ਪੂਰਾ ਰਾਬਤਾ ਹੈ ਤੇ ਪਿੰਡਾਂ ਤੱਕ ਵੀ ਲੋੜ ਅਨੁਸਾਰ ਮਦਦ ਮੁਹੱਈਆ ਕਰਵਾਈ ਜਾ ਰਹੀ ਹੈ। ਐਨਡੀਆਰਐਫ ਦੀਆਂ ਟੀਮਾਂ ਵੱਲੋਂ ਮੋਰਚਾ ਸੰਭਾਲਿਆ ਹੋਇਆ ਹੈ ਤੇ ਲੋਕਾਂ ਨੂੰ ਮਦਦ ਮੁਹੱਈਆ ਕਰਵਾਈ ਜਾ ਰਹੀ ਹੈ। ਉਨ੍ਹਾਂ ਵੱਲੋਂ ਮੌਜਮ ਪਿੰਡ ਬਣੇ ਰਾਹਤ ਕੈਂਪ ਦਾ ਵੀ ਜਾਇਜ਼ਾ ਲਿਆ ਗਿਆ।

## ਗੋਲਡੀ ਗਰੁੱਪ ਨੇ ਹੜ੍ਹ ਪੀੜਤਾਂ ਵਾਸਤੇ ਭੇਜੀ ਰਸਦ ਤੇ ਦਵਾਈਆਂ



ਜ਼ੀਰਾ, 28 ਅਗਸਤ (ਦੀਪਕ ਭਾਰਗੋ): ਗੋਲਡੀ ਜੋ ਇਸ ਦੁਨੀਆਂ ਨੂੰ ਪਿਛਲੇ ਸਮੇਂ ਅਲਵਿਦਾ ਕਹਿ ਗਿਆ ਉਸਦੇ ਦੋਸਤਾਂ ਵੱਲੋਂ ਉਸਦੇ ਨਾਮ 'ਤੇ ਗੋਲਡੀ ਗਰੁੱਪ ਬਣਾਇਆ, ਜਿਨ੍ਹਾਂ ਵੱਲੋਂ ਅੱਜ ਹੜ੍ਹ ਪੀੜਤਾਂ ਵਾਸਤੇ ਸਿੰਘ ਸਭਾ ਗੁਰਦੁਆਰਾ ਜ਼ੀਰਾ ਵਿੱਚੋਂ ਰਸਦ ਤੇ ਦਵਾਈਆਂ ਭੇਜੀਆਂ। ਇਸ ਮੌਕੇ ਉਹਨਾਂ ਵੱਲੋਂ ਕਿਹਾ ਗਿਆ ਕਿ ਇਹਨਾਂ ਹੜ੍ਹ ਪੀੜਤਾਂ ਵਾਸਤੇ ਹਰ ਰੋਜ਼ ਜਿਸ ਤਰ੍ਹਾਂ ਦੀ ਵੀ ਸੇਵਾ ਹੋਵੇਗੀ, ਉਹ ਕੀਤੀ ਜਾਵੇਗੀ। ਦਵਾਈਆਂ ਦੀ ਸੇਵਾ ਡਾ. ਗੋਰੀ ਸ਼ਰਮਾ ਵੱਲੋਂ ਲਗਾਤਾਰ ਕੀਤੀ ਜਾਵੇਗੀ। ਇਸ ਦੀ ਗੱਲ ਗਰੁੱਪ ਵੱਲੋਂ ਕਹੀ ਗਈ। ਇਸ ਮੌਕੇ ਉਹਨਾਂ ਨਾਲ ਵਿਜੇ ਜ਼ੀਰਾ, ਰਿਕੀ ਜ਼ੀਰਾ, ਭਿੰਦਾ ਮਲੇਅਲਾ, ਮਨੂੰ ਭੱਟੀ, ਪੋਲਸ ਜ਼ੀਰਾ, ਮਨਪ੍ਰੀਤ ਬਗੇਲਾ, ਸੋਨੂੰ ਜ਼ੀਰਾ, ਜੋਤ ਸੇਖੋਂ, ਕੁਲਦੀਪ ਸ਼ਰਮਾ, ਪਾਲ ਵਿਰਕ, ਸੁੱਖਾ ਬੱਚੀ, ਕਪਿਲ ਜ਼ੀਰਾ, ਰਾਣਾ ਭੁੱਲਰ, ਲਾਭ ਜ਼ੀਰਾ, ਸੰਨੀ ਜ਼ੀਰਾ, ਸਤਨਾਮ ਇਟਲੀ ਹਾਜ਼ਰ ਸਨ।

## ਵਿਧਾਇਕ ਨੇ ਸਰਹੱਦੀ ਪਿੰਡ ਤੇਜਾ ਰੁਹੇਲਾ ਤੇ ਚੱਕ ਰੁਹੇਲਾ ਵਿਖੇ ਰਾਸ਼ਨ ਕਿੱਟਾਂ ਦੀ ਕੀਤੀ ਵੰਡ



ਫਾਜ਼ਿਲਕਾ, 28 ਅਗਸਤ (ਬਖਸ਼ੀਸ਼ ਸਿੰਘ/ਜਸਪ੍ਰੀਤ ਸਿੰਘ): ਫਾਜ਼ਿਲਕਾ ਦੇ ਵਿਧਾਇਕ ਨਰਿੰਦਰ ਪਾਲ ਸਿੰਘ ਸਵਨਾ ਲਗਾਤਾਰ ਪਿੰਡਾਂ ਵਿੱਚ ਰਹਿੰਦੇ ਹੋਏ ਸਰਹੱਦੀ ਪਿੰਡਾਂ ਦੇ ਲੋਕਾਂ ਤੱਕ ਰਾਸ਼ਨ ਸਮੱਗਰੀ ਪਹੁੰਚਾ ਰਹੇ ਹਨ। ਉਹ ਸਵੇਰੇ ਸ਼ਾਮ ਲੋਕਾਂ ਵਿੱਚ ਰਹਿ ਕੇ ਇਸ ਔਖੀ ਘੜੀ ਵਿੱਚ ਸੇਵਾ ਕਰ ਰਹੇ ਹਨ। ਵਿਧਾਇਕ ਨਰਿੰਦਰ ਪਾਲ ਸਿੰਘ ਸਵਨਾ ਨੇ ਪਿੰਡ ਤੇਜਾ ਰੋਹੇਲਾ ਤੇ ਚੱਕ ਰੋਹੇਲਾ ਵਿੱਚ ਜਾ ਕੇ ਲੋਕਾਂ ਨੂੰ ਆਪਣੇ ਹੱਥੀ ਰਾਸ਼ਨ ਕਿੱਟਾਂ ਦੀ ਵੰਡ ਕੀਤੀ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਸਰਹੱਦੀ ਪਿੰਡਾਂ ਦੇ ਲੋਕਾਂ ਦੀ ਸਹਾਇਤਾ ਲਈ ਯਤਨਸ਼ੀਲ ਹੈ, ਇਸੇ ਤਹਿਤ ਉਹ ਲਗਾਤਾਰ ਪਿੰਡਾਂ ਵਿਚ ਮੌਜੂਦ ਹਨ ਤੇ ਪਿੰਡ ਵਾਸੀਆਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜੇ ਹਨ। ਉਨ੍ਹਾਂ ਕਿਹਾ ਕਿ ਲੋਕਾਂ ਦੀ ਮਦਦ ਲਈ ਰਾਹਤ ਸੈਂਟਰ ਵੀ ਸਥਾਪਿਤ ਕੀਤੇ ਗਏ ਹਨ ਤੇ ਉਹਨਾਂ ਦਾ ਰਹਿਣ ਸਹਿਣ ਦਾ ਪੂਰਾ ਪ੍ਰਬੰਧ ਕੀਤਾ ਗਿਆ ਪਰ ਫਿਰ ਵੀ ਜੋ ਲੋਕ ਪਿੰਡ ਛੱਡ ਕੇ ਨਹੀਂ ਜਾਣਾ ਚਾਹੁੰਦੇ ਉਨ੍ਹਾਂ ਨੂੰ ਪਿੰਡ ਵਿੱਚ ਹੀ ਰਾਹਤ ਸਮੱਗਰੀ ਪਹੁੰਚਾਈ ਜਾ ਰਹੀ ਹੈ।

## ਵਿਧਾਇਕ ਨਰੇਸ਼ ਕਟਾਰੀਆ ਵੱਲੋਂ ਹੜ੍ਹ ਪੀੜਤਾਂ ਦੀ ਮਦਦ ਲਈ 100 ਦੇ ਕਰੀਬ ਰਾਸ਼ਨ ਦੀਆਂ ਟਰਾਲੀਆਂ ਰਵਾਨਾ



ਜ਼ੀਰਾ, 28 ਅਗਸਤ (ਦੀਪਕ ਭਾਰਗੋ): ਸਤਲੁਜ ਅਤੇ ਬਿਆਸ ਦਰਿਆ ਵਿੱਚ ਪਾਣੀ ਦਾ ਪੱਧਰ ਵਧਣ ਕਾਰਨ ਮਖੂ ਮੱਲਾਂਵਾਲਾ ਵਿੱਚ ਹੜ੍ਹਾਂ ਦੀਸਥਿਤੀ ਪੈਦਾ ਹੋ ਗਈ ਹੈ, ਜਿਸ ਕਾਰਨ ਲੋਕਾਂ ਨੂੰ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਅਜਿਹੇ ਵਿੱਚ ਹਲਕਾ ਜ਼ੀਰਾ ਦੇ ਵਿਧਾਇਕ ਨਰੇਸ਼ ਕਟਾਰੀਆ ਤੇ ਯੂਥ ਆਗੂ ਸ਼ੰਕਰ ਕਟਾਰੀਆ ਨੇ ਹੜ੍ਹ ਪ੍ਰਭਾਵਿਤ ਇਲਾਕੇ ਦੇ ਲੋਕਾਂ ਦੀ ਮਦਦ ਲਈ ਜ਼ੀਰਾ ਤੋਂ ਹਲਕਾ ਵਾਸੀਆਂ ਦੇ ਸਹਿਯੋਗ ਨਾਲ ਪਸ਼ੂਆਂ ਲਈ ਤੂੜੀ, ਅਚਾਰ, ਚੌਕਰ ਤੇ ਲੋਕਾਂ ਲਈ ਆਟਾ, ਖੰਡ, ਦਾਲਾਂ ਤੇ ਹੋਰ ਘਰੇਲੂ ਵਸਤੂਆਂ ਦੀਆਂ100 ਦੇ ਕਰੀਬ ਟਰਾਲੀਆਂ ਫਿਰੋਜ਼ਪੁਰ ਰੋਡ 'ਤੇ ਮੁੱਖ ਦਫਤਰ ਤੋਂ ਰਵਾਨਾ ਕੀਤੀਆਂ। ਇਸ ਮੌਕੇ ਵਿਧਾਇਕ ਜ਼ੀਰਾਨੇ ਸੰਬੋਧਨ ਕਰਦਿਆਂ ਕਿਹਾ ਕਿ ਮੱਖੂ ਤੇ ਮੱਲਾਂਵਾਲਾ ਏਰੀਏ ਵਿੱਚ ਹੜ੍ਹ ਪੀੜਤਾਂ ਲਈ ਜੋ ਕੈਂਪ ਲਗਾਏ ਗਏ ਹਨ, ਉਥੇ ਲੋੜਵੰਦਾਂ ਨੂੰ ਰਾਸ਼ਨ ਵੰਡਿਆ ਜਾਵੇਗਾ, ਇਸ ਤੋਂ ਪਹਿਲਾਂ ਵੀ ਤਰਪਾਲਾਂ ਤੇ ਪੀਣ ਵਾਲਾ ਪਾਣੀ ਮੁਹੱਈਆ ਕਰਵਾਇਆ ਗਿਆ ਹੈ। ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਹੜ੍ਹ ਪੀੜਤਾਂ ਦੀ ਮਦਦ ਲਈ ਖੁੱਲ੍ਹ ਕੇ ਅੱਗੇ ਆਉਣ। ਇਸ ਮੌਕੇ ਹਲਕਾ ਜ਼ੀਰਾ ਦੇ ਵਿਧਾਇਕ ਨਰੇਸ਼ ਕਟਾਰੀਆ, ਆਪ ਆਗੂ ਸ਼ੰਕਰ ਕਟਾਰੀਆ, ਆੜ੍ਹਤੀਆ ਐਸੋਸੀਏਸ਼ਨ ਜ਼ੀਰਾ ਦੇ ਪ੍ਰਧਾਨ ਰਾਜੇਸ਼ ਢੰਡ, ਗੁਰਪ੍ਰੀਤ ਸਿੰਘ ਜੱਜ, ਕਰਿਆਨਾ ਯੂਨੀਅਨ ਦੇ ਪ੍ਰਧਾਨ ਜਸਵਿੰਦਰ ਭਾਟੀਆ,ਧਰਮਪਾਲ ਚੁੱਘ, ਹਰਭਗਵਾਨ ਸਿੰਘ ਭੋਲਾ, ਸਰਪੰਚ ਰਾਮ ਸਿੰਘ, ਸਰਪੰਚ ਮਨਪ੍ਰੀਤ ਸਿੰਘ, ਸਰਪੰਚ ਦਲਜੀਤ ਸਿੰਘ ਝੱਤਰਾਂ, ਸਰਪੰਚ ਦਲਜੀਤ ਅਵਾਨ, ਸਰਪੰਚ ਸੁਖਚੈਨ ਲਹੁਕਾ, ਤੀਰਥ ਸਿੰਘ ਫੇਰੋਕੇ, ਸਰਪੰਚਇਕਬਾਲ ਸਿੰਘ ਖੋਸਾ ਨੀਲੇਵਾਲਾ, ਬੱਬੀ ਸ਼ਾਹ ਲੋਹਕੇ ਕਲਾ, ਸਰਪੰਚ ਸ਼ਮਸ਼ੇਰ ਸਿੰਘ ਮੱਲ੍ਹੇਸ਼ਾਹ, ਉੱਦਮ ਸਿੰਘ ਠੱਠਾ, ਬਲਜਿੰਦਰ ਸਿੰਘ ਗਿੱਲ, ਸਰਪੰਚ ਅਮਨ ਵਰ੍ਹਆਂ, ਹਰਸ਼ਦੀਪ ਸਭਰਾ, ਲੱਕੀ ਸ਼ਰਮਾ, ਸਰਪੰਚ ਗੁਰਮਨਦੀਪ ਸਿੰਘ ਖਹਿਰਾ, ਪੀ .ਏ ਮੇਜਰ ਸਿੰਘ ਭੁੱਲਰ, ਜਗਦੀਪ ਸਿੰਘ ਵਲਟੋਹਾ, ਸਰਪੰਚ ਜੱਸਾ ਮੱਲੋਕੇ, ਰਣਬੀਰ ਸਿੰਘ ਬਾਠ,ਸਰਪੰਚ, ਸਾਰਜ ਸਿੰਘ ਬਾਠ, ਦਲਜੀਤ ਸਿੰਘ ਕੋਹਾਲਾ, ਮਹਾਂਵੀਰ ਮੱਲਾਂਵਾਲਾ, ਸਰਪੰਚ ਗੁਰਵਿੰਦਰ ਗੋਰਾ ਤੇ ਉਨ੍ਹਾਂ ਦੀ ਟੀਮ ਦਵਿੰਦਰ ਬੂਲੇ, ਸਰਪੰਚ ਦਲਜੀਤ ਕਿਲੀ, ਸਰਪੰਚ ਬੂਟਾ ਸਿੰਘ ਬਾਠ, ਗੁਰਿੰਦਰ ਬੱਬੂ ਕੁਤਬਪੁਰਾ, ਸੱਤੂ ਸਨ੍ਹੇਰ ਵਿਸ਼ੇਸ਼ ਤੌਰ 'ਤੇ ਅਸ਼ੋਕ ਹੰਸ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸਰਪੰਚ ਪੰਚ ਹਾਜ਼ਰ ਸਨ।

## ਸੇਕਰਡ ਹਾਰਟ ਸਕੂਲ ਦੇ ਲੜਕਿਆਂ ਦੀ ਟੀਮ ਨੇ ਜ਼ਿਲ੍ਹਾ ਖੇਡਾਂ 'ਚ ਮਾਰੀਆਂ ਮੱਲਾਂ



ਮੰਡੀ ਗੋਬਿੰਦਗੜ੍ਹ, 28 ਅਗਸਤ (ਸੂਦ): ਬਾਬਾ ਜ਼ੋਰਾਵਰ ਸਿੰਘ ਬਾਬਾ ਫਤਿਹ ਸਿੰਘ ਸਕੂਲ ਫਤਹਿਗੜ੍ਹ ਸਾਹਿਬ ਵਿੱਚ ਹੋਏ 69ਵੇਂ ਸਕੂਲ ਡਿਸਟ੍ਰਿਕਟ ਗੇਮਜ਼ ਵਿੱਚ ਸੇਕਰਡ ਹਾਰਟ ਸੀਨੀਅਰ ਸੈਕੰਡਰੀ ਸਕੂਲ ਜਲਾਲਪੁਰ ਦੀ ਲੜਕਿਆਂ ਦੀ ਟੀਮ ਨੇ ਵੀ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ 8 ਤਗਮੇ, ਜਿਨ੍ਹਾਂ ਵਿੱਚ 4 ਸੋਨੇ, 2 ਚਾਂਦੀ ਅਤੇ 2 ਕਾਂਸੀ ਦੇ ਸ਼ਾਮਲ ਹਨ ਜਿੱਤੇ। ਖਿਡਾਰੀਆਂ ਨੇ ਅਮਨ ਸਪੋਰਟਸ ਕਲੱਬ ਟੀਮ ਦੇ ਤਹਿਤ ਆਪਣਾ ਖੇਡ-ਜੌਹਰ ਦਿਖਾਇਆ। ਜੇਤੂ ਖਿਡਾਰੀਆਂ ਨੇ ਇਸ ਉਪਲਬਧੀ ਦਾ ਸਿਹਰਾ ਕੋਚ ਅਮਨਦੀਪ ਕੌਰ, ਸਵਰਨ ਸਿੰਘ ਚੀਮਾ ਤੇ ਕਮਲਜੀਤ ਕੌਰ ਨੂੰ ਦਿੱਤਾ, ਜਿਨ੍ਹਾਂ ਦੀ ਰਹਿਨੁਮਾਈ ਤੇ ਪ੍ਰੇਰਨਾ ਸੱਦਕਾ ਉਨ੍ਹਾਂ ਇਹ ਸਫ਼ਲਤਾ ਹਾਸਲ ਕੀਤੀ। ਸਕੂਲ ਪ੍ਰਿੰਸੀਪਲ ਦਿਵਿਆ ਮਹਿਤਾ ਨੇ ਖਿਡਾਰੀਆਂ ਨੂੰ ਮੁਬਾਰਕਬਾਦ ਦਿੱਤੀ ਤੇ ਉਨ੍ਹਾਂ ਦੇ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ। ਮੈਨੇਜਿੰਗ ਡਾਇਰੈਕਟਰ ਜੇ.ਪੀ.ਐਸ. ਜੌਲੀ, ਡਿਪਟੀ ਮੈਨੇਜਿੰਗ ਡਾਇਰੈਕਟਰ ਸਤਿੰਦਰਜੀਤ ਜੌਲੀ ਤੇ ਪ੍ਰੈਜ਼ੀਡੈਂਟ ਮਿਸ ਨਵੇਰਾ ਜੌਲੀ ਨੇ ਵੀ ਖਿਡਾਰੀਆਂ ਨੂੰ ਮੁਬਾਰਕਬਾਦ ਦਿੰਦਿਆਂ ਉਨ੍ਹਾਂ ਦੀ ਮਿਹਨਤ ਦੀ ਸ਼ਲਾਘਾ ਕੀਤੀ। ਇਥੇ ਇਹ ਵਰਨਣਯੋਗ ਹੈ ਕਿ ਸਕੂਲ ਦੀ ਲੜਕੀਆਂ ਦੀ ਟੀਮ ਨੇ ਵੀ ਇਸ ਖੇਡ ਵਿਚ 4 ਸੋਨੇ ਤੇ ਦੋ ਚਾਂਦੀ ਦੇ ਤਗਮੇ ਹਾਸਲ ਕੀਤੇ ਸਨ।

# ਗੁਜਰਾਤ ਦੰਗੇ ਸੁਭਾਵਕ ਤੇ '84 ਦੇ ਸਿੱਖ ਵਿਰੋਧੀ ਦੰਗੇ ਸਪਾਂਸਰਡ: ਤਰਲੋਚਨ ਸਿੰਘ

ਨਵੀਂ ਦਿੱਲੀ, 28 ਅਗਸਤ (ਚ.ਨ.ਸ): ਰਾਜ ਸਭਾ ਦੇ ਸਾਬਕਾ ਸੰਸਦ ਮੈਂਬਰ ਤੇ ਸਿੱਖ ਮੁੱਦਿਆਂ ਦੇ ਵਕੀਲ ਤਰਲੋਚਨ ਸਿੰਘ ਨੇ ਕਿਹਾ ਕਿ 2002 ਦੇ ਗੁਜਰਾਤ ਦੰਗੇ ਲੋਕਾਂ ਦਾ ਆਮ ਪ੍ਰਗਟਾਵਾ ਸਨ ਤੇ ਉਸ ਸਮੇਂ ਦੀ ਸੂਬਾ ਸਰਕਾਰ ਦਾ ਇਸ ਵਿਚ ਕੋਈ ਹੱਥ ਨਹੀਂ ਸੀ। ਉਨ੍ਹਾਂ ਨੇ ਗੁਜਰਾਤ ਦੰਗਿਆਂ ਨੂੰ ਸੁਭਾਵਕ ਦੱਸਿਆ ਤੇ 1984 ਦੇ ਸਿੱਖ ਵਿਰੋਧੀ ਦੰਗਿਆਂ ਨੂੰ ਸਪਾਂਸਰਡ ਕਰਾਰ ਦਿੱਤਾ। ਇਕ ਪਾਡਕਾਸਟ ਵਿਚ ਗੁਜਰਾਤ 5 ਦੰਗਿਆਂ ਦੌਰਾਨ ਰਾਸ਼ਟਰੀ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਰਹੇ ਤਰਲੋਚਨ ਤੇ ਸਿੰਘ ਨੇ 2002 ਦੇ ਗੁਜਰਾਤ ਦੰਗਿਆਂ ਨੂੰ ਸੁਭਾਵਕ ਦੱਸਿਆ ਤੇ ਕਿਹਾ ਕਿ ਇਹ 1984 ਦੇ ਦਿੱਲੀ ਦੇ ਸਿੱਖ ਵਿਰੋਧੀ ਦੰਗਿਆਂ ਵਾਂਗ ਸਪਾਂਸਰਡ ਨਹੀਂ ਸੀ। ਉਨ੍ਹਾਂ ਕਿਹਾ ਕਿ ਮੈਂ ਗੁਜਰਾਤ ਦੰਗਿਆਂ ਸਮੇਂ ਘੱਟ ਗਿਣਤੀ ਕਮਿਸ਼ਨ ਦਾ ਚੇਅਰਮੈਨ ਸੀ। ਮੈਂ ਉੱਥੇ ਪੁੱਜਣ ਵਾਲਾ ਪਹਿਲਾ ਵਿਅਕਤੀ ਸੀ। ਮੈਂ ਸਾਰੀ ਜਾਂਚ ਕੀਤੀ, ਕੋਈ ਵੀ ਇਸ ਬਾਰੇ ਨਹੀਂ ਜਾਣਦਾ। ਮੈਨੂੰ 2000 ਵਿਚ (ਰਾਸ਼ਟਰੀ ਘੱਟ ਗਿਣਤੀ ਕਮਿਸ਼ਨ ਲਈ) ਚੇਅਰਮੈਨ ਨਿਯੁਕਤ ਕੀਤਾ ਗਿਆ ਸੀ ਤੇ ਗੁਜਰਾਤ ਦੰਗੇ 2002 ਵਿਚ ਹੋਏ। ਮੈਂ ਛੇ ਸਾਲਾਂ ਤੱਕ ਘੱਟ ਗਿਣਤੀ ਕਮਿਸ਼ਨ ਦਾ ਚੇਅਰਮੈਨ ਰਿਹਾ। ਤਰਲੋਚਨ ਸਿੰਘ ਨੇ ਕਿਹਾ ਕਿ ਮੈਂ ਦਿੱਲੀ ਦੇ ਦੰਗਿਆਂ ਦੀ ਤੁਲਨਾ ਗੁਜਰਾਤ ਨਾਲ ਕੀਤੀ। ਮੈਂ ਕਿਹਾ ਕਿ ਦਿੱਲੀ ਸਪਾਂਸਰਡ ਹੈ, ਗੁਜਰਾਤ ਸੁਭਾਵਕ ਹੈ। ਗੁਜਰਾਤ ਦੰਗੇ ਲੋਕਾਂ ਦਾ ਆਮ ਪ੍ਰਗਟਾਵਾ ਸਨ। ਸਰਕਾਰ ਦਾ ਇਸ ਵਿਚ ਕੋਈ ਹੱਥ ਨਹੀਂ ਸੀ ਤੇ ਨਾ ਹੀ ਕਿਸੇ ਇਕ ਵਿਅਕਤੀ ਦਾ। ਮੈਂ ਇਹ 20 ਵਾਰੀ ਕਿਹਾ। ਇਹ ਮੇਰੀ ਜਾਂਚ ਹੈ।

**ਮੋਦੀ ਨੇ ਪੂਰੇ ਗੁਜਰਾਤ 'ਚ ਦੰਗੇ ਫੈਲਣ ਤੋਂ ਰੋਕੇ:** ਤਰਲੋਚਨ ਸਿੰਘ ਨੇ ਉਦੋਂ ਸਥਿਤੀ ਸੰਭਾਲਣ ਲਈ ਗੁਜਰਾਤ ਦੇ ਤੱਤਕਾਲੀ ਮੁੱਖ ਮੰਤਰੀ ਨਰਿੰਦਰ ਮੋਦੀ ਦੀ ਪ੍ਰਸ਼ੰਸਾ ਕੀਤੀ। ਉਨ੍ਹਾਂ ਦੱਸਿਆ ਕਿ ਮੋਦੀ ਦਾ ਫੈਸਲਾ ਹਿੰਦੂ ਕਾਰ ਸੇਵਕਾਂ ਨੂੰ ਮ੍ਰਿਤਕਾਂ ਦੀਆਂ ਦੇਹਾਂ ਆਪਣੇ ਪਿੰਡ ਲਿਜਾਣ ਤੋਂ ਰੋਕਣਾ ਦੰਗਿਆਂ ਨੂੰ 'ਕਾਬੂ' ਕਰਨ ਵਿਚ ਮਦਦਗਾਰ ਸਾਬਤ ਹੋਇਆ ਤੇ ਇਸ ਨਾਲ ਪੂਰੇ ਗੁਜਰਾਤ ਵਿਚ ਦੰਗੇ ਫੈਲਣ ਤੋਂ ਰੋਕੇ ਜਾ ਸਕੇ। ਮੋਦੀ ਨੇ ਇੰਨਾ ਵੱਡਾ ਕੰਮ ਕੀਤਾ, ਜਿਸ ਨੂੰ ਅੱਜ ਤੱਕ ਕਿਸੇ ਨੇ ਵੀ ਉਜਾਗਰ ਨਹੀਂ ਕੀਤਾ। ਇਸ ਨਾਲ ਦੰਗੇ ਸਿਰਫ਼ ਅਹਿਮਦਾਬਾਦ ਤੇ ਆਸ-ਪਾਸ ਦੇ ਇਲਾਕਿਆਂ ਵਿਚ ਹੋਏ, ਪੂਰੇ ਗੁਜਰਾਤ ਵਿਚ ਨਹੀਂ।

**ਮੁਸਲਮ ਆਗੂਆਂ ਨਾਲ ਮੁਲਾਕਾਤ ਕਰਕੇ ਸਾਰੀਆਂ ਮੰਗਾਂ ਮੰਨੀਆਂ:** ਉਨ੍ਹਾਂ ਇਹ ਵੀ ਦਾਅਵਾ ਕੀਤਾ ਕਿ ਉਨ੍ਹਾਂ 30 ਪ੍ਰਮੁੱਖ ਮੁਸਲਮ ਆਗੂਆਂ ਤੇ ਗੁਜਰਾਤ ਦੇ ਤੱਤਕਾਲੀ ਮੁੱਖ ਮੰਤਰੀ ਨਰਿੰਦਰ ਮੋਦੀ ਵਿਚਾਲੇ ਇਕ ਮੀਟਿੰਗ ਕਰਵਾਈ, ਜਿਸ ਦੇ ਨਤੀਜੇ ਵਜੋਂ ਮੁੱਖ ਮੰਤਰੀ ਨੇ ਉਨ੍ਹਾਂ ਦੀਆਂ ਸਾਰੀਆਂ ਮੰਗਾਂ ਮੰਨ ਲਈਆਂ। ਉਨ੍ਹਾਂ ਨੇ ਚੇਅਰਮੈਨ ਵਜੋਂ 30 ਸਿਖਰਲੇ ਮੁਸਲਿਮ ਆਗੂਆਂ ਦੀ ਮੋਦੀ ਨਾਲ ਮੀਟਿੰਗ ਕਰਵਾਈ। ਉਨ੍ਹਾਂ ਦੀ ਮੀਟਿੰਗ ਢਾਈ-ਤਿੰਨ ਘੰਟੇ ਚੱਲੀ। ਮੋਦੀ ਹਰ ਮੁਸਲਿਮ ਆਗੂ ਨੂੰ ਮਿਲੇ ਤੇ ਉਨ੍ਹਾਂ ਦੀਆਂ ਸਾਰੀਆਂ ਮੰਗਾਂ ਮੰਨ ਲਈਆਂ। ਯਾਦ ਰਹੇ ਕਿ 27 ਫਰਵਰੀ 2002 ਨੂੰ ਹਿੰਦੂ ਕਾਰ ਸੇਵਕਾਂ ਨੂੰ ਲੈ ਕੇ ਜਾ ਰਹੀ ਸਾਬਰਮਤੀ ਐਕਸਪ੍ਰੈੱਸ ਨੂੰ ਰੋਕ ਕੇ ਮੁਸਲਮਾਨਾਂ ਦੀ ਭੀੜ ਨੇ ਅੱਗ ਲਗਾ ਦਿੱਤੀ ਸੀ, ਜਿਸ ਵਿਚ 59 ਲੋਕ ਜ਼ਿੰਦਾ ਸੜ ਗਏ ਸਨ ਜਿਨ੍ਹਾਂ ਵਿਚ ਔਰਤਾਂ ਤੇ ਬੱਚੇ ਵੀ ਸ਼ਾਮਲ ਸਨ।

# ਨਵੇਂ 25 ਜੱਜਾਂ 'ਚੋਂ ਇੱਕ ਵੀ ਘੱਟ ਗਿਣਤੀ ਨਹੀਂ ਚੁਣਿਆ

ਢਾਕਾ, 28 ਅਗਸਤ (ਚ.ਨ.ਸ): ਮੁਸਲਿਮ ਬਹੁਤਾਤ ਵਾਲੇ ਬੰਗਲਾਦੇਸ਼ 'ਚ ਸਭ ਤੋਂ ਵੱਡੇ ਘੱਟ ਗਿਣਤੀ ਸਮੂਹ ਦੀ ਅਗਵਾਈ ਕਰਨ ਵਾਲੀ/ਬੰਗਲਾਦੇਸ਼ ਹਿੰਦੂ ਬੁੱਧ ਇਸਾਈ ਏਕਤਾ ਕੌਂਸਲ ਨੇ ਨਵ-ਨਿਯੁਕਤ ਜੱਜਾਂ 'ਚ 9 ਘੱਟ ਗਿਣਤੀ ਨੁਮਾਇੰਦਗੀ ਦੀ ਘਾਟ 'ਤੇ ਨਾਰਾਜ਼ਗੀ ਪ੍ਰਗਟਾਈ ਹੈ। ਘੱਟ ਗਿਣਤੀ ਸਮੂਹ ਨੇ ਇਕ ਬਿਆਨ 'ਚ ਕਿਹਾ ਹੈ ਕਿ 25 ਅਗਸਤ ਨੂੰ ਸੁਪਰੀਮ ਕੋਰਟ ਦੇ ਹਾਈਕੋਰਟ ਡਵੀਜ਼ਨ ਦੇ ਐਡੀਸ਼ਨਲ ਜੱਜ ਦੇ ਰੂਪ 'ਚ 25 ਜੱਜਾਂ ਨੂੰ ਨਿਯੁਕਤ ਕੀਤਾ ਗਿਆ। ਇਨ੍ਹਾਂ 'ਚ ਨੌਂ ਨਿਆਇਕ ਅਧਿਕਾਰੀ, ਨੌਂ ਵਕੀਲ ਤੇ ਸੱਤ ਕਾਨੂੰਨ ਅਧਿਕਾਰੀ ਹਨ ਪਰ ਇਕ ਵੀ ਵਿਅਕਤੀ ਘੱਟ ਗਿਣਤੀ ਭਾਈਚਾਰੇ ਤੋਂ ਨਹੀਂ ਹੈ। ਬਿਆਨ 'ਚ ਕਿਹਾ ਗਿਆ ਹੈ ਕਿ ਹਰੇਕ ਖੇਤਰ 'ਚ ਧਾਰਮਿਕ ਬੰਗਲਾਦੇਸ਼ ਹਿੰਦੂ ਬੁੱਧ ਇਸਾਈ ਏਕਤਾ ਕੌਂਸਲ ਨੇ ਅਗਵਾਈ ਦੀ ਘਾਟ 'ਤੇ ਪ੍ਰਗਟਾਈ ਨਾਰਾਜ਼ਗੀ, ਕਿਹਾ ਕਿ ਅਫਸੋਸਜਨਕ ਹੈ ਕਿ 10% ਘੱਟ ਗਿਣਤੀ ਅਬਾਦੀ ਦਾ ਇਕ ਵੀ ਵਿਅਕਤੀ ਇਸ 'ਚ ਨਹੀਂ ਹੈ ਤੇ ਜਾਤੀ ਘੱਟਗਿਣਤੀ ਭਾਈਚਾਰਿਆਂ ਤੋਂ ਲੋੜੀਂਦੇ ਵਿਅਕਤੀ ਮੌਜੂਦ ਹਨ ਪਰ ਫਿਰ ਵੀ ਬੇਹੱਦ ਅਫਸੋਸਜਨਕ ਹੈ ਕਿ ਦੇਸ਼ ਦੀ 10 ਫੀਸਦੀ ਘੱਟ ਗਿਣਤੀ ਅਬਾਦੀ ਦਾ ਇਕ ਵੀ ਵਿਅਕਤੀ, ਇਨ੍ਹਾਂ 25 ਨਵ-ਨਿਯੁਕਤ ਜੱਜਾਂ 'ਚ ਸ਼ਾਮਲ ਨਹੀਂ ਹੈ। ਬੰਗਲਾਦੇਸ਼ ਹਿੰਦੂ ਬੁੱਧ ਈਸਾਈ ਏਕਤਾ ਕੌਂਸਲ ਵੱਲੋਂ ਸੰਗਠਨ ਦੇ ਪ੍ਰਧਾਨ ਪ੍ਰੋਫੈਸਰ ਨਿਰਮਲ ਚੰਦਰ ਭੌਮਿਕ, ਉਸ਼ਾਤਨ ਤਾਲੁਕਦਾਰ, ਨਿਰਮਲ ਰੋਸਾਰੀਓ ਤੇ ਕਾਰਜਕਾਰੀ ਜਨਰਲ ਸਕੱਤਰ ਮੋਨਿੰਦਰ ਕੁਮਾਰ ਨਾਥ ਨੇ ਇਸ ਫ਼ੈਸਲੇ ਦੀ ਸਖ਼ਤ ਨਿੰਦਾ ਕੀਤੀ ਹੈ। ਇਸ 'ਤੇ ਰੋਸ ਵੀ ਜ਼ਾਹਿਰ ਕੀਤਾ ਹੈ ਤੇ ਇਸਦਾ ਵਿਰੋਧ ਕੀਤਾ ਹੈ। ਬੰਗਲਾਦੇਸ਼ ਦੇ ਸੁਪਰੀਮ ਕੋਰਟ ਦੇ ਹਾਈਕੋਰਟ ਡਵੀਜ਼ਨ 'ਚ ਕੁੱਲ 25 ਜੱਜਾਂ ਦੀ ਨਿਯੁਕਤੀ ਦੋ ਸਾਲਾਂ ਦੇ ਸ਼ੁਰੂਆਤੀ ਕਾਰਜਕਾਲ ਲਈ ਕੀਤੀ ਗਈ ਹੈ। ਕਾਨੂੰਨ ਮੰਤਰਾਲੇ ਦੇ ਸਕੱਤਰ ਸ਼ੇਖ਼ ਅਬੂ ਤਾਹਿਰ ਵੱਲੋਂ ਦਸਤਖ਼ਤ ਕੀਤੇ ਇਕ ਨੋਟਿਸ ਅਨੁਸਾਰ ਰਾਸ਼ਟਰਪਤੀ ਮੁਹੰਮਦ ਸ਼ਹਾਬੁਦੀਨ ਨੇ ਸੰਵਿਧਾਨ ਦੀ ਧਾਰਾ 95 (1) ਦੇ ਤਹਿਤ ਤੇ ਧਾਰਾ 98 ਅਨੁਸਾਰ ਬੰਗਲਾਦੇਸ਼ ਦੇ ਚੀਫ ਜਸਟਿਸ ਦੀ ਸਲਾਹ 'ਤੇ ਇਹ ਨਿਯੁਕਤੀਆਂ ਕੀਤੀਆਂ ਹਨ।

# ਹੁਣ ਕਸ਼ਮੀਰ 'ਚ ਨਦੀਆਂ ਖ਼ਤਰੇ ਦੇ ਨਿਸ਼ਾਨ 'ਤੇ

ਜੰਮੂ, 28 ਅਗਸਤ (ਚ.ਨ.ਸ): ਮੰਗਲਵਾਰ ਸਵੇਰੇ ਸਾਢੇ ਅੱਠ ਤੋਂ ਬੁੱਧਵਾਰ ਸਵੇਰੇ ਸਾਢੇ ਅੱਠ ਵਜੇ ਤੱਕ ਊਧਮਪੁਰ 'ਚ 629.4 ਮਿਲੀਮੀਟਰ ਤੇ ਜੰਮੂ 'ਚ 296 ਮਿਲੀਮੀਟਰ ਬਾਰਿਸ਼ ਰਿਕਾਰਡ ਕੀਤੀ ਗਈ। ਪਿਛਲੇ ਦੋ ਦਿਨਾਂ 'ਚ ਸੂਬੇ 'ਚ ਭਾਰੀ ਬਾਰਿਸ਼, ਹੜ੍ਹ ਤੇ ਜ਼ਮੀਨ ਖਿਸਕਣ ਨਾਲ ਕੁੱਲ 40 ਲੋਕਾਂ ਦੀ ਮੌਤ ਹੋ ਚੁੱਕੀ ਹੈ। ਬੁੱਧਵਾਰ ਦੁਪਹਿਰ ਬਾਅਦ ਜੰਮੂ 'ਚ ਮੌਸਮ 'ਚ ਸੁਧਾਰ ਤਾਂ ਆਇਆ, ਪਰ ਕਸ਼ਮੀਰ 'ਚ ਜਿਹਲਮ ਸਣੇ



ਕਈ ਨਦੀ-ਨਾਲਿਆਂ 'ਚ ਪਾਣੀ ਦਾ ਪੱਧਰ ਖ਼ਤਰੇ ਦੇ ਨਿਸ਼ਾਨ 'ਤੇ ਪਹੁੰਚ ਗਿਆ। ਇਸ ਨਾਲ ਸ੍ਰੀਨਗਰ ਪੁਲਿਸ ਨੇ ਉੱਥੋਂ ਲੋਕਾਂ ਨੂੰ ਬਾਹਰ ਕੱਢਿਆ। ਅਨੰਤਨਾਗ ਦੇ ਅੱਛਾਬਲ 'ਚ ਵੀ ਕਈ ਥਾਵਾਂ 'ਤੇ ਨਦੀ ਦਾ ਪਾਣੀ ਲੋਕਾਂ ਦੇ ਘਰਾਂ 'ਚ ਦਾਖ਼ਲ ਹੋ ਗਿਆ। ਇਸ ਦੌਰਾਨ ਦੋ ਲੋਕਾਂ ਦੀ ਕਰੰਟ ਲੱਗਣ ਨਾਲ ਮੌਤ ਹੋ ਗਈ। ਆਦਕੁੰਵਾਰੀ ਦੇ ਨਜ਼ਦੀਕ ਮੰਗਲਵਾਰ ਨੂੰ ਜ਼ਮੀਨ ਖਿਸਕਣ ਨਾਲ ਕਰੀਬ 200 ਫੁੱਟ ਹਿੱਸਾ ਬੁਰੀ ਤਰ੍ਹਾਂ ਨੁਕਸਾਨਿਆ ਗਿਆ, ਜਿਸ ਨੂੰ ਠੀਕ ਕੀਤਾ ਜਾ ਰਿਹਾ ਹੈ। ਇਸ ਘਟਨਾ ਤੋਂ ਬਾਅਦ ਮਾਂ ਵੈਸ਼ਨੋ ਦੇਵੀ ਦੀ ਯਾਤਰਾ ਨੂੰ ਮੁਲਤਵੀ ਕਰ ਦਿੱਤਾ ਗਿਆ ਹੈ। ਲਗਭਗ ਤਿੰਨ ਤੋਂ ਚਾਰ ਹਜ਼ਾਰ ਸ਼ਰਧਾਲੂ ਕਟੜਾ 'ਚ ਯਾਤਰਾ ਸ਼ੁਰੂ ਹੋਣ ਲਈ ਇੰਤਜ਼ਾਰ ਕਰ ਰਹੇ ਹਨ ਜਦਕਿ ਜ਼ਿਆਦਾਤਰ ਆਪਣੇ ਘਰਾਂ ਵੱਲ ਰਵਾਨਾ ਹੋ ਗਏ ਹਨ। ਇੱਧਰ, ਜੰਮੂ ਦੀ ਅਖਨੂਰ ਤਹਿਸੀਲ ਦੇ ਪਰਗਵਾਲ 'ਚ ਚਨਾਬ ਨਦੀ ਦੇ ਨਜ਼ਦੀਕ ਇਕ ਸਰਹੱਦੀ ਚੌਕੀ 'ਚ ਫਸੇ ਬੀਐੱਸਐੱਫ ਦੇ ਸੱਤ ਜਵਾਨਾਂ ਨੂੰ ਮੰਗਲਵਾਰ ਰਾਤ ਨੂੰ ਪਿੰਡ ਦੇ ਲੋਕਾਂ ਨੇ ਬਚਾ ਲਿਆ ਜਦਕਿ ਇਕ ਬੀਐੱਸਐੱਫ ਜਵਾਨ ਦੀ ਬੁੱਧਵਾਰ ਸਵੇਰੇ ਲਾਸ਼ ਬਰਾਮਦ ਹੋਈ। 7 ਜੰਮੂ ਡਵੀਜ਼ਨ ਦੇ ਕਿਸ਼ਤਵਾੜ ਦੇ ਵਾਢਵਨ 'ਚ ਵੀ ਮੰਗਲਵਾਰ ਰਾਤ ਬੱਦਲ ਫਟਣ ਨਾਲ ਆਏ ਹੜ੍ਹ 'ਚ 10 ਮਕਾਨ ਰੁੜ੍ਹ ਗਏ। ਦੱਖਣੀ ਕਸ਼ਮੀਰ ਦੇ ਅਨੰਤਨਾਗ ਜ਼ਿਲ੍ਹੇ 'ਚ ਲਿੱਦਰ ਨਦੀ 'ਚ ਫਸੇ 22 ਲੋਕਾਂ ਨੂੰ ਐੱਸਡੀਆਰਐੱਫ ਦੇ ਜਵਾਨਾਂ ਨੇ ਬਚਾਇਆ। ਸ਼ੇਸ਼ਨਾਗ ਨਾਲੇ 'ਚ ਆਏ ਹੜ੍ਹ ਨੇ ਪਹਿਲਗਾਮ 'ਚ ਚਾਰ ਇਮਾਰਤੀ ਢਾਂਚਿਆਂ ਨੂੰ ਨੁਕਸਾਨ ਪਹੁੰਚਾਇਆ। ਕੁਲਗਾਮ, ਪੁਲਵਾਮਾ, ਸ਼ੋਪੀਆਂ ਤੇ ਸ੍ਰੀਨਗਰ ਤੋਂ ਇਲਾਵਾ ਬਡਗਾਮ ਤੇ ਗਾਂਦਰਬਲ 'ਚ ਵੀ ਬਾਰਿਸ਼ ਹੋਈ ਹੈ। ਇੱਧਰ ਜੰਮੂ ਤੇ ਇਸ ਦੇ ਨਾਲ ਲੱਗਦੇ ਇਲਾਕਿਆਂ 'ਚ ਦੁਪਹਿਰ ਤੱਕ ਰੁਕ-ਰੁਕ ਕੇ ਹਲਕੀ ਬਾਰਿਸ਼ ਹੁੰਦੀ ਰਹੀ, ਪਰ ਉਸ ਤੋਂ ਬਾਅਦ ਮੌਸਮ ਸਾਫ਼ ਹੋ ਗਿਆ। ਇਸ ਦੌਰਾਨ, ਉੱਤਰ ਰੇਲਵੇ ਨੇ ਬੁੱਧਵਾਰ ਨੂੰ ਬਾਰਿਸ਼ ਨਾਲ ਹੋਈ ਤਬਾਹੀ ਦੇ ਮੱਦੇਨਜ਼ਰ ਜੰਮੂ ਤੇ ਕਟੜਾ ਰੇਲਵੇ ਸਟੇਸ਼ਨਾਂ ਤੋਂ ਆਉਣ-ਜਾਣ ਵਾਲੀਆਂ 58 ਟਰੇਨਾਂ ਨੂੰ ਰੱਦ ਕਰ ਦਿੱਤਾ ਜਦਕਿ ਕੁਝ ਟਰੇਨਾਂ ਚੱਲੀਆਂ ਹਨ।

## ਗੁਰੂ ਨਾਨਕ ਸਾਹਿਬ ਦੇ ਵਿਆਹ ਪੁਰਬ 'ਤੇ ਟ੍ਰੈਫਿਕ ਇੰਚਾਰਜ ਵੱਲੋਂ ਹੁੱਲੜਬਾਜ਼ੀ ਕਰਨ ਵਾਲਿਆਂ ਨੂੰ ਸਖਤ ਚਿਤਾਵਨੀ

ਬਟਾਲਾ, 28 ਅਗਸਤ (ਬਲਵਿੰਦਰ ਸਿੰਘ ਪੰਜਗਰਾਈਂ): ਸ੍ਰੀ ਗੁਰੂ ਨਾਨਕ ਸਾਹਿਬ ਤੇ ਮਾਤਾ ਸੁਲੱਖਣੀ ਜੀ ਦੇ ਵਿਆਹ ਪੁਰਬ 'ਤੇ ਹੁੱਲੜਬਾਜ਼ੀ ਕਰਨ ਵਾਲਿਆਂ ਨੂੰ ਟ੍ਰੈਫਿਕ ਇੰਚਾਰਜ ਸੁਰਿੰਦਰ ਸਿੰਘ ਗੁਰਾਇਆ ਵੱਲੋਂ ਸਖਤ ਚਿਤਾਵਨੀ ਦਿੱਤੀ ਗਈ ਹੈ।



ਗੋਰਾਇਆ ਵੱਲੋਂ ਪ੍ਰਿੰਟ ਤੇ ਇਲੈਕਟ੍ਰਾਨਿਕ ਮੀਡੀਆ ਦੇ ਵੱਖ-ਵੱਖ ਚੈਨਲਾਂ ਰਾਹੀਂ ਸੰਗਤ ਨੂੰ ਅਪੀਲ ਕੀਤੀ ਗਈ ਹੈ ਕਿ ਉਹ ਆਪਣੇ ਵਹੀਕਲ ਨੂੰ ਨਿਰਧਾਰਿਤ ਕੀਤੀ ਪਾਰਕਿੰਗ ਵਿੱਚ ਹੀ ਖੜ੍ਹਾ ਕਰਨ ਤੇ ਪੈਦਲ ਚੱਲ ਕੇ ਬੜੇ ਅਦਬ ਸਤਿਕਾਰ ਨਾਲ ਗੁਰੂ ਸਾਹਿਬ ਦੇ ਚਰਨਾਂ ਵਿੱਚ ਸਿਜਦਾ ਕਰਨ। ਉਨ੍ਹਾਂ ਕਿਹਾ ਕਿ ਇਸ ਪਵਿੱਤਰ ਦਿਹਾੜੇ 'ਤੇ ਦੇਸ਼ ਵਿਦੇਸ਼ ਤੋਂ ਸੰਗਤਾਂ ਨਤਮਸਤਕ ਹੋਣ ਲਈ ਆਉਂਦੀਆਂ ਹਨ ਤੇ ਗੁਰੂ ਨਾਨਕ ਪਾਤਸ਼ਾਹ ਜੀ ਤੋਂ ਬਖਸ਼ਿਸ਼ਾਂ ਹਾਸਲ ਕਰਦੀਆਂ ਹਨ, ਪਰ ਕੁਝ ਕੁ ਹੁਲੜਬਾਜ਼, ਸ਼ਰਾਰਤੀ ਅਨਸਰਾਂ ਵੱਲੋਂ ਕੀਤੀ ਗਈ ਹੁੱਲੜਬਾਜ਼ੀ ਕਰਨ ਕਰਕੇ, ਨਾਨਕ ਨਾਮ ਲੇਵਾ ਸੰਗਤ ਨੂੰ ਤੇ ਦੇਸ਼ ਵਿਦੇਸ਼ ਦੇ ਲੋਕਾਂ ਵਿੱਚ ਪੰਜਾਬੀਆਂ ਦਾ ਗਲਤ ਸੰਦੇਸ਼ ਜਾਂਦਾ ਹੈ, ਇਸ ਲਈ ਨੌਜਵਾਨਾਂ ਨੂੰ ਨਿਮਰਤਾ ਸਹਿਤ ਅਪੀਲ ਹੈ ਕਿ ਉਹ ਲੱਖਾਂ ਦੀ ਗਿਣਤੀ ਵਿੱਚ ਬਟਾਲਾ ਪਹੁੰਚੇ ਸ਼ਰਧਾਲੂਆਂ ਦੀ ਤੇ ਪ੍ਰਸ਼ਾਸਨ ਦੀ ਸਹਾਇਤਾ ਕਰਨ। ਹੁੱਲੜਬਾਜ਼ੀ ਕਰਨ ਵਾਲੇ ਸ਼ਰਾਰਤੀ ਅਨਸਰਾਂ ਨੂੰ ਚਿਤਾਵਨੀ ਦਿੰਦੇ ਹੋਏ ਕਿਹਾ ਕਿ ਪੁਲਿਸ ਨੂੰ ਮਾਨਯੋਗ ਐਸਐਸਪੀ ਸੁਹੇਲ ਮੀਰ ਕਾਸਿਮ ਵੱਲੋਂ ਅਧਿਕਾਰ ਦਿੱਤੇ ਹੋਏ ਹਨ ਕਿ ਕੋਈ ਸ਼ਰਾਰਤੀ, ਹੁੱਲੜਬਾਜ਼ੀ ਕਰਦਾ ਜਾਂ ਮੋਟਰਸਾਇਕਲਾਂ ਆਦਿ ਰਾਹੀਂ ਭੈੜੀਆਂ ਆਵਾਜ਼ਾਂ ਕੱਢਕੇ ਸੰਗਤ ਨੂੰ ਪ੍ਰੇਸ਼ਾਨ ਕਰਦਾ ਤਾਂ ਉਸਦਾ ਚਲਾਨ ਕੱਟ ਕੇ ਮੋਟਾ ਜ਼ੁਰਮਾਨਾ ਤੇ ਸੰਗੀਨ ਜ਼ੁਰਮ ਕਰਨ 'ਤੇ ਫੜ ਕੇ ਸਲਾਖ਼ਾਂ ਪਿੱਛੇ ਡੱਕ ਦਿੱਤਾ ਜਾਵੇ।

## ਵਿਧਾਇਕ ਰੰਧਾਵਾ ਤੇ ਸ਼ਮਸ਼ੇਰ ਸਿੰਘ ਨੇ ਖੁਦ ਹੈਲੀਕਾਪਟਰ ਰਾਹੀਂ ਹਲਕੇ ਦੇ ਹੜ੍ਹ ਪ੍ਰਭਾਵਿਤ ਪਿੰਡਾਂ ਤੱਕ ਪਹੁੰਚਾਈ ਰਾਹਤ ਸਮੱਗਰੀ

ਡੇਰਾ ਬਾਬਾ ਨਾਨਕ, 28 ਅਗਸਤ (ਹੈਪੀ ਕੋਟਲੀ): ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਮਾਨਵਤਾ ਪੱਖੀ ਪਹੁੰਚ ਅਪਣਾਉਂਦੇ ਹੋਏ ਸੂਬੇ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਫਸੇ ਪਰਿਵਾਰਾਂ ਨੂੰ ਰਾਹਤ ਸਮੱਗਰੀ ਪਹੁੰਚਾਉਣ ਤੇ ਲੋਕਾਂ ਦੀ ਸਹਾਇਤਾ ਲਈ ਤਾਇਨਾਤ ਕੀਤੇ ਸੂਬਾ ਸਰਕਾਰ ਦੇ ਹੈਲੀਕਾਪਟਰ ਵੱਲੋਂ ਜ਼ਿਲ੍ਹਾ ਗੁਰਦਾਸਪੁਰ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਅੱਜ ਦੂਜੇ ਦਿਨ ਵੀ ਲਗਾਤਾਰ ਰਾਹਤ ਕਾਰਜ ਚਲਾਏ ਜਾ ਰਹੇ ਹਨ। ਜਿੱਥੇ ਬੀਤੇ ਕੱਲ੍ਹ ਸੂਬਾ ਸਰਕਾਰ ਦੇ ਹੈਲੀਕਾਪਟਰ ਵੱਲੋਂ ਦੀਨਾਨਗਰ ਤਹਿਸੀਲ ਦੇ ਮਕੌੜਾ ਪੱਤਣ ਦੇ ਹੜ੍ਹ ਪ੍ਰਭਾਵਿਤ ਇਲਾਕੇ ਵਿੱਚ ਲੋਕਾਂ ਤੱਕ ਰਾਹਤ ਸਮੱਗਰੀ ਪਹੁੰਚਾਈ ਗਈ ਸੀ, ਉਥੇ ਅੱਜ ਡੇਰਾ ਬਾਬਾ ਨਾਨਕ, ਕਲਾਨੌਰ ਤੇ ਦੀਨਾਨਗਰ ਤਹਿਸੀਲਾਂ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਰਾਹਤ ਸਮੱਗਰੀ ਪਹੁੰਚਾਈ ਗਈ। ਡੇਰਾ ਬਾਬਾ ਨਾਨਕ ਦੇ ਵਿਧਾਇਕ ਗੁਰਦੀਪ ਸਿੰਘ ਰੰਧਾਵਾ ਨੇ ਖੁਦ ਰਾਜ ਸਰਕਾਰ ਦੇ ਹੈਲੀਕਾਪਟਰ ਰਾਹੀਂ



ਡੇਰਾ ਬਾਬਾ ਨਾਨਕ ਹਲਕੇ ਦੇ ਹੜ੍ਹ ਦੇ ਪਾਣੀ ਵਿੱਚ ਘਿਰੇ ਪਿੰਡ ਹਰੂਵਾਲ, ਪੱਖੋਕੇ, ਸਾਧਾਂਵਾਲੀ, ਮਾਨ, ਮਛਰਾਲਾ, ਕਾਲ਼ਾਂਵਾਲੀ, ਸਮਰਾਏ, ਖਲੀਲਪੁਰ, ਖੁਸ਼ਹਾਲਪੁਰ, ਜੌੜੀਆਂ ਕਲਾਂ, ਜੌੜੀਆਂ ਖੁਰਦ, ਮੋਹਲ ਨੰਗਲ, ਕੋਠਾ, ਅਬਦਾਲ, ਰੱਤਾ, ਵੈਰੋਕੇ, ਠੇਠਰਕੇ, ਘੋਦੇ ਬੇਟ, ਮੰਗੀਆਂ, ਧਰਮਕੋਟ ਰੰਧਾਵਾ, ਮਾਨਸੂਰ, ਤਲਵੰਡੀ ਹਿੰਦੂਆਂ, ਸਹਿਜ਼ਾਦਾ, ਘਣੀਏ-ਕੇ-ਬੇਟ, ਧਰਮਕੋਟ ਪੱਤਣ, ਗੁਰਚੱਕ, ਡਾਲਾ, ਗੋਲਾ-ਢੋਲਾ, ਰੱਤੜ-ਛੱਤੜ, ਪੰਨਵਾਂ, ਧਰਮਾਬਾਦ, ਸਿੰਘਪੁਰਾ, ਬਹਿਲੋਪੁਰ, ਘੁੰਮਣ, ਚਾਕਾਂਵਾਲੀ, ਤਲਵੰਡੀ ਗੁਰਾਇਆ, ਚੌੜਾ ਅਤੇ ਖੁਸ਼ਹਾਲਪੁਰ ਦੇ ਵਸਨੀਕਾਂ ਤੱਕ ਰਾਹਤ ਸਮੱਗਰੀ ਪਹੁੰਚਾਈ। ਇਸ ਤੋਂ ਬਾਅਦ ਸ਼ਮਸ਼ੇਰ ਸਿੰਘ ਦੀਨਾ ਨਗਰ ਵੱਲੋਂ ਵਿਧਾਨ ਸਭਾ ਹਲਕਾ ਦੀਨਾਨਗਰ ਦੇ ਹੜ੍ਹ ਵਿੱਚ ਘਿਰੇ ਪਿੰਡ ਮਕੌੜਾ, ਨਵੀਂ ਅਬਾਦੀ ਚੰਡੀਗੜ੍ਹ, ਮਰਾੜਾ, ਝਬਕਰਾ, ਚਿੱਠੀ, ਜੋਗਰ, ਸ਼ਮਸ਼ੇਰਪੁਰ, ਕਾਹਨਾ, ਜੈਨਪੁਰ, ਬਾਹਮਣੀ, ਦਬੁਰਜੀ, ਸ਼ਾਹਪੁਰ ਅਫ਼ਗਾਨਾ, ਦੁਗਰੀ, ਆਦੀ, ਇਸਲਾਮਪੁਰ, ਮਲੂਕ ਚੱਕ, ਠੁੰਡੀ, ਬਾਊਪੁਰ ਅਫ਼ਗਾਨਾ, ਸੰਗੋਰ, ਚਕਰੀ, ਸਲਾਚ, ਠੱਠੀ, ਓਗਰਾ, ਜੱਗੋ ਚੱਕ ਟਾਂਡਾ, ਚੱਕ ਰਾਜਾ, ਗਾਹਲੜੀ, ਸੰਦਲਪੁਰ, ਠਾਕੁਰਪੁਰ, ਜੀਵਨਪੁਰ ਅਤੇ ਕਜਲੇ ਵਿੱਚ ਪੰਜਾਬ ਸਰਕਾਰ ਦੇ ਹੈਲੀਕਾਪਟਰ ਰਾਹੀਂ ਰਾਹਤ ਸਮਗਰੀ ਪਹੁੰਚਾਈ ਗਈ। ਇਸ ਮੌਕੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਧੰਨਵਾਦ ਕਰਦਿਆਂ ਵਿਧਾਇਕ ਗੁਰਦੀਪ ਸਿੰਘ ਰੰਧਾਵਾ ਨੇ ਕਿਹਾ ਕਿ ਪੰਜਾਬ ਸਰਕਾਰ ਦੇ ਹੈਲੀਕਾਪਟਰ ਰਾਹੀਂ ਉਹ ਹੜ੍ਹਾਂ ਵਿੱਚ ਫਸੇ ਲੋਕਾਂ ਤੱਕ ਰਾਹਤ ਸਮੱਗਰੀ ਪਹੁੰਚਾ ਸਕੇ ਹਨ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਗੁਰਦਾਸਪੁਰ ਦੇ ਕਈ ਪਿੰਡ ਰਾਵੀ ਤੋਂ ਵੀ ਪਾਰ ਹਨ, ਜਿਨ੍ਹਾਂ ਦਾ ਸੰਪਰਕ ਪੂਰੀ ਤਰ੍ਹਾਂ ਨਾਲ ਟੁੱਟ ਚੁੱਕਾ ਹੈ ਤੇ ਓਥੇ ਤੱਕ ਕੇਵਲ ਹੈਲੀਕਾਪਟਰ ਤੱਕ ਹੀ ਪਹੁੰਚ ਹੋ ਸਕਦੀ ਸੀ। ਉਨ੍ਹਾਂ ਕਿਹਾ ਕਿ ਕਈ ਘਰ ਖੇਤਾਂ ਵਿੱਚ ਵੀ ਹਨ ਜੋ ਕਿ ਪਾਣੀ ਵਿੱਚ ਡੁੱਬੇ ਹੋਏ ਹਨ ਤੇ ਅਜਿਹੇ ਲੋਕਾਂ ਤੱਕ ਰਾਹਤ ਪਹੁੰਚਾਉਣ ਵਿੱਚ ਪੰਜਾਬ ਸਰਕਾਰ ਦਾ ਹੈਲੀਕਾਪਟਰ ਅਹਿਮ ਸਾਬਤ ਹੋਇਆ ਹੈ। ਉਨ੍ਹਾਂ ਇਨਸਾਨੀਅਤ ਪੱਖੀ ਇਸ ਫੈਸਲੇ ਲਈ ਭਗਵੰਤ ਸਿੰਘ ਮਾਨ ਦੀ ਸ਼ਲਾਘਾ ਕੀਤੀ।

## ਡਿਊਟੀ 'ਚ ਕੁਤਾਹੀ ਵਰਤਣ 'ਤੇ ਨਗਰ ਨਿਗਮ ਬਟਾਲਾ ਦਾ ਸੈਨੇਟਰੀ ਇੰਸਪੈਕਟਰ ਸਸਪੈਂਡ

ਬਟਾਲਾ/ਊਧਨਵਾਲ, 28 ਅਗਸਤ (ਡਾ. ਨਰਿੰਦਰ ਸਿੰਘ ਘੁਮਾਣ/ਸੁਖ ਅੰਮ੍ਰਿਤ ਘੁਮਾਣ): ਪੰਜਾਬ ਸਰਕਾਰ ਵੱਲੋਂ 30 ਅਗਸਤ ਨੂੰ ਬਾਬਾ ਜੀ ਦੇ ਵਿਆਹ ਪੁਰਬ ਸਮਾਗਮ ਲਈ ਸੰਗਤਾਂ ਦੀ ਸਹੂਲਤ ਲਈ ਲਗਾਤਾਰ ਦਿਨ ਰਾਤ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ ਤੇ ਇਨ੍ਹਾਂ ਸਮਾਗਮਾਂ ਦੌਰਾਨ ਕਿਸੇ ਵੀ ਵਿਭਾਗ ਵੱਲੋਂ ਡਿਊਟੀ ਦੌਰਾਨ ਵਰਤੀ ਗਈ ਕੁਤਾਹੀ



ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਇਹ ਪ੍ਰਗਟਾਵਾ ਕਰਦਿਆਂ ਵਿਕਰਮਜੀਤ ਸਿੰਘ ਐਸ.ਡੀ.ਐਮ-ਕਮ-ਕਮਿਸ਼ਨਰ ਕਾਰਪੋਰੇਸ਼ਨ ਬਟਾਲਾ ਨੇ ਦੱਸਿਆ ਕਿ ਵਿਆਹ ਪੁਰਹ ਸਮਾਗਮ ਦੀਆਂ ਤਿਆਰੀਆਂ ਸਬੰਧੀ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਤੇ ਡਿਪਟੀ ਕਮਿਸ਼ਨਰ ਦਲਵਿੰਦਰਜੀਤ ਸਿੰਘ ਵੱਲੋਂ ਲਗਾਤਾਰ ਤਿਆਰੀਆਂ ਦਾ ਜਾਇਜ਼ਾ ਲਿਆ ਜਾ ਰਿਹਾ ਹੈ ਤੇ ਉਨ੍ਹਾਂ ਵੱਲੋਂ ਸਮੂਹ ਵਿਭਾਗਾਂ ਨੂੰ ਦੇਸ਼-ਵਿਦੇਸ਼ ਵਿਚੋਂ ਆ ਰਹੀ ਸੰਗਤ ਦੀ ਸਹੂਲਤ ਲਈ ਸਮੇਂ ਸਿਰ ਕਾਰਜ ਨੇਪਰੇ ਚਾੜ੍ਹਨ ਦੀ ਹਦਾਇਤ ਕੀਤੀ ਗਈ ਹੈ। ਉਨ੍ਹਾਂ ਅੱਗੇ ਕਿਹਾ ਕਿ ਪਰ ਸ਼ਹਿਰ ਵਿੱਚ ਸਫਾਈ ਵਿਵਸਥਾ ਵਿੱਚ ਲਗਾਤਾਰ ਵਰਤੀ ਜਾ ਰਹੀ ਕੁਤਾਹੀ ਨੂੰ ਲੈ ਕੇ ਸਥਾਨਕ ਸਰਕਾਰਾਂ ਵਿਭਾਗ ਵੱਲੋਂ ਸਖ਼ਤ ਨੋਟਿਸ ਲੈਂਦਿਆਂ ਵਿਕਾਸ ਵਾਸਦੇਵ, ਸੈਨੇਟਰੀ ਇੰਸਪੈਕਟਰ, ਨਗਰ ਨਿਗਮ ਬਟਾਲਾ ਨੂੰ ਆਪਣੀ ਡਿਊਟੀ ਵਿੱਚ ਕੁਤਾਹੀ ਵਰਤਣ 'ਤੇ ਆਪਣੇ ਉੱਚ ਅਧਿਕਾਰੀਆਂ ਦੇ ਹੁਕਮਾਂ ਦੀ ਪਾਲਣ ਨਾ ਕਰਨ ਕਾਰਨ ਤੁਰੰਤ ਪ੍ਰਭਾਵ ਤੋਂ ਮੁਅੱਤਲ ਕਰ ਦਿੱਤਾ ਗਿਆ ਹੈ। ਉਨ੍ਹਾਂ ਸਮੂਹ ਵਿਭਾਗਾਂ ਨੂੰ ਮਿਹਨਤ ਤੇ ਸੇਵਾ ਭਾਵਨਾ ਨਾਲ ਕੰਮ ਕਰਨ ਦੀ ਅਪੀਲ ਕੀਤੀ।

## ਪੰਜਾਬ 'ਚ ਕਿਸੇ ਦਾ ਵੀ ਰਾਸ਼ਨ ਬੰਦ ਨਹੀਂ ਹੋਣ ਦਿੱਤਾ ਜਾਵੇਗਾ, ਹਰ ਮਾਂ ਦਾ ਚੁੱਲਾ ਬਲਦਾ ਰੱਖਾਂਗਾ: ਮੁੱਖ ਮੰਤਰੀ



ਬਟਾਲਾ, 28 ਅਗਸਤ (ਬਲਵਿੰਦਰ ਸਿੰਘ ਪੰਜਗਰਾਈਂ): ਆਮ ਆਦਮੀ ਪਾਰਟੀ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਦੇ ਨਾਮ ਇੱਕ ਖੁੱਲੀ ਚਿੱਠੀ ਜਾਰੀ ਕੀਤੀ ਹੈ, ਜਿਸ ਵਿੱਚ ਪੰਜਾਬੀਆਂ ਪੰਜਾਬ ਦੇ ਲੋਕਾਂ ਨਾਲ ਇਹ ਵਾਅਦਾ ਕੀਤਾ ਗਿਆ ਹੈ ਕਿ ਮੈਂ ਕਿਸੇ ਵੀ ਕੀਮਤ 'ਤੇ ਕੇਂਦਰ ਦੀ ਬੀਜੇਪੀ ਸਰਕਾਰ ਵੱਲੋਂ ਰਾਸ਼ਨ ਕਾਰਡਾਂ ਉਪਰ ਮਿਲਦਾ ਰਾਸ਼ਨ ਬੰਦ ਨਹੀਂ ਹੋਣਾ ਦੇਵਾਂਗਾ ਤੇ ਮੈਂ ਪੰਜਾਬ ਦੀ ਹਰ ਮਾਂ ਦਾ ਚੁੱਲਾ ਬਲਦਾ ਰੱਖਾਂਗਾ। ਜ਼ਿਕਰਯੋਗ ਹੈ ਕਿ ਕੇਂਦਰ ਦੀ ਬੀਜੇਪੀ ਸਰਕਾਰ, ਕਈ ਬਹਾਨੇ ਪੰਜਾਬ ਦੇ ਲੋਕਾਂ ਨੂੰ ਮਿਲਦਾ ਰਾਸ਼ਨ ਬੰਦ ਕਰਨ ਦੀ ਕੋਸ਼ਿਸ਼ ਵਿਚ ਹੈ। ਸ੍ਰੀ ਹਰਗੋਬਿੰਦਪੁਰ ਸਾਹਿਬ ਦੇ ਹਲਕਾ ਵਿਧਾਇਕ ਐਡਵੋਕੇਟ ਅਮਰਪਾਲ ਸਿੰਘ ਤੇ ਸ੍ਰੀ ਹਰਗੋਬਿੰਦਪੁਰ ਸਾਹਿਬ ਦੇ ਸੰਗਠਨ ਇੰਚਾਰਜ ਗੁਰਪ੍ਰੀਤ ਸਿੰਘ ਸੋਢੀ ਵੱਲੋਂ ਆਪਣੇ ਬਲਾਕ ਪ੍ਰਧਾਨਾਂ ਰਾਹੀਂ ਹਲਕੇ ਦੇ ਕਿਰਤੀ ਲੋਕਾਂ ਨਾਲ, ਨੁੱਕੜ ਮੀਟਿੰਗਾਂ ਰਾਹੀਂ, ਇਹ ਵਾਅਦਾ ਕਰ ਰਹੇ ਹਨ ਕਿ ਜਦ ਤੱਕ ਆਮ ਆਦਮੀ ਪਾਰਟੀ ਦੀ ਸਰਕਾਰ ਹੈ, ਤਦ ਤੱਕ ਤੁਹਾਡੇ ਹੱਕਾਂ ਹਿੱਤਾਂ ਦੀ ਲੜਾਈ ਲੜਦੀ ਰਹੇਗੀ। ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ ਪੰਜਾਬ ਦੇ 1.53 ਕਰੋੜ ਲਾਭਪਾਤਰੀਆਂ ਵਿੱਚੋਂ 23 ਲੱਖ ਲਾਭਪਾਤਰੀਆਂ ਦੇ ਰਾਸ਼ਨ ਕਾਰਡ ਕੱਟੇ ਜਾ ਚੁੱਕੇ ਹਨ ਤੇ 32 ਲੱਖ ਰਾਸ਼ਨ ਕਾਰਡ ਇਸ ਬਹਾਨੇ ਨਾਲ ਕੱਟੇ ਜਾ ਰਹੇ ਹਨ ਕਿ ਇਨ੍ਹਾਂ ਕੋਲ ਕਾਰ ਹੈ ਜਾਂ ਇਨ੍ਹਾਂ ਦੇ ਪਰਿਵਾਰ ਦਾ ਕੋਈ ਮੈਂਬਰ ਨੌਕਰੀ ਕਰਦਾ ਹੈ, ਮਤਲਬ 55 ਲੱਖ। ਆਪ ਆਗੂ ਤਰਕ ਨਾਲ ਗੱਲ ਸਮਝਾਉਣ ਵਿੱਚ ਕਾਮਯਾਬ ਹੋ ਰਹੇ ਹਨ ਕਿ ਮੰਨ ਲਵੋ ਕਿਸੇ ਪਰਿਵਾਰ ਦੇ 10 ਮੈਂਬਰ ਹੋਣ, ਜੇਕਰ ਪਰਿਵਾਰ ਦੇ ਇੱਕ ਮੈਂਬਰ ਕੋਲ ਨੌਕਰੀ ਹੋਵੇ ਤਾਂ ਉਹ ਆਪਣੀ ਘਰਵਾਲੀ ਸਮੇਤ ਵੱਖਰਾ ਚੁੱਲਾ ਬਾਲ ਲੈਂਦਾ ਹੈ। ਕਿਉਂਕਿ [illegible] ਤਾਂ ਪੰਜਾਬ ਨਾਲ ਹੀ ਵਿਤਕਰਾ ਕਿਉਂ [illegible] ਸਭ ਕੁਝ ਬਦਲਾਖੋਰੀ ਨੀਤੀ ਕਾਰਨ ਕੀਤਾ ਜਾ ਰਿਹਾ ਹੈ। ਅੱਜ ਪਿੰਡ [illegible] ਪੱਤੀ ਰਾਮਪੁਰ, [illegible] ਸਰਪੰਚ ਗੁਰਦੀਪ ਸਿੰਘ [illegible], ਸਰਪੰਚ ਸਿਕੰਦਰ ਸਿੰਘ ਸੰਗਰਾਵਾਂ, ਸਰਪੰਚ ਜਗਜੀਵਨ ਸਿੰਘ [illegible], ਸਰਪੰਚ ਜਗੀਰ ਸਿੰਘ ਪੱਤੀ ਰਾਮਪੁਰ, [illegible] ਪੰਚ ਸਤਨਾਮ ਸਿੰਘ ਫੌਜੀ ਤੇ ਹੋਰ ਵੀ ਬਹੁਤ ਸਾਰੇ ਆਮ ਆਦਮੀ ਪਾਰਟੀ ਦੇ ਆਗੂ ਤੇ ਵਲੰਟੀਅਰਜ਼ ਨੇ ਹੋ ਰਹੀਆਂ ਮੀਟਿੰਗਾਂ ਵਿੱਚ ਹਿੱਸਾ ਲਿਆ।

## ਕੁਦਰਤ ਦੀ ਪਈ ਮਾਰ ਦੌਰਾਨ ਸਮਾਜ ਸੇਵੀਆਂ ਵੱਲੋਂ ਸਾਥ ਦੇਣ ਲਈ ਸ਼ਰਮਾ ਵੱਲੋਂ ਧੰਨਵਾਦ



ਫਤਹਿਗੜ੍ਹ ਚੂੜੀਆਂ, 28 ਅਗਸਤ (ਰਾਜਨ ਸ਼ਰਮਾ): ਫਤਹਿਗੜ੍ਹ ਚੂੜੀਆਂ ਦੇ ਵਸਨੀਕ ਆਮ ਆਦਮੀ ਪਾਰਟੀ ਦੇ ਗੁਰਦਾਸਪੁਰ ਲੋਕ ਸਭਾ ਦੇ ਇੰਚਾਰਜ ਤੇ ਇਨਫਰਾਸਟ੍ਰਕਚਰ ਟਰੱਸਟ ਦੇ ਚੇਅਰਮੈਨ ਰਾਜੀਵ ਸ਼ਰਮਾ ਨੇ ਗੱਲਬਾਤ ਦੌਰਾਨ ਕਿਹਾ ਕਿ ਕੁਦਰਤ ਵੱਲੋਂ ਜੋ ਹੜ੍ਹ ਦੀ ਮਾਰ ਪੰਜਾਬ ਭਰ ਵਿੱਚ ਪਈ ਹੈ ਤੇ ਹੜ੍ਹ ਪ੍ਰਭਾਵਿਤ ਇਲਾਕਿਆਂ ਸਮਾਜ ਸੇਵੀ ਲੋਕਾਂ ਤੇ ਪ੍ਰਸ਼ਾਸਨ ਵੱਲੋਂ ਹੜ੍ਹ ਪ੍ਰਭਾਵਿਤ ਲੋਕਾਂ ਨੂੰ ਬਚਾਉਣ ਦੇ ਲਈ ਵੱਧ ਚੜ੍ਹ ਕੇ ਮਦਦ ਕੀਤੀ ਜਾ ਰਹੀ ਹੈ, ਉਸ ਦੇ ਲਈ ਮੈਂ ਸਭ ਦਾ ਦਿਲ ਦੀ ਤਹਿ ਤੋਂ ਧੰਨਵਾਦ ਕਰਦਾ ਹਾਂ। ਚੇਅਰਮੈਨ ਰਾਜੀਵ ਸ਼ਰਮਾ ਵੱਲੋਂ ਦੱਸਿਆ ਗਿਆ ਕਿ ਉਨ੍ਹਾਂ ਵੱਲੋਂ ਵੀ ਜ਼ਿਲ੍ਹੇ ਵਿੱਚ ਹੜ੍ਹ ਨਾਲ ਕਈ ਪ੍ਰਭਾਵਿਤ ਹੋਏ ਇਲਾਕਿਆਂ ਵਿੱਚ ਜਾ ਕੇ ਲੋਕਾਂ ਦੀ ਬਣਦੀ ਮਦਦ ਕੀਤੀ ਤੇ ਕਈ ਜਗ੍ਹਾ ਉਪਰ ਖਾਣ ਪੀਣ ਦੀ ਸਮੱਗਰੀ ਵੀ ਵੰਡੀ ਗਈ। ਗੱਲਬਾਤ ਦੌਰਾਨ ਰਾਜੀਵ ਸ਼ਰਮਾ ਨੇ ਦੱਸਿਆ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੇ ਆਮ ਆਦਮੀ ਪਾਰਟੀ ਦੀ ਸਮੁੱਚੀ ਹੀ ਲੀਡਰਸ਼ਿਪ ਵੱਲੋਂ ਤੇ ਪ੍ਰਸ਼ਾਸਨ ਵੱਲੋਂ ਲੋਕਾਂ ਦੀ ਜਾਨ ਮਾਲ ਦੀ ਰਾਖੀ ਵਿੱਚ ਕੋਈ ਵੀ ਕਸਰ ਬਾਕੀ ਨਹੀਂ ਛੱਡੀ ਜਾਵੇਗੀ। ਉਨ੍ਹਾਂ ਇਹ ਵੀ ਕਿਹਾ ਕਿ ਰਾਵੀ ਦਰਿਆ ਦੇ ਨਾਲ ਲੱਗਦੇ ਪਠਾਨਕੋਟ ਗੁਰਦਾਸਪੁਰ ਤੇ ਅੰਮ੍ਰਿਤਸਰ ਦੇ ਕਈ ਪਿੰਡ ਹੜ੍ਹ ਦੀ ਮਾਰ ਹੇਠ ਆ ਗਏ ਹਨ, ਜਿੱਥੇ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਲੋਕਾਂ ਦੀ ਸੁਰੱਖਿਆ ਦੇ ਲਈ ਪੂਰੀ ਤਰ੍ਹਾਂ ਸੰਭਵ ਯਤਨ ਕੀਤੇ ਜਾ ਰਹੇ ਹਨ। ਰਾਜੀਵ ਸ਼ਰਮਾ ਵੱਲੋਂ ਪਰਮਾਤਮਾ ਅੱਗੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ ਗਈ।

## ਹੜ੍ਹ ਪ੍ਰਭਾਵਿਤ ਪਰਿਵਾਰ ਪੂਰੀ ਤਰ੍ਹਾਂ ਜ਼ਿਲ੍ਹਾ ਪ੍ਰਸ਼ਾਸਨ ਦੇ ਸੰਪਰਕ 'ਚ ਹਰ ਤਰ੍ਹਾਂ ਮਦਦ ਲਈ ਪ੍ਰਸ਼ਾਸਨ ਯਤਨਸ਼ੀਲ: ਡਾ. ਕੇ.ਜੇ. ਸਿੰਘ

ਸ੍ਰੀ ਹਰਗੋਬਿੰਦਪੁਰ ਸਾਹਿਬ/ਘੁਮਾਣ, 28 ਅਗਸਤ (ਡਾ. ਨਰਿੰਦਰ ਸਿੰਘ ਘੁਮਾਣ/ਜਗੀਰ ਸਿੰਘ ਮੰਡ): ਪਿਛਲੇ ਕੁਝ ਦਿਨਾਂ ਤੋਂ ਲਗਾਤਾਰ ਹੋ ਰਹੀ ਬਾਰਿਸ਼ ਕਰਕੇ ਪੰਜਾਬ ਭਰ ਵਿੱਚ ਬਹੁਤ ਸਾਰੇ ਇਲਾਕੇ ਹੜ੍ਹ ਪ੍ਰਭਾਵਿਤ ਹੋ ਗਏ ਹਨ। ਜਿਸ ਦੇ ਤਹਿਤ ਮੰਡ ਇਲਾਕਾ ਸ੍ਰੀ ਹਰਗੋਬਿੰਦਪੁਰ ਸਾਹਿਬ ਦੇ ਕੁਝ ਇਲਾਕੇ ਤੇ ਪਿੰਡ ਹੜ੍ਹ ਪ੍ਰਭਾਵਿਤ ਹੋ ਗਏ ਹਨ। ਡਾ. ਕੇਜੇ ਸਿੰਘ ਸਾਬਕਾ ਆਬਜ਼ਰਵਰ ਤੇ ਸੀਨੀਅਰ ਆਗੂ ਹਲਕਾ ਸ੍ਰੀ ਹਰਗੋਬਿੰਦਪੁਰ ਸਾਹਿਬ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਜਿਸ ਦੇ ਤਹਿਤ ਹੜ੍ਹ ਪ੍ਰਭਾਵਿਤ ਪਰਿਵਾਰਾਂ ਨੂੰ ਮਿਲਕੇ ਦਿਲਾਸਾ ਦਿੰਦੇ ਹੋਏ ਲੋੜ ਅਨੁਸਾਰ ਦਵਾਈਆਂ ਅਤੇ ਜ਼ਰੂਰੀ ਵਸਤੂਆਂ ਦਾ ਪ੍ਰਬੰਧ ਕੀਤਾ, ਨਾਲ ਹੀ ਆਪਣੀ ਸਿਹਤ ਦਾ ਖਿਆਲ ਰੱਖਣ ਲਈ ਕੁਝ ਸੁਝਾਅ ਦਿੱਤੇ ਤੇ ਨਾਲ ਹੀ ਜ਼ਿਲ੍ਹਾ ਪ੍ਰਸ਼ਾਸਨ ਪੂਰੀ ਤਰ੍ਹਾਂ ਹੜ੍ਹ ਪ੍ਰਭਾਵਿਤ ਪਰਿਵਾਰਾਂ ਦੇ ਸੰਪਰਕ ਵਿੱਚ ਹਨ। ਤੁਹਾਡੀ ਹਰ ਤਰ੍ਹਾਂ ਸਹਾਇਤਾ ਕੀਤੀ ਜਾ ਰਹੀ ਹੈ। ਨਾਲ ਹੀ ਪੰਜਾਬ ਦੇ ਮਾਨਯੋਗ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਕਿਹਾ ਹੜ੍ਹ ਪ੍ਰਭਾਵਿਤ ਪਰਿਵਾਰਾਂ ਦੀ ਸਪੈਸ਼ਲ ਗਿਰਦਾਵਰੀ ਕਰਕੇ ਉਨ੍ਹਾਂ ਦੇ ਹੋਏ ਨੁਕਸਾਨ



ਦਾ ਪੂਰਾ ਮੁਆਵਜ਼ਾ ਦਿੱਤਾ ਜਾਵੇਗਾ, ਨਾਲ ਹੀ ਡਾ. ਕੇਜੇ ਸਿੰਘ ਨੇ ਕਾਰ ਸੇਵਾ ਵਾਲੇ ਬਾਬੇ, ਵੱਖ-ਵੱਖ ਧਾਰਮਿਕ, ਸਮਾਜਿਕ, ਰਾਜਨੀਤਿਕ, ਕਿਸਾਨ, ਮਜ਼ਦੂਰ, ਵਪਾਰੀ ਜਥੇਬੰਦੀਆਂ ਦਾ ਬਹੁਤ ਧੰਨਵਾਦੀ ਹਾਂ, ਜਿਹੜੇ ਹੜ੍ਹ ਪੀੜਤ ਪਰਿਵਾਰਾਂ ਲਈ ਲੰਗਰ, ਚਾਹ, ਪਾਣੀ, ਸੁੱਕਾ ਰਾਸ਼ਨ ਤੇ ਲੋੜੀਂਦੀਆਂ ਵਸਤੂਆਂ ਪਸ਼ੂਆਂ ਦੇ ਲਈ ਤੂੜੀ, ਹਰੇ ਚਾਰਾ, ਚੋਕਰ ਆਦਿ ਦਾ ਵੀ ਪ੍ਰਬੰਧ ਕੀਤਾ ਜਾ ਰਿਹਾ ਹੈ। ਮੈਂ ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਦਾ ਵੀ ਬਹੁਤ ਧੰਨਵਾਦੀ ਹਾਂ, ਜਿਹੜੇ ਗੁਰਦਾਸਪੁਰ ਵਾਸੀਆਂ ਲਈ ਪੰਜਾਬ ਸਰਕਾਰ ਦਾ ਹੈਲੀਕਾਪਟਰ ਹੜ੍ਹ ਪ੍ਰਭਾਵਿਤ ਪਰਿਵਾਰਾਂ ਲਈ ਭੇਜ ਦਿੱਤਾ ਗਿਆ ਹੈ, ਜੋ ਇਹ ਮੁੱਖ ਮੰਤਰੀ ਦੀ ਬਹੁਤ ਵੱਡੀ ਦਰਿਆਦਿਲੀ ਦਾ ਸਬੂਤ ਹੈ। ਇਸ ਮੌਕੇ ਪ੍ਰਧਾਨ ਕੁਲਵੰਤ ਸਿੰਘ ਪੰਨੂੰ, ਪ੍ਰਧਾਨ ਹਰਵਿੰਦਰ ਸਿੰਘ [illegible], ਲੈਕਚਰਾਰ ਸੁਖਵਿੰਦਰ ਸਿੰਘ ਪੰਨੂੰ, ਪ੍ਰਕਾਸ਼ ਸਿੰਘ ਮਾਹਲਾ, ਮੁਖਤਿਆਰ ਸਿੰਘ ਬਰਿਆਰ, ਸੁਰਜੀਤ ਸਿੰਘ ਭੱਟੀ, ਰੇਸ਼ਮ ਸਿੰਘ, ਸਿਮਰਨਜੀਤ ਸਿੰਘ, ਸਤਨਾਮ ਸਿੰਘ ਰਾਜੂਵਾਲ, ਸ਼ਮਸ਼ੇਰ ਸਿੰਘ ਲੇਹਲ, ਅੰਕੁਰ ਸਿੰਘ ਆਦਿ ਹਾਜ਼ਰ ਸਨ।

## ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵਿਆਹ ਪੁਰਬ 'ਤੇ ਅਤੁੱਟ ਲੰਗਰ ਲਗਾਏ ਜਾਣਗੇ: ਮਹੰਤ ਹਰੀ ਕੁੰਭ ਦਾਸ



ਬਟਾਲਾ, 28 ਅਗਸਤ (ਸੁਖਦੇਵ ਸਿੰਘ ਰੰਧਾਵਾ/ਬਲਬੀਰ ਸੋਹਲ): ਜਗਤ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਤੇ ਜਗਤ ਮਾਤਾ ਸੁਲੱਖਣੀ ਜੀ ਦੇ 531ਵੇਂ ਵਿਆਹ ਪੁਰਬ ਨੂੰ ਸਮਰਪਿਤ ਗੁਰਦੁਆਰਾ ਕੰਧ ਸਾਹਿਬ ਤੇ ਗੁਰਦੁਆਰਾ ਡੇਹਰਾ ਸਾਹਿਬ ਵਿਖੇ ਦੇਸ਼ ਵਿਦੇਸ਼ ਦੀਆਂ ਸੰਗਤਾਂ ਵੱਲੋਂ ਬੜੀ ਸ਼ਰਧਾ ਤੇ ਧਾਰਮਿਕ ਭਾਵਨਾ ਨਾਲ ਮਨਾਇਆ ਜਾ ਰਿਹਾ ਹੈ। 30 ਅਗਸਤ ਨੂੰ ਬਟਾਲਾ ਸ਼ਹਿਰ ਵਿੱਚ ਅਲੌਕਿਕ ਨਗਰ ਕੀਰਤਨ ਬਰਾਤ ਦੇ ਰੂਪ ਵਿੱਚ ਸਜਾਇਆ ਜਾਵੇਗਾ, ਇਸ ਸਮੇਂ ਉਦਾਸੀਨ ਆਸ਼ਰਮ ਨਾਨਕ ਚੱਕ ਦੇ ਮੁੱਖ ਸੇਵਾਦਾਰ ਮਹੰਤ ਹਰੀ ਕੁੰਭ ਦਾਸ ਵੱਲੋਂ ਜਗਤ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵਿਆਹ ਪੁਰਬ ਦੀਆਂ ਵਧਾਈਆਂ ਦਿੱਤੀਆਂ, ਉੱਥੇ ਉਨ੍ਹਾਂ ਦੱਸਿਆ ਕਿ ਵਿਆਹ ਪੁਰਬ ਮੌਕੇ ਦੀਆਂ ਸੰਗਤਾਂ ਵਾਸਤੇ ਗੁਰੂ ਕੇ ਅਤੁੱਟ ਲੰਗਰ ਵਰਤਾਏ ਜਾ ਰਹੇ ਹਨ। ਮਹੰਤ ਹਰੀ ਕੁੰਭ ਦਾਸ ਜੀ ਵੱਲੋਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਭਗਵਾਨ ਬਾਬਾ ਸ੍ਰੀ ਚੰਦਰ ਜੀ ਦਾ 531ਵਾਂ ਪ੍ਰਕਾਸ਼ ਦਿਹਾੜਾ ਸੰਗਤਾਂ ਦੇ ਸਹਿਯੋਗ ਨਾਲ ਸ਼ਰਧਾ ਭਾਵਨਾ ਨਾਲ ਮਨਾਇਆ ਜਾ ਰਿਹਾ ਹੈ। ਰੱਖੇ ਲੜੀਵਾਰ ਸ੍ਰੀ ਅਖੰਡ ਪਾਠ ਸਾਹਿਬ ਜੀ ਭੋਗ 2 ਸਤੰਬਰ ਨੂੰ ਪੈਣਗੇ ਤੇ ਖੁੱਲ੍ਹੇ ਪੰਡਾਲ 'ਚ ਪ੍ਰਸਿੱਧ ਜੱਥਿਆਂ ਵਲੋਂ ਆਈਆਂ ਸੰਗਤਾਂ ਨੂੰ ਧੁਰ ਕੀ ਬਾਣੀ ਤੇ ਸ਼ਾਨਾਮੱਤੇ ਸਿੱਖ ਇਤਿਹਾਸ ਤੇ ਬਾਬਾ ਸ੍ਰੀ ਚੰਦਰ ਜੀ ਦਾ ਇਤਿਹਾਸ ਸੁਣਾ ਕੇ ਨਿਹਾਲ ਕਰਨਗੇ। ਇਸ ਮੌਕੇ 'ਤੇ ਸੇਵਾਦਾਰਾਂ 'ਚ ਰਵਿੰਦਰ ਮੁਨੀ, ਦੁਰਗਾ ਪ੍ਰਸਾਦ, ਤਿਲਕ ਦਾਸ, ਸੰਦੀਪ ਬੇਦੀ, ਯਾਦਵਿੰਦਰ ਸਿੰਘ ਕਾਦੀਆਂ, ਰੰਮੀ ਅਲੀਵਾਲ, ਮਾਸਟਰ ਸੰਦੀਪ ਜਾਂਗਲਾਂ, ਜੱਸ ਲੋਧੀਨੰਗਲ, ਅੰਮ੍ਰਿਤਪਾਲ ਸਿੰਘ, ਰਣਜੋਧ ਬੈਂਕ ਮੈਨੇਜਰ, ਪ੍ਰਿੰਸ ਢੱਲਾ, ਮੰਨਾ ਸੀੜਾ, ਗੁਰਲਾਲ ਗੇਲਾ, ਗੁਰਲਾਲ ਫੌਜੀ ਗੁਜਰਪੁਰ, ਪਵਨ ਗੁੱਜਰਪੁਰਾ, ਜੋਬਨ ਡੁਲਟ, ਜਸਨ ਕੋਟਲਾ ਬਾਮਾ, ਧਰਮਵੀਰ, ਨੀਰਜ ਬੇਦੀ, ਕੁਲਦੀਪ ਪੇਂਟਰ, ਦੁਰਲੱਭ ਪੱਤੀ ਪਕੀਵਾ, ਰਣਜੀਤ ਕੋਟਲੀ ਥਾਬਲਾ, ਜਗਰੂਪ ਸਿੰਘ, ਸਤਨਾਮ ਸਿੰਘ ਕਾਦਰਾਬਾਦ, ਹੈਪੀ ਨਾਨਕ ਚੱਕ, ਇੰਦਰਜੀਤ ਨਾਨਕ ਚੱਕ, ਜੀਵਨ ਡੁੱਲਟ, ਸਾਬਾ ਫਤਹਿਗੜ੍ਹ ਚੂੜੀਆਂ, ਹੀਰਾ ਸਿੰਘ, ਜਗਪ੍ਰੀਤ ਸਿੰਘ, ਹੁਸਨ ਜਾਂਗਲਾ, ਗੂਰੀ ਘਣੀਆਂ, ਕਰਨ ਲੰਗਰਵਾਲ, ਕੁਲਬੀਰ ਜਾਗਲਾਂ, ਰਜਿੰਦਰ ਸਿੰਘ, ਮਨਪ੍ਰੀਤ ਪਟਵਾਰੀ ਆਦਿ ਹਾਜ਼ਰ ਸਨ।

## ਅਵਤਾਰ ਦਿਹਾੜੇ ਨੂੰ ਸਮਰਪਿਤ ਨਿਊਬਾਵਾਲਾਲਜੀ ਹਸਪਤਾਲ ਧਿਆਨਪੁਰ ਵੱਲੋਂ ਮੰਦਰ ਨਾਨਕ ਚੱਕ 'ਚ ਫ੍ਰੀ ਮੈਡੀਕਲ ਚੈਕਅੱਪ ਕੈਂਪ



ਬਟਾਲਾ, 28 ਅਗਸਤ (ਸੁਖਦੇਵ ਸਿੰਘ ਰੰਧਾਵਾ/ਬਲਬੀਰ ਸੋਹਲ): ਜਗਤ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵਿਆਹ ਪੁਰਬ ਤੇ ਉਦਾਸੀਨ ਬਾਬਾ ਸ੍ਰੀ ਚੰਦਰ ਜੀ ਦੇ 531ਵੇਂ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਹਰੀ ਕੁੰਭ ਦਾਸ ਤੇ ਸਮੂਹ ਇਲਾਕੇ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਫ੍ਰੀ ਮੈਡੀਕਲ ਚੈਕਅੱਪ ਕੈਂਪ ਨਿਊਬਾਵਾਲਾਲਜੀ ਹਸਪਤਾਲ ਧਿਆਨਪੁਰ ਦੀ ਮਾਹਿਰ ਡਾਕਟਰਾਂ ਦੀ ਟੀਮ ਵੱਲੋਂ ਲਗਾਇਆ ਗਿਆ। ਫ੍ਰੀ ਮੈਡੀਕਲ ਕੈਂਪ ਦੀ ਆਰੰਭਤਾ ਮਹੰਤ ਹਰੀ ਕੁੰਭ ਦਾਸ ਵੱਲੋਂ ਰਿਬਨ ਕੱਟ ਕੇ ਕੀਤੀ ਗਈ। ਮਾਹਿਰ ਮੈਡੀਕਲ ਡਾਕਟਰਾਂ ਦੀ ਟੀਮ ਵੱਲੋਂ ਕਰੀਬ 285 ਮਰੀਜ਼ਾਂ ਦਾ ਵੱਖ-ਵੱਖ ਬਿਮਾਰੀਆਂ ਜਿਵੇਂ ਕਿ ਜਰਨਲ ਚੈੱਕਅਪ, ਸਰਜਰੀ, ਲੈਬ ਟੈਸਟ, ਅੱਖਾਂ ਦਾ ਕੰਪਿਊਟਿਰ ਟੈਸਟ, ਗਾਇਨੀ, ਆਥਾਰੋ ਆਦਿ ਦਾ ਚੈਕ ਅੱਪ ਕਰਕੇ ਫ੍ਰੀ ਦਵਾਈਆਂ ਦਿੱਤੀਆਂ ਗਈਆਂ। ਮਹੰਤ ਹਰੀ ਕੁੰਭ ਦਾਸ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸ੍ਰੀ ਗੁਰੂ ਨਾਨਕ ਜੀ ਦਾ ਵਿਆਹ ਪੁਰਬ ਤੇ ਬਾਬਾ ਸ੍ਰੀ ਚੰਦਰ ਜੀ ਦਾ ਪ੍ਰਕਾਸ਼ ਦਿਹਾੜਾ ਸੰਗਤਾਂ ਦੇ ਸਹਿਯੋਗ ਨਾਲ ਸ਼ਰਧਾ ਭਾਵਨਾ ਨਾਲ ਮਨਾਇਆ ਜਾ ਰਿਹਾ ਹੈ। ਇਸ ਮੌਕੇ ਡਾ. ਸਿਮਰਨ ਕੌਰ ਨੇ ਕਿਹਾ ਮਹੰਤ ਹਰੀ ਕੁੰਭ ਦਾਸ ਦੀ ਰਹਿਨੁਮਾਈ ਸਦਕਾ ਇਹ ਕੈਂਪ ਦਾ ਆਯੋਜਨ ਕੀਤਾ ਗਿਆ ਹੈ ਤੇ ਇਹੋ ਜਿਹੇ ਮੈਡੀਕਲ ਕੈਂਪ ਜ਼ਰੂਰ ਲੱਗਣੇ ਚਾਹੀਦੇ ਹਨ ਤਾਂ ਜੋ ਲੋੜਵੰਦ ਮਰੀਜ਼ ਵੀ ਆਪਣਾ ਇਲਾਜ ਸਹੀ ਸਮੇਂ ਕਰਵਾ ਸਕਣ। ਉਨ੍ਹਾਂ ਦੱਸਿਆ ਕਿ ਸਾਡੇ ਹਸਪਤਾਲ ਵਿੱਚ ਹਰ ਮੰਗਲਵਾਰ 60 ਸਾਲ ਤੋਂ ਉਪਰ ਦੇ ਮਰੀਜ਼ਾਂ ਦਾ ਅੱਖਾਂ ਦੀ ਫ੍ਰੀ ਚੈਕਅੱਪ ਕਰਕੇ ਐਨਕਾਂ ਤੇ ਦਵਾਦਾਰੂ ਫ੍ਰੀ ਕੀਤਾ ਜਾਂਦਾ ਹੈ। ਇਸ ਸਮੇਂ ਮਹੰਤ ਹਰੀ ਕੁੰਭ ਦਾਸ, ਬਾਬਾ ਰਵਿੰਦਰ ਮੁੰਨੀ, ਡਾ. ਸਿਮਰਨ ਕੌਰ, ਡਾ. ਕਿਸ਼ਨ ਚੰਦ ਐਸ ਐਮ ਓ, ਡਾ. ਸ਼ੁਭਮ ਮੈਪੀ ਆਰਥੋ, ਡਾ. ਗਗਨਦੀਪ ਸਿੰਘ, ਡਾ. ਹਰਪ੍ਰੀਤ ਕੌਰ ਅਰਜਨ ਸਿੰਘ ਆਕਾਸ਼ ਮਹਿਕ ਆਸਨਾ ਰੂਪ ਗੁਰਲੀਨ ਕੌਰ ਸ਼ੁਭਦੀਪ ਸਿੰਘ, ਸੰਦੀਪ ਬੇਦੀ ਨਾਨਕ ਚੱਕ, ਰਮੀ ਅਲੀਵਾਲ, ਜੱਸ ਲੋਧੀਨੰਗਲ ਆਦਿ ਹਾਜ਼ਰ ਸਨ।

## ਵਿਸ਼ਵ ਸਿੱਖ ਰਾਜਪੂਤ ਭਾਈਚਾਰੇ 'ਚ ਵੱਖ-ਵੱਖ ਅਹੁਦਿਆਂ ਲਈ ਚੁਣੇ ਰਾਠੌਰ, ਚੌਹਾਨ ਤੇ ਜਾਡਲਾ ਨੂੰ ਮੁਬਾਰਕ

ਨਵਾਂਸ਼ਹਿਰ, 28 ਅਗਸਤ (ਸੁਖਦੇਵ ਸਿੰਘ ਉੜਾਪੜ): ਵਿਸ਼ਵ ਸਿੱਖ ਰਾਜਪੂਤ ਭਾਈਚਾਰੇ ਦੇ ਪ੍ਰਧਾਨ ਗੁਰਮੇਲ ਸਿੰਘ ਪਹਿਲਵਾਨ ਵੱਲ ਵਿਦੇਸ਼ਾਂ ਵਿੱਚ ਵਸਦੇ ਭੁਪਿੰਦਰ ਸਿੰਘ ਜਾਡਲਾ ਨੂੰ ਖਜ਼ਾਨਚੀ ਤੇ ਗੁਲਜ਼ਾਰ ਸਿੰਘ ਨੇਪਰਾਂ ਨੂੰ ਸਰਪ੍ਰਸਤ ਚੁਣਿਆ ਗਿਆ, ਜਿਸ 'ਤੇ ਵਿਦੇਸ਼ਾਂ ਵਿੱਚ ਅਤੇ ਦੇਸ਼ਾਂ ਵਿੱਚ ਵਸਦੇ ਸਮੂਹ ਪੰਜਾਬੀ



ਨੰਬਰ 'ਤੇ ਹੈ। ਗਿੱਲ (784 ਰੇਟਿੰਗ ਅੰਕ) ਅਤੇ ਰੋਹਿਤ (756) ਕ੍ਰਮਵਾਰ ਪਹਿਲੇ ਅਤੇ ਦੂਜੇ ਸਥਾਨ 'ਤੇ ਜਦਕਿ ਪਾਕਿਸਤਾਨ ਦਾ ਬਾਬਰ ਆਜ਼ਮ (739) ਤੀਜੇ ਸਥਾਨ 'ਤੇ ਹੈ। ਕੋਹਲੀ ਦੇ 736 ਅੰਕ ਹਨ। ਗੇਂਦਬਾਜ਼ਾਂ ਦੀ ਤਾਜ਼ਾ ਰੈਂਕਿੰਗ 'ਚ ਕੁਲਦੀਪ ਯਾਦਵ (650) ਤੇ ਰਵਿੰਦਰ ਜਡੇਜਾ (616) ਹਾਲੇ ਵੀ ਕ੍ਰਮਵਾਰ ਤੀਜੇ ਤੇ ਨੌਵੇਂ ਨੰਬਰ 'ਤੇ ਹਨ। ਰੋਹਿਤ ਅਤੇ ਕੋਹਲੀ ਟੀ-20 ਅਤੇ ਟੈਸਟ ਕ੍ਰਿਕਟ ਤੋਂ ਸੰਨਿਆਸ ਲੈ ਚੁੱਕੇ ਹਨ।

# ਟਰੰਪ ਪ੍ਰਸ਼ਾਸਨ ਪ੍ਰਵਾਸੀਆਂ 'ਤੇ ਕਰੇਗਾ ਇੱਕ ਹੋਰ ਕਾਰਵਾਈ, ਐਚ.ਏ.ਬੀ. ਤੇ ਗ੍ਰੀਨ ਕਾਰਡ ਪ੍ਰਕਿਰਿਆ 'ਚ ਹੋਵੇਗਾ ਬਦਲਾਅ

ਨਿਊਯਾਰਕ/ਵਾਸ਼ਿੰਗਟਨ, 28 ਅਗਸਤ (ਚ.ਨ.ਸ.): ਅਮਰੀਕੀ ਵਣਜ ਸਕੱਤਰ ਹਾਵਰਡ ਲਿਊਟਨਿਕ ਨੇ ਕਿਹਾ ਹੈ ਕਿ ਟਰੰਪ ਪ੍ਰਸ਼ਾਸਨ 812 ਪ੍ਰੋਗਰਾਮ ਅਤੇ ਗ੍ਰੀਨ ਕਾਰਡ ਪ੍ਰਕਿਰਿਆ ਵਿੱਚ ਬਦਲਾਅ ਲਿਆਉਣ ਦੀ ਯੋਜਨਾ ਬਣਾ ਰਿਹਾ ਹੈ। 812 ਭਾਰਤੀ ਆਈ.ਟੀ. ਪੇਸ਼ੇਵਰਾਂ ਵਿੱਚ ਸਭ ਤੋਂ ਵੱਧ ਮੰਗਿਆ ਜਾਣ ਵਾਲਾ ਗੈਰ-ਪ੍ਰਵਾਸੀ ਵੀਜ਼ਾ ਹੈ। ਲਿਊਟਨਿਕ ਨੇ ਮੰਗਲਵਾਰ ਨੂੰ ਇਕ ਨਿਊਜ਼ ਚੈਨਲ ਨੂੰ ਦਿੱਤੇ ਇੰਟਰਵਿਊ ਵਿੱਚ ਕਿਹਾ, ਮੈਂ ਐਚ.ਏ.ਬੀ. ਪ੍ਰੋਗਰਾਮ ਨੂੰ ਬਦਲਣ ਦੀ ਪ੍ਰਕਿਰਿਆ ਵਿੱਚ ਸ਼ਾਮਲ ਹਾਂ। ਅਸੀਂ ਉਸ ਪ੍ਰੋਗਰਾਮ ਨੂੰ ਬਦਲਣ 'ਤੇ ਕੰਮ ਕਰ ਰਹੇ ਹਾਂ, ਕਿਉਂਕਿ ਇਹ ਬਹੁਤ ਮਾੜਾ ਹੈ। ਉਨ੍ਹਾਂ ਕਿਹਾ ਕਿ ਟਰੰਪ ਪ੍ਰਸ਼ਾਸਨ ਗ੍ਰੀਨ ਕਾਰਡ ਪ੍ਰਕਿਰਿਆ ਵਿੱਚ ਬਦਲਾਅ ਕਰਨ 'ਤੇ ਵੀ ਵਿਚਾਰ ਕਰ ਰਿਹਾ ਹੈ, ਜਿਸ ਦੇ ਤਹਿਤ ਅਮਰੀਕਾ ਵਿੱਚ ਸਥਾਈ ਨਿਵਾਸ ਦਿੱਤਾ ਜਾਂਦਾ ਹੈ। ਲਿਊਟਨਿਕ ਨੇ ਕਿਹਾ, ਤੁਸੀਂ ਜਾਣਦੇ ਹੋ, ਅਸੀਂ ਗ੍ਰੀਨ ਕਾਰਡ ਦਿੰਦੇ ਹਾਂ। ਔਸਤ ਅਮਰੀਕੀ ਹਰ ਸਾਲ 75,000 ਅਮਰੀਕੀ ਡਾਲਰ ਕਮਾਉਂਦਾ ਹੈ, ਅਤੇ ਔਸਤ ਗ੍ਰੀਨ ਕਾਰਡ ਪ੍ਰਾਪਤ ਕਰਤਾ 66,000 ਅਮਰੀਕੀ ਡਾਲਰ ਕਮਾਉਂਦਾ ਹੈ। ਅਸੀਂ ਇਸ ਸਭ ਨੂੰ ਦੇਖ ਰਹੇ ਹਾਂ ਅਤੇ ਇਹ ਪਤਾ ਲਗਾਉਣ ਦੀ ਕੋਸ਼ਿਸ਼ ਕਰ ਰਹੇ ਹਾਂ ਕਿ ਅਜਿਹਾ ਕਿਉਂ ਹੁੰਦਾ ਹੈ? ਇਸੇ ਲਈ ਡੋਨਾਲਡ ਟਰੰਪ ਇਸਨੂੰ



ਬਦਲਣ ਜਾ ਰਹੇ ਹਨ। ਗੋਲਡ ਕਾਰਡ ਆ ਰਿਹਾ ਹੈ ਅਤੇ ਅਸੀਂ ਦੇਸ਼ ਵਿੱਚ ਆਉਣ ਵਾਲੇ ਸਭ ਤੋਂ ਵਧੀਆ ਲੋਕਾਂ ਨੂੰ ਚੁਣਾਂਗੇ। ਹੁਣ ਇਸਨੂੰ ਬਦਲਣ ਦਾ ਸਮਾਂ ਆ ਗਿਆ ਹੈ।8-12 ਵੀਜ਼ਾ ਤੋਂ ਭਾਰਤੀਆਂ ਨੂੰ ਸਭ ਤੋਂ ਵੱਧ ਫਾਇਦਾ ਹੁੰਦਾ ਹੈ। ਮੰਗਲਵਾਰ ਨੂੰ ਇੱਕ ਸੋਸ਼ਲ ਮੀਡੀਆ ਪੋਸਟ ਵਿੱਚ ਲਿਊਟਨਿਕ ਨੇ ਕਿਹਾ, ਮੌਜੂਦਾ ਐਚ.ਏ.ਬੀ. ਵੀਜ਼ਾ ਪ੍ਰਣਾਲੀ ਇੱਕ ਘੁਟਾਲਾ ਹੈ, ਜਿਸ ਦੇ ਤਹਿਤ ਅਮਰੀਕੀਆਂ ਦੀਆਂ ਨੌਕਰੀਆਂ ਵਿਦੇਸ਼ੀ ਕਾਮਿਆਂ ਨੂੰ ਦਿੱਤੀਆਂ ਜਾਂਦੀਆਂ ਹਨ। ਅਮਰੀਕੀ ਕਾਮਿਆਂ ਨੂੰ ਨੌਕਰੀ ਤੇ ਰੱਖਣਾ ਸਾਰੀਆਂ ਵੱਡੀਆਂ ਅਮਰੀਕੀ ਕੰਪਨੀਆਂ ਦੀ ਤਰਜੀਹ ਹੋਣੀ ਚਾਹੀਦੀ ਹੈ। ਹੁਣ ਅਮਰੀਕੀਆਂ ਨੂੰ ਨੌਕਰੀ ਤੇ ਰੱਖਣ ਦਾ ਸਮਾਂ ਆ ਗਿਆ ਹੈ। ਫਲੋਰੀਡਾ ਦੇ ਗਵਰਨਰ ਰੌਨ ਡੀਸੈਂਟਿਸ ਨੇ ਇੱਕ ਇੰਟਰਵਿਊ ਵਿੱਚ ਕਿਹਾ ਕਿ ਐਚ.ਏ.ਬੀ. ਵੀਜ਼ਾ ਪੂਰਾ ਤਰ੍ਹਾਂ ਨਾਲ ਘੁਟਾਲਾ ਬਣ ਗਿਆ ਹੈ। ਉਨ੍ਹਾਂ ਕਿਹਾ, ਇਹ ਕੰਪਨੀਆਂ ਸਿਸਟਮ ਨਾਲ ਖੇਡ ਰਹੀਆਂ ਹਨ। ਇਨ੍ਹਾਂ ਵਿੱਚੋਂ ਕੁਝ ਕੰਪਨੀਆਂ ਵੱਡੀ ਗਿਣਤੀ ਵਿੱਚ ਅਮਰੀਕੀਆਂ ਨੂੰ ਨੌਕਰੀ ਤੋਂ ਕੱਢ ਰਹੀਆਂ ਹਨ, ਜਦੋਂ ਕਿ ਉਹ ਨਵੇਂ 812 ਵੀਜ਼ਾ ਵੀ ਲੈ ਰਹੀਆਂ ਹਨ ਅਤੇ 812 ਦਾ ਨਵੀਨੀਕਰਨ ਵੀ ਕਰਵਾ ਰਹੀਆਂ ਹਨ।

## ਨਿਸ਼ਾਨੇਬਾਜ਼ੀ 'ਚ ਅਨੀਸ਼ ਦੀ ਚਾਂਦੀ

ਸ਼ਿਮਕੇਂਟ (ਕਜ਼ਾਖਸਤਾਨ), 28 ਅਗਸਤ (ਚ.ਨ.ਸ.): ਭਾਰਤੀ ਨਿਸ਼ਾਨੇਬਾਜ਼ ਅਨੀਸ਼ ਭਾਨਵਾਲਾ ਨੇ ਅੱਜ ਇੱਥੇ ਏਸ਼ੀਅਨ ਨਿਸ਼ਾਨੇਬਾਜ਼ੀ



ਚੈਂਪੀਅਨਸ਼ਿਪ ਵਿੱਚ ਪੁਰਸ਼ਾਂ ਦੇ 25 ਮੀਟਰ ਰੈਪਿਡ ਫਾਇਰ ਪਿਸਟਲ ਮੁਕਾਬਲੇ ਵਿੱਚ ਚਾਂਦੀ ਦਾ ਤਮਗਾ ਜਿੱਤਿਆ ਹੈ। 22 ਸਾਲਾ ਅਨੀਸ਼ ਸਿਰਫ਼ ਇੱਕ ਅੰਕ ਨਾਲ ਸੋਨ ਤਗ਼ਮੇ ਤੋਂ ਖੁੰਝ ਗਿਆ। ਉਸ ਨੇ 35 ਅੰਕ ਬਣਾਏ, ਜੋ ਕਿ ਚੀਨ ਦੇ ਸੋਨ ਤਗ਼ਮਾ ਜੇਤੂ ਸੂ ਲਿਆਨਬੋਫਾਨ ਤੋਂ ਇੱਕ ਅੰਕ ਘੱਟ ਸੀ। ਕਾਂਸੇ ਦਾ ਤਮਗਾ ਕੋਰੀਆ ਦੇ ਲੀ ਜੈਕਿਊਨ ਨੇ ਜਿੱਤਿਆ। ਮੁਕਾਬਲੇ 'ਚ ਹਿੱਸਾ ਲੈਣ ਵਾਲਾ ਇੱਕ ਹੋਰ ਭਾਰਤੀ ਆਦਰਸ਼ ਸਿੰਘ ਪੰਜਵੇਂ ਸਥਾਨ 'ਤੇ ਰਿਹਾ।

## ਸੀਨੀਅਰ ਪੱਤਰਕਾਰ ਅਮਰਜੀਤ ਸਿੰਘ ਸੈਣੀ ਜੰਡੀਰ ਨੂੰ ਕੀਤਾ ਸਨਮਾਨਤ

ਭੋਗਪੁਰ, 28 ਅਗਸਤ (ਚ.ਨ.ਸ.): ਆਦਮਪੁਰ ਭੋਗਪੁਰ ਤੋਂ ਇਮਾਨਦਾਰੀ ਅਤੇ ਮਿਹਨਤ ਨਾਲ ਜਿੰਮੇਵਾਰੀਆਂ ਨਿਭਾਅ ਰਹੇ ਗਰੀਬਾਂ ਦੇ ਮਸੀਹਾ ਅਤੇ ਭਰਿਸ਼ਟ ਲੋਕਾਂ ਲਈ ਤਿੱਖੀ ਤਲਵਾਰ ਬਣ ਉਭਰੇ ਅਤੇ ਹਮੇਸ਼ਾ ਸੱਚ ਨੂੰ ਸਾਹਮਣੇ ਲਿਆ ਰਹੇ ਸੱਚ ਦੀ ਕਲਮ ਦੇ ਚਿੰਨ ਅਮਰਜੀਤ ਸਿੰਘ ਸੈਣੀ ਨੂੰ ਅੱਜ ਚੜ੍ਹਦੀਕਲਾ ਟਾਈਮ ਟੀਵੀ ਦੇ ਇੰਚਾਰਜ ਪਰਮਜੀਤ ਸਿੰਘ ਨੇ ਚੜ੍ਹਦੀਕਲਾ ਟਾਈਮ ਟੀਵੀ ਦਫਤਰ ਇਕ ਖਾਸ ਮੀਟਿੰਗ ਮੌਕੇ ਸਿਰਪਾਓ ਅਤੇ ਮਹਾਨ ਧਾਰਮਿਕ ਚਿੰਨ ਨਾਲ ਸਨਮਾਨਿਤ ਕੀਤਾ. ਇਸ ਮੌਕੇ 'ਤੇ ਅਮਰਜੀਤ ਸਿੰਘ ਨੇ ਚੜ੍ਹਦੀਕਲਾ ਟਾਈਮ ਟੀਵੀ ਦੀ ਪੂਰੀ ਟੀਮ ਸੰਪਾਦਕ ਅਤੇ ਇੰਚਾਰਜ ਪਰਮਜੀਤ ਸਿੰਘ ਦਾ ਧੰਨਵਾਦ ਕੀਤਾ, ਕਿਹਾ ਕਿ ਉਹ ਹੋਰ ਵੀ ਅਖਬਾਰਾਂ ਵਿੱਚ ਆਪਣੀ ਸੇਵਾ ਨਿਭਾਅ ਰਹੇ ਹਨ ਅਖਬਾਰਾਂ ਅਤੇ ਚੜ੍ਹਦੀਕਲਾ ਟਾਈਮ ਟੀ.ਵੀ. ਅਤੇ ਲੋਕਾਂ ਦੀ ਸੇਵਾ ਵਿੱਚ ਹਾਜ਼ਰ ਰਹੇ ਹਨ ਅਤੇ ਰਹਿਣਗੇ, ਇਸ ਮੌਕੇ 'ਤੇ ਪਰਮਜੀਤ ਸਿੰਘ ਇੰਚਾਰਜ ਨੇ ਕਿਹਾ ਕਿ ਅਮਰਜੀਤ ਸਿੰਘ ਸੈਣੀ ਬਹੁਤ ਹੀ ਪੁਰਾਣੇ ਮਿਹਨਤੀ ਚੜ੍ਹਦੀਕਲਾ ਟਾਈਮ ਟੀ.ਵੀ. ਦਾ ਖਾਸ ਹਿੱਸਾ ਹਨ, ਅਮਰਜੀਤ ਸਿੰਘ ਦੇ ਪਿਤਾ ਸ੍ਰ. ਕੇਹਰ ਸਿੰਘ ਜੰਡੀਰ ਨੇ ਵੀ ਅੱਜ ਦੀ ਆਵਾਜ਼ ਅਖਬਾਰ ਵਿੱਚ ਇਮਾਨਦਾਰੀ ਨਾਲ ਪੂਰਾ ਜੀਵਨ ਬਤੀਤ ਕੀਤਾ ਹੈ ਅਤੇ ਅਮਰਜੀਤ ਸਿੰਘ ਦੀ ਧਰਮ ਪਤਨੀ ਸੁਖਵਿੰਦਰ ਜੰਡੀਰ ਨੇ ਵੱਖ ਵੱਖ ਅਖਬਾਰਾਂ ਅਤੇ ਚੜ੍ਹਦੀਕਲਾ ਟਾਈਮ ਟੀ.ਵੀ. ਵਿੱਚ ਲੰਬਾ ਸਮਾਂ ਇਮਾਨਦਾਰੀ ਅਤੇ ਮਿਹਨਤ ਨਾਲ ਸੇਵਾ ਨਿਭਾਈ ਅਤੇ ਹੁਣ ਲੰਬੇ ਸਮੇਂ ਤੋਂ ਅਮਰਜੀਤ ਸਿੰਘ ਇਮਾਨਦਾਰੀ ਅਤੇ ਮਿਹਨਤ ਨਾਲ ਸੇਵਾਵਾਂ ਨਿਭਾ ਰਹੇ ਹਨ ਅਤੇ ਅੱਜ ਇਹਨਾਂ ਨੂੰ ਖਾਸ ਤੌਰ 'ਤੇ ਸਨਮਾਨਿਤ ਕੀਤਾ ਗਿਆ ਹੈ ਇਸ ਮੌਕੇ ਤੇ ਚੜ੍ਹਦੀਕਲਾ ਟਾਈਮ ਟੀਵੀ ਸਟਾਫ, ਅਮਰਜੀਤ ਸਿੰਘ ਸੈਣੀ ਦਾ ਪਰਿਵਾਰ ਅਤੇ ਹੋਰ ਲੋਕ ਵੀ ਮੌਜੂਦ ਸਨ।



## ਅਸ਼ਵਿਨ ਨੇ ਆਈਪੀਐਲ ਤੋਂ ਵੀ ਸੰਨਿਆਸ ਲਿਆ

ਚੇਨਈ, 28 ਅਗਸਤ (ਚ.ਨ.ਸ.): ਭਾਰਤ ਦੇ ਤਜ਼ਰਬੇਕਾਰ ਆਫ ਸਪਿੰਨਰ ਰਵੀਚੰਦਰਨ ਅਸ਼ਵਿਨ ਨੇ ਅੱਜ ਇੰਡੀਅਨ ਪ੍ਰੀਮੀਅਰ ਲੀਗ (ਆਈਪੀਐੱਲ) ਤੋਂ ਵੀ ਸੰਨਿਆਸ ਲੈਣ ਦਾ ਐਲਾਨ ਕੀਤਾ ਹੈ। ਕੁੱਝ ਮਹੀਨੇ ਪਹਿਲਾਂ ਹੀ ਉਸ ਨੇ ਕੌਮਾਂਤਰੀ ਕ੍ਰਿਕਟ ਤੋਂ ਸੰਨਿਆਸ ਲਿਆ ਸੀ। ਅਸ਼ਵਿਨ ਨੇ ਐਕਸ 'ਤੇ ਕਿਹਾ, 'ਕਿਹਾ ਜਾਂਦਾ ਹੈ ਕਿ ਹਰ ਅੰਤ ਨਾਲ ਨਵੀਂ ਸ਼ੁਰੂਆਤ ਹੁੰਦੀ ਹੈ। ਆਈਪੀਐਲ ਕ੍ਰਿਕਟਰ ਵਜੋਂ ਮੇਰਾ ਸਮਾਂ ਅੱਜ ਖ਼ਤਮ ਹੋ ਰਿਹਾ ਹੈ ਪਰ ਵੱਖ-ਵੱਖ ਲੀਗਾਂ ਵਿੱਚ ਖੇਡ ਦੀ ਪੜਚੋਲ ਕਰਨ ਦਾ ਮੇਰਾ ਸਮਾਂ ਅੱਜ ਤੋਂ ਸ਼ੁਰੂ ਹੁੰਦਾ ਹੈ।' ਉਸ ਨੇ ਕਿਹਾ, 'ਮੈਂ ਸਾਰੀਆਂ ਫਰੈਂਚਾਈਜ਼ੀਜ਼ ਨੂੰ ਧੰਨਵਾਦ ਕਹਿਣਾ ਚਾਹੁੰਦਾ ਹਾਂ। ਭਵਿੱਖੀ ਯੋਜਨਾਵਾਂ ਦਾ ਆਨੰਦ ਲੈਣ ਅਤੇ ਪੂਰਾ ਫਾਇਦਾ ਉਠਾਉਣ ਲਈ ਉਤਸ਼ਾਹਿਤ ਹਾਂ।' ਆਈਪੀਐੱਲ ਵਿੱਚ ਅਸ਼ਵਿਨ ਪਹਿਲੀ ਵਾਰ 2009 'ਚ ਚੇਨਈ ਸੁਪਰ ਕਿੰਗਜ਼ ਲਈ ਖੇਡਿਆ ਸੀ।

# ਆਰ.ਬੀ.ਆਈ. ਚੰਡੀਗੜ੍ਹ ਵੱਲੋਂ ਨੈਮਕੈਬਸ ਵਰਕਸ਼ਾਪ ਦੀ ਮੇਜ਼ਬਾਨੀ



ਹਿਸਾਰ/ਚੰਡੀਗੜ੍ਹ, 28 ਅਗਸਤ (ਅੰਮ੍ਰਿਤਪਾਲ ਸਿੰਘ): ਭਾਰਤੀ ਰਿਜ਼ਰਵ ਬੈਂਕ ਦੁਆਰਾ 28-29 ਅਗਸਤ, 2025 ਨੂੰ ਹਿਸਾਰ, ਹਰਿਆਣਾ ਵਿਖੇ ਦੋ ਦਿਨਾਂ ਨੈਮਕੈਬਸ 3.0 ਵਰਕਸ਼ਾਪ ਦਾ ਆਯੋਜਨ ਕੀਤਾ ਜਾ ਰਿਹਾ ਹੈ। ਇਸ ਸਮਾਗਮ ਵਿੱਚ ਫਤਿਹਾਬਾਦ, ਹਿਸਾਰ, ਜੀਂਦ, ਕੈਥਲ, ਸਿਰਸਾ ਅਤੇ ਭਿਵਾਨੀ ਜ਼ਿਲ੍ਹਿਆਂ ਦੀਆਂ ਵੱਖ-ਵੱਖ ਸ਼ਾਖਾਵਾਂ ਅਤੇ ਐਮ.ਐਸ.ਐਮ.ਈ. ਹੱਬਾਂ ਦੇ ਲਗਭਗ 80 ਬੈਂਕ ਅਧਿਕਾਰੀਆਂ ਨੇ ਹਿੱਸਾ ਲਿਆ। ਵਰਕਸ਼ਾਪ ਦਾ ਉਦਘਾਟਨ 28 ਅਗਸਤ, 2025 ਨੂੰ ਸ਼੍ਰੀ ਵਿਵੇਕ ਸ਼੍ਰੀਵਾਸਤਵ ਖੇਤਰੀ ਨਿਰਦੇਸ਼ਕ, ਆਰ.ਬੀ.ਆਈ. ਚੰਡੀਗੜ੍ਹ ਦੁਆਰਾ ਕੀਤਾ ਗਿਆ ਸੀ।ਆਪਣੇ ਉਦਘਾਟਨੀ ਭਾਸ਼ਣ ਵਿੱਚ, ਉਨ੍ਹਾਂ ਨੇ ਐਮ.ਐਸ.ਐਮ.ਈ. ਵਿਕਾਸ ਅਤੇ ਰੋਜ਼ਗਾਰ ਪੈਦਾ ਕਰਨ ਵਿੱਚ ਬੈਂਕਾਂ ਅਤੇ ਵਿੱਤੀ ਸੰਸਥਾਵਾਂ ਦੀ ਮਹੱਤਵਪੂਰਨ ਭੂਮਿਕਾ 'ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਜ਼ਿਕਰ ਕੀਤਾ ਕਿ ਕਈ ਨੀਤੀਆਂ ਦੇ ਬਾਵਜੂਦ, ਐਮ.ਐਸ.ਐਮ.ਈ. ਕ੍ਰੈਡਿਟ ਪਾੜਾ ਅਜੇ ਵੀ ਗੰਭੀਰ ਬਣਿਆ ਹੋਇਆ ਹੈ। ਉਨ੍ਹਾਂ ਨੇ ਇਹ ਵੀ ਕਿਹਾ ਕਿ, ਐਮ.ਐਸ.ਐਮ.ਈ. ਭਾਰਤੀ ਅਰਥਵਿਵਸਥਾ ਦੀ ਰੀੜ੍ਹ ਦੀ ਹੱਡੀ ਹਨ, ਅਤੇ ਬੈਂਕਾਂ ਨੂੰ ਉੱਦਮੀਆਂ ਪ੍ਰਤੀ ਵਧੇਰੇ ਸੰਵੇਦਨਸ਼ੀਲ ਅਤੇ ਹਮਦਰਦੀ ਵਾਲਾ ਦ੍ਰਿਸ਼ਟੀਕੋਣ ਅਪਣਾਉਣਾ ਚਾਹੀਦਾ ਹੈ। ਵਿਸ਼ਵਵਿਆਪੀ ਅਨਿਸ਼ਚਿਤਤਾ ਦੇ ਇਸ ਸਮੇਂ ਵਿੱਚ, 'ਮੇਕ ਇਨ ਇੰਡੀਆ' ਮੁਹਿੰਮ ਦੇ ਤਹਿਤ ਸਥਾਨਕ ਉਤਪਾਦਾਂ ਦਾ ਸਮਰਥਨ ਕਰਨ ਲਈ ਐਮ.ਐਸ.ਐਮ.ਈ. ਨੂੰ ਸਸ਼ਕਤ ਬਣਾਉਣਾ ਭਾਰਤੀ ਅਰਥਵਿਵਸਥਾ ਦੀ ਸਥਿਰਤਾ ਅਤੇ ਸਵੈ-ਨਿਰਭਰਤਾ ਨੂੰ ਯਕੀਨੀ ਬਣਾਏਗਾ। ਭਾਗੀਦਾਰਾਂ ਦਾ ਸੁਆਗਤ ਕਰਦੇ ਹੋਏ, ਸ਼੍ਰੀ ਪੰਕਜ ਸੇਤੀਆ, ਜਨਰਲ ਮੈਨੇਜਰ, ਆਰ.ਬੀ.ਆਈ. ਨੇ ਵਰਕਸ਼ੌਪ ਨੂੰ ਭਾਗੀਦਾਰਾਂ ਲਈ ਐਮ.ਐਸ.ਐਮ.ਈ. ਵਿੱਤ ਲਈ ਸਭ ਤੋਂ ਵਧੀਆ ਅਭਿਆਸਾਂ, ਨੀਤੀ ਦਿਸ਼ਾ-ਨਿਰਦੇਸ਼ਾਂ ਅਤੇ ਨਵੀਨਤਾਕਾਰੀ ਪਹੁੰਚਾਂ ਬਾਰੇ ਆਪਣੇ ਆਪ ਨੂੰ ਅਪਡੇਟ ਕਰਨ ਦਾ ਇੱਕ ਮੌਕਾ ਦੱਸਿਆ। ਉਨ੍ਹਾਂ ਨੇ ਅੱਗੇ ਕਿਹਾ ਕਿ, ਸ਼ਾਖਾ ਪੱਧਰ @ਤੇ ਸਮਰੱਥਾ ਨਿਰਮਾਣ ਜ਼ਰੂਰੀ ਹੈ ਤਾਂ ਜੋ ਕ੍ਰੈਡਿਟ ਵੰਡ ਛੋਟੇ ਕਾਰੋਬਾਰਾਂ ਦੀਆਂ ਇੱਛਾਵਾਂ ਨੂੰ ਪੂਰਾ ਕਰੇ ਅਤੇ ਵਿਕਾਸ ਨੂੰ ਉਤਸ਼ਾਹਿਤ ਕਰੇ। ਐਮ.ਐਸ.ਐਮ.ਈ. ਨਾ ਸਿਰਫ਼ ਵਿਕਾਸ ਅਤੇ ਰੋਜ਼ਗਾਰ ਦੇ ਚਾਲਕ ਹਨ, ਸਗੋਂ ਇੱਕ ਉੱਜਵਲ ਅਤੇ ਵਧੇਰੇ ਸਮਾਵੇਸ਼ੀ ਭਵਿੱਖ ਲਈ ਆਤਮ-ਵਿਸ਼ਵਾਸ ਵੀ ਪ੍ਰਦਾਨ ਕਰਦੇ ਹਨ। ਉਦਘਾਟਨ ਵਿੱਚ SBI, PNB, UBI ਅਤੇ 8463 ਦੇ ਸੀਨੀਅਰ ਅਧਿਕਾਰੀਆਂ ਨੇ ਵੀ ਸ਼ਿਰਕਤ ਕੀਤੀ। ਇੰਟਰਐਕਟਿਵ ਸੈਸ਼ਨ ਆਰ.ਬੀ.ਆਈ. ਦੇ ਸਾਬਕਾ ਮੁੱਖ ਜਨਰਲ ਮੈਨੇਜਰ, SIDBI, MSME DFO, InvoiceMart, TransUnion CIBIL ਦੇ ਮਾਹਿਰਾਂ ਅਤੇ ਬੈਂਕਾਂ ਦੇ ਤਜਰਬੇਕਾਰ ਫੈਕਲਟੀ ਦੁਆਰਾ ਕਰਵਾਏ ਜਾ ਰਹੇ ਹਨ।

## ਪੰਜਾਬੀ ਭਾਈਚਾਰਾ ਹੜ੍ਹ ਪ੍ਰਭਾਵਿਤ ਕਿਸਾਨਾਂ ਦੇ ਹੱਕ 'ਚ ਖੜੇ: ਸੁੱਖੀ ਬਾਠ

ਸਰੀ, 28 ਅਗਸਤ (ਚ.ਨ.ਸ.): ਪੰਜਾਬ ਵਿਚ ਹੜ ਪ੍ਰਭਾਵਿਤ ਲੋਕਾਂ ਦੇ ਹੱਕ 'ਚ ਵਿਦੇਸ਼ 'ਚ ਬੈਠੇ ਪੰਜਾਬੀ ਭਾਈਚਾਰੇ ਵੱਲੋਂ ਹਾਅ ਦਾ ਨਾਅਰਾ ਮਾਰਦਿਆਂ ਕੈਨੇਡਾ ਦੇ ਉਘੇ ਬਿਜ਼ਨਸਮੈਨ ਸੁੱਖੀ ਬਾਠ ਨੇ ਇਸ ਔਖੀ ਘੜੀ 'ਚ ਸਮੁੱਚੇ ਪੰਜਾਬੀ ਭਾਈਚਾਰੇ ਨੂੰ ਪੀੜਤ ਲੋਕਾਂ ਦੀ ਮੱਦਦ ਦਾ ਸੱਦਾ ਦਿੱਤਾ । ਉਨ੍ਹਾਂ ਕਿਹਾ ਕਿ ਕੁਦਰਤੀ ਆਫ਼ਤਾਂ ਕਦੇ ਹੜ ਤੇ ਕਦੇ ਸੋਕੇ ਦਹਾਕਿਆਂ ਤੋਂ ਪੰਜਾਬ ਦੇ ਮਿਹਨਤੀ ਕਿਸਾਨਾਂ ਦੀਆਂ ਆਸਾਂ 'ਤੇ ਪਾਣੀ ਫੇਰਦੇ ਆ ਰਹੇ ਨੇ ਤੇ ਖ਼ਾਸਕਰ ਦਰਿਆਈ ਇਲਾਕੇ 'ਚ ਰਹਿਣ ਵਾਲੇ ਲੋਕਾਂ ਦਾ ਤਾਂ ਕੁਝ ਕੁ ਸਾਲਾਂ ਬਾਅਦ ਉਜਾੜਾ ਹੀ ਹੋ ਜਾਂਦਾ ਹੈ । ਉਨ੍ਹਾਂ ਕਿਹਾ ਜੱਟ ਦੀ ਜੂਨ ਬੁਰੀ ਵਰਗੀਆਂ ਲਾਈਨਾਂ ਪੰਜਾਬ ਦੀ ਕਿਸਾਨੀ ਦੀ ਤ੍ਰਾਸਦੀ ਬਿਆਨਦੀਆਂ ਹਨ । ਸੁੱਖੀ ਬਾਠ ਨੇ ਕਿਹਾ ਕਿ ਪੰਜਾਬ ਦੇ ਕਿਸਾਨ ਜਿਥੇ ਆਪਣੀਆਂ ਜਿਣਸਾਂ ਦੇ ਸਹੀ ਰੇਟ ਲੈਣ ਲਈ ਜੂਝਦੇ ਆ ਰਹੇ ਨੇ ਉਥੇ ਇਨ੍ਹਾਂ ਮਾਰਾਂ ਨੂੰ ਵੀ ਝੱਲਦੇ ਆ ਰਹੇ ਹਨ । ਸੁੱਖੀ ਬਾਠ ਨੇ ਵਿਦੇਸ਼ਾਂ 'ਚ ਬੈਠੇ ਪੰਜਾਬੀ ਭਾਈਚਾਰੇ ਦੇ ਨਾਲ ਪੰਜਾਬ ਸਰਕਾਰ ਪਾਸੋਂ ਵੀ ਮੰਗ ਕੀਤੀ ਹੈ ਕਿ ਹੜ ਕਾਰਨ ਨੁਕਸਾਨੀਆਂ ਫਸਲਾਂ ਦਾ ਪੂਰਾ ਮੁਆਵਜ਼ਾ ਦਿੱਤਾ ਜਾਵੇ ।



# ਕਲਗੀਧਰ ਟਰੱਸਟ ਬੜੂ ਸਾਹਿਬ ਵੱਲੋਂ ਹੜ੍ਹ ਪੀੜਤਾਂ ਨੂੰ ਰਾਹਤ ਅਤੇ ਬਚਾਅ ਲਈ ਉਪਰਾਲਾ

ਜਲੰਧਰ, 28 ਅਗਸਤ (ਚ.ਨ.ਸ.): ਅੱਜ ਪੰਜਾਬ ਪ੍ਰੈਸ ਕਲੱਬ ਵਿਖੇ ਪ੍ਰੈਸ ਮਿਲਣੀ ਦੌਰਾਨ ਸਿੱਖ ਸੇਵਕ ਸੁਸਾਇਟੀ ਤੇ ਕਲਗੀਧਰ ਟਰਸਟ ਵਲੋਂ ਜਾਣਕਾਰੀ ਸਾਂਝੀ ਕਰਦੇ ਹੋਏ ਦੱਸਿਆ ਕਿ ਪਿਛਲੇ ਕੁੱਝ ਦਿਨਾਂ ਤੋਂ ਰਾਵੀ ਅਤੇ ਸਤਲੁਜ ਨਦੀਆਂ ਦੇ ਬੰਨ ਟੁੱਟਣ ਕਰਕੇ ਸੂਬੇ ਦੇ ਸਰਹੱਦੀ ਇਲਾਕਿਆਂ ਵਿੱਚ ਵੱਡੀ ਤਬਾਹੀ ਮਚੀ ਹੋਈ ਹੈ। ਮਾਝਾ ਅਤੇ ਦੋਆਬਾ ਖੇਤਰਾਂ ਵਿੱਚ ਹੜ੍ਹ ਵਾਲੀ ਸਥਿਤੀ ਬਣੀ ਹੋਈ ਹੈ। ਲਗਾਤਾਰ ਵੱਸ ਰਹੀ ਬਾਰਿਸ ਨੇ ਪੰਜਾਬ ਨੂੰ ਇੱਕ ਵੱਡੇ ਸਮੁੰਦਰ ਵਾਂਗ ਬਣਾ ਦਿੱਤਾ ਹੈ। ਰਣਜੀਤ ਸਾਗਰ ਡੈਮ ਭਾਖੜਾ ਅਤੇ ਪੌਂਗ ਡੈਮ ਵਰਗੇ ਵੱਡੇ ਡੈਮਾਂ ਤੋਂ ਪਾਣੀ ਛੱਡੇ ਜਾਣ ਨਾਲ ਸਤਲੁਜ ਅਤੇ ਰਾਵੀ ਨੇ ਆਪਣੇ ਕੰਢੇ ਤੋੜ ਕੇ ਹਜ਼ਾਰਾਂ ਏਕੜ ਝੋਨੇ ਦੀ ਫਸਲ ਨੂੰ ਨਿਗਲ ਲਿਆ ਹੈ। ਗੁਰਦਾਸਪੁਰ ਪਠਾਨਕੋਟ ਅੰਮ੍ਰਿਤਸਰ ਤਰਨਤਾਰਨ ਅਤੇ ਫਿਰੋਜ਼ਪੁਰ ਵਰਗੇ ਜ਼ਿਲ੍ਹੇ ਸਭ ਤੋਂ ਵੱਧ ਪ੍ਰਭਾਵਿਤ ਹੋਏ ਹਨ। ਡੇਰਾ ਬਾਬਾ ਨਾਨਕ ਵਿੱਚ ਰਾਵੀ ਨੇ ਕਰਤਾਰਪੁਰ ਕੋਰੀਡੋਰ ਦੇ ਨੇੜੇ ਧੁੱਸੀ ਬੰਨ੍ਹ ਤੋੜ ਦਿੱਤਾ ਹੈ, ਜਿਸ ਨਾਲ ਪਿੰਡ ਪੱਖੋਕੇ ਟਾਹਲੀ ਸਾਹਿਬ ਅਤੇ ਆਲੇ ਦੁਆਲੇ ਦੇ ਇਲਾਕੇ ਪਾਣੀ ਵਿੱਚ ਡੁੱਬ ਗਏ ਹਨ।




ਰਸਤੇ ਬੰਦ ਹੋ ਗਏ ਹਨ, ਆਵਾਜਾਈ ਠੱਪ ਪਈ ਹੈ ਅਤੇ ਪਿੰਡਾਂ ਨੂੰ ਟਾਪੂ ਵਾਂਗ ਬਣਾ ਦਿੱਤਾ ਗਿਆ ਹੈ। ਭਾਰੀ ਬਾਰਿਸ਼ ਨੇ ਹਿਮਾਚਲ ਤੋਂ ਆਉਂਦੇ ਪਾਣੀ ਨੂੰ ਹੋਰ ਵਧਾ ਦਿੱਤਾ ਹੈ, ਜਿਸ ਨਾਲ ਨਦੀਆਂ ਦੇ ਪੱਧਰ ਖਤਰੇ ਦੀ ਹੱਦ ਨੂੰ ਪਾਰ ਕਰ ਚੁੱਕੇ ਹਨ। ਲੋਕ ਆਪਣੇ ਘਰਾਂ ਨੂੰ ਛੱਡ ਕੇ ਉਚੀਆਂ ਥਾਵਾਂ ਵੱਲ ਭੱਜ ਰਹੇ ਹਨ। ਪਸ਼ੂਆਂ ਲਈ ਚਾਰਾ ਨਹੀਂ ਮਿਲ ਰਿਹਾ। ਬੱਚੇ ਸਕੂਲ ਨਹੀਂ ਜਾ ਸਕਦੇ ਅਤੇ ਕਿਸਾਨਾਂ ਦੀਆਂ ਫਸਲਾਂ ਪਾਣੀ ਵਿੱਚ ਡੁੱਬ ਕੇ ਤਬਾਹ ਹੋ ਚੁੱਕੀਆਂ ਹਨ। ਤਰਨਤਾਰਨ ਅਤੇ ਫਿਰੋਜ਼ਪੁਰ ਵਿੱਚ ਹਜ਼ਾਰਾਂ ਏਕੜ ਝੋਨੇ ਦੀ ਫਸਲ ਤਬਾਹ ਹੋ ਗਈ ਹੈ, ਜੋ ਨਾ ਸਿਰਫ਼ ਖੇਤੀ ਨੂੰ ਮਾਰ ਰਹੀ ਹੈ ਬਲਕਿ ਸੂਬੇ ਦੀ ਆਰਥਿਕਤਾ ਨੂੰ ਵੀ ਤੋੜ ਰਹੀ ਹੈ। ਬੀਤੇ ਸਮੇਂ ਵਿੱਚ ਹੜ੍ਹ ਦੀ ਚਪੇਟ ਵਿੱਚ ਆਏ ਪਿੰਡਾਂ ਜਿਵੇਂ ਬਰਾਮਪੁਰ ਬਾਮਨੀ ਝਬਕਰਾ, ਮਰਾੜਾ, ਚੱਕ ਮਕੱੜਾ ਨਵਾਂ ਚੰਡੀਗੜ੍ਹ ਦਖੋਰਜੀ, ਜੋਗਰ, ਭੂਤਨਾ ਜੋਗਰ, ਦੌਲਤਗੜ੍ਹ ਕੋਠੇ ਐਵੇਂ, ਚਿੱਟੀ, ਚੱਕ ਰਾਮ ਸਹਾਏ, ਨਵਾਂ ਤਕਲਾ, ਧੀਰਾ ਘਾਰਾ, ਮਲਕਪੁਰ ਅਤੇ ਹੋਰ ਟਾਣੀਆਂ ਵਿਚ ਕਲਗੀਧਰ ਟਰੱਸਟ ਬੜੂ ਸਾਹਿਬ ਵੱਲੋਂ ਹੜ੍ਹ ਪੀੜਤਾਂ ਨੂੰ ਘਰੋ-ਘਰੀ ਲੰਗਰ ਦੁੱਧ ਪਾਣੀ ਰਾਹਤ ਕਿੱਟਾਂ ਅਤੇ ਪਸ਼ੂਆਂ ਲਈ ਚਾਰਾ ਆਦਿ ਬੇੜੀਆਂ ਰਾਹੀਂ ਵੰਡਿਆ ਜਾ ਰਿਹਾ ਹੈ। ਇਹਨਾਂ ਪਿੰਡਾਂ ਵਿੱਚ ਹੁਣ ਤੱਕ 528 ਤੋਂ ਵੱਧ ਵਿਅਕਤੀਆਂ ਨੂੰ ਰੈਸਕਿਊ ਕਰਕੇ ਸੁਰੱਖਿਅਤ ਜਗ੍ਹਾ ਤੇ ਪਹੁੰਚਾਇਆ ਗਿਆ ਹੈ। ਇਹ ਟੀਮ ਸਥਾਨਕ ਲੋਕਾਂ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਨੂੰ ਪੁੱਜੀ ਪਹਿਲੀ ਟੀਮ ਹੈ, ਜੋ ਲੰਗਰ ਦੇ ਨਾਲ-ਨਾਲ ਹੋਰ ਵੀ ਜ਼ਰੂਰੀ ਵਸਤਾਂ ਨੂੰ ਪੂਰੀਆਂ ਕਰਨ ਲਈ ਹਰ ਸੰਭਵ ਕੋਸ਼ਿਸ਼ ਕਰ ਰਹੀ ਹੈ। ਇਸ ਸਬੰਧ ਵਿੱਚ ਜਾਣਕਾਰੀ ਦਿੰਦਿਆਂ ਕਲਗੀਧਰ ਟਰੱਸਟ ਬੜੂ ਸਾਹਿਬ ਦੇ ਪ੍ਰਧਾਨ ਡਾ. ਦਵਿੰਦਰ ਸਿੰਘ ਜੀ ਅਤੇ ਉੱਪ- ਪ੍ਰਧਾਨ ਭਾਈ ਜਗਜੀਤ ਸਿੰਘ ਕਾਕਾ ਵੀਰ ਜੀ ਨੇ ਭਰੋਸਾ ਦਿੱਤਾ ਕਿ ਜਿਹੜੇ ਖੇਤਰਾਂ ਵਿੱਚ ਪਾਣੀ ਭਰ ਜਾਣ ਨਾਲ ਹੜ੍ਹ ਵਰਗੀ ਸਥਿਤੀ ਬਣੀ ਹੋਈ ਹੈ, ਉਹਨਾਂ ਲੋਕਾਂ ਨੂੰ ਬਾਹਰ ਕੱਢਣ ਲਈ ਟਰੱਸਟ ਵੱਲੋਂ ਰਾਹਤ ਕਿੱਟਾਂ ਪੀੜਤ ਲੋਕਾਂ ਤੱਕ ਪਹੁੰਚਾਈਆਂ ਜਾ ਰਹੀਆਂ ਹਨ ਅਤੇ ਇਹਨਾਂ ਹੜ੍ਹ ਪੀੜਤਾਂ ਦੀ ਹਰ ਸੰਭਵ ਮੱਦਦ ਕੀਤੀ ਜਾਵੇਗੀ ਅਤੇ ਲੋੜੀਂਦਾ ਸਮਾਨ ਮੁਹੱਈਆ ਕਰਵਾਇਆ ਜਾਵੇਗਾ। ਇਸ ਨਾਲ ਹੀ ਘੱਗਰ ਨਦੀ ਅਤੇ ਸਤਲੁਜ ਨਦੀ ਵਿੱਚ ਵੱਧ ਰਹੇ ਪਾਣੀ ਦੇ ਪੱਧਰ ਕਰਕੇ ਅੰਮ੍ਰਿਤਸਰ, ਫਿਰੋਜ਼ਪੁਰ, ਫਾਜ਼ਿਲਕਾ ਤਰਨਤਾਰਨ ਪਟਿਆਲਾ ਅਤੇ ਮਾਨਸਾ ਜ਼ਿਲ੍ਹਿਆਂ ਵਿੱਚ ਵੀ ਹੜ੍ਹ ਆਉਣ ਦੀ ਸੰਭਾਵਨਾ ਬਣੀ ਹੋਈ ਹੈ।ਇਸ ਮੌਕੇ ਦਵਿੰਦਰ ਸਿੰਘ ਅਨੰਦ, ਸੰਤੋਖ ਸਿੰਘ ਦਿਲੀ ਪੇਟ ਸੰਦੀਪ ਸਿੰਘ ਚਾਵਲਾ ਸਾਹਿਬ ਸਿੰਘ ਆਰਟਿਸਟ ਦੇ ਬਲਵਿੰਦਰ ਪਾਲ ਸਿੰਘ ਕੰਵਲਜੀਤ ਸਿੰਘ ਟੋਨੀ ਐਕਟਿੰਗ ਪ੍ਰਧਾਨ ਮਨਜੀਤ ਸਿੰਘ ਠੁਕਰਾਲ, ਹਰਦੇਵ ਸਿੰਘ ਗਰਚਾ, ਅਰਿੰਦਰਜੀਤ ਸਿੰਘ ਚਡਾ ਆਦਿ ਹਾਜਰ ਸਨ।


**ਪੰਜਾਬ ਨੈਸ਼ਨਲ ਬੈਂਕ** pnb
ਅਸੈਟ ਰਿਕਵਰੀ ਮਾਨੀਟਰਿੰਗ ਬ੍ਰਾਂਚ (ਏਆਰਐਮਬੀ)
ਪਲਾਟ ਨੰ. 10-ਬੀ, ਬਲਾਕ-ਬੀ, ਜ਼ਿਲ੍ਹਾ ਸ਼ਾਪਿੰਗ ਕੰਪਲੈਕਸ, ਰਣਜੀਤ ਐਵੇਨਿਊ, ਅੰਮ੍ਰਿਤਸਰ

**ਸੰਕੇਤਕ ਕਬਜ਼ਾ ਸੂਚਨਾ (ਅਚੱਲ ਸੰਪੱਤੀ ਦੇ ਲਈ)**

ਜਿਥੇ ਕਿ, ਨਿਮਨ ਹਸਤਾਖ਼ਰੀ ਨੇ **ਪੰਜਾਬ ਨੈਸ਼ਨਲ ਬੈਂਕ** ਦੇ **"ਅਧਿਕਾਰਤ ਅਧਿਕਾਰੀ"** ਵਜੋਂ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ **ਕਾਨੂੰਨ**, 2002 ਦੇ ਅਧੀਨ ਅਤੇ ਸੁਰੱਖਿਆ ਵਿਆਜ (ਲਾਗੂਕਰਨ) **ਨਿਯਮਾਂਵਲੀ**, 2002 ਦੇ **ਨਿਯਮ** 3 ਨਾਲ ਪੜ੍ਹੀ ਜਾਣ ਵਾਲੀ ਧਾਰਾ 13 (12) ਅਧੀਨ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਦਰਸਾਈ ਸੂਚਨਾ ਦੀ ਪ੍ਰਾਪਤੀ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਸੂਚਨਾ ਵਿਚ ਦਰਸਾਈ ਨੂੰ ਅਦਾ ਕਰਨ ਦੇ ਲਈ ਨਿਮਨਲਿਖਤ **ਕਰਜ਼ਦਾਰ** (ਾਂ)/**ਜ਼ਾਮਨ** (ਾਂ) ਨੂੰ ਸੱਦਾ ਦਿੰਦੇ ਹੋਏ ਮੰਗ ਸੂਚਨਾ ਜਾਰੀ ਕੀਤੀ ਸੀ। ਕਰਜ਼ਦਾਰ (ਾਂ)/ਜ਼ਾਮਨ (ਾਂ)/ ਰਕਮ ਅਦਾ ਕਰਨ ਵਿਚ ਅਸਫ਼ਲ ਰਹੇ ਹਨ, ਇਸ ਲਈ ਇਥੇ ਕਰਜ਼ਦਾਰ (ਾਂ)/ਜ਼ਾਮਨ (ਾਂ) ਨੂੰ ਅਤੇ ਆਮ ਜਨਤਾ ਨੂੰ ਸੂਚਨਾ ਦਿੱਤੀ ਜਾਂਦੀ ਹੈ ਕਿ ਨਿਮਨ ਹਸਤਾਖ਼ਰੀ ਨੇ ਸੁਰੱਖਿਆ ਵਿਆਜ ਲਾਗੂਕਰਨ ਨਿਯਮਾਂਵਲੀ, 2002 ਦੇ ਨਿਯਮ 8 ਨਾਲ ਪੜ੍ਹੇ ਜਾਣ ਵਾਲੇ ਦਰਸਾਏ ਕਾਨੂੰਨ ਦੀ ਧਾਰਾ 13 (4) ਦੇ ਅਧੀਨ ਉਨ੍ਹਾਂ ਨੂੰ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਨਿਮਨ ਦਰਸਾਈ ਸੰਪੱਤੀ ਦਾ **ਕਬਜ਼ਾ** ਲੈ ਲਿਆ ਹੈ। **ਕਰਜ਼ਦਾਰ** (ਾਂ)/**ਜ਼ਾਮਨ** (ਾਂ) ਨੂੰ ਵਿਸ਼ੇਸ਼ ਕਰਕੇ ਅਤੇ ਜਨਤਾ ਨੂੰ ਆਮ ਕਰਕੇ ਇਸ ਦੁਆਰਾ ਚੇਤਾਵਨੀ ਦਿੱਤੀ ਜਾਂਦੀ ਹੈ ਕਿ ਸੰਪੱਤੀ ਦੀ ਸੌਦੇਬਾਜ਼ੀ ਨਾ ਕੀਤੀ ਜਾਵੇ ਅਤੇ ਸੰਪੱਤੀ ਦੀ ਸੌਦੇਬਾਜ਼ੀ ਰਕਮਾਂ, ਹੋਰ ਫੀਸਾਂ, ਲਾਗਤਾਂ, ਖਰਚਿਆਂ ਅਤੇ ਵਿਆਜ ਦੇ ਲਈ **ਪੰਜਾਬ ਨੈਸ਼ਨਲ ਬੈਂਕ** ਦੇ ਚਾਰਜ ਨਾਲ ਸਬੰਧਤ ਹੋਵੇਗੀ। **ਕਰਜ਼ਦਾਰਾਂ ਦਾ ਧਿਆਨ ਸੁਰੱਖਿਅਤ ਅਸਾਸਿਆਂ ਦੀ ਪੁਨਰ ਪ੍ਰਾਪਤੀ ਲਈ ਉਪਲਬਧ ਸਮੇਂ ਦੇ ਸੰਬੰਧ ਵਿਚ ਕਾਨੂੰਨ ਦੀ ਧਾਰਾ 13 ਦੀ ਉਪ-ਧਾਰਾ (8) ਦੀਆਂ ਵਿਵਸਥਾਵਾਂ ਵੱਲ ਦੁਆਇਆ ਜਾਂਦਾ ਹੈ।**

| ਐਨਪੀਏ ਦੇ ਖਾਤੇ ਦਾ ਨਾਮ | ਮੰਗ ਸੂਚਨਾ ਦੀ ਮਿਤੀ | ਕਬਜ਼ੇ ਦੀ ਮਿਤੀ | ਬਕਾਇਆ ਰਕਮ |
|---|---|---|---|
| (i) ਸ਼੍ਰੀ ਦੀਪ ਕੁਮਾਰ ਸਪੁੱਤਰ ਸ਼੍ਰੀ ਤੀਰਥ ਰਾਮ ਮਕਾਨ ਨੰ. 298, ਮੈਡੀਕਲ ਇਨਕਲੇਵ ਵਾਰਡ ਨੰ. 8, ਅੰਮ੍ਰਿਤਸਰ 143001 (ii) ਸ਼੍ਰੀਮਤੀ ਸੁਨੀਤਾ ਰਾਣੀ ਪਤਨੀ ਸ਼੍ਰੀ ਦੀਪ ਕੁਮਾਰ ਮਕਾਨ ਨੰ. 298, ਮੈਡੀਕਲ ਇਨਕਲੇਵ ਵਾਰਡ ਨੰ. 8, ਅੰਮ੍ਰਿਤਸਰ 143001 (iii) ਸ਼੍ਰੀ ਵਿਸ਼ਾਲ ਗੁਪਤਾ ਪੁੱਤਰ ਸ਼੍ਰੀ ਦੀਪ ਕੁਮਾਰ ਮਕਾਨ ਨੰ. 298, ਮੈਡੀਕਲ ਇਨਕਲੇਵ ਵਾਰਡ ਨੰ. 8, ਅੰਮ੍ਰਿਤਸਰ 143001 | 21-04-2025 | 27-08-2025 | ਰ. 26,99,076.59 30-03-2025 ਨੂੰ + ਵਿਆਜ, 31-03-2025 ਤੋਂ ਲਾਗੂ ਖਰਚੇ ਅਤੇ ਜੇਕਰ ਕੋਈ ਹੋਵੇ ਤਾਂ ਘੱਟ ਵਸੂਲੀ, ਅੱਜ ਤੱਕ ਪ੍ਰਭਾਵੀ |

**ਅਚੱਲ ਸੰਪੱਤੀ ਦੇ ਵੇਰਵੇ :** ਸ਼੍ਰੀ ਦੀਪ ਕੁਮਾਰ ਪੁੱਤਰ ਸ਼੍ਰੀ ਤੀਰਥ ਰਾਮ ਅਤੇ ਸ਼੍ਰੀਮਤੀ ਸੁਨੀਤਾ ਰਾਣੀ ਪਤਨੀ ਸ਼੍ਰੀ ਦੀਪ ਕੁਮਾਰ ਦੇ ਨਾਮ 'ਤੇ 208 ਵਰਗ ਗਜ਼ ਦੇ ਪਲਾਟ ਨੰਬਰ 298 'ਤੇ ਬਣੇ ਜਮ੍ਹਾਂਬੰਦੀ 2000-2001 ਦੇ ਅਨੁਸਾਰ ਖਸਰਾ ਨੰਬਰ 2389/843/1 ਖਾਤਾ / ਖਤੌਨੀ ਨੰਬਰ 57/78, ਜੋ ਕਿ ਮੈਡੀਕਲ ਐਨਕਲੇਵ, ਅੰਮ੍ਰਿਤਸਰ ਵਿਖੇ ਸਥਿਤ ਰਿਹਾਇਸ਼ੀ ਮਕਾਨ ਦੇ ਸਾਰੇ ਭਾਗ ਅਤੇ ਹਿੱਸੇ।

ਮਿਤੀ : 27.08.2025 ਸਥਾਨ : ਅੰਮ੍ਰਿਤਸਰ ਸਹੀ/- ਅਧਿਕਾਰਤ ਅਧਿਕਾਰੀ



pnb **ਪੰਜਾਬ ਨੈਸ਼ਨਲ ਬੈਂਕ** ...ਭਰੋਸੇ ਦਾ ਪ੍ਰਤੀਕ

ਏਆਰਐਮਬੀ, ਬਠਿੰਡਾ, ਪਹਿਲੀ ਮੰਜ਼ਿਲ, ਪਲਾਟ ਨੰ. 445, ਮਾਡਲ ਟਾਊਨ, ਫੇਜ਼-3, ਨੇੜੇ ਦਾਦੀ ਪੋਤੀ ਪਾਰਕ, ਬਠਿੰਡਾ

08.10.2025 ਨੂੰ ਸਵੇਰੇ 11.00 ਵਜੇ ਤੋਂ ਸ਼ਾਮ 04.00 ਵਜੇ ਤੱਕ ਸੁਰੱਖਿਅਤ ਸੰਪੱਤੀਆਂ ਦੀ ਈ-ਨਿਲਾਮੀ ਵਿਕਰੀ

ਈ-ਨਿਲਾਮੀ ਵਿਕਰੀ ਸੂਚਨਾ

**ਅਚੱਲ ਜਾਇਦਾਦਾਂ ਦੀ ਵਿਕਰੀ ਲਈ ਵਿਕਰੀ ਨੋਟਿਸ**

ਸਿਕਿਓਰਿਟੀਜ਼ੇਸ਼ਨ ਐਂਡ ਰੀਕੰਸਟਰਕਸ਼ਨ ਆਫ ਫਾਈਨੈਂਸ਼ੀਅਲ ਅਸੈੱਟਸ ਐਂਡ ਇਨਫੋਰਸਮੈਂਟ ਆਫ ਸਿਕਿਓਰਿਟੀ ਇੰਟਰਸਟ ਐਕਟ, 2002 ਦੇ ਤਹਿਤ ਅਚੱਲ ਜਾਇਦਾਦਾਂ ਦੀ ਵਿਕਰੀ ਲਈ ਈ-ਆਕਸ਼ਨ ਵਿਕਰੀ ਨੋਟਿਸ, ਜੋ ਕਿ ਸਿਕਿਓਰਿਟੀ ਇੰਟਰਸਟ (ਇਨਫੋਰਸਮੈਂਟ) ਰੂਲਜ਼, 2002 ਦੇ ਨਿਯਮ 8 (6) ਦੇ ਪ੍ਰਾਵਧਾਨ ਦੇ ਨਾਲ ਪੜ੍ਹਿਆ ਜਾਂਦਾ ਹੈ। ਇਸ ਦੁਆਰਾ ਆਮ ਜਨਤਾ ਨੂੰ ਅਤੇ ਖਾਸ ਤੌਰ 'ਤੇ ਕਰਜ਼ਦਾਰ (ਾਂ) ਅਤੇ ਜ਼ਾਮਨ (ਾਂ) ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਹੇਠਾਂ ਦੱਸੀ ਗਈ ਅਚੱਲ ਜਾਇਦਾਦ ਜੋ ਸੁਰੱਖਿਅਤ ਕਰਜ਼ਦਾਤਾ ਨੂੰ ਗਿਰਵੀ/ਬੰਦੀ ਕੀਤੀ ਗਈ ਹੈ, ਜਿਸਦੀ ਉਸਾਰੂ/ਭੌਤਿਕ/ਸੰਕੇਤਕ ਕਬਜ਼ਾ ਬੈਂਕ/ਸੁਰੱਖਿਅਤ ਕਰਜ਼ਦਾਤਾ ਦੇ ਅਧਿਕਾਰਤ ਅਧਿਕਾਰੀ ਦੁਆਰਾ ਲਿਆ ਗਿਆ ਹੈ, ਨੂੰ ਹੇਠਾਂ ਦਿੱਤੀ ਸਾਰਣੀ ਵਿੱਚ ਦੱਸੀ ਗਈ ਮਿਤੀ ਨੂੰ "ਜਿਵੇਂ ਹੈ ਜਿੱਥੇ ਹੈ", "ਜਿਵੇਂ ਹੈ ਜੋ ਹੈ", ਅਤੇ "ਜੋ ਕੁਝ ਵੀ ਹੈ" 'ਤੇ ਵੇਚਿਆ ਜਾਵੇਗਾ, ਸਬੰਧਤ ਕਰਜ਼ਦਾਰ (ਾਂ) ਅਤੇ ਜ਼ਾਮਨ (ਾਂ) ਤੋਂ ਬੈਂਕ/ਸੁਰੱਖਿਅਤ ਕਰਜ਼ਦਾਤਾ ਦੇ ਬਕਾਏ ਦੀ ਵਸੂਲੀ ਲਈ। ਸਬੰਧਤ ਜਾਇਦਾਦਾਂ ਦੇ ਵਿਰੁੱਧ ਰਿਜ਼ਰਵ ਕੀਮਤ ਅਤੇ ਬਿਆਨਾ ਜਮ੍ਹਾਂ ਰਕਮ ਹੇਠਾਂ ਦਿੱਤੀ ਸਾਰਣੀ ਵਿੱਚ ਦਰਸਾਏ ਅਨੁਸਾਰ ਹੋਵੇਗੀ।

| ਲੜੀ ਨੰ. / ਲੜੀ ਦਾ ਆਈਪੀ / ਸ਼ਾਖਾ ਦਾ ਨਾਮ | ਖਾਤੇ ਦਾ ਨਾਮ / ਮਾਲਕ/ਨਿਰਦੇਸ਼ਕ/ਭਾਈਵਾਲ/ਜ਼ਾਮਨ/ ਕਰਤਾ/ਗਿਰਵੀਕਾਰ/ਕਾਨੂੰਨੀ ਵਾਰਸ | ਸੰਪੱਤੀ/ਆਂ ਦੇ ਵੇਰਵੇ | ਧਾਰਾ 13 (2) ਅਧੀਨ ਸੂਚਨਾ ਦੀ ਮਿਤੀ / ਮੰਗ ਰਕਮ / ਧਾਰਾ 13 (4) ਅਧੀਨ ਕਬਜ਼ੇ ਦੀ ਮਿਤੀ | | ਰਾਖਵੀਂ ਕੀਮਤ / ਬਿਆਨਾ ਰਕਮ ਜਮ੍ਹਾਂ / ਬੋਲੀ ਵਾਧਾ ਰਕਮ | ਵਿਕਰੀ ਸੂਚਨਾ ਜਾਰੀ ਹੋਣ ਦੀ ਮਿਤੀ / ਕਬਜ਼ੇ ਦੀ ਕਿਸਮ | ਈ-ਨਿਲਾਮੀ ਦੀ ਮਿਤੀ ਅਤੇ ਸਮਾਂ |
|---|---|---|---|---|---|---|---|
| 1. / 2025/058 / ਅਬੋਹਰ ਮੇਨ-(000100) | 1. ਮੈਸ. ਫਰਿਆਦ ਐਗਰੋ ਫੂਡਜ਼ ਪ੍ਰੋਸੈਸਿੰਗ ਯੂਨਿਟ ਪਤਾ: ਐਨਐਚ 15, ਅਬੋਹਰ-ਸ਼੍ਰੀ ਗੰਗਾ ਨਗਰ ਹਾਈਵੇ, ਪਿੰਡ ਕੱਲਰ ਖੇੜਾ, ਤਹਿ. ਅਬੋਹਰ, ਜ਼ਿਲ੍ਹਾ. ਫਾਜ਼ਿਲਕਾ, 152116. 2. ਸ਼ੀਤਲ ਦੇਵੀ ਸੁਪਤਨੀ ਨਵੀਨ ਬੱਬਰ (ਭਾਈਵਾਲ/ਜ਼ਾਮਨ), ਪਤਾ - ਕੋਠੀ ਨੰਬਰ 66-67, ਐਸਬੀਐਸ ਕਲੋਨੀ, ਸੀਤੋ ਰੋਡ, ਅਬੋਹਰ-152116। 3. ਪਲਵੀ ਬੱਬਰ ਸਪੁੱਤਰੀ ਨਵੀਨ ਬੱਬਰ, (ਭਾਈਵਾਲ/ਜ਼ਾਮਨ), ਪਤਾ - ਕੋਠੀ ਨੰਬਰ 66-67, ਐਸਬੀਐਸ ਕਲੋਨੀ, ਸੀਤੋ ਰੋਡ, ਅਬੋਹਰ-152116। 4. ਵਿੰਕਲ ਬੱਬਰ ਪੁੱਤਰ ਨਵੀਨ ਬੱਬਰ ਮਾਰਫਤ ਕੋਠੀ ਨੰਬਰ 66-67, ਐਸ.ਬੀ.ਐਸ. ਕਾਲੋਨੀ, ਸੀਤੋ ਰੋਡ, ਅਬੋਹਰ-152116। 5. ਰਾਜਨ ਬੱਬਰ ਪੁੱਤਰ ਸ਼ੀਤਲ ਦੇਵੀ (ਭਾਈਵਾਲ), ਪਤਾ - ਕੋਠੀ ਨੰਬਰ 66-67, ਐਸਬੀਐਸ ਕਲੋਨੀ, ਸੀਤੋ ਰੋਡ, ਅਬੋਹਰ-152116। | **ਲਾਟ:1.** ਵਿਕਰੀ ਡੀਡ ਨੰ. 5562 ਮਿਤੀ 04.12.2008 ਦੇ ਅਧੀਨ ਸ਼੍ਰੀਮਤੀ ਸ਼ੀਤਲ ਦੇਵੀ ਪਤਨੀ ਸ਼੍ਰੀ ਨਵੀਨ ਬੱਬਰ ਦੀ ਮਾਲਕੀ ਹੇਠ ਯੂਆਈਡੀ ਨੰਬਰ ਜ਼ੈਡ6 02126 ਗੁਰਦਿਆਲ ਨਗਰ, ਅਬੋਹਰ-2 ਤਹਿਸੀਲ-ਅਬੋਹਰ ਅਤੇ ਜ਼ਿਲ੍ਹਾ-ਫਿਰੋਜ਼ਪੁਰ-152116 ਵਿਖੇ ਸਥਿਤ ਸਾਲ 2015-16 ਦੀ ਜਮ੍ਹਾਂਬੰਦੀ ਅਨੁਸਾਰ ਖੇਵਟ ਨੰਬਰ 973 ਖਤੋਨੀ ਨੰਬਰ 1333 ਤੇ ਦਰਜ ਖਸਰਾ ਨੰਬਰ 1584 (40-14) ਵਿੱਚ ਸ਼ਾਮਲ 14/814 ਹਿੱਸੇ ਵਜੋਂ 14 ਮਰਲੇ ਮਾਪ ਵਾਲੇ ਰਿਹਾਇਸ਼ੀ ਮਕਾਨ ਦੇ ਸਾਰੇ ਭਾਗ ਅਤੇ ਹਿੱਸੇ। ਹੱਦਬੰਦੀ : ਪੂਰਬ: ਸੁਨੀਤਾ ਰਾਣੀ, ਪੱਛਮ: ਗੁਰਿੰਦਰ, ਉੱਤਰ: ਗਲੀ, ਦੱਖਣ: ਰਮੇਸ਼ ਰਾਣੀ। | 14.03.2023 / ਰੁ. 7,41,24,342.57, 28.02.2023 ਜਮ੍ਹਾਂ ਹੋਰ ਵਿਆਜ ਅਤੇ ਖਰਚੇ / 15.06.2023 | LOT : 1 | ਰੁ. 80,00,000/- / ਰੁ. 8,00,000/- / ਰੁ. 1,00,000/- | 27.08.2025 / ਸੰਕੇਤਕ ਕਬਜ਼ਾ | 08.10.2025 ਨੂੰ ਸਵੇਰੇ 11.00 ਵਜੇ ਤੋਂ ਸ਼ਾਮ 04.00 ਵਜੇ ਤੱਕ |
| | | ਲਾਟ: 2. ਜਾਇਦਾਦ ਦੇ ਦੇ ਸਾਰੇ ਭਾਗ ਅਤੇ ਹਿੱਸੇ ਜਿਸ ਵਿੱਚ ਹੇਠ ਲਿਖੇ ਹਿੱਸੇ ਸ਼ਾਮਲ ਹਨ:- ੳ) 14 ਕਨਾਲ 18 ਮਰਲੇ ਦੀ ਜ਼ਮੀਨ ਭਾਵ ਕੁੱਲ 77 ਕਨਾਲ 19 ਮਰਲੇ ਜ਼ਮੀਨ ਦਾ 298/1559 ਹਿੱਸਾ ਜਿਸ ਵਿੱਚ ਰੈਕਟ ਅਤੇ ਕਿਲਾ ਨੰਬਰ 7//17(2-3) 18(4-17) 19(4-6) 22(3-6) 24(4-14) 25//4(8-18) 26/1(43-15) 30//5/2(6-0)ਸ਼ਾਮਲ ਹੈ, ਸਾਲ 2018-19 ਲਈ ਜਮ੍ਹਾਂਬੰਦੀ ਅਨੁਸਾਰ ਖੇਵਟ ਨੰਬਰ 149 ਖਤੋਨੀ ਨੰਬਰ 231, ਤਹਿਸੀਲ ਅਬੋਹਰ ਦੇ ਪਿੰਡ ਕੱਲਰ ਖੇੜਾ ਵਿਖੇ ਸਥਿਤ, ਸੇਲ ਡੀਡ ਨੰਬਰ 607 ਮਿਤੀ 04.08.2014 ਰਾਹੀਂ ਸ਼੍ਰੀਮਤੀ ਸ਼ੀਤਲ ਬੱਬਰ ਪਤਨੀ ਸ਼੍ਰੀ ਨਵੀਨ ਬੱਬਰ ਦੇ ਨਾਮ 'ਤੇ ਦਰਜ ਕੀਤੀ ਗਈ। ਅ) 12 ਕਨਾਲ 12 ਮਾਪ ਵਾਲੀ ਜ਼ਮੀਨ ਯਾਨੀ ਕੁੱਲ 77 ਕਨਾਲ 19 ਮਰਲੇ ਜ਼ਮੀਨ ਦਾ 252/1559 ਹਿੱਸਾ ਜੋ ਕਿ ਰੈਕਟ ਅਤੇ ਕਿਲਾ ਨੰਬਰ 7//17(2-3) 18(4-17) 19(4-6) 22(3-6) 24(4-14) 25//4(8-18) 26/1(43-15) 30//5/2(6-0) ਵਿੱਚ ਸ਼ਾਮਲ ਹੈ, ਸਾਲ 2018-19 ਲਈ ਜਮ੍ਹਾਂਬੰਦੀ ਅਨੁਸਾਰ ਖੇਵਟ ਨੰਬਰ 149 ਖਤੋਨੀ ਨੰਬਰ 231 ਵਿੱਚ ਦਰਜ ਕੀਤੀ ਗਈ ਹੈ, ਜੋ ਕਿ ਪਿੰਡ ਕੱਲਰ ਖੇੜਾ, ਤਹਿਸੀਲ ਅਬੋਹਰ ਜ਼ਿਲ੍ਹਾ ਫਾਜ਼ਲਿਕਾ ਵਿਖੇ ਸਥਿਤ ਹੈ, ਸੇਲ ਡੀਡ ਨੰਬਰ 606 ਮਿਤੀ 04.08.2014 ਦੇ ਅਨੁਸਾਰ ਵਿੰਕਲ ਬਾਬਰ ਪੁੱਤਰ ਸ਼੍ਰੀ ਨਵੀਨ ਬਾਬਰ ਦੀ ਮਾਲਕੀ ਵਾਲੀ ਜਾਇਦਾਦ ਹੈ। ੲ) 2 ਕਨਾਲ 19 ਮਰਲੇ ਦੀ ਜ਼ਮੀਨ, ਜੋ ਕਿ ਕੁੱਲ 13 ਕਨਾਲ 05 ਮਰਲੇ ਦੀ ਜ਼ਮੀਨ ਦਾ 2/9 ਹਿੱਸਾ ਹੈ, ਜੋ ਕਿ ਰੈਕਟ ਅਤੇ ਕਿਲਾ ਨੰਬਰ 28//7/1(0-18) 8(8-0) 9/1(1-7) 7/2(3-0) ਵਿੱਚ ਸ਼ਾਮਲ ਹੈ, ਸਾਲ 2018-19 ਲਈ ਜਮ੍ਹਾਂਬੰਦੀ ਅਨੁਸਾਰ ਖੇਵਟ ਨੰਬਰ 500, ਖਟੋਨੀ 768 ਅਤੇ 771 ਵਿੱਚ ਦਰਜ ਹੈ, ਜੋ ਕਿ ਪਿੰਡ ਕੱਲਰ ਖੇੜਾ ਤਹਿਸੀਲ ਅਬੋਹਰ ਵਿਖੇ ਸਥਿਤ ਵਿਕਰੀ ਡੀਡ ਨੰਬਰ 3735 ਮਿਤੀ 12.01.2015 ਰਾਹੀਂ, ਸ਼੍ਰੀ ਵਿੰਕਲ ਬਾਬਰ ਪੁੱਤਰ ਸ਼੍ਰੀ ਨਵੀਨ ਬੱਬਰ ਦੇ ਨਾਮ 'ਤੇ। | | LOT : 2 | ਰੁ. 2,98,12,000/- / ਰੁ. 29,81,200/- / ਰੁ. 2,00,000/- | 27.08.2025 / ਸੰਕੇਤਕ ਕਬਜ਼ਾ | 08.10.2025 ਨੂੰ ਸਵੇਰੇ 11.00 ਵਜੇ ਤੋਂ ਸ਼ਾਮ 04.00 ਵਜੇ ਤੱਕ |

ਇਹ ਵਿਕਰੀ ਸੁਰੱਖਿਆ ਹਿੱਤ (ਲਾਗੂਕਰਨ) ਨਿਯਮ 2002 ਵਿੱਚ ਨਿਰਧਾਰਤ ਨਿਯਮਾਂ ਅਤੇ ਸ਼ਰਤਾਂ ਅਤੇ ਹੇਠ ਲਿਖੀਆਂ ਹੋਰ ਸ਼ਰਤਾਂ ਦੇ ਅਧੀਨ ਹੋਵੇਗੀ:
1. ਸੰਪੱਤੀਆਂ 'ਜਿਵੇਂ ਹੈ ਜਿਥੇ ਹੈ ਆਧਾਰ' ਅਤੇ 'ਜਿਵੇਂ ਹੈ ਜੋ ਹੈ ਆਧਾਰ' ਅਤੇ "ਜੋ ਵੀ ਉਥੇ ਹੈ ਆਧਾਰ" 'ਤੇ ਵੇਚੀਆਂ ਜਾ ਰਹੀਆਂ ਹਨ।
2. ਉਕਤ ਦਰਸਾਈ ਸੂਚੀ ਵਿਚ ਦਰਸਾਈਆਂ ਸੁਰੱਖਿਅਤ ਸੰਪੱਤੀਆਂ ਦੇ ਵੇਰਵੇ ਅਧਿਕਾਰਤ ਅਧਿਕਾਰੀ ਦੀ ਸਰਵੋਤਮ ਜਾਣਕਾਰੀ ਲਈ ਦਰਸਾਏ ਗਏ ਹਨ, ਪ੍ਰੰਤੂ ਅਧਿਕਾਰਤ ਅਧਿਕਾਰੀ ਇਸ ਐਲਾਨਨਾਮੇ ਵਿਚ ਕਿਸੇ ਵੀ ਤਰੁੱਟੀ, ਗਲਤ ਬਿਆਨੀ ਜਾਂ ਕਟੌਤੀ ਲਈ ਜੁਆਬਦੇਹ ਨਹੀਂ ਹੋਵੇਗਾ।
3. 3. ਵਿਕਰੀ 08.10.2025 ਨੂੰ ਸਵੇਰੇ 11.00 ਵਜੇ ਤੋਂ ਸ਼ਾਮ 04.00 ਵਜੇ ਤੱਕ ਵੈੱਬਸਾਈਟ ਹਵਾਲਾ https://baanknet.com 'ਤੇ ਵਿਵਸਥਿਤ ਈ-ਨਿਲਾਮੀ ਪਲੇਟਫਾਰਮ ਰਾਹੀਂ ਨਿਮਨ ਹਸਤਾਖ਼ਰੀ ਵੱਲੋਂ ਕੀਤੀ ਜਾਵੇਗੀ।
4. ਪਹਿਲੀ ਬੋਲੀ ਰਿਜ਼ਰਵ ਕੀਮਤ ਤੋਂ ਵੱਧ ਰਕਮ 'ਤੇ ਸ਼ੁਰੂ ਹੋਣੀ ਚਾਹੀਦੀ ਹੈ।
5. ਸਾਰੇ ਕਾਨੂੰਨੀ ਬਕਾਏ/ਅਟੈਂਡੈਂਟ ਚਾਰਜ/ਰਜਿਸਟ੍ਰੇਸ਼ਨ ਚਾਰਜ, ਸਟੈਂਪ ਡਿਊਟੀ, ਜੀਐਸਟੀ, ਟੈਕਸ ਆਦਿ ਸਮੇਤ ਹੋਰ ਬਕਾਏ ਖਰੀਦਦਾਰ ਦੁਆਰਾ ਸਹਿਣ ਕੀਤੇ ਜਾਣਗੇ।
6. ਫਾਰਮ 16ਬੀ 'ਤੇ ਟੀਡੀਐਸ ਦਾ ਟੀਡੀਐਸ ਸਰਟੀਫਿਕੇਟ ਬਾਅਦ ਵਿੱਚ ਬੈਂਕ ਨੂੰ ਜਮ੍ਹਾ ਕਰਨਾ ਹੋਵੇਗਾ। ਜਿੱਥੇ ਜਾਇਦਾਦ ਦੀ ਵਿਕਰੀ ਕੀਮਤ 50.00 ਲੱਖ ਰੁਪਏ ਅਤੇ ਇਸ ਤੋਂ ਵੱਧ ਹੈ, ਨਿਲਾਮੀ ਖਰੀਦਦਾਰ ਨੂੰ ਆਮਦਨ ਕਰ ਐਕਟ ਦੀ ਧਾਰਾ 194 ਆਈਏ ਦੇ ਅਨੁਸਾਰ ਆਮਦਨ ਕਰ ਵਿਭਾਗ ਨੂੰ ਟੀਡੀਐਸ ਭੇਜਣਾ ਪਵੇਗਾ। ਵਿਕਰੀ ਸਰਟੀਫਿਕੇਟ ਸਿਰਫ ਫਾਰਮ ਨੰਬਰ 26QB ਅਤੇ ਚਲਾਨ ਦੀ ਰਸੀਦ ਜਾਰੀ ਕੀਤੀ ਜਾਵੇਗੀ।
7. ਸੰਪੱਤੀ/ਆਂ ਦੇ ਉਪਰ ਕੋਈ ਵੀ ਦੇਣਦਾਰੀਆਂ ਬੈਂਕ/ਸੁਰੱਖਿਅਤ ਕਰਜ਼ਦਾਤਾ ਦੀ ਜਾਣਕਾਰੀ ਵਿਚ ਨਹੀਂ ਹਨ।
8. ਅਧਿਕਾਰਤ ਅਧਿਕਾਰੀ ਕਿਸੇ ਵੀ ਸਮੇਂ ਸਾਰੀਆਂ ਬੋਲੀਆਂ ਨੂੰ ਸਵੀਕਾਰ ਕਰਨ ਜਾਂ ਰੱਦ ਕਰਨ ਦਾ ਅਧਿਕਾਰ ਰੱਖਦਾ ਹੈ, ਜੇਕਰ ਸਵੀਕਾਰਯੋਗ ਨਹੀਂ ਪਾਇਆ ਜਾਂਦਾ ਹੈ ਜਾਂ ਬਿਨਾਂ ਕਿਸੇ ਕਾਰਨ ਦੱਸੇ ਨਿਲਾਮੀ ਦੀਆਂ ਸ਼ਰਤਾਂ ਨੂੰ ਮੁਲਤਵੀ/ਰੱਦ/ਮੁਲਤਵੀ/ਬੰਦ ਕਰਨ ਜਾਂ ਬਦਲਣ ਦਾ ਅਧਿਕਾਰ ਰੱਖਦਾ ਹੈ ਅਤੇ ਇਸ ਸਬੰਧ ਵਿੱਚ ਉਸਦਾ ਫੈਸਲਾ ਅੰਤਿਮ ਹੋਵੇਗਾ।
9. ਵਿਕਰੀ ਦੇ ਵਿਸਤ੍ਰਿਤ ਨਿਯਮਾਂ ਅਤੇ ਸ਼ਰਤਾਂ ਲਈ, ਕਿਰਪਾ ਕਰਕੇ support.baanknet@psballiance.com +91 82912 20220 ਅਤੇ www.pnbindia.in ਦਾ ਹਵਾਲਾ ਲਓ ਜਾਂ ਸਾਡੇ ਅਧਿਕਾਰੀ ਬਠਿੰਡਾ ਸ਼੍ਰੀ ਰੀਸ਼ਭ ਮੋ. ਨੰ. 88661 77211, ਸ਼੍ਰੀ ਅਕਾਸ਼ਦੀਪ, ਮੋਬ. ਨੰ. 95998-84189 ਨੂੰ ਸੰਪਰਕ ਕਰੋ ਜਾਂ cs8199@pnb.co.in 'ਤੇ ਈਮੇਲ ਕਰੋ।
ਨੋਟ : ਮਿਤੀ 16.09.2025 ਨੂੰ ਸੂਚੀਬੱਧ ਮਿਤੀ 02.08.2025 ਦੀ ਪਿਛਲੀ ਵਿਕਰੀ ਸੂਚਨਾ ਵਾਪਸ ਲਈ ਜਾਂਦੀ ਹੈ।

ਮਿਤੀ : 27.08.2025 ਸਥਾਨ : ਬਠਿੰਡਾ ਅਧਿਕਾਰਤ ਅਧਿਕਾਰੀ, ਪੰਜਾਬ ਨੈਸ਼ਨਲ ਬੈਂਕ

ਸਰਫਾਇਸੀ ਐਕਟ 2002 ਦੇ ਨਿਯਮ 8(6) ਅਧੀਨ 30 ਰੋਜ਼ਾ ਵਿਧਾਨਕ ਵਿਕਰੀ ਸੂਚਨਾ

# ਕਰੋੜਾਂ ਰੁਪਏ ਦੇ ਘਪਲੇ ਸਬੰਧੀ ਪ੍ਰਸ਼ਾਸਨ ਤੋਂ ਇਨਸਾਫ਼ ਦੀ ਮੰਗ



ਧਨੌਲਾ, 28 ਅਗਸਤ (ਚਮਕੌਰ ਸਿੰਘ ਗੱਗੀ):ਅੱਜ ਸਵੇਰੇ ਨੇੜਲੇ ਪਿੰਡ ਹਰਿਗੜ੍ਹ ਵਿੱਚ ਸਰਕਾਰੀ ਸਭਾ ਦੀ ਚੋਣ ਪ੍ਰਕਿਰਿਆ ਦਾ ਵਿਰੋਧ ਕਰਨ ਲਈ ਪੂਰੇ ਪਿੰਡ ਦੇ ਕਿਸਾਨ ਇਕੱਠੇ ਹੋ ਗਏ ਅਤੇ ਨਾਅਰੇਬਾਜ਼ੀ ਕਰਕੇ ਵਿਰੋਧ ਪ੍ਰਦਰਸ਼ਨ ਕੀਤਾ। ਕਿਸਾਨਾਂ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਹਰਿਗੜ੍ਹ ਪਿੰਡ ਦੀ ਸਰਕਾਰੀ ਸੁਸਾਇਟੀ ਵਿੱਚ ਕੁੱਲ 800 ਦੇ ਕਰੀਬ ਕਿਸਾਨਾਂ ਦੇ ਖਾਤੇ ਚੱਲਦੇ ਹਨ, ਜਿਨ੍ਹਾਂ ਵਿੱਚੋਂ ਕਰੀਬ 200 ਲੋਕਾਂ ਦੀ ਮੌਤ ਹੋ ਚੁੱਕੀ ਹੈ। ਇਕੱਠੇ ਹੋਏ ਕਿਸਾਨਾਂ ਨੇ ਦੋਸ਼ ਲਾਇਆ ਕਿ ਸੈਕਟਰੀ ਨੇ ਦੁਆਰਾ ਕਿਸਾਨਾਂ ਤੋਂ ਰੁਪਏ ਤਾਂ ਭਰਵਾਏ ਗਏ ਅਤੇ ਰਸੀਦ ਵੀ ਦਿੱਤੀ ਗਈ, ਪਰ ਸਰਕਾਰੀ ਖਜ਼ਾਨੇ ਵਿੱਚ ਰੁਪਏ ਜਮ੍ਹਾਂ ਨਹੀਂ ਕੀਤੇ ਗਏ। ਅਤੇ ਵੱਡੇ ਪੈਮਾਨੇ 'ਤੇ ਕਿਸਾਨਾਂ ਨੂੰ ਡਿਫਾਲਟਰ ਕੀਤਾ ਜਾ ਚੁੱਕਿਆ ਹੈ। ਕਿਸਾਨਾਂ ਨੇ ਦੱਸਿਆ ਕਿ ਇਸੇ ਸੈਕਰੇਟਰੀ ਨੇ ਦੋ ਪਿੰਡਾਂ ਭੂਰੇ ਅਤੇ ਕੁੱਬੇ ਦੀ ਸਰਕਾਰੀ ਸੁਸਾਇਟੀ ਵਿੱਚ ਘੋਟਾਲਾ ਕੀਤਾ ਸੀ ਅਤੇ ਪਰਚਾ ਦਰਜ ਕੀਤਾ ਗਿਆ ਸੀ, ਹੁਣ ਇਹ ਜ਼ਮਾਨਤ 'ਤੇ ਬੇਲ 'ਤੇ ਬਾਹਰ ਆਇਆ ਹੈ। ਜਿਸ ਦੀ ਜਾਂਚ ਚੱਲ ਰਹੀ ਹੈ। ਇਕੱਠੇ ਹੋਏ ਕਿਸਾਨਾਂ ਨੇ ਜ਼ਿਲ੍ਹਾ ਪ੍ਰਸ਼ਾਸਨ ਤੋਂ ਸਾਰੇ ਘਪਲੇ ਦੀ ਜਾਂਚ ਦੀ ਮੰਗ ਕੀਤੀ ਹੈ ਕਿ ਕਿਸਾਨਾਂ ਨੂੰ ਇਨਸਾਫ਼ ਮਿਲੇ। ਅਤੇ ਸਹਕਾਰੀ ਸਭਾ ਦੀ ਚੋਣ ਕਰਵਾਈ ਜਾਵੇ, ਜਿਸ ਵਿੱਚ ਪੜ੍ਹੇ ਲਿਖੇ ਕਿਸਾਨਾਂ ਨੂੰ ਚੋਣ ਲੜਨ ਦਾ ਅਧਿਕਾਰ ਮਿਲੇ। ਗੌਰਤਲਬ ਹੈ ਕਿ ਪਹਿਲਾਂ ਬਡਬਰ ਫਿਰ ਪਿੰਡ ਭੂਰੇ ਕੁੱਬੇ ਵਿੱਚ ਹੁਣ ਹਰਿਗੜ੍ਹ ਵਿੱਚ ਘੋਟਾਲਾ ਸਾਹਮਣੇ ਆਇਆ ਹੈ।

# ਘਰ ਦੀ ਛੱਤ ਡਿੱਗਣ ਨਾਲ ਇੱਕ ਮੌਤ ਤਿੰਨ ਗੰਭੀਰ ਜ਼ਖ਼ਮੀ



ਬਰਨਾਲਾ, 28 ਅਗਸਤ (ਸੁਖਵਿੰਦਰ ਸਿੰਘ ਭੰਡਾਰੀ): ਬਾਜ਼ੀਗਰ ਬਸਤੀ ਬਰਨਾਲਾ ਵਿਖੇ ਅੱਜ ਸਵੇਰੇ 4 ਵਜੇ ਇੱਕ ਘਰ ਦੀ ਛੱਤ ਡਿੱਗਣ ਨਾਲ ਪਰਿਵਾਰ ਦੇ ਇੱਕੋ ਇੱਕ ਕਮਾਊ ਮੁਖੀ ਲਖਵਿੰਦਰ ਸਿੰਘ ਉਮਰ 33 ਸਾਲ ਦੀ ਮੌਤ ਹੋ ਗਈ ਅਤੇ ਲਖਵਿੰਦਰ ਸਿੰਘ ਦੀ ਪਤਨੀ ਸਮੇਤ ਬੱਚੇ ਗੰਭੀਰ ਜ਼ਖ਼ਮੀ ਹੋ ਗਏ। ਜਾਣਕਾਰੀ ਮੁਤਾਬਿਕ ਛੱਤ ਡਿੱਗਣ ਦਾ ਖੜਕਾ ਹੋਣ 'ਤੇ ਮੁਹੱਲਾ ਵਾਸੀ ਇਕੱਠੇ ਹੋਏ ਅਤੇ ਸਾਰਿਆਂ ਨੇ ਰਲ ਕੇ ਸਾਰੇ ਪਰਿਵਾਰ ਨੂੰ ਮਲਬੇ ਥੱਲਿਓਂ ਕੱਢ ਕੇ ਸਿਵਲ ਹਸਪਤਾਲ ਪਹੁੰਚਾਇਆ ਗਿਆ। ਹਸਪਤਾਲ ਪਹੁੰਚਣ 'ਤੇ ਡਾਕਟਰਾਂ ਨੇ ਘਰ ਦੇ ਮੁਖੀ ਲਖਵਿੰਦਰ ਸਿੰਘ ਨੂੰ ਮ੍ਰਿਤਕ ਐਲਾਨ ਦਿੱਤਾ ਅਤੇ ਉਸ ਦੀ ਪਤਨੀ ਦੀ ਬੱਚੇ ਜੋ ਗੰਭੀਰ ਜ਼ਖ਼ਮੀ ਸਨ। ਉਨ੍ਹਾਂ ਨੂੰ ਮੁੱਢਲੀ ਸਹਾਇਤਾ ਦੇਣ ਤੋਂ ਬਾਅਦ ਫਰੀਦਕੋਟ ਦੇ ਸਰਕਾਰੀ ਹਸਪਤਾਲ ਵਿਖੇ ਰੈਫ਼ਰ ਕਰ ਦਿੱਤਾ। ਇਸ ਘਟਨਾ ਦੀ ਖ਼ਬਰ ਨਾਲ ਸਾਰੇ ਸ਼ਹਿਰ 'ਚ ਸੋਗ ਫ਼ੈਲ ਗਿਆ ਅਤੇ ਦੇਖਣ ਸੁਣਨ ਵਾਲੇ ਦੀਆਂ ਅੱਖਾਂ ਨਮ ਹੋ ਗਈਆਂ । ਮਜ਼ਦੂਰ ਯੂਨੀਅਨ ਅਤੇ ਮੁਲਾਜ਼ਮ ਡਿਫੈਂਸ ਕਮੇਟੀ ਦੇ ਆਗੂ ਮਲਕੀਤ ਸਿੰਘ ਨੇ ਦੱਸਿਆ ਕਿ ਇਹ ਹਾਦਸਾ ਭਾਵੇਂ ਸਵੇਰੇ 4 ਵਜੇ ਦਾ ਵਾਪਰਿਆ ਹੈ, ਪਰ ਸਵੇਰੇ 9: 30 ਵਜੇ ਤੱਕ ਵੀ ਕੋਈ ਪ੍ਰਸ਼ਾਸਨਿਕ ਅਧਿਕਾਰੀ ਮੌਕੇ 'ਤੇ ਨਹੀਂ ਪਹੁੰਚਿਆ। ਮ੍ਰਿਤਕ ਲਖਵਿੰਦਰ ਸਿੰਘ ਮਜ਼ਦੂਰੀ ਕਰਕੇ ਆਪਣੇ ਪਰਿਵਾਰ ਦਾ ਪਾਲਣ ਪੋਸ਼ਣ ਕਰਦਾ ਸੀ ਅਤੇ ਘਰ ਦੇ ਹਾਲਾਤ ਬਹੁਤ ਚੰਗੇ ਨਾ ਹੋਣ ਕਾਰਨ ਉਸ ਕੋਲੋਂ ਆਪਣੇ ਘਰ ਦੀ ਛੱਤ ਵੀ ਨਹੀਂ ਬਦਲੀ ਗਈ। ਮਲਕੀਤ ਸਿੰਘ ਨੇ ਦੱਸਿਆ ਕਿ ਮ੍ਰਿਤਕ ਲਖਵਿੰਦਰ ਸਿੰਘ ਨੇ ਸਰਕਾਰੀ ਸਹਾਇਤਾ ਲੈਣ ਲਈ ਲਿਖਤੀ ਮੰਗ ਵੀ ਕੀਤੀ ਸੀ, ਪ੍ਰੰਤੂ ਕੋਈ ਸਹਾਇਤਾ ਨਹੀਂ ਮਿਲੀ। ਟਰੇਡ ਯੂਨੀਅਨ ਆਗੂ ਮਲਕੀਅਤ ਸਿੰਘ ਨੇ ਸਰਕਾਰ ਅਤੇ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ, ਕਿ ਮ੍ਰਿਤਕ ਲਖਵਿੰਦਰ ਸਿੰਘ ਦੇ ਪਰਿਵਾਰ ਦੇ ਇੱਕ ਯੋਗ ਮੈਂਬਰ ਨੂੰ ਸਰਕਾਰੀ ਨੌਕਰੀ ਅਤੇ 10 ਲੱਖ ਰੁਪਏ ਦਾ ਮੁਆਵਜ਼ਾ ਦਿੱਤਾ ਜਾਵੇ। ਉਹਨਾਂ ਪ੍ਰਸ਼ਾਸਨ ਅਤੇ ਸਰਕਾਰ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਜਿੰਨੇ ਸਮੇਂ ਤੱਕ ਪਰਿਵਾਰ ਨੂੰ ਆਰਥਿਕ ਸਹਾਇਤਾ ਨਹੀਂ ਦਿੱਤੀ ਜਾਂਦੀ, ਉਹ ਲਖਵਿੰਦਰ ਸਿੰਘ ਦਾ ਪੋਸਟਮਾਰਟਮ ਨਹੀਂ ਕਰਵਾਉਣਗੇ ਅਤੇ ਨਾ ਹੀ ਸਸਕਾਰ ਕਰਨਗੇ। ਇਸ ਮੌਕੇ ਮਹੇਸ਼ ਕੁਮਾਰ ਲੋਟਾ, ਧੰਨਾ ਸਿੰਘ ਗਰੇਵਾਲ, ਗੁਰਮੇਲ ਸਿੰਘ ਮੌੜ, ਧਰਮ ਸਿੰਘ ਫ਼ੌਜੀ, ਨਰਿੰਦਰ ਕੁਮਾਰ ਨੀਟਾ, ਪਰਮਜੀਤ ਸਿੰਘ ਜੋਟੀ ਮਾਨ ਆਦਿ ਨੇ ਇਸ ਘਟਨਾ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਪ੍ਰਸ਼ਾਸਨ ਤੋਂ ਜ਼ੋਰਦਾਰ ਮੰਗ ਕੀਤੀ ਹੈ ਕਿ ਮ੍ਰਿਤਕ ਲਖਵਿੰਦਰ ਸਿੰਘ ਦੇ ਵਾਰਸਾਂ ਨੂੰ ਮੰਗ ਅਨੁਸਾਰ ਤੁਰੰਤ ਸਹਾਇਤਾ ਦਿੱਤੀ ਜਾਵੇ।

# ਡੀਆਈਜੀ ਹਰਜੀਤ ਸਿੰਘ ਨੇ ਲੋਕਾਂ ਦੇ ਸਪੁਰਦ ਕੀਤੀ ਐਕਸਰੇ ਮਸ਼ੀਨ

## ਸੁਸਾਇਟੀ ਵੱਲੋਂ ਮਸ਼ੀਨ -ਦਾਨੀ ਰਜਿੰਦਰ ਸਟੈਲਕੋ ਅਤੇ ਕਮਲਦੀਪ ਸਿੰਗਲਾ ਸਨਮਾਨਤ



ਰਾਮਪੁਰਾ ਫੂਲ, 28 ਅਗਸਤ, (ਮਨਪ੍ਰੀਤ ਮਿੱਟੂ):ਸ੍ਰੀ ਮਹੰਤ ਰਾਮ ਨਰਾਇਣ ਗਿਰੀ, ਤ੍ਰਿਵੇਣੀ ਗਿਰੀ ਆਸ਼ਰਮ ਦੇ ਆਸ਼ੀਰਵਾਦ ਨਾਲ ਪੁਨਰਜੋਤੀ ਆਈ-ਡੋਨੇਸ਼ਨ ਸੁਸਾਇਟੀ ਰਾਮਪੁਰਾ ਫੂਲ ਵੱਲੋਂ ਇੱਥੇ 131ਵਾਂ ਅੱਖਾਂ ਦਾ ਚੈਕਅਪ ਅਤੇ ਆਪ੍ਰੇਸ਼ਨ (ਲੈਂਜ਼) ਕੈਂਪ ਲਗਾਇਆ ਗਿਆ, ਜਿਸ ਵਿੱਚ ਸੈਂਕੜੇ ਮਰੀਜ਼ਾਂ ਦਾ ਚੈੱਕਅਪ ਮਾਹਿਰ ਡਾਕਟਰਾਂ ਵੱਲੋਂ ਆਧੁਨਿਕ ਮਸ਼ੀਨਾਂ ਨਾਲ ਕੀਤਾ ਗਿਆ। ਇਸ ਮੌਕੇ ਕਰਵਾਏ ਸਮਾਰੋਹ ਦੌਰਾਨ ਸੁਸਾਇਟੀ ਵੱਲੋਂ ਹਸਪਤਾਲ ਵਿਖੇ ਨਵੀਂ ਐਕਸਰੇ ਮਸ਼ੀਨ ਦਾ ਉਦਘਾਟਨ ਵੀ ਕੀਤਾ ਗਿਆ।ਇਸ ਮੌਕੇ ਮੁੱਖ ਮਹਿਮਾਨ ਵਜੋਂ ਹਰਜੀਤ ਸਿੰਘ ਆਈ ਪੀ ਐਸ, ਡੀ ਆਈ ਜੀ ਬਠਿੰਡਾ ਹਾਜ਼ਰ ਰਹੇ।ਜਦੋਂ ਕਿ ਵਿਜੇ ਕੁਮਾਰ ਪੱਪੂ, ਸੱਤਪਾਲ,ਡਾ. ਜਤਿੰਦਰ ਬਾਂਸਲ,ਮਿੱਤਰ ਸੈਨ ਸਿੰਗਲਾ,ਸੁਨੀਲ ਬਾਂਸਲ ਵਿਸ਼ੇਸ ਮਹਿਮਾਨ ਵਜੋਂ ਸ਼ਾਮਲ ਹੋਏ।ਸਮਾਗਮ ਦੌਰਾਨ ਐਕਸਰੇ ਮਸ਼ੀਨ ਭੇਂਟ ਕਰਨ ਵਾਲੇ ਦਾਨੀ ਸੱਜਣਾਂ ਵਿੱਚ ਰਾਜਿੰਦਰ ਜਿੰਦਲ ਐਮ ਡੀ ਸਟੈਲਕੋ, ਰਾਮਪੁਰਾ ਫੂਲ ਅਤੇ ਤ੍ਰਿਪਤਾ ਟੀ ਕੰਪਨੀ ਦੇ ਐਮ ਡੀ ਕਮਲਦੀਪ ਸਿੰਗਲਾ ਰਾਮਪੁਰਾ ਫੂਲ ਦਾ ਵਿਸ਼ੇਸ਼ ਸਹਿਯੋਗ ਰਿਹਾ।ਇਸ ਮੌਕੇ ਜਾਣਕਾਰੀ ਦਿੰਦੇ ਹੋਏ ਸੁਸਾਇਟੀ ਦੇ ਪ੍ਰਧਾਨ ਰਕੇਸ਼ ਤਾਇਲ ਨੇ ਦੱਸਿਆਂ ਕਿ ਹਰ ਮਹੀਨੇ ਲੋੜਵੰਦ ਮਰੀਜ਼ਾਂ ਲਈ ਲਗਾਏ ਸਮਾਜ ਸੇਵਾ ਦੀ ਮਿਸਾਲ ਬਣੇ ਇਸ ਕੈਂਪ ਵਿੱਚ 195 ਮਰੀਜ਼ਾਂ ਦੀਆਂ ਅੱਖਾਂ ਦਾ ਚੈੱਕ ਅੱਪ ਕੀਤਾ ਗਿਆ,ਜਦਕਿ 102 ਮਰੀਜ਼ਾਂ ਨੂੰ ਅੱਖਾਂ ਦੇ ਆਪ੍ਰੇਸ਼ਨ (ਲੈਂਜ਼) ਲਈ ਚੁਣਿਆ ਗਿਆ ਅਤੇ ਦਵਾਈਆਂ ਪੂਰੀ ਤਰ੍ਹਾਂ ਮੁਫ਼ਤ ਦਿੱਤੀਆਂ ਗਈਆਂ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸ਼ੇਰਜੰਗ ਬੌਬੀ, ਫਕੀਰ ਚੰਦ, ਸੁਨੀਲ ਕੁਮਾਰ ਸੰਨੀ,ਸੰਜੀਵ ਕੁਮਾਰ ਕਾਲਾ,ਦਵਿੰਦਰ ਡਿੱਕੀ , ਪਰਸ਼ੋਤਮ ਦਾਸ ਬੋਬੀ,ਸ਼ਾਮ ਲਾਲ ,ਸੁਰਿੰਦਰ ਭਾਟੀਆ,ਤਰਸੇਮ ਚੰਦ, ਮੁਨੀਸ਼ ਕੁਮਾਰ,ਪ੍ਰੀਤਮ ਸਿੰਘ, ਪਵਨ ਮਹਿਤਾ,ਅੰਕੁਸ਼ ਗੋਇਲ, ਰਾਜੀਵ ਕੁਮਾਰ,ਅਭਿਨਾਸ਼ ਕੁਮਾਰ, ਪਵਨ ਸਟੈਨੋ , ਮੋਹਿਤ ਬਾਂਸਲ ਆਦਿ ਹਾਜ਼ਰ ਸਨ।

# ਜਲ ਸਪਲਾਈ ਵਿਭਾਗ ਨੇ ਪਿੰਡਾਂ ਵਿਚ ਪਾਣੀ ਦੇ ਨਮੂਨੇ ਲਏ



ਬਰਨਾਲਾ, 28 ਅਗਸਤ (ਬਘੇਲ ਸਿੰਘ ਧਾਲੀਵਾਲ): ਪਿਛਲੇ ਦਿਨੀਂ ਭਾਰੀ ਮੀਂਹ ਕਾਰਨ ਪਿੰਡਾਂ ਵਿਚ ਨੀਵੀਆਂ ਥਾਵਾਂ 'ਤੇ ਪਾਣੀ ਖੜ੍ਹਨ ਦੇ ਮੱਦੇਨਜ਼ਰ ਜ਼ਿਲ੍ਹਾ ਵਾਸੀਆਂ ਦੇ ਮਸਲਿਆਂ ਦੇ ਹੱਲ ਲਈ ਜ਼ਿਲ੍ਹਾ ਪ੍ਰਸ਼ਾਸਨ ਅਤੇ ਵਿਭਾਗੀ ਅਧਿਕਾਰੀ ਡਿਪਟੀ ਕਮਿਸ਼ਨਰ ਟੀ ਬੈਨਿਥ ਦੇ ਨਿਰਦੇਸ਼ਾਂ ਤਹਿਤ ਫੀਲਡ ਵਿੱਚ ਸਰਗਰਮ ਹਨ। ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਵੱਲੋਂ ਸਾਰੇ ਬਲਾਕਾਂ ਦੇ ਵੱਖ ਵੱਖ ਪਿੰਡਾਂ ਵਿਚ ਪੀਣ ਵਾਲੇ ਪਾਣੀ ਦੇ ਨਮੂਨੇ ਲੈ ਕੇ ਵਿਭਾਗ ਦੀ ਲੈਬ ਵਿੱਚ ਟੈਸਟਿੰਗ ਕੀਤੀ ਜਾ ਰਹੀ ਹੈ। ਐਕਸੀਅਨ ਜਲ ਸਪਲਾਈ ਤੇ ਸੈਨੀਟੇਸ਼ਨ ਚਮਕ ਸਿੰਗਲਾ ਨੇ ਦੱਸਿਆ ਕਿ ਜਲ ਸਪਲਾਈ ਦੇ ਸੈਨੀਟੇਸ਼ਨ ਵਿਭਾਗ ਵੱਲੋਂ ਪਿੰਡਾਂ ਵਿੱਚੋਂ ਰੋਜ਼ਾਨਾ ਪੱਧਰ 'ਤੇ ਪਾਣੀ ਦੇ ਸੈਂਪਲ ਲੈ ਕੇ ਟੈਸਟਿੰਗ ਕੀਤੀ ਜਾ ਰਹੀ ਹੈ। ਕੱਲ੍ਹ ਬਰਨਾਲਾ ਬਲਾਕ ਵਿੱਚ ਨਾਈਵਾਲ, ਹਮੀਦੀ, ਕਾਲੇਕੇ, ਪੰਧੇਰ, ਸ਼ਹਿਣਾ ਬਲਾਕ ਵਿੱਚ ਪੱਖੋ ਕੇ, ਪੱਖੋ ਕਲਾਂ, ਸੰਧੂ ਕਲਾਂ, ਮਹਿਲ ਕਲਾਂ ਬਲਾਕ ਵਿੱਚ ਸਹਿਜੜਾ, ਸੱਦੋਵਾਲ, ਅਮਲਾ ਸਿੰਘ ਵਾਲਾ, ਭੱਦਲਵੱਢ ਆਦਿ ਪਿੰਡਾਂ ਵਿਚ ਟੈਸਟਿੰਗ ਕੀਤੀ ਗਈ। ਉਨ੍ਹਾਂ ਦੱਸਿਆ ਕਿ ਅੱਜ ਵੀ ਵਿਭਾਗ ਦੀਆਂ ਟੀਮਾਂ ਵਲੋਂ ਵੱਖ ਵੱਖ ਪਿੰਡਾਂ ਵਿੱਚ ਜਾ ਕੇ ਪਾਣੀ ਦੇ ਨਮੂਨੇ ਲਏ ਜਾ ਰਹੇ ਹਨ।

# ਪ੍ਰਸ਼ਾਸਨਿਕ ਅਧਿਕਾਰੀਆਂ ਵੱਲੋਂ ਪ੍ਰਭਾਵਿਤ ਇਲਾਕਿਆਂ ਦਾ ਦੌਰਾ



ਬਰਨਾਲਾ, 28 ਅਗਸਤ (ਬਘੇਲ ਸਿੰਘ ਧਾਲੀਵਾਲ):ਭਾਰੀ ਮੀਂਹ ਮਗਰੋਂ ਜ਼ਿਲ੍ਹੇ ਵਿੱਚ ਉਪਜੀ ਸਥਿਤੀ ਦੇ ਮੱਦੇਨਜ਼ਰ ਲੋਕਾਂ ਦੀਆਂ ਮੁਸ਼ਕਿਲਾਂ ਦੇ ਹੱਲ ਲਈ ਜ਼ਿਲ੍ਹਾ ਪ੍ਰਸ਼ਾਸਨ ਦੇ ਅਧਿਕਾਰੀ ਲੋਕ ਮੁਸ਼ਕਿਲਾਂ ਦੇ ਹੱਲ ਲਈ ਸਰਗਰਮ ਹਨ।

ਇਸ ਤਹਿਤ ਜਿੱਥੇ ਡਿਪਟੀ ਕਮਿਸ਼ਨਰ ਬਰਨਾਲਾ ਟੀ ਬੈਨਿਥ ਵਲੋਂ ਅਧਿਕਾਰੀਆਂ ਨੂੰ ਸਮੇਂ ਸਮੇਂ 'ਤੇ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਜਾ ਰਹੇ ਹਨ, ਓਥੇ ਵੱਖ ਵੱਖ ਅਧਿਕਾਰੀ ਮੌਕੇ ਦਾ ਜਾਇਜ਼ਾ ਲੈ ਰਹੇ ਹਨ। ਅੱਜ ਐਸ ਡੀ ਐਮ ਬਰਨਾਲਾ ਅਤੇ ਤਪਾ ਮੈਡਮ ਸੋਨਮ ਆਈ ਏ ਐੱਸ ਬਾਜ਼ੀਗਰ ਬਸਤੀ ਵਿਚ ਵੀ ਪੀੜਤ ਪਰਿਵਾਰ ਨੂੰ ਮਿਲੇ, ਜਿੱਥੇ ਛੱਤ ਡਿੱਗਣ ਦੀ ਘਟਨਾ ਵਿਚ ਇਕ ਮੌਤ ਹੋਈ ਹੈ ਅਤੇ 4 ਜ਼ਖਮੀ ਹਨ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਉਹ ਅਣਸੁਰੱਖਿਅਤ ਇਮਾਰਤਾਂ ਵਿੱਚ ਨਾ ਰਹਿਣ ਅਤੇ ਅਜਿਹੀ ਸਥਿਤੀ ਵਿਚ ਪ੍ਰਸ਼ਾਸਨ ਨਾਲ ਰਾਬਤਾ ਕਰਨ, ਲੋੜਵੰਦਾਂ ਵਾਸਤੇ ਲੋੜੀਂਦੇ ਪ੍ਰਬੰਧ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਪੀੜਤਾਂ ਦੀ ਹਰ ਸੰਭਵ ਮੱਦਦ ਕੀਤੀ ਜਾਵੇਗੀ। ਉਨ੍ਹਾਂ ਪੱਖੋਂ ਕਲਾਂ ਦਾ ਵੀ ਦੌਰਾ ਕੀਤਾ। ਉਨ੍ਹਾਂ ਪੱਖੋਂ- ਤਾਜੋਕੇ ਰੋਡ ਦਾ ਜਾਇਜ਼ਾ ਲਿਆ ਅਤੇ ਸੜਕ, ਖੇਤਾਂ ਤੇ ਘਰਾਂ ਵਿੱਚ ਪਾਣੀ ਦੀ ਸਥਿਤੀ ਦਾ ਨਿਰੀਖਣ ਕੀਤਾ ਅਤੇ ਪਾਣੀ ਦੀ ਨਿਕਾਸੀ ਸ਼ੁਰੂ ਕਰਵਾਈ। ਇਸ ਦੌਰਾਨ ਐਸ.ਡੀ.ਐਮ ਮਹਿਲ ਕਲਾਂ ਜੁਗਰਾਜ ਸਿੰਘ ਕਾਹਲੋਂ ਨੇ ਮਹਿਲ ਕਲਾਂ ਦੇ ਪਿੰਡ ਗੁਮਟੀ ਦਾ ਦੌਰਾ ਕਰਕੇ ਸਥਿਤੀ ਦਾ ਜਾਇਜ਼ਾ ਲਿਆ। ਉਨ੍ਹਾਂ ਖੇਤਾਂ ਵਿਚ ਪਾਣੀ ਵਿਚ ਖੜ੍ਹੇ ਬਾਰਿਸ਼ ਦੇ ਪਾਣੀ ਦੀ ਨਿਕਾਸੀ ਲਈ ਮੰਡੀ ਬੋਰਡ ਦੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਵਾਸੀਆਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਪ੍ਰਸ਼ਾਸਨ ਯਤਨਸ਼ੀਲ ਹੈ। ਕਿਸੇ ਵੀ ਐਮਰਜੈਂਸੀ ਦੀ ਸਥਿਤੀ ਵਿਚ ਜ਼ਿਲ੍ਹਾ ਵਾਸੀ 01679-233031 (ਬਰਨਾਲਾ), 01679-273201 (ਤਪਾ), 82641-93466 (ਮਹਿਲ ਕਲਾਂ) ਨੰਬਰਾਂ 'ਤੇ ਸੰਪਰਕ ਕਰ ਸਕਦੇ ਹਨ।

# ਬਾਗ ਕਲੋਨੀ 'ਚ ਗਣੇਸ਼ ਉਤਸਵ ਦੇ ਸਥਾਪਿਤ ਤੋਂ ਪਹਿਲਾਂ ਕੱਢੀ ਸ਼ੋਭਾ ਯਾਤਰਾ



ਤਪਾ ਮੰਡੀ, 28 ਅਗਸਤ(ਭੂਸ਼ਨ ਘੜੈਲਾ):ਸ਼ਥਾਨਕ ਬਾਗ ਕਲੌਨੀ ਦੇ ਵਸਨੀਕਾਂ ਵੱਲੋਂ ਸ੍ਰੀ ਗਣੇਸ਼ ਉਤਸਵ ਦੇ ਸਮਾਰੋਹ ਮੌਕੇ ਪ੍ਰਤਿਭਾ ਦੇ ਸਥਾਪਿਤ ਤੋਂ ਪਹਿਲਾਂ ਸ਼ੋਭਾ ਯਾਤਰਾ ਕੱਢੀ ਗਈ, ਜਿਸ ਦੀ ਅਗਵਾਈ ਪੰਡਿਤ ਪਰਦੀਪ ਸ਼ਰਮਾ ਕਰ ਰਹੇ ਸਨ। ਇਹ ਸ਼ੋਭਾ ਯਾਤਰਾ ਸਾਰੇ ਬਾਗ ਬਸਤੀਦੀ ਪਰਿਕ੍ਰਮਾ ਕਰਨ ਉਪਰੰਤ ਸਮਾਪਤ ਕੀਤੀ ਗਈ। ਇਸ ਮੌਕੇ ਪੰਡਿਤ ਪ੍ਰਦੀਪ ਸ਼ਰਮਾ ਨੇ ਕਿਹਾ ਕਿ ਗਣੇਸ਼ ਜੀ ਦੀ ਪ੍ਰਤਿਭਾ ਨੂੰ ਬਾਗ ਬਸਤੀ 'ਚ ਸਥਾਪਿਤ ਕੀਤਾ ਗਿਆ ਹੈ ਅਤੇ ਕਿਹਾ ਕਿ ਭਗਵਾਨ ਗਣੇਸ਼ ਜੀ ਦੀ ਆਪਾਰ ਕ੍ਰਿਪਾ ਹੈ ਸਭ ਤੋਂ ਪਹਿਲਾਂ ਧਾਰਮਿਕ ਕੰਮ ਹੁੰਦਾ ਹੈ। ਗਣੇਸ਼ ਜੀ ਦੀ ਪੂਜਾ ਕੀਤੀ ਜਾਂਦੀ ਹੈ। ਇਸ ਮੌਕੇ ਈਸ਼ਵਰ ਗੋਇਲ,ਸੁਖਪਾਲ ਸ਼ਰਮਾ,ਜੀਵਨ ਭੂਤ,ਪਾਲਾ ਰਾਮ ਘਈ,ਪਾਲਾਰਾਮ,ਅਸ਼ੋਕ ਘੁੜੈਲਾ,ਹਰਦੇਵ ਕੌਰ,ਸਰਿਤਾ ਰਾਣੀ,ਅਨੂੰ ਰਾਣੀ,ਪਵਨ ਭੂਤ,ਪੁਨੀਤਾ ਰਾਣੀ ਡਾ.ਪ੍ਰੇਮ ਕੁਮਾਰ,ਸੁਨੀਤਾ ਰਾਣੀ,ਅਜੇ ਕੁਮਾਰ,ਭੂਸ਼ਨ ਕੁਮਾਰ,ਵਿਨੇ ਕੁਮਾਰ ਬਾਗ਼ ਕਲੌਨੀ ਦੇ ਵੱਡੀ ਗਿਣਤੀ ਵਿਚ ਵਸਨੀਕਾ ਨੇ ਸੋਭਾ ਯਾਤਰਾ ਸਮੇਂ ਗਣਪੱਪੇ ਮੋਰਿਆ ਦੇ ਨਾਅਰਿਆਂ ਨਾਲ ਅਸਮਾਨ ਨੂੰ ਗੂੰਜਣ ਲਗਾ ਦਿੱਤਾ।

# ਸਿਹਤ ਵਿਭਾਗ ਵੱਲੋਂ ਮਨਾਇਆ ਜਾ ਰਿਹਾ ਅੱਖਾਂ ਦਾਨ ਪੰਦਰਵਾੜਾ



ਮਹਿਲ ਕਲਾਂ, 28 ਅਗਸਤ (ਜੱਸਾ ਸਿੰਘ ਮਾਣਕੀ): ਐਸ ਐਮ ਓ ਮਹਿਲ ਕਲਾਂ ਡਾ. ਗੁਰਤੇਜਿੰਦਰ ਕੌਰ ਦੀ ਅਗਵਾਈ ਹੇਠ ਸਿਹਤ ਬਲਾਕ ਮਹਿਲ ਕਲਾਂ ਦੇ ਵੱਖ ਵੱਖ ਸਿਹਤ ਕੇਂਦਰਾਂ, ਸਕੂਲਾਂ ਅਤੇ ਜਨਤਕ ਥਾਵਾਂ 'ਤੇ ਰਾਸ਼ਟਰੀ ਅੱਖਾਂ ਦਾਨ ਪੰਦਰਵਾੜਾ ਮਨਾਇਆ ਜਾ ਰਿਹਾ ਹੈ ਅਤੇ ਮੌਤ ਉਪਰੰਤ ਅੱਖਾਂ ਦਾਨ ਵਰਗਾ ਮਹਾਨ ਕੰਮ ਕਰਨ ਲਈ ਲੋਕਾਂ ਨੂੰ ਵੱਧ ਤੋਂ ਵੱਧ ਜਾਗਰੂਕ ਕੀਤਾ ਜਾ ਰਿਹਾ ਹੈ।

ਇਸ ਮੌਕੇ ਸੀ ਐਚ ਸੀ ਮਹਿਲ ਕਲਾਂ ਵਿਖੇ ਲੋਕਾਂ ਨੂੰ ਆਪਣੇ ਸੰਬੋਧਨ ਵਿੱਚ ਡਾ. ਗੁਰਤੇਜਿੰਦਰ ਕੌਰ ਨੇ ਦੱਸਿਆ ਕਿ ਇੱਕ ਵਿਅਕਤੀ ਆਪਣੇ ਜੀਵਨ ਤੋਂ ਬਾਅਦ ਅੱਖਾਂ ਦਾਨ ਕਰਕੇ ਦੋ ਨੇਤਰਹੀਣ ਵਿਅਕਤੀਆਂ ਦੀ ਜ਼ਿੰਦਗੀ ਨੂੰ ਰੋਸ਼ਨ ਕਰ ਸਕਦਾ ਹੈ। ਉਨ੍ਹਾਂ ਦੱਸਿਆ ਕਿ ਮੌਤ ਤੋਂ ਬਾਅਦ 4-6 ਘੰਟੇ ਦੇ ਅੰਦਰ ਕਿਸੇ ਨੇੜੇ ਦੇ ਹਸਪਤਾਲ, ਮੈਡੀਕਲ ਕਾਲਜ ਜਾਂ ਆਈ ਬੈਂਕ ਨਾਲ ਸੰਪਰਕ ਕੀਤਾ ਜਾ ਸਕਦਾ ਹੈ। ਉਨ੍ਹਾਂ ਕਿਹਾ ਐਨਕ ਲੱਗੀ ਵਾਲੇ, ਲੈਂਜ਼ ਪਏ ਹੋਣ ਜਾਂ ਅੱਖਾਂ ਦਾ ਆਪ੍ਰੇਸ਼ਨ ਹੋਇਆ ਹੋਵੇ ਤਾਂ ਵੀ ਵਿਅਕਤੀ ਅੱਖਾਂ ਦਾਨ ਕਰ ਸਕਦਾ ਹੈ। ਉਨ੍ਹਾਂ ਕਿਹਾ ਕਿ ਪੀਲੀਆ, ਬਲੱਡ ਕੈਂਸਰ, ਏਡਜ਼ ਅਤੇ ਦਿਮਾਗੀ ਬੁਖਾਰ ਵਾਲੇ ਵਿਅਕਤੀ ਦੀਆਂ ਅੱਖਾਂ ਦਾਨ ਨਹੀਂ ਕੀਤੀਆਂ ਜਾ ਸਕਦੀਆਂ।

# ਸਾਬਕਾ ਓ.ਐਸ.ਡੀ. ਪ੍ਰੋਫੈਸਰ ਉਂਕਾਰ ਸਿੰਘ ਸਿੱਧੂ ਵੱਲੋਂ ਧੂਰੀ ਹਲਕੇ ਵਿੱਚ 'ਭਲਵਾਨੀ ਗੇੜੀਆਂ'



ਧੂਰੀ, 28 ਅਗਸਤ(ਰਾਜੇਸ਼ਵਰ ਪਿੰਟੂ, ਅਮਨ ਗਰਗ): ਪੰਜਾਬ ਦੀ ਰਾਜਨੀਤੀ ਵਿੱਚ ਹਰ ਵੇਲੇ ਨਵੇਂ ਪੇਚ ਤੇ ਮੋੜ ਆਉਂਦੇ ਰਹਿੰਦੇ ਹਨ। ਅਜਿਹਾ ਹੀ ਇੱਕ ਮੋੜ ਤਦ ਸਾਹਮਣੇ ਆਇਆ ਜਦੋਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੇ ਨਜ਼ਦੀਕੀ ਸਮਝੇ ਜਾਂਦੇ ਪ੍ਰੋਫੈਸਰ ਉਂਕਾਰ ਸਿੰਘ ਸਿੱਧੂ ਨੂੰ ਅਚਾਨਕ ਓ.ਐਸ.ਡੀ. ਦੇ ਅਹੁੱਦੇ ਤੋਂ ਹਟਾ ਦਿੱਤਾ ਗਿਆ। ਇਹ ਕਦਮ ਸਿਆਸੀ ਪੰਡਤਾਂ ਲਈ ਵੀ ਚਰਚਾ ਦਾ ਵਿਸ਼ਾ ਬਣਿਆ। ਪਰ ਪ੍ਰੋਫੈਸਰ ਸਿੱਧੂ ਨੇ ਆਪਣੀ ਰਾਜਨੀਤਿਕ ਯਾਤਰਾ ਨੂੰ ਰੋਕਣ ਦੀ ਬਜਾਏ ਨਵੇਂ ਅੰਦਾਜ਼ ਵਿੱਚ ਲੋਕਾਂ ਨਾਲ ਜੁੜਨ ਦਾ ਫੈਸਲਾ ਕੀਤਾ। ਇਸੇ ਤਹਿਤ ਉਨ੍ਹਾਂ ਨੇ ਧੂਰੀ ਹਲਕੇ ਵਿੱਚ 'ਭਲਵਾਨੀ ਗੇੜੀਆਂ' ਸ਼ੁਰੂ ਕੀਤੀਆਂ ਹਨ।ਇਨ੍ਹਾਂ ਗੇੜੀਆਂ ਦੇ ਮਾਧਿਅਮ ਨਾਲ ਉਹ ਪਿੰਡਾਂ ਵਿੱਚ ਲੋਕਾਂ ਨਾਲ ਸਿੱਧਾ ਸੰਪਰਕ ਕਰ ਰਹੇ ਹਨ। ਸੁੱਖ-ਗ਼ਮੀ ਦੇ ਮੌਕੇ 'ਤੇ ਪਹੁੰਚ ਕੇ ਲੋਕਾਂ ਦਾ ਹੌਸਲਾ ਵਧਾ ਰਹੇ ਹਨ ਤੇ ਸ਼ਹਿਰੀ ਇਲਾਕਿਆਂ ਵਿੱਚ ਵੀ ਆਪਣੇ ਸਹਿਯੋਗੀਆਂ ਨਾਲ ਲਗਾਤਾਰ ਰਾਬਤਾ ਬਣਾਈ ਬੈਠੇ ਹਨ। ਇਸ ਕਰਕੇ ਧੂਰੀ ਹਲਕੇ ਦੀ ਸਿਆਸਤ ਵਿੱਚ ਇੱਕ ਨਵੀਂ ਚਰਚਾ ਜਨਮ ਲੈ ਰਹੀ ਹੈ ਕਿ ਪ੍ਰੋਫੈਸਰ ਸਿੱਧੂ ਭਵਿੱਖ ਵਿੱਚ ਸਰਗਰਮ ਰਾਜਨੀਤੀ ਦਾ ਨਵਾਂ ਸਫ਼ਰ ਸ਼ੁਰੂ ਕਰ ਸਕਦੇ ਹਨ।ਲੋਕਾਂ ਵਿੱਚ ਇਹ ਗੱਲ ਵੀ ਜ਼ੋਰਾਂ 'ਤੇ ਹੈ ਕਿ ਉਨ੍ਹਾਂ ਦੇ 'ਭਲਵਾਨੀ ਦੌਰੇ' ਸਿਰਫ਼ ਸਮਾਜਿਕ ਸੰਪਰਕ ਲਈ ਹੀ ਨਹੀਂ ਸਗੋਂ ਆਉਣ ਵਾਲੀਆਂ ਸਿਆਸੀ ਤਿਆਰੀਆਂ ਦਾ ਹਿੱਸਾ ਹਨ। ਪਿੰਡਾਂ ਵਿੱਚ ਕਈ ਜਗ੍ਹਾਂ ਉਨ੍ਹਾਂ ਨੂੰ ਲੋਕਾਂ ਵੱਲੋਂ ਖ਼ਾਸ ਸਤਿਕਾਰ ਮਿਲ ਰਿਹਾ ਹੈ। ਵੱਡੀ ਗਿਣਤੀ ਵਿੱਚ ਨੌਜਵਾਨ ਵੀ ਉਨ੍ਹਾਂ ਦੇ ਦੌਰਾਨ ਇਕੱਠੇ ਹੋ ਰਹੇ ਹਨ, ਜਿਸ ਨਾਲ ਇਹ ਅੰਦਾਜ਼ਾ ਲਗਾਇਆ ਜਾ ਰਿਹਾ ਹੈ ਕਿ ਉਹ ਆਉਣ ਵਾਲੇ ਸਮੇਂ ਵਿੱਚ ਧੂਰੀ ਹਲਕੇ ਤੋਂ ਚੋਣੀ ਅਖਾੜੇ ਵਿੱਚ ਉਤਰ ਸਕਦੇ ਹਨ।ਯਾਦ ਰਹੇ ਕਿ ਪ੍ਰੋਫੈਸਰ ਓਂਕਾਰ ਸਿੰਘ ਸਿੱਧੂ ਨੇ ਪੰਜਾਬ ਸਰਕਾਰ ਦੀ ਲੈਂਡ ਪੂਲਿੰਗ ਨੀਤੀ ਬਾਰੇ ਖੁੱਲ੍ਹ ਕੇ ਆਪਣਾ ਵਿਰੋਧ ਦਰਸਾਇਆ ਸੀ। ਉਨ੍ਹਾਂ ਨੇ ਇਸ ਨੀਤੀ ਨੂੰ ਦਿੱਲੀ ਦੀ ਲੀਡਰਸ਼ਿਪ ਦੀ ਲਾਗੂ ਕੀਤੀ ਯੋਜਨਾ ਕਰਾਰ ਦਿੰਦਿਆਂ ਇਸਨੂੰ ਪੰਜਾਬੀ ਕਿਸਾਨਾਂ ਦੇ ਹਿੱਤਾਂ ਵਿਰੁੱਧ ਦੱਸਿਆ ਸੀ। ਉਨ੍ਹਾਂ ਦੇ ਇਸ ਬਿਆਨ ਨੇ ਉਸ ਸਮੇਂ ਕਾਫ਼ੀ ਚਰਚਾ ਪ੍ਰਾਪਤ ਕੀਤੀ ਸੀ ਅਤੇ ਕਈ ਲੋਕਾਂ ਨੇ ਉਨ੍ਹਾਂ ਦੀ ਹਿੰਮਤ ਦੀ ਖੁੱਲ੍ਹ ਕੇ ਪ੍ਰਸ਼ੰਸਾ ਵੀ ਕੀਤੀ ਸੀ।ਸਿਆਸੀ ਪੰਡਤਾਂ ਦਾ ਮੰਨਣਾ ਹੈ ਕਿ ਪ੍ਰੋਫੈਸਰ ਸਿੱਧੂ ਦੀ ਪੜ੍ਹੀ-ਲਿਖੀ ਤੇ ਸਾਫ-ਸੁਥਰੀ ਛਵੀ ਉਨ੍ਹਾਂ ਨੂੰ ਹੋਰ ਆਗੂਆਂ ਤੋਂ ਵੱਖਰਾ ਕਰਦੀ ਹੈ। ਜੇਕਰ ਉਹ ਧੂਰੀ ਹਲਕੇ ਤੋਂ ਚੋਣਾਂ ਵਿੱਚ ਉਤਰਦੇ ਹਨ ਤਾਂ ਉਹ ਇਕ ਮਜ਼ਬੂਤ ਉਮੀਦਵਾਰ ਵਜੋਂ ਸਾਹਮਣੇ ਆ ਸਕਦੇ ਹਨ। ਲੋਕਾਂ ਨਾਲ ਉਨ੍ਹਾਂ ਦਾ ਸਿੱਧਾ ਜੁੜਾਅ ਅਤੇ ਸਥਾਨਕ ਮੁੱਦਿਆਂ 'ਤੇ ਉਨ੍ਹਾਂ ਦਾ ਪੱਕਾ ਸਟੈਂਡ, ਉਨ੍ਹਾਂ ਦੀ ਰਾਜਨੀਤਿਕ ਯਾਤਰਾ ਨੂੰ ਹੋਰ ਵੀ ਮਜ਼ਬੂਤ ਕਰ ਸਕਦਾ ਹੈ।ਸਾਰ ਵਿੱਚ ਕਿਹਾ ਜਾਵੇ ਤਾਂ ਪ੍ਰੋਫੈਸਰ ਉਂਕਾਰ ਸਿੰਘ ਸਿੱਧੂ ਨੇ ਓ.ਐਸ.ਡੀ. ਦੇ ਅਹੁੱਦੇ ਤੋਂ ਹਟਣ ਤੋਂ ਬਾਅਦ ਵੀ ਆਪਣੀ ਸਿਆਸੀ ਹਾਜ਼ਰੀ ਮਜ਼ਬੂਤ ਕੀਤੀ ਹੈ। ਉਨ੍ਹਾਂ ਦੀਆਂ 'ਭਲਵਾਨੀ ਗੇੜੀਆਂ' ਧੂਰੀ ਹਲਕੇ ਦੀ ਸਿਆਸਤ ਵਿੱਚ ਇੱਕ ਨਵੀਂ ਚਹਲ-ਪਹਲ ਲਿਆ ਰਹੀਆਂ ਹਨ ਅਤੇ ਅਗਲੇ ਮਹੀਨਿਆਂ ਵਿੱਚ ਇਹ ਗੇੜੀਆਂ ਕਿਹੜਾ ਰੂਪ ਧਾਰਣ ਕਰਦੀਆਂ ਹਨ, ਇਸ ਉੱਤੇ ਸਭ ਦੀ ਨਿਗਾਹ ਟਿਕੀ ਹੋਈ ਹੈ।

# ਡੀ.ਸੀ. ਵੱਲੋਂ ਅਸੁਰੱਖਿਅਤ ਇਮਾਰਤਾਂ 'ਚ ਨਾ ਰਹਿਣ ਦੀ ਅਪੀਲ

## ਬੀਡੀਪੀਓਜ਼, ਈਓਜ਼ ਨੂੰ ਲੋੜ ਅਨੁਸਾਰ ਰਾਹਤ ਕੈਂਪ ਸਥਾਪਿਤ ਕਰਨ ਦੇ ਨਿਰਦੇਸ਼

ਬਰਨਾਲਾ, 28 ਅਗਸਤ (ਹਿਮਾਂਸ਼ੂ ਗਰਗ): ਬਰਨਾਲਾ ਦੇ ਬਾਜ਼ੀਗਰ ਬਸਤੀ ਇਲਾਕੇ ਵਿੱਚ ਇੱਕ ਵਿਅਕਤੀ ਦੀ ਮੌਤ ਅਤੇ ਚਾਰ ਦੇ ਜ਼ਖਮੀ ਹੋਣ ਦੀ ਘਟਨਾ ਦੇ ਮੱਦੇਨਜ਼ਰ ਡਿਪਟੀ ਕਮਿਸ਼ਨਰ ਬਰਨਾਲਾ ਟੀ ਬੈਨਿਥ ਨੇ ਲੋਕਾਂ ਨੂੰ ਕੁਝ ਦਿਨਾਂ ਲਈ ਅਸੁਰੱਖਿਅਤ ਇਮਾਰਤਾਂ ਤੋਂ ਬਾਹਰ ਜਾਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਹੋਰ ਬਾਰਿਸ਼ ਹੋਣ 'ਤੇ ਕੱਚੀਆਂ ਇਮਾਰਤਾਂ ਢਹਿ ਸਕਦੀਆਂ ਹਨ। ਉਨ੍ਹਾਂ ਲੋਕਾਂ ਨੂੰ ਪੇਂਡੂ ਖੇਤਰਾਂ ਵਿੱਚ ਸਬੰਧਤ ਪੰਚਾਇਤ ਸਕੱਤਰਾਂ ਅਤੇ ਸ਼ਹਿਰੀ ਖੇਤਰਾਂ ਵਿੱਚ ਈਓ ਜਾਂ ਐਮਸੀ ਨੂੰ ਅਸੁਰੱਖਿਅਤ ਇਮਾਰਤਾਂ ਦੀ ਰਿਪੋਰਟ ਕਰਨ ਦੀ ਅਪੀਲ ਕੀਤੀ ਹੈ। ਉਨ੍ਹਾਂ ਕਿਹਾ ਕਿ ਲੋਕ ਕੰਟਰੋਲ ਰੂਮ ਬਰਨਾਲਾ ਨੂੰ 01679-233031, ਤਪਾ 01679-273201 ਅਤੇ ਮਹਿਲ ਕਲਾਂ ਨੂੰ 82641-93466 'ਤੇ ਵੀ ਰਾਬਤਾ ਕਰ ਸਕਦੇ ਹਨ। ਉਨ੍ਹਾਂ ਬੀਡੀਪੀਓਜ਼ ਅਤੇ ਈਓਜ਼ ਨੂੰ ਜਿੱਥੇ ਵੀ ਲੋੜ ਹੋਵੇ, ਰਾਹਤ ਕੈਂਪ ਬਣਾਉਣ ਦੇ ਨਿਰਦੇਸ਼ ਦਿੱਤੇ ਹਨ ਤਾਂ ਜੋ ਲੋੜ ਪੈਣ 'ਤੇ ਲੋਕ ਇਨ੍ਹਾਂ ਕੈਂਪਾਂ ਵਿੱਚ ਰਹਿ ਸਕਣ।

ਜ਼ਿਕਰਯੋਗ ਹੈ ਕਿ ਅੱਜ ਸਵੇਰੇ ਬਰਨਾਲਾ ਸ਼ਹਿਰ ਦੀ ਬਾਜ਼ੀਗਰ ਬਸਤੀ ਵਿੱਚ ਛੱਤ ਡਿੱਗਣ ਦੀ ਘਟਨਾ ਵਿੱਚ ਇੱਕ ਵਿਅਕਤੀ ਦੀ ਮੌਤ ਹੋ ਗਈ ਅਤੇ ਚਾਰ ਜ਼ਖਮੀ ਹੋ ਗਏ। ਐਸਡੀਐਮ ਬਰਨਾਲਾ ਸੋਨਮ ਅਤੇ ਬਰਨਾਲਾ ਪੁਲਿਸ ਮੌਕੇ 'ਤੇ ਪਹੁੰਚੀ। ਇਹ ਘਟਨਾ ਅੱਜ ਸਵੇਰੇ ਲੱਗਭੱਗ 7 ਵਜੇ ਵਾਪਰੀ ਜਿੱਥੇ ਇੱਕ ਕੱਚੇ ਘਰ ਦੀ ਛੱਤ ਡਿੱਗ ਗਈ। ਮ੍ਰਿਤਕ ਦੀ ਪਛਾਣ ਲਖਵਿੰਦਰ ਸਿੰਘ ਪੁੱਤਰ ਅਜੀਤ ਸਿੰਘ ਵਜੋਂ ਹੋਈ ਹੈ। ਇਸ ਤੋਂ ਇਲਾਵਾ ਜ਼ਖਮੀਆਂ ਵਿੱਚ ਸੁਖਵਿੰਦਰ ਕੌਰ ਪਤਨੀ ਲਖਵਿੰਦਰ ਸਿੰਘ ਅਤੇ ਤਿੰਨ ਸਾਲਾ ਕੋਮਲ ਕੌਰ ਸ਼ਾਮਲ ਹਨ। ਜ਼ਖਮੀਆਂ ਨੂੰ ਸਰਕਾਰੀ ਮੈਡੀਕਲ ਕਾਲਜ ਫਰੀਦਕੋਟ ਰੈਫਰ ਕਰ ਦਿੱਤਾ ਗਿਆ ਹੈ। 10 ਸਾਲਾ ਮਨਪ੍ਰੀਤ ਕੌਰ ਪੁੱਤਰੀ ਲਖਵਿੰਦਰ ਸਿੰਘ ਸਿਵਲ ਹਸਪਤਾਲ ਬਰਨਾਲਾ ਵਿੱਚ ਇਲਾਜ ਅਧੀਨ ਹੈ। ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਬੀਬੀ ਪ੍ਰਧਾਨ ਕੌਰ ਗੁਰਦੁਆਰਾ ਸਾਹਿਬ ਦੀ ਪ੍ਰਬੰਧਕਾਂ ਨਾਲ ਰਾਬਤਾ ਬਣਾਇਆ ਗਿਆ ਹੈ, ਤਾਂ ਜੋ ਲੋੜ ਪੈਣ 'ਤੇ ਇਲਾਕੇ ਦੇ ਲੋੜਵੰਦ ਲੋਕਾਂ ਦਾ ਆਰਜ਼ੀ ਰਹਿਣ ਬਸੇਰਾ ਓਥੇ ਕੀਤਾ ਜਾ ਸਕੇ।

# ਕਚਹਿਰੀ ਚੌਕ ਪੁਲ 15 ਦਿਨਾਂ ਲਈ ਭਾਰੀ ਵਾਹਨਾਂ ਦੀ ਆਵਾਜਾਈ ਲਈ ਬੰਦ: ਡੀ.ਸੀ

ਬਰਨਾਲਾ, 28 ਅਗਸਤ (ਹਿਮਾਂਸ਼ੂ ਗਰਗ): ਕਚਹਿਰੀ ਚੌਕ - ਬਾਜਾਖਾਨਾ ਰੋਡ ਫਲਾਈਓਵਰ ਨੂੰ ਆਉਂਦੇ 15 ਦਿਨਾਂ ਲਈ ਭਾਰੀ ਵਾਹਨਾਂ ਦੀ ਆਵਾਜਾਈ ਲਈ ਬੰਦ ਕਰ ਦਿੱਤਾ ਗਿਆ ਹੈ। ਅੱਜ ਇੱਥੇ ਇਹ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਟੀ ਬੈਨਿਥ ਨੇ ਦੱਸਿਆ ਕਿ ਭਾਰੀ ਬਰਸਾਤ ਕਾਰਨ ਪੁਲ ਦੀ ਮੁਰੰਮਤ ਦਾ ਕੰਮ ਚੱਲ ਰਿਹਾ ਹੈ। ਸਟੇਟ ਹਾਈਵੇਅ ਅਥਾਰਟੀ ਵੱਲੋਂ ਮੁਰੰਮਤ ਦਾ ਕੰਮ ਕਰਵਾਇਆ ਜਾ ਰਿਹਾ ਹੈ, ਜਿਸ ਲਈ ਬੱਸ, ਟਰੱਕ ਅਤੇ ਟਰਾਲੀਆਂ ਵਰਗੇ ਭਾਰੀ ਵਾਹਨਾਂ ਦੀ ਆਵਾਜਾਈ ਬੰਦ ਕਰ ਦਿੱਤੀ ਗਈ ਹੈ। ਬਰਨਾਲਾ ਪੁਲੀਸ ਨੇ ਪੁਲ ਦੇ ਦੋਵੇਂ ਪਾਸੇ ਬੈਰੀਕੇਡ ਲਾਏ ਹੋਏ ਹਨ। ਭਾਰੀ ਟਰੈਫਿਕ ਨੂੰ ਬਾਜਾਖਾਨਾ ਚੌਕ ਵੱਲ ਮੋੜ ਦਿੱਤਾ ਗਿਆ ਹੈ।

# ਬਜ਼ੁਰਗ 'ਤੇ ਤੇਜਧਾਰ ਹਥਿਆਰ ਨਾਲ ਹਮਲਾ ਕਰ ਕੀਤੀ ਲੁੱਟ



ਬਠਿੰਡਾ, 28 ਅਗਸਤ (ਇੰਦਰਪਾਲ ਬਾਂਸਲ):ਨਗਰ ਮਹਿਰਾਜ ਦੇ ਕੋਠੇ ਮੱਲੂਆਣਾ ਨਿਵਾਸ ਬਜੁਰਗ ਗੁਰਤਾਰ ਸਿੰਘ 'ਤੇ ਮੋਟਰਸਾਈਕਲ ਸਵਾਰ ਤਿੰਨ ਨੌਜਵਾਨਾਂ ਨੇ ਹਮਲਾ ਕਰਕੇ ਲੁੱਟ ਖੋਹ ਦੀ ਘਟਨਾ ਨੂੰ ਅੰਜ਼ਾਮ ਦਿੱਤਾ। ਗੁਰਤਾਰ ਸਿੰਘ ਨੇ ਦੱਸਿਆ ਕਿ ਉਹ ਫੂਲ ਟਾਊਨ ਸਥਿਤ ਕਚਿਹਰੀ ਵਿਖੇ ਆਪਣੇ ਕੰਮਕਾਜ ਕਰਕੇ ਸਾਈਕਲ ਰਾਹੀਂ ਘਰਾਟ ਰੋਡ ਰਾਹੀਂ ਕਰੀਬ ਸਵੇਰ ਗਿਆਰਾਂ ਵਜੇ ਆਪਣੇ ਪਿੰਡ ਮੱਲੂਆਣਾ ਜਾ ਰਿਹਾ ਸੀ, ਕਿ ਅਚਾਨਕ ਪਿੱਛੇ ਆ ਰਹੇ ਮੋਟਰਸਾਈਕਲ ਸਵਾਰ ਤਿੰਨ ਨੌਜਵਾਨਾਂ ਨੇ ਉਸ ਨੂੰ ਘੇਰਾ ਪਾ ਲਿਆ ਤੇ ਤੇਜਧਾਰ ਹਥਿਆਰ ਨਾਲ ਉਸਦੀ ਬਾਂਹ 'ਤੇ ਹਮਲਾ ਕਰ ਜ਼ਬਰੀ ਉਸਦਾ ਮੁਬਾਇਲ ਫੋਨ ਤੇ ਪਰਸ, ਜਿਸ ਵਿੱਚ ਨਗਦੀ ਸਮੇਤ ਜ਼ਰੂਰੀ ਕਾਗਜਾਤ ਸਨ, ਖੋਹਕੇ ਲੈ ਗਏ। ਜਿਸਦੀ ਸੂਚਨਾ ਉਸਨੇ ਪੁਲਿਸ ਨੂੰ ਦੇ ਦਿੱਤੀ ਹੈ।

# ਧੂਰੀ 'ਚ 31 ਅਗਸਤ ਨੂੰ ਲੱਗੇਗਾ ਮੈਗਾ ਮੁਫ਼ਤ ਮੈਡੀਕਲ ਕੈਂਪ

ਧੂਰੀ, 28 ਅਗਸਤ(ਰਾਜੇਸ਼ਵਰ ਪਿੰਟੂ, ਅਮਨ ਗਰਗ): ਧੂਰੀ ਵਿਕਾਸ ਮੰਚ (ਰਜਿ:) ਵੱਲੋਂ ਸ੍ਰੀ ਸਨਾਤਨ ਧਰਮ ਚੈਰੀਟੇਬਲ ਹਸਪਤਾਲ, ਧੂਰੀ ਪਿੰਡ ਰੋਡ, ਧੂਰੀ ਵਿੱਚ 31 ਅਗਸਤ ਨੂੰ ਸਵੇਰੇ 10:00 ਵਜੇ ਮੈਗਾ ਮੁਫ਼ਤ ਮੈਡੀਕਲ ਚੈਕਅੱਪ ਕੈਂਪ ਆਯੋਜਿਤ ਕੀਤਾ ਜਾ ਰਿਹਾ ਹੈ। ਇਸ ਸੰਬੰਧੀ ਤਿਆਰੀਆਂ ਦੀ ਸਮੀਖਿਆ ਕਰਨ ਲਈ ਚੇਅਰਮੈਨ ਜਗਸੀਰ ਸਿੰਘ ਜੱਗੀ ਢੀਂਡਸਾ ਅਤੇ ਉਪ ਚੇਅਰਮੈਨ ਰਾਜੇਸ਼ਵਰ ਚੌਧਰੀ ਦੀ ਅਗਵਾਈ ਹੇਠ ਇਕ ਮਹੱਤਵਪੂਰਨ ਮੀਟਿੰਗ ਹੋਈ, ਜਿਸ ਵਿੱਚ ਕੈਂਪ ਦੀ ਸਫ਼ਲਤਾ ਲਈ ਵੱਖ-ਵੱਖ ਡਿਊਟੀਆਂ ਸੌਂਪੀਆਂ ਗਈਆਂ।ਸੰਸਥਾ ਦੇ ਪ੍ਰਧਾਨ ਅਮਨ ਗਰਗ ਅਤੇ ਸਕੱਤਰ ਜਨਰਲ ਹੰਸ ਰਾਜ ਬਜਾਜ ਨੇ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਕੈਂਪ ਵਿੱਚ ਕਈ ਵਿਸ਼ੇਸ਼ ਡਾਕਟਰਾਂ ਦੀਆਂ ਟੀਮਾਂ ਆਪਣੀਆਂ ਮੁਫ਼ਤ ਸੇਵਾਵਾਂ ਦੇਣਗੀਆਂ। ਹੱਡੀਆਂ ਤੇ ਜੋੜਾਂ ਦੇ ਮਾਹਿਰ ਡਾ. ਅਕਾਸ਼ਦੀਪ ਸਿੰਘ, ਸਰਜਨ ਡਾ. ਰੁਪਿੰਦਰ ਗਰਗ, ਛਾਤੀ ਤੇ ਟੀ.ਬੀ. ਰੋਗਾਂ ਦੇ ਮਾਹਿਰ ਡਾ. ਏ. ਤਾਇਲ, ਅੱਖਾਂ ਦੇ ਮਾਹਿਰ ਡਾ. ਅਮਨਦੀਪ ਗਰਗ, ਮੈਡੀਸਨ ਵਿਭਾਗ ਤੋਂ ਡਾ. ਯਸ਼ਪਾਲ ਗੋਇਲ, ਔਰਤ ਰੋਗਾਂ ਦੀ ਮਾਹਰ ਡਾ. ਆਸਥਾ ਗਰਗ, ਦੰਦਾਂ ਦੀ ਮਾਹਰ ਡਾ. ਦੀਕਸ਼ਾ ਗਰਗ ਅਤੇ ਚਮੜੀ ਵਿਭਾਗ ਦੀ ਮਾਹਰ ਡਾ. ਮਨਪ੍ਰੀਤ ਕੌਰ ਆਪਣੀ ਟੀਮਾਂ ਸਮੇਤ ਹਾਜ਼ਰ ਰਹਿਣਗੀਆਂ। ਇਸ ਕੈਂਪ ਦਾ ਮੁੱਖ ਉਦੇਸ਼ ਲੋਕਾਂ ਨੂੰ ਮੁਫ਼ਤ ਚੈਕਅੱਪ, ਸਲਾਹ ਤੇ ਇਲਾਜ ਦੀ ਸਹੂਲਤ ਮੁਹੱਈਆ ਕਰਵਾਉਣਾ ਹੈ, ਤਾਂ ਜੋ ਵੱਖ-ਵੱਖ ਬਿਮਾਰੀਆਂ ਦੀ ਸ਼ੁਰੂਆਤੀ ਪੱਧਰ ਤੇ ਪਛਾਣ ਹੋ ਸਕੇ ਅਤੇ ਉਨ੍ਹਾਂ ਦਾ ਸਹੀ ਇਲਾਜ ਕੀਤਾ ਜਾ ਸਕੇ।ਉਨ੍ਹਾਂ ਅੱਗੇ ਦੱਸਿਆ ਕਿ ਇਸ ਮੈਡੀਕਲ ਕੈਂਪ ਵਿੱਚ ਪੰਜਾਬ ਦੇ ਮੁੱਖ ਮੰਤਰੀ ਦੇ ਓ.ਐਸ.ਡੀ. ਸੁਖਵੀਰ ਸਿੰਘ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਨਗੇ। ਕੈਂਪ ਦੀਆਂ ਤਿਆਰੀਆਂ ਵਿੱਚ ਐਡਵੋਕੇਟ ਮਨਿੰਦਰ ਸਿੰਘ ਢੀਂਡਸਾ, ਮੀਡੀਆ ਸਕੱਤਰ ਮਨੋਹਰ ਸਿੰਘ ਸੱਗੂ, ਸੁਰਿੰਦਰਪਾਲ ਸਿੰਘ ਨੀਟਾ, ਸੰਜੀਵ ਗਰਗ, ਮੋਹਿਤ ਜਿੰਦਲ ਆਦਿ ਵੀ ਹਾਜ਼ਰ ਰਹੇ।ਚੇਅਰਮੈਨ ਜੱਗੀ ਢੀਂਡਸਾ ਅਤੇ ਉਪ ਚੇਅਰਮੈਨ ਰਾਜੇਸ਼ਵਰ ਚੌਧਰੀ ਨੇ ਕਿਹਾ ਕਿ ਇਸ ਤਰ੍ਹਾਂ ਦੇ ਕੈਂਪ ਲੋਕਾਂ ਲਈ ਬਹੁਤ ਲਾਭਕਾਰੀ ਸਾਬਤ ਹੁੰਦੇ ਹਨ। ਕਿਉਂਕਿ ਲੋੜਵੰਦ ਲੋਕ ਮਹਿੰਗੇ ਇਲਾਜ ਲਈ ਹਸਪਤਾਲਾਂ ਤੱਕ ਨਹੀਂ ਪਹੁੰਚ ਸਕਦੇ। ਇਸ ਲਈ ਮੁਫ਼ਤ ਕੈਂਪਾਂ ਰਾਹੀਂ ਉਨ੍ਹਾਂ ਨੂੰ ਮਾਹਿਰ ਡਾਕਟਰਾਂ ਦੀ ਸਲਾਹ ਅਤੇ ਇਲਾਜ ਮਿਲਣਾ ਵੱਡੀ ਸੇਵਾ ਹੈ।

# ਲੜਕੀ ਨੂੰ ਘੇਰ ਕੇ ਲੁੱਟ ਖੋਹ ਕਰਨ ਵਾਲੇ ਦੋ ਗ੍ਰਿਫ਼ਤਾਰ

ਧਨੌਲਾ,28 ਅਗਸਤ (ਚਮਕੌਰ ਸਿੰਘ ਗੱਗੀ)- ਥਾਣਾ ਧਨੌਲਾ ਦੀ ਪੁਲਿਸ ਪਾਰਟੀ ਨੂੰ ਉਸ ਸਮੇਂ ਵੱਡੀ ਸਫਲਤਾ ਮਿਲੀ ਜਦੋਂ ਰਸਤੇ ਵਿੱਚ ਘੇਰ ਕੇ ਲੁੱਟਣ ਖੋਹਾਂ ਚੋਰੀਆਂ ਕਰਨ ਵਾਲੇ ਦੋ ਵਿਆਕਤੀ ਪੁਲਿਸ ਨੇ ਚੋਰੀ ਦੇ ਸਮਾਨ ਸਮੇਤ ਗਿਰਫ਼ਤਾਰ ਕੀਤਾ, ਇਸ ਸਬੰਧੀ ਮੁੱਖ ਅਫਸਰ ਥਾਣਾ ਧਨੌਲਾ ਇੰਸਪੇਕਟਰ ਲਖਬੀਰ ਸਿੰਘ ਨੇ ਕਿਹਾ ਕਿ ਬੀਤੇ ਦਿਨੀਂ ਇੱਕ ਲੜਕੀ ਪ੍ਰਬਜੋਤ ਕੌਰ ਪੁੱਤਰੀ ਸਤਨਾਮ ਸਿੰਘ ਵਾਸੀ ਰਾਜਗੜ੍ਹ ਜੋਂ ਸਕੂਟਰੀ ਤੇ ਸਵਾਰ ਹੋ ਕੇ ਪਿੰਡ ਫਰਵਾਹੀ ਦੇ ਬੈਂਕ ਵਿੱਚ ਗਈ ਸੀ , ਪਰ ਬੈਂਕ ਬੰਦ ਹੋਣ ਕਾਰਨ ਜਦੋਂ ਉਹ ਵਾਪਿਸ ਆਪਣੇ ਪਿੰਡ ਰਾਜਗੜ੍ਹ ਜਾ ਰਹੀ ਸੀ ਤਾਂ, ਦੋ ਸਕੂਟਰੀ ਸਵਾਰ ਵਿਅਕਤੀਆਂ ਨੇ ਇੱਕ ਦਮ ਮੇਰੀ ਸਕੂਟਰੀ ਬਰਾਬਰ ਆਪਣ ਸਕੂਟਰੀ ਲਗਾ ਕੇ ਮੈਨੂੰ ਰੋਕ ਲਿਆ ਅਤੇ ਮੇਰੇ ਸੱਜੇ ਮੋਢੇ ਵਿੱਚ ਪਾਇਆ ਮੇਰਾ ਲੇਡੀਜ ਪਰਸ ਝਪਟ ਮਾਰ ਕੇ ਮੇਰੇ ਪਾਸੋ ਖੋਹ ਲਿਆ। ਜਦ ਮੈਂ ਆਪਣਾ ਫੋਨ ਕੱਢ ਕੇ ਫੋਨ ਕਰਨ ਲੱਗੀ ਤਾਂ ਦੋਵੇ ਜਾਣੇ ਮੇਰੇ ਨਾਲ ਹੱਥੋਂ ਪਾਈ ਕਰਕੇ ਮੇਰੇ ਕੋਲੋ ਮੇਰਾ ਫੋਨ ਖੋਹਣ ਦੀ ਕੋਸਿਸ ਕਰਨ ਲੱਗੇ ਤਾਂ ਮੈਂ ਰੋਲਾ ਪਾ ਦਿੱਤਾ। ਮੇਰੇ ਰੌਲਾ ਪਾਉਣ ਤੇ ਦੋਵੇ ਨਾਮਲੂਮ ਨੌਜਵਾਨ ਵਿਅਕਤੀ ਮੌਕਾ ਤੋਂ ਮੇਰਾ ਖੋਹ ਕੀਤਾ ਲੇਡੀਜ ਪਰਸ ਸਮੇਤ ਆਪਣੀ ਬਿਨਾਂ ਨੰਬਰੀ ਸਕੂਟਰੀ ਪਰ ਸਵਾਰ ਹੋ ਕੇ ਵਾਪਸ ਪਿੰਡ ਫਰਵਾਹੀ ਸਾਇਡ ਭੱਜ ਗਏ। ਮੇਰੇ ਪਰਸ ਵਿੱਚ ਮੇਰਾ ਆਧਾਰ ਕਾਰਡ ਨੰਬਰ 7019 6895 3223 ਅਤੇ ਕਰੀਬ 03 ਹਜਾਰ ਰੁਪਏ ਸਨ। ਮੈਂ ਦੋਵੇ ਨਾਮਲੂਮ ਨੌਜਵਾਨ ਵਿਅਕਤੀਆ ਨੂੰ ਸਾਹਮਣੇ ਆਉਣ ਤੇ ਪਹਿਚਾਣ ਸਕਦੀ ਹਾਂ। ਜਿਸ ਸਬੰਧੀ ਪੜਤਾਲ ਲਈ ਸਹਾਇਕ ਥਾਣੇਦਾਰ ਬਲਵਿੰਦਰ ਕੁਮਾਰ ਨੇ ਆਪਣੇ ਸਮੇਤ ਪੁਲਿਸ ਪਾਰਟੀ ਚੋਰਾਂ ਦੀ ਪੈੜ ਨੱਪਣੀ ਸ਼ੁਰੂ ਕਰ ਦਿੱਤੀ, ਅਤੇ ਸੀ ਸੀ ਟੀਵੀ ਕੈਮਰਿਆਂ ਦੀ ਮੱਦਦ ਨਾਲ ਲੁੱਟਖੋਹ ਕਰਨ ਵਾਲੇ ਵਿਅਕਤੀਆਂ ਨੂੰ ਗਿਰਫ਼ਤਾਰ ਕਰ ਲਿਆ, ਜਿਨਾਂ ਦੀ ਪਹਿਚਾਣ ਸੋਨੀ ਸਿੰਘ ਪੁੱਤਰ ਜੁਗਿੰਦਰ ਸਿੰਘ, ਵਾਸੀ ਹੰਡਾਇਆ, ਨਿਰਮਲ ਸਿੰਘ ਪੁੱਤਰ ਸੁਖਦੇਵ ਸਿੰਘ ਵਾਸੀ ਫਰਵਾਹੀ ਵਜੋਂ ਹੋਈ ਹੈ, ਜਿਨਾਂ ਖਿਲਾਫ ਮੁਕਦਮਾ ਨੰਬਰ 123 ਅ/ਧ 304,3(5) ਦੀ ਬੀ ਐਨ ਐਸ ਦਰਜ ਰਜਿਸਟਰ ਕਰਕੇ ਬਿਨਾ ਨੰਬਰ ਪਲੇਟ ਸਕੂਟਰੀ ਦੀ ਪੜਤਾਲ ਕੀਤੀ ਜਾ ਰਹੀ ਹੈ ਵੀ ਤੱਥ ਸਾਹਮਣੇ ਆਏ ਉਸ ਸਮੇਤ ਕਾਰਵਾਈ ਕੀਤੀ ਜਾਵੇਗੀ। ਇਸ ਮੌਕੇ ਮੁੱਖ ਮੁਨਸ਼ੀ ਪਰਮਦੀਪ ਸਿੰਘ, ਸੀਨੀਅਰ ਸਿਪਾਹੀ ਰੇਸ਼ਮ ਸਿੰਘ, ਸਿਪਾਹੀ ਗੁਰਦੀਪ ਸਿੰਘ ਸਿਪਾਹੀ ਪ੍ਰਗਟ ਸਿੰਘ, ਹਾਜਰ ਸਨ।

# ਵਾਈ.ਐਸ. ਸਕਾਲਰਾਂ ਨੇ ਜ਼ੋਨਲ ਟੂਰਨਾਮੈਂਟ ਜਿੱਤਿਆ



ਬਰਨਾਲਾ, 28 ਅਗਸਤ (ਅਮਨਦੀਪ ਸਿੰਘ): ਜ਼ੋਨਲ ਸ਼ਤਰੰਜ ਟੂਰਨਾਮੈਂਟ ਵਾਈ.ਐਸ. ਸਕੂਲ ਲਈ ਇੱਕ ਜਿੱਤ ਸਾਬਤ ਹੋਇਆ , ਕਿਉਂਕਿ ਸਾਡੇ ਨੌਜਵਾਨ ਖਿਡਾਰੀਆਂ ਨੇ ਆਪਣੀਆਂ ਸ਼ਾਨਦਾਰ ਚਾਲਾਂ ਨਾਲ ਇਤਿਹਾਸ ਰਚਿਆ। ਅੰਡਰ-14 ਸਿਤਾਰੇ - ਆਪਣੀ ਤੇਜ਼ ਬੁੱਧੀ ਅਤੇ ਨਿਡਰ ਰਣਨੀਤੀਆਂ ਨਾਲ, ਸਾਡੇ 4 ਸਕਾਲਰਾਂ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ, ਇਹ ਸਾਬਤ ਕਰਦੇ ਹੋਏ ਕਿ ਉਮਰ ਪ੍ਰਤਿਭਾ ਲਈ ਕੋਈ ਰੁਕਾਵਟ ਨਹੀਂ ਹੈ। ਅੰਡਰ-17 ਵਾਰੀਅਰਜ਼ - ਬਹੁਤ ਪਿੱਛੇ ਨਹੀਂ, ਸੀਨੀਅਰ ਵਰਗ ਵਿੱਚ 2 ਚੈਂਪੀਅਨਾਂ ਨੇ ਵੀ ਸ਼ਾਨਦਾਰ ਪ੍ਰਦਰਸ਼ਨ ਕੀਤਾ। ਉਨ੍ਹਾਂ ਦੇ ਦ੍ਰਿੜ ਇਰਾਦੇ, ਅਨੁਸ਼ਾਸਨ ਅਤੇ ਇਕਾਗਰਤਾ ਨੇ ਹੁਣ ਉਨ੍ਹਾਂ ਲਈ ਜ਼ਿਲ੍ਹਾ ਪੱਧਰੀ ਟੂਰਨਾਮੈਂਟ ਲਈ ਦਰਵਾਜ਼ੇ ਖੋਲ੍ਹ ਦਿੱਤੇ ਹਨ, ਜਿੱਥੇ ਉਹ ਮਾਣ ਨਾਲ ਆਪਣੇ ਸਕੂਲਾਂ ਦੀ ਨੁਮਾਇੰਦਗੀ ਕਰਨਗੇ ਅਤੇ ਬਹੁਤ ਸਾਰੇ ਹੋਰਾਂ ਨੂੰ ਪ੍ਰੇਰਿਤ ਕਰਨਗੇ। ਜ਼ਿਲ੍ਹੇ ਲਈ ਚੁਣੇ ਗਏ ਖਿਡਾਰੀ:ਅੰਡਰ-14 ਲੜਕੇ: ਮਾਧਵ ਸਿੰਗਲਾ, ਵਿਹਾਨ, ਸ਼ਿਵਾਂਗ, ਪ੍ਰਥਮ, ਗੋਪੇਸ਼ ਗੋਇਲਅੰਡਰ-17 ਲੜਕੇ: ਅਰੋਹਣ ਗਰਗ, ਜਪਮਨਵੀਰ ਸਿੰਘ, ਸਮਾਰਟ ਗੋਇਲ, ਵਿਨਾਇਕ ਬਾਂਸਲ, ਵਰਿੰਦਰ ਸਿੰਘ ਚੀਮਾਸ਼ਤਰੰਜ ਬੋਰਡ 'ਤੇ ਹਰ ਸੋਚ-ਸਮਝ ਕੇ ਕੀਤੀ ਗਈ ਹਰਕਤ ਤੋਂ ਲੈ ਕੇ ਉਨ੍ਹਾਂ ਦੇ ਦਿਲਾਂ ਵਿੱਚ ਹਰ ਸੁਪਨੇ ਤੱਕ, ਸਾਡੇ ਚੈਂਪੀਅਨ ਸਾਨੂੰ ਯਾਦ ਦਿਵਾਉਂਦੇ ਹਨ: ਸਫਲਤਾ ਕਿਸਮਤ ਨਹੀਂ ਹੈ, ਇਹ ਰਣਨੀਤੀ ਹੈ।

# ਗਣਪਤੀ ਉਤਸਵ ਨੂੰ ਲੈ ਕੇ ਸਜਾਈ ਗਈ ਕਲਸ਼ ਯਾਤਰਾ



ਬਰਨਾਲਾ, 28 ਅਗਸਤ (ਸੁਖਵਿੰਦਰ ਸਿੰਘ ਭੰਡਾਰੀ): ਪ੍ਰਾਚੀਨ ਸ਼ਿਵ ਮੰਦਰ ਰੇਲਵੇ ਸਟੇਸ਼ਨ ਬਰਨਾਲਾ ਵਿਖੇ ਸਿੱਧੀਵਿਨਾਇਕ ਸੇਵਾ ਸੋਸਾਇਟੀ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ 13 ਗਣਪਤੀ ਮਹਾਂਉਤਸਵ ਮਨਾਇਆ ਜਾ ਰਿਹਾ ਹੈ, ਜੋ ਅੱਜ ਤੋਂ ਸ਼ੁਰੂ ਹੋ ਕੇ 6 ਸਤੰਬਰ ਤੱਕ ਮਨਾਇਆ ਜਾਣਾ ਹੈ। ਇਸ ਮੌਕੇ ਸਿੱਧੀਵਿਨਾਇਕ ਸੇਵਾ ਸੋਸਾਇਟੀ ਵੱਲੋਂ ਇੱਕ ਵਿਸ਼ਾਲ ਕਲਸ਼ ਯਾਤਰਾ ਦਾ ਆਯੋਜਨ ਕੀਤਾ ਗਿਆ, ਜਿਸ ਨੂੰ ਮੋਬਾਈਲ ਵਿਕ੍ਰੇਤਾ ਯੂਨੀਅਨ ਦੇ ਪ੍ਰਧਾਨ ਅਤੇ ਜਰਨਲਿਸਟ ਅਰਿਹੰਤ ਰਾਏ ਗਰਗ ਵੱਲੋਂ ਝੰਡੀ ਦੇ ਕੇ ਰਵਾਨਾ ਕੀਤਾ ਗਿਆ। ਇਹ ਕਲਸ਼ ਯਾਤਰਾ ਸ਼ਹਿਰ ਦੇ ਮੇਨ ਬਾਜ਼ਾਰਾਂ ਵਿੱਚ ਦੀ ਹੁੰਦੀ ਹੋਈ ਪ੍ਰਾਚੀਨ ਸ਼ਿਵ ਮੰਦਰ ਵਿਖੇ ਵਾਪਸ ਆ ਕੇ ਸਮਾਪਤ ਹੋਈ। ਇਸ ਮੌਕੇ ਸਿੱਧੀਵਿਨਾਇਕ ਸੇਵਾ ਸੋਸਾਇਟੀ ਦੇ ਰਵੀ ਬਾਂਸਲ ਨੇ ਦੱਸਿਆ ਕਿ ਸਾਡੇ ਵੱਲੋਂ ਇਸ ਵਾਰ 13ਵਾਂ ਗਣਪਤੀ ਮਹੋਤਸਵ ਮਨਾਇਆ ਜਾ ਰਿਹਾ ਹੈ, ਜਿਸ ਨੂੰ ਲੈ ਕੇ ਬਰਨਾਲਾ ਦੇ ਮੋੜਾਂ ਵਾਲੀ ਕੁਟੀਆ ਤੋਂ ਪ੍ਰਾਚੀਨ ਸ਼ਿਵ ਮੰਦਿਰ ਵਿਖੇ ਇੱਕ ਸ਼ੋਭਾ ਅਤੇ ਕਲਸ਼ ਯਾਤਰਾ ਦਾ ਆਯੋਜਨ ਕੀਤਾ ਗਿਆ। ਇਹ ਮਹਾਂਉਤਸਵ ਪੂਰੇ ਦਸ ਦਿਨ ਚੱਲੇਗਾ ਅਤੇ 6 ਸਤੰਬਰ ਨੂੰ ਗਣਪਤੀ ਵਿਸਰਜਨ ਕੀਤਾ ਜਾਵੇਗਾ। ਸ਼੍ਰੀ ਗਣਪਤੀ ਮਹੋਤਸਵ ਵਿੱਚ ਹਰ ਰੋਜ਼ ਸ਼ਾਮ 7 ਵਜੇ ਤੋਂ ਲੈ ਕੇ ਪ੍ਰਭੂ ਇੱਛਾ ਤੱਕ ਕੀਰਤਨ ਕਰਵਾਇਆ ਜਾਵੇਗਾ। ਜਿਸ ਦੌਰਾਨ ਹਰ ਰੋਜ਼ ਅਲੱਗ ਅਲੱਗ ਸੰਗੀਤ ਕਲਾਕਾਰ ਆਪਣੀ ਮਧੁਰਬਾਣੀ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ। ਇਸ ਮੌਕੇ ਜਾਣਕਾਰੀ ਦਿੰਦਿਆਂ ਸੰਸਥਾ ਦੇ ਪ੍ਰਧਾਨ ਰਵੀ ਬਾਂਸਲ ਨੇ ਦੱਸਿਆ ਕਿ ਇਹ ਪ੍ਰੋਗਰਾਮ ਮਾਤਾ ਚਿੰਤਪੁਰਨੀ ਮੰਦਰ (ਬੱਬਰਾਂ ਵਾਲੇ ਕੋਠੇ) ਦੇ ਆਸ਼ੀਰਵਾਦ ਨਾਲ ਅਤੇ ਸੰਸਾਰੀ ਸਟਾਈਲ ਦੇ ਐਮ ਡੀ ਸਵਿੰਦਰ ਬੰਸਲ ਅਤੇ ਹੇਮੰਤ ਬਾਂਸਲ ਸਮੇਤ ਬਰਨਾਲਾ ਵਾਸੀਆਂ ਦੇ ਸਹਿਯੋਗ ਨਾਲ ਕਰਵਾਇਆ ਜਾਂਦਾ ਹੈ। ਉਨ੍ਹਾਂ ਵੱਲੋਂ ਸਾਰੇ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਗਈ ਕਿ ਇਸ ਗਣਪਤੀ ਮਹੋਤਸਵ ਵਿੱਚ ਕੋਈ ਵੀ ਸ਼ਹਿਰ ਵਾਸੀ ਯਜਮਾਨ ਬਣਨਾ ਚਾਹੁੰਦਾ ਹੈ ਤਾਂ ਸਾਡੇ ਗਰੁੱਪ ਦੇ ਕਿਸੇ ਵੀ ਮੈਂਬਰ ਨਾਲ ਸੰਪਰਕ ਕਰ ਸਕਦਾ ਹੈ। ਇਸ ਮੌਕੇ ਸਿੱਧੀ ਵਿਨਾਇਕ ਸੇਵਾ ਸੋਸਾਇਟੀ ਦੇ ਆਗੂ ਰਵੀ ਬਾਂਸਲ,ਦਿਨੇਸ਼ ਬਾਂਸਲ,ਨਰਿੰਦਰ ਸਿੰਗਲਾ, ਗਗਨ ਗਰਗ, ਭਾਰਤ ਭੂਸ਼ਣ,ਵਿਜੇ ਗਰਗ ਅਤੇ ਉਮੰਗ ਮਿੱਤਲ, ਸੰਸਾਰੀ ਸਟਾਈਲ ਦੇ ਐਮ ਡੀ ਸੁਵਿੰਦਰ ਬੰਸਲ, ਹੇਮੰਤ ਬੰਸਲ ਸਮੇਤ ਵੱਡੀ ਗਿਣਤੀ ਦੇ ਵਿੱਚ ਸ਼ਰਧਾਲੂ ਮਹਿਲਾਵਾਂ ਹਾਜ਼ਰ ਸਨ।

# ਮਕਾਨ ਦੀ ਛੱਤ ਡਿੱਗਣ ਕਾਰਨ ਹਜ਼ਾਰਾਂ ਰੁਪਏ ਦਾ ਨੁਕਸਾਨ



ਤਪਾ ਮੰਡੀ, 28 ਅਗਸਤ (ਭੂਸ਼ਨ ਘੜੈਲਾ):ਸਥਾਨਕ ਆਵਾ ਬਸਤੀ 'ਚ ਇੱਕ ਮਜਦੂਰ ਪਰਿਵਾਰ ਦੇ ਮਕਾਨ ਦੀ ਛੱਤ ਡਿੱਗਣ ਕਾਰਨ ਹਜਾਰਾਂ ਰੁਪਏ ਦਾ ਘਰੇਲੂ ਸਮਾਨ ਮੀਂਹ ਦੇ ਪਾਣੀ ਅਤੇ ਮਲਬੇ ਹੇਠਾਂ ਆਉਣ ਕਾਰਨ ਹਜਾਰਾਂ ਰੁਪਏ ਦਾ ਨੁਕਸਾਨ ਹੋ ਗਿਆ। ਇਸ ਸਬੰਧੀ ਮਕਾਨ ਮਾਲਕ ਵੀਰੂ ਸਿੰਘ ਪੁੱਤਰ ਬੂਟਾ ਸਿੰਘ ਵਾਸੀ ਤਪਾ ਨੇ ਦੱਸਿਆ ਕਿ ਲਗਾਤਾਰ 30 ਘੰਟੇ ਪਈ ਵਾਰਿਸ਼ 'ਚ ਉਸ ਦੇ ਘਰ ਦੀ ਛੱਤ ਡਿੱਗਣ ਕਾਰਨ ਘਰੇਲੂ ਸਮਾਨ ਮਲਬੇ ਹੇਠਾਂ ਦੱਬਿਆ ਗਿਆ ਅਤੇ ਅਸ਼ਮਾਨ 'ਚੋਂ ਵਰ੍ਹਦਾ ਸਾਰਾ ਮੀਂਹ ਦਾ ਪਾਣੀ ਘਰ 'ਚ ਦਾਖਲ ਹੋਣ ਕਾਰਨ ਤਬਾਹ ਹੋ ਗਿਆ। ਇਸ ਕੁਦਰਤੀ ਆਫਤ 'ਚ ਉਸ ਦਾ ਘਰੇਲੂ ਸਮਾਨ ਤੋਂ ਇਲਾਵਾ ਬੈਂਡ,ਫਰਿੱਜ,ਮੇਜ ਕੁਰਸੀਆਂ,ਕੱਪੜੇ ਆਦਿ ਮਲਬੇ ਹੇਠਾਂ ਦੱਬਣ ਕਾਰਨ ਨੁਕਸਾਨਿਆ ਗਿਆ ਜਿਸ 'ਚ ਉਸ ਦਾ ਲੱਖ ਰੁਪਏ ਦੇ ਕਰੀਬ ਨੁਕਸਾਨ ਹੋ ਗਿਆ। ਜਦ ਅੱਜ ਇਸ ਗਰੀਬ ਪਰਿਵਾਰ ਦੀ ਛੱਤ ਡਿੱਗਣ ਦਾ ਮਜਦੂਰ ਮੁਕਤੀ ਮੋਰਚਾ ਦੇ ਜ਼ਿਲ੍ਹਾ ਆਗੂ ਨਾਨਕ ਸਿੰਘ,ਲਖਵੀਰ ਸਿੰਘ,ਕਾਲਾ ਸਿੰਘ,ਜਗਸੀਰ ਸਿੰਘ,ਮਨਪ੍ਰੀਤ ਸਿੰਘ ਆਦਿ ਨੂੰ ਪਤਾ ਲੱਗਾ ਤਾਂ ਉਨ੍ਹਾਂ ਗਰੀਬ ਪਰਿਵਾਰ ਦੇ ਘਰ ਪਹੁੰਚਕੇ ਸਰਕਾਰ ਖਿਲਾਫ ਰੋਸ਼ ਪ੍ਰਗਟ ਕਰਦਿਆਂ ਮੰਗ ਕੀਤੀ ਕਿ ਇਸ ਗਰੀਬ ਪਰਿਵਾਰ ਦੇ ਮਕਾਨ ਡਿੱਗਣ ਕਾਰਨ ਹੋਏ ਨੁਕਸਾਨ ਦੀ ਗਿਰਦਾਵਰੀ ਕਰਵਾਕੇ ਮੁਆਵਜਾ ਦਿੱਤਾ ਜਾਵੇ।

# ਅੱਖਾਂ ਦਾ ਮੁਫਤ ਚੈੱਕ ਅੱਪ ਅਤੇ ਹੋਮਿਓਪੈਥਿਕ ਡਾਕਟਰੀ ਜਾਂਚ ਕੈਂਪ 31 ਨੂੰ



ਕੌਹਰੀਆਂ, 28 ਅਗਸਤ ( ਅਵਤਾਰ ਸਿੰਘ ਜਟਾਣਾ ): ਇੱਥੋਂ ਦੇ ਨੇੜਲੇ ਪਿੰਡ ਸ਼ਾਦੀਹਰੀ ਵਿਖੇ ਆਨੰਦ ਮਾਰਗ ਯੂਨੀਵਰਸਲ ਰੀਲੀਫ ਟੀਮ ਐਜੂਕੇਸ਼ਨ ਰੀਲੀਫ ਐਂਡ ਵੈਲਫੇਅਰ ਸੋਸਾਇਟੀ ਪਟਿਆਲਾ ਦੇ ਸਹਿਯੋਗ ਦੇ ਨਾਲ ਸਵ: ਸੋਹਣ ਲਾਲ ਅਤੇ ਸਵ: ਸੰਦੀਪ ਕੁਮਾਰ ਦੀ ਯਾਦ ਵਿੱਚ ਮੁਫਤ ਅੱਖਾਂ ਦਾ ਚੈੱਕ ਅਤੇ ਹੋਮਿਓਪੈਥਿਕ ਮੈਡੀਕਲ ਕੈਂਪ 31ਅਗਸਤ ਐਤਵਾਰ ਨੂੰ ਸਮਾਂ 10 ਵਜੇ ਸਵੇਰੇ ਤੋਂ ਦੁਪਹਿਰ 2 ਵਜੇ ਤੱਕ ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਸ਼ਾਦੀਹਰੀ ਵਿਖੇ ਲਗਾਇਆ ਜਾ ਰਿਹਾ ਹੈ ਜਿਸ ਦੀ ਜਾਣਕਾਰੀ ਦਿੰਦਿਆਂ ਆਸ਼ਟ ਜਿਊਲਰਜ਼ ਮਨਦੀਪ ਕੁਮਾਰ ਨੇ ਦੱਸਿਆ ਕਿ ਮੇਰੇ ਪਿਤਾ ਸਵ: ਸੋਹਣ ਲਾਲ ਅਤੇ ਮੇਰੇ ਵੱਡੇ ਭਰਾ ਸਵ: ਸੰਦੀਪ ਕੁਮਾਰ ਦੀ ਯਾਦ ਵਿੱਚ ਮੁਫਤ ਅੱਖਾਂ ਦਾ ਚੈੱਕ ਅਪ ਅਤੇ ਹੋਮਿਓਪੈਥਿਕ ਮੈਡੀਕਲ ਕੈਂਪ ਲਗਵਾਇਆ ਜਾ ਰਿਹਾ ਹੈ । ਜਿਸ ਦਾ ਉਦਘਾਟਨ ਜਗਸੀਰ ਸਿੰਘ ਜੱਗਾ ਸਰਪੰਚ ਅਤੇ ਸਮੂਹ ਪੰਚਾਇਤ ਆਪਣੇ ਕਰ ਕਮਲਾਂ ਨਾਲ ਕਰਨਗੇ ।ਇਸ ਕੈਂਪ ਦੌਰਾਨ ਮਾਹਿਰ ਡਾਕਟਰ ਜੇ.ਪੀ.ਐਸ ਅੱਖਾਂ ਦੇ ਮਾਹਿਰ ਸੋਢੀ ਸਿੰਘ ਪਟਿਆਲਾ, ਡਾਕਟਰ ਸੁਰਜੀਤ ਸਿੰਘ ਹੋਮਿਓਪੈਥਿਕ, ਡਾਕਟਰ ਮਨਨ ਵਰਮਾ ਮਰੀਜ਼ਾਂ ਦਾ ਚੈੱਕ ਅਪ ਕਰਨਗੇ । ਉਨ੍ਹਾਂ ਇਲਾਕਾ ਨਿਵਾਸੀਆਂ ਨੂੰ ਬੇਨਤੀ ਕੀਤੀ ਕਿ ਇਸ ਕੈਂਪ ਵਿੱਚ ਪਹੁੰਚ ਕੇ ਵੱਧ ਤੋਂ ਵੱਧ ਲਾਭ ਉਠਾਓ। ਇਸ ਕੈਂਪ ਦੌਰਾਨ ਮਰੀਜ਼ਾਂ ਨੂੰ ਮੁਫਤ ਦਵਾਈਆਂ ਦਿੱਤੀਆਂ ਜਾਣਗੀਆਂ।

# ਘੱਗਰ ਦਰਿਆ ਸਬੰਧੀ ਸਥਿਤੀ ਪੂਰੀ ਤਰ੍ਹਾਂ ਕਾਬੂ ਵਿੱਚ: ਚੀਮਾ

## ਦਰਿਆ ਵਿੱਚ ਪਾਣੀ ਦਾ ਪੱਧਰ 744.3 ਫੁੱਟ; 748 ਫੁੱਟ ਹੈ ਖ਼ਤਰੇ ਦਾ ਨਿਸ਼ਾਨ



ਸੰਗਰੂਰ, 28 ਅਗਸਤ(ਹਰਕੰਵਲ ਸਿੰਘ ਹੈਪੀ): ਪੰਜਾਬ ਦੇ ਵਿੱਤ ਮੰਤਰੀ, ਹਰਪਾਲ ਸਿੰਘ ਚੀਮਾ ਨੇ ਭਾਰੀ ਬਰਸਾਤ ਕਾਰਣ ਜ਼ਿਲ੍ਹਾ ਸੰਗਰੂਰ ਚ ਪੈਦਾ ਹੋਈ ਸਥਿਤੀ ਦੇ ਮੱਦੇਨਜ਼ਰ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਵੱਖੋ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੀਟਿੰਗ ਕਰਨ ਉਪਰੰਤ ਮੀਡੀਆ ਨਾਲ ਗੱਲਬਾਤ ਦੌਰਾਨ ਦੱਸਿਆ ਕਿ ਜ਼ਿਲ੍ਹੇ ਵਿੱਚ ਘੱਗਰ ਦਰਿਆ ਸਬੰਧੀ ਹਾਲਾਤ ਕਾਬੂ ਵਿੱਚ ਹਨ। ਉਹਨਾਂ ਕਿਹਾ ਕਿ ਇਸ ਵੇਲੇ ਘੱਗਰ ਵਿੱਚ ਪਾਣੀ ਦਾ ਪੱਧਰ 744.3 ਫੁੱਟ ਹੈ, ਜਦਕਿ ਖ਼ਤਰੇ ਦਾ ਨਿਸ਼ਾਨ 748 ਫੁੱਟ ਤੇ ਹੈ। ਰਾਹਤ ਵਾਲੀ ਗੱਲ ਇਹ ਹੈ ਕਿ ਘੱਗਰ ਵਿੱਚ ਆਉਣ ਵਾਲੇ ਪਾਣੀ ਦਾ ਵਹਾਅ ਪਿੱਛੇ ਘਟ ਗਿਆ ਹੈ ਤੇ ਅਗਲੇ 20 ਘੰਟਿਆਂ ਵਿੱਚ ਘੱਗਰ ਵਿਚਲੇ ਪਾਣੀ ਦਾ ਪੱਧਰ ਹੋਰ ਵੀ ਘਟੇਗਾ। ਇਸ ਲਈ ਲੋਕਾਂ ਨੂੰ ਬਿਲਕੁਲ ਵੀ ਘਬਰਾਉਣ ਦੀ ਲੋੜ ਨਹੀਂ ਹੈ।ਸ. ਚੀਮਾ ਨੇ ਦੱਸਿਆ ਕਿ ਸੰਗਰੂਰ ਜ਼ਿਲ੍ਹੇ ਦੇ ਪਿੰਡ ਸਤੌਜ, ਹਰਿਆਊ, ਡਸਕਾ ਤੇ ਸੰਗਤਪੁਰਾ, ਜਿਨ੍ਹਾਂ ਵਿੱਚ ਭਾਰੀ ਮੀਂਹ ਕਾਰਨ ਦਿੱਕਤਾਂ ਆਈਆਂ ਹਨ, ਉਹਨਾਂ ਥਾਵਾਂ ਉੱਤੇ ਜ਼ਿਲ੍ਹਾ ਪ੍ਰਸ਼ਾਸਨ ਦੀਆਂ ਟੀਮਾਂ ਸਰਗਰਮ ਹਨ। ਭਾਰੀ ਮੀਂਹ ਕਾਰਨ ਹੋਏ ਨੁਕਸਾਨ ਦਾ ਲੋਕਾਂ ਨੂੰ ਵਿਸ਼ੇਸ਼ ਗਿਰਦਾਵਰੀ ਦੇ ਆਧਾਰ ਉੱਤੇ ਢੁਕਵਾਂ ਮੁਆਵਜ਼ਾ ਦਿੱਤਾ ਜਾਵੇਗਾ ਤੇ ਇਹ ਸੱਭ ਡਿਪਟੀ ਕਮਿਸ਼ਨਰ ਦੀ ਅਗਵਾਈ ਵਿੱਚ ਕਾਰਵਾਇਆ ਜਾ ਰਿਹਾ ਹੈ। ਸ. ਚੀਮਾ ਨੇ ਦੱਸਿਆ ਕਿ ਇਸ ਕੁਦਰਤੀ ਆਫ਼ਤ ਕਾਰਨ ਜ਼ਿਲ੍ਹੇ ਵਿਚਲੀਆਂ ਡਰੇਨਾਂ ਤੇ ਸੂਇਆਂ ਵਿੱਚ ਪਏ 18 ਪਾੜਾਂ ਵਿੱਚੋਂ 12 ਨੂੰ ਬੰਦ ਕੀਤਾ ਜਾ ਚੁੱਕਿਆ ਹੈ ਤੇ ਬਾਕੀ ਦਾ ਕੰਮ ਜੰਗੀ ਪੱਧਰ ਉੱਤੇ ਜਾਰੀ ਹੈ।ਓਹਨਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਜਲ ਨਿਕਾਸੀ ਸਾਧਨਾਂ ਦੀ ਸਫ਼ਾਈ ਲਈ ਕਰੀਬ 03 ਕਰੋੜ 73 ਲੱਖ ਰੁਪਏ ਜਾਰੀ ਕੀਤੇ ਗਏ ਸਨ ਤੇ ਜੂਨ ਮਹੀਨੇ ਤਕ ਸਫਾਈ ਕਾਰਜ ਮੁਕੰਮਲ ਵੀ ਕਰ ਲਏ ਗਏ ਸਨ। ਪਰ ਪਹਾੜੀ ਰਾਜਾਂ ਵਿੱਚ ਹੋਈ ਬਹੁਤ ਜ਼ਿਆਦਾ ਬਰਸਾਤ ਤੇ ਸਥਾਨਕ ਪੱਧਰ ਉੱਤੇ ਹੋਈ ਭਾਰੀ ਬਰਸਾਤ ਕਾਰਨ ਬੂਟੀ ਮੈਦਾਨੀ ਇਲਾਕਿਆਂ ਦੇ ਨਿਕਾਸੀ ਸਾਧਨਾਂ ਵਿੱਚ ਆ ਫਸੀ, ਜਿਸ ਕਾਰਨ ਦਿੱਕਤ ਆਈ ਹੈ। ਇਸ ਮੌਕੇ ਹਲਕਾ ਵਿਧਾਇਕ ਸ਼੍ਰੀਮਤੀ ਨਰਿੰਦਰ ਕੌਰ ਭਰਾਜ, ਡਿਪਟੀ ਕਮਿਸ਼ਨਰ ਰਾਹੁਲ ਚਾਬਾ, ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਸੁਖਚੈਨ ਸਿੰਘ, ਕੈਬਨਿਟ ਮੰਤਰੀ ਦੇ ਓ.ਐਸ.ਡੀ. ਤਪਿੰਦਰ ਸਿੰਘ ਸੋਹੀ, ਐਸ.ਡੀ.ਐਮ ਸੰਗਰੂਰ ਚਰਨਜੋਤ ਸਿੰਘ ਵਾਲੀਆ, ਐਸ.ਡੀ.ਐਮ ਦਿੜ੍ਹਬਾ ਰਾਜੇਸ਼ ਸ਼ਰਮਾ ਸਮੇਤ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ।

# ਬਰਸਾਤ ਕਾਰਨ ਰਾਮਬਾਗ ਦੀ ਕੰਧ ਗਿਰੀ



ਲੌਂਗੋਵਾਲ, 28 ਅਗਸਤ( ਭਗਵੰਤ ਸ਼ਰਮਾ): ਪਿਛਲੇ ਦਿਨੀਂ ਕਈ ਦਿਨ ਤੋਂ ਹੋ ਰਹੀ ਬਰਸਾਤ ਕਾਰਨ ਲੌਂਗੋਵਾਲ ਰਾਮਬਾਗ ਵਿਖੇ ਪੰਜ-ਪੰਜ ਫੁੱਟ ਤੋਂ ਉੱਪਰ ਪਾਣੀ ਭਰ ਗਿਆ ਸੀ। ਜਿਸ ਕਾਰਨ ਉਸ ਦੀਆਂ ਆਲੇ ਦੁਆਲੇ ਦੀਆਂ ਕੰਧਾਂ ਅਤੇ ਹੋਰ ਮਾਲੀ ਨੁਕਸਾਨ ਬਹੁਤ ਹੋਇਆ, ਜਿਸ ਕਾਰਨ. ਪਾਰਕ ਦੀ ਕੰਧ 100 ਫੁੱਟ ਗਿਰ ਚੁੱਕੀ ਹੈ। ਉਹਦੇ ਨਾਲ ਬਣਿਆ ਨਾਲਾ ਵੀ ਬਿਨ੍ਹਾਂ ਸਪੋਰਟ ਹੋਣ ਕਾਰਨ ਗਿਰ ਗਿਆ, ਜਿਸ ਦਾ ਲਗਾਤਾਰ ਗੰਦਾ ਪਾਣੀ ਅਜੇ ਵੀ ਰਾਮਬਾਗ ਵਿੱਚ ਜਾ ਰਿਹਾ ਹੈ। ਨਗਰ ਕੌਂਸਲ ਦੇ ਈ ਓ ਜੀ ਨੂੰ ਬੇਨਤੀ ਕੀਤੀ ਕਿ ਸਾਨੂੰ ਕੋਈ ਪਾਣੀ ਕੱਢਣ ਲਈ ਸਾਧਨ ਦਿਓ ਉਹਨਾਂ ਨੇ ਟਰੈਕਟਰ ਅਤੇ ਜੋ ਵੀ ਸਮਾਨ ਇੰਜਨ ਵਗੈਰਾ ਸੀ ਉਹ ਪਵਾ ਕੇ ਭੇਜ ਦਿੱਤਾ ਰਾਮ ਬਾਗ ਵਿਖੇ ਲੇਬਰ ਦਿਹਾੜੀਏ ਬੁਲਾ ਰੱਖੇ ਸੀ ਪਰੰਤੂ ਜਦੋਂ ਹੀ ਟਰੈਕਟਰ ਸਮਾਨ ਲੈ ਕੇ ਰਾਮਬਾਗ ਦੇ ਲਵੇ ਪਹੁੰਚਿਆ ਤਾਂ ਤੁਰੰਤ ਹੀ ਕੋਈ ਫੋਨ ਉਸ ਡਰਾਈਵਰ ਨੂੰ ਆਇਆ ਇੰਜਣ ਨੂੰ ਵਾਪਸ ਲਿਜਾ ਕੇ ਕਿਤੇ ਹੋਰ ਫਿੱਟ ਕਰ ਦਿੱਤਾ। ਇਹ ਰਾਮਬਾਗ ਇਕੱਲੇ ਇੱਕ ਧਿਰ ਦਾ ਨਹੀਂ ਹੈ ਇਹ ਸਮੂਹ ਸਮਾਜ ਲਈ ਸਮੂਹ ਜਾਤੀਆਂ ਲਈ ਸਾਰਿਆਂ ਲਈ ਸਾਂਝਾ ਹੈ ਜਿੱਥੇ ਕਦੇ ਵੀ ਕੋਈ ਅਣਸਖਾਵੀਂ ਘਟਨਾ ਹੋ ਜਾਵੇ ਤਾਂ ਦਾ ਸੰਸਕਾਰ ਕਰਨ ਲਈ ਅੱਜ ਵੀ ਸਾਡੇ ਕੋਲ ਕੋਈ ਹੋਰ ਥਾਂ ਨਹੀਂ, ਕਿਉਂਕਿ ਅਜੇ ਵੀ ਉਥੇ ਚਾਰ ਚਾਰ ਫੁੱਟ ਪਾਣੀ ਮੌਜੂਦ ਹੈ ਪਿਛਲੇ ਦਿਨੀਂ ਭਾਈ ਗੋਬਿੰਦ ਸਿੰਘ ਲੌਂਗੋਵਾਲ ਸਾਬਕਾ ਪ੍ਰਧਾਨ ਐਸ ਜੀ ਪੀ ਸੀ ਪ੍ਰਧਾਨ ਦੀ ਬੇਟੀ ਦੀ ਮੌਤ ਦਾ ਸੰਸਕਾਰ ਵੀ ਅਤੇ ਉਸਦੇ ਜੋ ਅੰਗੀਠਾ ਸਾਹਿਬ ਸੰਭਾਲਣ ਦੀ ਰਸਮ ਸੀ ਬੜੀ ਦਿੱਕਤ ਆਈ ਅਸੀ ਪ੍ਰਸ਼ਾਸਨ ਤੋਂ ਮੰਗ ਕਰਦਿਆਂ ਕਿ ਨਗਰ ਲੌਂਗੋਵਾਲ ਲਈ ਗਰਾਂਟਾਂ ਤਾਂ ਬਹੁਤ ਦਿੱਤੀਆਂ ਹਨ ਪਰੰਤੂ ਸਾਡੇ ਰਾਮਬਾਗ ਨੂੰ ਇਸ ਜਗ੍ਹਾ ਨੂੰ ਕਿਉਂ ਅੱਖੋਂ ਪਰੋਖੇ ਕੀਤਾ ਗਿਆ ਸਮੂਹ ਨਗਰ ਨਿਵਾਸੀਆਂ ਨੇ ਪੰਜਾਬ ਸਰਕਾਰ ਅੱਗੇ ਆਪਣੀ ਗੁਹਾਰ ਲਗਾਈ ਹੈ ਕਿ 50 ਲੱਖ ਗਰਾਂਟ ਫੌਰੀ ਦਿੱਤੀ ਜਾਵੇ ।

# ਕਲੇਰ ਸਕੂਲ ਦੇ ਤਿੰਨ ਵਿਦਿਆਰਥੀਆਂ ਦੀ ਪੰਜਾਬ ਕ੍ਰਿਕਟ ਐਸੋਸੀਏਸ਼ਨ ਵੱਲੋਂ ਚੋਣ



ਭਗਤਾ ਭਾਈ ਕਾ, 28 ਅਗਸਤ (ਸਵਰਨ ਸਿੰਘ ਭਗਤਾ):ਮਾਤਾ ਬਲਜਿੰਦਰ ਕੌਰ ਮੈਮੋਰੀਅਲ ਕਲੇਰ ਇੰਟਰਨੈਸ਼ਨਲ ਪਬਲਿਕ ਸਕੂਲ ਸਮਾਧ ਭਾਈ(ਮੋਗਾ) ਦੇ ਲਈ ਬੜੇ ਹੀ ਮਾਣ ਦੀ ਗੱਲ ਹੈ ਕਿ ਉਹਨਾਂ ਦੇ ਤਿੰਨ ਵਿਦਿਆਰਥੀ ਪੰਜਾਬ ਕ੍ਰਿਕਟ ਐਸੋਸੀਏਸ਼ਨ ਵੱਲੋਂ ਚੁਣੇ ਗਏ ਹਨ। ਇਸ ਖ਼ੁਸ਼ੀ ਦੇ ਮੌਕੇ 'ਤੇ ਸਕੂਲ ਦੇ ਚੇਅਰਮੈਨ ਕੁਲਵੰਤ ਸਿੰਘ ਮਲੂਕਾ ਨੇ ਜਾਣਕਾਰੀ ਦਿੰਦਿਆਂ ਕਿਹਾ ਕਿ ਸਕੂਲ ਦੇ ਕ੍ਰਿਕਟ ਕੋਚ ਲਖਵਿੰਦਰ ਬਰਾੜ ਅਤੇ ਅਰਸ਼ਦੀਪ ਸਿੰਘ ਦੀ ਅਗਵਾਈ ਹੇਠ ਉਹਨਾਂ ਦੇ ਸਕੂਲ ਦੇ ਵਿਦਿਆਰਥੀ ਸਾਗਰ ਈਸ਼ਵਰ ਖੱਤਰੀ ਵੀਨੂੰ ਮੈਨਕੇਡ ਟਰਾਫੀ ਸਟੇਟ ਕੈਂਪ ਵਿੱਚ ਰੋਜ਼ਾ ਕੱਪ ਟੂਰਨਾਮੈਂਟ ਲਈ ਚੁਣਿਆ ਗਿਆ ਤੇ ਹਰੀਸ਼ ਕੁਮਾਰ ,ਜਸਕਰਨ ਸਿੰਘ ਜੋ ਬਾਰਵੀਂ ਆਰਟਸ ਦੇ ਵਿਦਿਆਰਥੀ ਹਨ, ਕੂਚ ਬਿਹਾਰ ਟਰਾਫੀ ਸਟੇਟ ਕ੍ਰਿਕਟ ਕੈਂਪ ਲਈ ਚੁਣੇ ਗਏ ਹਨ। ਸਕੂਲ ਦੇ ਚੇਅਰਮੈਨ ਕੁਲਵੰਤ ਸਿੰਘ ਮਲੂਕਾ, ਚੇਅਰਪਰਸਨ ਮੈਡਮ ਰਣਧੀਰ ਕੌਰ, ਡਾਇਰੈਕਟਰ ਕੋਹਿਨੂਰ ਸਿੱਧੂ, ਪ੍ਰਿੰਸੀਪਲ ਸ਼ਸ਼ੀਕਾਂਤ ,ਸੀਨੀਅਰ ਕੁਆਰਡੀਨੇਟਰ ਰਜੀਵ ਸ਼ਰਮਾ, ਅਕਾਦਮਿਕਸ ਇੰਚਾਰਜ ਦਮਨਜੋਤ ਕੌਰ ,ਜੂਨੀਅਰ ਕੁਆਰਡੀਨੇਟਰ ਰੁਪਿੰਦਰ ਕੌਰ, ਪ੍ਰਾਇਮਰੀ ਕੁਆਰਡੀਨੇਟਰ ਕਰਮਜੀਤ ਕੌਰ, ਕਿੰਡਰਗਾਰਟਨ ਕੁਆਰਡੀਨੇਟਰ ਮੋਨਿਕਾ ਚਲਾਣਾ, ਹਾਊਸ ਕੁਆਰਡੀਨੇਟਰ ਹਰਜਿੰਦਰ ਸਿੰਘ ,ਸਪੋਰਟਸ ਕੁਆਰਡੀਨੇਟਰ ਬੇਅੰਤ ਸਿੰਘ ,ਆਈਟੀ ਕੁਆਰਡੀਨੇਟਰ ਗੁਰਵਿੰਦਰ ਸਿੰਘ ਅਤੇ ਸਮੂਹ ਸਟਾਫ ਨੇ ਕ੍ਰਿਕਟ ਕੋਚ ਲਖਵਿੰਦਰ ਬਰਾੜ ,ਅਰਸ਼ਦੀਪ ਸਿੰਘ ਅਤੇ ਮਾਪਿਆਂ ਨੂੰ ਵਧਾਈ ਦਿੱਤੀ।

# ਆਸ਼ਾ ਵਰਕਰਜ਼ ਫੈਸੀਲਿਟੇਟਰਜ਼ ਵੱਲੋਂ ਕੰਮਾਂ ਦਾ ਬਾਈਕਾਟ ਚੌਥੇ ਦਿਨ ਵੀ ਰਿਹਾ ਜਾਰੀ

## ਆਸ਼ਾ ਵਰਕਰ ਫੈਸਿਲੀਟੇਟਰ ਵੱਲੋਂ 31 ਅਗਸਤ ਨੂੰ ਸੰਗਰੂਰ ਵਿਖੇ ਰੋਸ ਰੈਲੀ ਦਾ ਐਲਾਨ



ਬਾਜਾਖਾਨਾ , 28 ਅਗਸਤ (ਅਵਤਾਰ ਸਿੰਘ ਮੱਲਾ) : ਆਸ਼ਾ ਵਰਕਰਜ਼ ਫੈਸਿਲੀਟੇਟਰਜ਼ ਸਾਂਝਾ ਮੋਰਚਾ ਪੰਜਾਬ ਦੇ ਚਾਰ ਕਨਵੀਨਰ ਅਮਰਜੀਤ ਕੌਰ ਰਣ ਸਿੰਘ ਵਾਲਾ (ਏਟਕ ਗਰੁੱਪ) ਰਾਣੋਂ ਖੇੜੀ ਗਿੱਲਾਂ (ਗਰੁੱਪ ਸਤੀਸ਼ ਰਾਣਾ) ਹਰਿੰਦਰ ਕੌਰ ਸਤਰਾਣਾ (ਗਰੁੱਪ ਸ਼ੀਟੂ) ਸੰਤੋਸ਼ ਕੁਮਾਰੀ ਫਿਰੋਜ਼ਪੁਰ ਦੀ ਅਗਵਾਈ ਵਿੱਚ ਪੂਰੇ ਪੰਜਾਬ ਵਿੱਚ ਚੌਥੇ ਦਿਨ ਵੀ ਰੋਸ ਪ੍ਰਦਰਸ਼ਨ ਜਾਰੀ ਰਿਹਾ। ਮੋਰਚੇ ਦੇ ਕਨਵੀਨਰ ਸਾਹਿਬਾਨ ਤੋਂ ਇਲਾਵਾ ਜ਼ਿਲ੍ਹਾ ਜਰਨਲ ਸਕੱਤਰ ਗੁਰਮੀਤ ਕੌਰ ਬਹਿਬਲ ਖੁਰਦ ਦੀ ਅਗਵਾਈ ਵਿੱਚ ਰੋਸ ਪ੍ਰਦਰਸ਼ਨ ਜਾਰੀ ਰਿਹਾ ਹੈ। ਅਮਰਜੀਤ ਕੌਰ ਰਣ ਸਿੰਘ ਵਾਲਾ, ਕਮਿਊਨਿਸਟ ਪਾਰਟੀ ਆਗੂ ਅਸ਼ੋਕ ਕੌਸ਼ਲ ਪੈਨਸ਼ਨਰਾਂ, ਵੀਰ ਸਿੰਘ ਨਰੇਗਾ ਜ਼ਿਲ੍ਹਾ ਪ੍ਰਧਾਨ ਦੀ ਕਲਾਸ ਫ਼ੋਰ, ਜ਼ਿਲ੍ਹਾ ਜਰਨਲ ਸਕੱਤਰ ਬਲਕਾਰ ਸਿੰਘ, ਸਿਵਨਾਥ ਦਰਦੀ ਸਿਕਉਰਿਟੀ ਗਾਰਡ, ਦੀ ਕਲਾਸ ਫ਼ੋਰ ਸੀਨੀਅਰ ਮੀਤ ਪ੍ਰਧਾਨ ਇਕਬਾਲ ਸਿੰਘ ਰਣ ਸਿੰਘ ਵਾਲਾ ਨੇ ਰੋਸ਼ ਪ੍ਰਗਟ ਕਰਦਿਆਂ ਕਿਹਾ ਕਿ ਬੜੇ ਅਫ਼ਸੋਸ ਨਾਲ ਕਹਿਣਾ ਪੈ ਰਿਹਾ ਹੈ ਕਿ ਪੰਜਾਬ ਸਰਕਾਰ ਵੱਲੋਂ ਆਸ਼ਾ ਵਰਕਰਜ਼ ਫੈਸਿਲੀਟੇਟਰਜ਼ ਦਾ ਸ਼ੋਸ਼ਣ ਸਭ ਹੱਦਾਂ ਬੰਨ੍ਹੇ ਟੱਪ ਚੁੱਕਾ ਹੈ। ਇਹ ਬੰਦ ਕੀਤਾ ਜਾਵੇ ਅਤੇ ਚੌਥੇ ਦਿਨ ਵੀ ਬਾਜਾਖਾਨਾ ਬਲਾਕ ਦਾ ਕੋਈ ਅਧਿਕਾਰੀ ਵੀ ਮੰਗ ਪੱਤਰ ਤੱਕ ਲੈਣ ਨਹੀਂ ਆਇਆ। ਪੰਜਾਬ ਸਰਕਾਰ ਦੇ ਨੁਮਾਇੰਦੇ ਦੀ ਆਉਣਾ ਤਾਂ ਦੂਰ ਦੀ ਗੱਲ ਹੈ। ਧਿਆਨ ਵਿੱਚ ਰੱਖਦੇ ਹਾਂ ਕਿ ਜੇਕਰ 31 ਅਗਸਤ ਪਹਿਲਾਂ ਮੀਟਿੰਗ ਬੁਲਾ ਕਿ ਹੱਲ ਨਾ ਕੀਤਾ ਤਾਂ ਮਾਨਯੋਗ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਹਲਕੇ ਸੰਗਰੂਰ 31 ਅਗਸਤ ਨੂੰ ਰੋਸ ਰੈਲੀ ਕੀਤੀ ਜਾਵੇਗੀ। ਜੇਕਰ ਫਿਰ ਵੀ ਹੱਲ ਨਾ ਹੋਇਆ ਤਾਂ ਪੱਕੇ ਮੋਰਚੇ ਦਾ ਐਲਾਨ ਤੇ ਸਕੇ ਹਨ। ਲੰਭਵਾਲੀ, ਸਵਰਨਜੀਤ ਕੌਰ, ਕੁਲਦੀਪ ਕੌਰ ਕੋਠੇ ਲਾਲ ਸਿੰਘ, ਕੁਲਵਿੰਦਰ ਕੌਰ ਪੰਜਗਰਾਈਂ, ਸੁਖਵੀਰ ਕੌਰ ਡੋਡ,ਹਰਬੰਸ ਕੌਰ ਦਬੜੀਖਾਨਾ, ਪਰਮਜੀਤ ਕੌਰ ਦਲ ਸਿੰਘ ਵਾਲਾ, ਕਮਲੇਸ਼ ਕੌਰ ਬਾਜਾਖਾਨਾ, ਵੀਰਪਾਲ ਕੌਰ ਸੂਰਘੂਰੀ, ਮਨਜੀਤ ਕੌਰ ਰਾਮੂਵਾਲਾ, ਤਰਸੇਮ ਕੌਰ ਸਰਾਵਾਂ, ਜਸਪ੍ਰੀਤ ਕੌਰ ਗੁਰੂਸਰ,ਸੋਮਾ ਦੇਵੀ, ਅਤੇ ਹੋਰ ਵੱਡੀ ਗਿਣਤੀ ਵਿੱਚ ਆਸ਼ਾ ਵਰਕਰ ਫੈਸਿਲੀਟੇਟਰ ਹਾਜ਼ਰ ਸਨ।

## ਮੇਲਾ ਮਾਈਸਰਖਾਨਾ ਦੀਆਂ ਸਮੱਸਿਆਵਾਂ ਸਬੰਧੀ ਡਿਪਟੀ ਕਮਿਸ਼ਨਰ ਬਠਿੰਡਾ ਨੂੰ ਦਿੱਤਾ ਪੱਤਰ

ਮੌੜ ਮੰਡੀ 28 ਅਗਸਤ ਭੋਲਾ ਸਿੰਘ ਮਾਨ :ਪ੍ਰਾਚੀਨ ਸ਼੍ਰੀ ਦੁਰਗਾ ਮੰਦਰ ਮਾਈਸਰ ਖਾਨਾ ਦੀ ਮੈਨਜਮੈਂਟ ਕਮੇਟੀ, ਸ਼੍ਰੀ ਸਨਾਤਨ ਧਰਮ ਪੰਜਾਬ ਮਹਾਵੀਰ ਦਲ ਦੇ ਪ੍ਰਧਾਨ ਪਵਨ ਬਾਂਸਲ ਦੀ ਅਗਵਾਈ ਵਿੱਚ ਮੰਦਰ ਕਮੇਟੀ ਦੇ ਅਹੁਦੇਦਾਰਾਂ ਵੱਲੋ ਡਿਪਟੀ ਕਮਿਸ਼ਨਰ ਬਠਿੰਡਾ ਸ਼੍ਰੀ ਰਾਜੇਸ਼ ਧੀਮਾਨ ਨਾਲ ਮੁਲਾਕਾਤ ਕੀਤੀ ਅਤੇ ਪੱਤਰ ਦਿੱਤਾ ਗਿਆ। ਮੰਦਰ ਕਮੇਟੀ ਦੇ ਪ੍ਰਧਾਨ ਪਵਨ ਬਾਂਸਲ ਨੇ ਜਾਣਕਾਰੀ ਦਿੰਦਿਆ ਦੱਸਿਆ ਕਿ ਮੇਲਾ ਮਾਈਸਰ ਖਾਨਾ ਦੌਰਾਨ ਸ਼ਰਧਾਲੂਆਂ ਨੂੰ ਆਉਣ ਵਾਲੀਆਂ ਸਮੱਸਿਆਵਾਂ ਨੂੰ ਲੈ ਕੇ ਅੱਜ ਮੰਦਰ ਕਮੇਟੀ ਦੇ ਅਹੁਦੇਦਾਰਾਂ ਵੱਲੋਂ ਬਠਿੰਡਾ ਜ਼ਿਲ੍ਹੇ ਦੇ ਨਵ-ਨਿਯੁਕਤ ਡਿਪਟੀ ਕਮਿਸ਼ਨਰ ਸ੍ਰੀ ਰਾਜੇਸ਼ ਧੀਮਾਨ ਨੂੰ ਫੁੱਲਾਂ ਦਾ ਗੁਲਦਸਤਾ ਦੇ ਕੇ ਸਨਮਾਨਿਤ ਕੀਤਾ ਗਿਆ ਅਤੇ ਪੱਤਰ ਦਿੱਤਾ। ਬਠਿੰਡਾ ਜ਼ਿਲ੍ਹੇ ਦੇ ਨਵ-ਨਿਯੁਕਤ ਡਿਪਟੀ ਕਮਿਸ਼ਨਰ ਸ੍ਰੀ ਰਾਜੇਸ਼ ਧੀਮਾਨ ਨਾਲ ਮਾਈਸਰ ਖਾਨਾ ਮੰਦਰ ਦੀ ਮੈਨਜਮੈਂਟ ਕਮੇਟੀ ਵੱਲੋ ਆ ਰਹੀਆ ਸਮੱਸਿਆਵਾਂ ਸਬੰਧੀ ਵਿਚਾਰ ਚਰਚਾ ਕੀਤੀ ।

# ਹੜ੍ਹ ਪੀੜਤਾਂ ਨੂੰ ਹੈਲੀਕਾਪਟਰ ਨਹੀਂ ਮੁਆਵਜ਼ਾ ਦੇਵੇ ਮਾਨ ਸਰਕਾਰ : ਹਰਪ੍ਰੀਤ ਬਾਜਵਾ



ਭਵਾਨੀਗੜ, 28 ਅਗਸਤ (ਅਮਨਦੀਪ ਸਿੰਘ ਮਾਝਾ): ਪਿਛਲੇ ਕਈ ਦਿਨਾਂ ਤੋਂ ਲਗਾਤਾਰ ਹੋਈ ਬਰਸਾਤ ਨਾਲ ਪੰਜਾਬ ਦੇ ਕਈ ਇਲਾਕਿਆਂ ਵਿੱਚ ਹੜ੍ਹ ਆਉਣ ਨਾਲ ਬਹੁਤ ਤਬਾਹੀ ਹੋਈ ਹੈ, ਜਿਸ ਕਰਕੇ ਲੋਕਾਂ ਦੇ ਖੇਤਾਂ ਅਤੇ ਘਰਾਂ ਵਿੱਚ ਵੀ ਪਾਣੀ ਆ ਗਿਆ ਹੈ, ਇਸ ਲਈ ਪੀੜਿਤ ਲੋਕਾਂ ਨੂੰ ਹੈਲੀਕਾਪਟਰ ਦੀ ਜ਼ਰੂਰਤ ਨਹੀਂ ਹੈ , ਸਗੋਂ ਭਗਵੰਤ ਮਾਨ ਪੀੜਤਾਂ ਨੂੰ ਸਹੀ ਮੁਆਵਜ਼ਾ ਦੇਵੇ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਕਿਸਾਨ ਕਾਂਗਰਸ ਦੇ ਨੈਸ਼ਨਲ ਕੋਆਰਡੀਨੇਟਰ ਹਰਪ੍ਰੀਤ ਸਿੰਘ ਬਾਜਵਾ ਨੇ ਕੀਤਾ। ਬਾਜਵਾ ਨੇ ਕਿਹਾ ਕਿ ਮੁੱਖ ਮੰਤਰੀ ਜੀ ਆਪਣੇ ਹੈਲੀਕਾਪਟਰ ਨੂੰ ਆਪਣੇ ਕੋਲ ਹੀ ਰੱਖੋ, ਬੇਸਹਾਰਾ ਪੀੜਤ ਲੋਕਾਂ ਨੂੰ ਰਾਸ਼ਨ, ਦਵਾਈਆਂ, ਪਸ਼ੂਆਂ ਨੂੰ ਚਾਰਾ ਅਤੇ ਰਿਹਾਇਸ਼ ਦੀ ਜ਼ਰੂਰਤ ਹੈ। ਇਹ ਸਭ ਮੁਸ਼ਕਲਾਂ ਸਹੂਲਤਾਂ ਦੇ ਨਾਲ ਨਾਲ ਲੋਕਾਂ ਦਾ ਜਿਨ੍ਹਾਂ ਵੀ ਫ਼ਸਲਾਂ ਦਾ ਨੁਕਸਾਨ ਹੋਇਆ ਹੈ, ਉਹਨਾਂ ਨੂੰ ਜਲਦੀ ਤੋਂ ਜਲਦੀ ਖ਼ਰਾਬ ਹੋਈ ਫ਼ਸਲ ਦਾ ਬਣਦਾ ਸਹੀ ਮੁਆਵਜ਼ਾ ਦਿੱਤਾ ਜਾਵੇ। ਤਾਂ ਕਿ ਲੋਕ ਆਪਣੇ ਘਰ ਗ੍ਰਹਿਸਤੀ ਦੇ ਕਾਰਜ ਪੂਰੇ ਕਰ ਸਕਣ।

# ਨਿਗ੍ਹਾ ਖਤਮ ਹੋਣ ਦਾ ਵੱਡਾ ਕਾਰਨ ਮੋਤੀਆ ਬਿੰਦ: ਡਾ. ਡਿੰਪੀ ਕੱਕੜ



ਭਗਤਾ ਭਾਈ ਕਾ, 28 ਅਗਸਤ (ਸਵਰਨ ਸਿੰਘ ਭਗਤਾ):ਅੱਖਾਂ ਦਾਨ ਮਹਾਂਦਾਨ ਪੰਦਰਵੜੇ ਅਧੀਨ ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਵੱਲੋਂ ਨਿਰੰਤਰ ਲੋਕਾਂ ਨੂੰ ਜਾਗਰਿਤ ਕੀਤਾ ਜਾ ਰਿਹਾ ਹੈ, ਜਿਸ ਦੇ ਤਹਿਤ ਅੱਜ ਸੀਐਚਸੀ ਭਗਤਾ ਭਾਈਕਾ ਵਿਖੇ ਇੱਕ ਜਾਗਰਕ ਕੈਂਪ ਲਗਾਇਆ ਗਿਆ।ਇਸ ਮੌਕੇ ਸਿਵਲ ਹਸਪਤਾਲ ਦੇ ਅੱਖਾਂ ਦੇ ਵਿਭਾਗ ਤੋਂ ਡਾਕਟਰ ਡਿੰਪੀ ਕੱਕੜ ਅੱਖਾਂ ਦੇ ਮਾਹਿਰ ਡਾਕਟਰ ਭਗਤਾ ਭਾਈ ਕੇ ਪਹੁੰਚੇ।ਸੀਨੀਅਰ ਮੈਡੀਕਲ ਅਫਸਰ ਡਾਕਟਰ ਸੀਮਾ ਗੁਪਤਾ ਵੱਲੋਂ ਉਹਨਾਂ ਨੂੰ ਜੀ ਆਇਆ ਨੂੰ ਆਖਿਆ ਗਿਆ। ਉਹਨਾਂ ਕਿਹਾ ਕਿ 25 ਅਗਸਤ ਤੋਂ 8 ਸਤੰਬਰ ਤੱਕ ਸਿਹਤ ਵਿਭਾਗ ਵੱਲੋਂ ਅੱਖਾਂ ਦਾਨ ਸਬੰਧੀ ਪੰਦਰਵਾੜਾ ਮਨਾਇਆ ਰਿਹਾ ਹੈ। ਇਸ ਮੌਕੇ ਡਾਕਟਰ ਡਿੰਪੀ ਕੱਕੜ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਮੌਜੂਦਾ ਸਮੇਂ ਵਿੱਚ ਕਾਲਾ ਤੇ ਚਿੱਟਾ ਮੋਤੀਆ ਲੋਕਾਂ ਦੀ ਵੱਡੀ ਗਿਣਤੀ ਵਿੱਚ ਨਜ਼ਰ ਦਾ ਨੁਕਸਾਨ ਕਰ ਰਿਹਾ ਹੈ। ਉਹਨਾਂ ਕਿਹਾ ਕਿ ਵਾਰ-ਵਾਰ ਐਨਕ ਦਾ ਨੰਬਰ ਬਦਲਣਾ ਰੌਸ਼ਨੀ ਵੱਲ ਵੇਖਣ ਤੇ ਰੰਗਦਾਰ ਚੱਕਰ ਦਿਖਾਈ ਦੇਣੇ ਸਿਰ ਦਾ ਭਾਰਾਪਣ ਆਦਿ ਮੋਤੀਆਂ ਦੇ ਲੱਛਣ ਹੋ ਸਕਦੇ ਹਨ, ਮੋਤੀਆ ਬਿੰਦ ਨਿਗ੍ਹਾ ਖਤਮ ਹੋਣ ਦਾ ਕਾਰਨ ਬਣਦਾ ਹੈ। ਉਹਨਾਂ ਸਲਾਹ ਦਿੱਤੀ ਕਿ ਅਜਿਹਾ ਹੋਣ ਦੀ ਸੂਰਤ ਵਿੱਚ ਤੁਰੰਤ ਸਰਕਾਰੀਆ ਹਸਪਤਾਲ ਵਿੱਚ ਅੱਖਾਂ ਦੇ ਮਾਹਰ ਡਾਕਟਰ ਨਾਲ ਸੰਪਰਕ ਕਰਕੇ ਆਪਣੀਆਂ ਅੱਖਾਂ ਦੀ ਜਾਂਚ ਕਰਵਾਈ ਜਾਵੇ। ਇਸ ਮੌਕੇ ਸਟੇਜ ਦਾ ਸੰਚਾਲਨ ਬਲਾਕ ਐਜੂਕੇਟਰ ਮਾਲਵਿੰਦਰ ਸਿੰਘ ਤਿਉਣਾ ਵੱਲੋਂ ਕੀਤਾ ਗਿਆ। ਇਸ ਮੌਕੇ ਨਰਸਿੰਗ ਸਿਸਟਰ ਕਰਮਜੀਤ ਕੌਰ, ਸਟਾਫ ਨਰਸ ਹਰਪਾਲ ਕੌਰ ਅਤੇ ਗੁਰਵਿੰਦਰ ਸਿੰਘ ਆਦਿ ਹਾਜ਼ਰ ਸਨ। ਮਾਲਵਿੰਦਰ ਸਿੰਘ ਨੇ ਦੱਸਿਆ ਕਿ ਇਸ ਦੌਰਾਨ ਲੋਕਾਂ ਨੇ ਸਵੈ ਇੱਛਾ ਨਾਲ ਅੱਖਾਂ ਦਾਨ ਕਰਨ ਸਬੰਧੀ ਫਾਰਮ ਵੀ ਭਰੇ।

# ਲੁਟੇਰਿਆਂ ਨੇ ਔਰਤ ਤੋਂ ਖੋਹੀਆਂ ਵਾਲ਼ੀਆਂ



ਬਠਿੰਡਾ, 28 ਅਗਸਤ (ਦੀਪਕ ਸ਼ਰਮਾ):ਸਥਾਨਕ ਚਿਲਡਰਨ ਪਾਰਕ ਨੇੜੇ ਇੱਕ ਮੰਦਰ ਵਿੱਚ ਮੱਥਾ ਟੇਕ ਕੇ ਵਾਪਸ ਪਰਤ ਰਹੀ ਇੱਕ ਬਜ਼ੁਰਗ ਔਰਤ ਨੂੰ ਮੋਟਰਸਾਈਕਲ ਸਵਾਰ ਦੋ ਨੌਜਵਾਨਾਂ ਵੱਲੋਂ ਤੇਜ਼ਧਾਰ ਹਥਿਆਰ ਦੀ ਨੋਕ ਤੇ ਲੁੱਟਣ ਦਾ ਮਾਮਲਾ ਸਾਹਮਣੇ ਆਇਆ ਹੈ। ਲਿਆ। ਲੁਟੇਰਿਆਂ ਨੇ ਔਰਤ ਨੂੰ ਤੇਜ਼ਧਾਰ ਹਥਿਆਰ ਦਿਖਾ ਕੇ ਉਸ ਦੇ ਕੰਨਾਂ ਵਿੱਚ ਪਾਈਆਂ ਸੋਨੇ ਦੀਆਂ ਵਾਲੀਆਂ ਖੋਹ ਲਈਆਂ ਅਤੇ ਮੌਕੇ ਤੋਂ ਫਰਾਰ ਹੋ ਗਏ। ਇਸ ਮਾਮਲੇ ਵਿੱਚ ਸਭ ਤੋਂ ਹੈਰਾਨ ਕਰਨ ਵਾਲੀ ਗੱਲ ਇਹ ਸਾਹਮਣੇ ਆਈ ਕਿ ਵਾਰਦਾਤ ਨੂੰ ਅੰਜਾਮ ਦੇਣ ਤੋਂ ਪਹਿਲਾਂ ਇੱਕ ਲੁਟੇਰੇ ਨੇ ਮੰਦਰ ਵਿੱਚ ਮੱਥਾ ਟੇਕਿਆ, ਫਿਰ ਔਰਤ ਦਾ ਪਿੱਛਾ ਕੀਤਾ ਅਤੇ ਬਾਅਦ ਵਿੱਚ ਤੇਜ਼ਧਾਰ ਹਥਿਆਰ ਦਿਖਾ ਕੇ ਲੁੱਟ ਦੀ ਵਾਰਦਾਤ ਨੂੰ ਅੰਜਾਮ ਦਿੱਤਾ। ਔਰਤ ਵੱਲੋਂ ਰੌਲਾ ਪਾਉਣ ਤੇ ਮੰਦਰ ਚ ਆਏ ਹੋਰ ਸ਼ਰਧਾਲੂਆਂ ਨੇ ਮਾਮਲੇ ਦੀ ਸੂਚਨਾ ਪੁਲਿਸ ਨੂੰ ਦਿੱਤੀ। ਥਾਣਾ ਸਿਵਲ ਲਾਈਨ ਦੀ ਪੁਲਿਸ ਟੀਮ ਮੌਕੇ ਤੇ ਪਹੁੰਚੀ ਅਤੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ। ਪੁਲਿਸ ਨੇ ਸੀਸੀਟੀਵੀ ਕੈਮਰਿਆਂ ਦੀ ਫੁਟੇਜ ਲੈ ਕੇ ਮੁਲਜ਼ਮਾਂ ਦੀ ਭਾਲ ਸ਼ੁਰੂ ਕਰ ਦਿੱਤੀ ਹੈ।ਜਾਣਕਾਰੀ ਅਨੁਸਾਰ ਬਠਿੰਡਾ ਦੀ ਨਿਰਵਾਣਾ ਕਲੋਨੀ ਦੀ ਰਹਿਣ ਵਾਲੀ ਸਰੋਜ ਗੁਪਤਾ ਨੇ ਦੱਸਿਆ ਕਿ ਉਸ ਦੀ ਸਹੇਲੀ ਰੋਜ਼ਾਨਾ ਸਵੇਰੇ ਸਵਾ ਪੰਜ ਵਜੇ ਚਿਲਡਰਨ ਪਾਰਕ ਵਿੱਚ ਲੱਗਣ ਵਾਲੇ ਯੋਗਾ ਕੈਂਪ ਵਿੱਚ ਆਉਂਦੀ ਸੀ। ਵੀਰਵਾਰ ਨੂੰ ਉਸ ਦੀ ਸਹੇਲੀ ਨੇ ਉਸ ਨੂੰ ਵੀ ਯੋਗਾ ਕੈਂਪ ਵਿੱਚ ਆਉਣ ਲਈ ਕਿਹਾ ਅਤੇ ਉਹ ਪਹਿਲੇ ਦਿਨ ਯੋਗਾ ਲਈ ਆਈ ਸੀ। ਯੋਗਾ ਕੈਂਪ ਤੋਂ ਪਹਿਲਾਂ ਉਹ ਚਿਲਡਰਨ ਪਾਰਕ ਦੇ ਨਾਲ ਬਣੇ ਮੰਦਰ ਵਿੱਚ ਮੱਥਾ ਟੇਕਣ ਗਈ ਸੀ। ਇਸ ਦੌਰਾਨ ਉਸ ਦੀ ਸਹੇਲੀ ਵੀ ਉਸ ਦੇ ਨਾਲ ਸੀ। ਇਸ ਦੌਰਾਨ ਇੱਕ ਨੌਜਵਾਨ ਵੀ ਉਨ੍ਹਾਂ ਦੇ ਨਾਲ ਮੰਦਰ ਵਿੱਚ ਦਾਖਲ ਹੋਇਆ ਅਤੇ ਉਨ੍ਹਾਂ ਨਾਲ ਜਾਣ-ਪਛਾਣ ਬਣਾਉਣ ਦੀ ਕੋਸ਼ਿਸ਼ ਕਰਨ ਲੱਗਾ। ਉਸ ਨੇ ਗੇਟ 'ਤੇ ਬੂਟ ਪਾਉਂਦਿਆਂ ਹੋਇਆਂ ਔਰਤ ਨੂੰ ਦੱਸਿਆ ਕਿ ਉਸ ਦੇ ਪੈਰ ਵਿੱਚ ਸੱਟ ਲੱਗੀ ਹੋਈ ਹੈ। ਇਸ ਤੋਂ ਬਾਅਦ ਜਦੋਂ ਸਰੋਜ ਗੁਪਤਾ ਦੀ ਸਹੇਲੀ ਯੋਗਾ ਵਾਲੀ ਥਾਂ ਵੱਲ ਜਾਣ ਲੱਗੀ ਤਾਂ ਉਥੇ ਇੱਕ ਹੋਰ ਨੌਜਵਾਨ ਆ ਗਿਆ ਅਤੇ ਕਹਿਣ ਲੱਗਾ ਕਿ ਉਹ ਉਨ੍ਹਾਂ ਨੂੰ ਦੇਖ ਕੇ ਡਰ ਗਏ ਹਨ। ਇਸ ਤੋਂ ਬਾਅਦ ਜਦੋਂ ਸਰੋਜ ਗੁਪਤਾ ਬੂਟ ਪਾਉਣ ਲੱਗੀ ਤਾਂ ਉਸ ਦੀ ਸਹੇਲੀ ਅੱਗੇ ਨਿਕਲ ਗਈ। ਦੋਵਾਂ ਨੌਜਵਾਨਾਂ ਨੇ ਸਰੋਜ ਨੂੰ ਘੇਰ ਲਿਆ ਅਤੇ ਹੱਥ ਵਿੱਚ ਦਾਤਰੀ ਵਰਗਾ ਹਥਿਆਰ ਲੈ ਕੇ ਕਹਿਣ ਲੱਗੇ ਕਿ ਕੰਨਾਂ ਵਿੱਚ ਪਾਈਆਂ ਵਾਲੀਆਂ ਦੇ ਦੇ ਨਹੀਂ ਤਾਂ ਉਹ ਦੋਵੇਂ ਹੱਥ ਵੱਢ ਦੇਣਗੇ। ਡਰੀ ਹੋਈ ਔਰਤ ਨੇ ਆਪਣੇ ਕੰਨਾਂ ਦੀਆਂ ਵਾਲੀਆਂ ਕੱਢ ਕੇ ਉਨ੍ਹਾਂ ਨੌਜਵਾਨਾਂ ਨੂੰ ਦੇ ਦਿੱਤੀਆਂ। ਇਸ ਤੋਂ ਬਾਅਦ ਦੋਵੇਂ ਨੌਜਵਾਨ ਮੋਟਰਸਾਈਕਲ ਤੇ ਸਵਾਰ ਹੋ ਕੇ ਮੌਕੇ ਤੋਂ ਫਰਾਰ ਹੋ ਗਏ। ਲੁਟੇਰੇ ਨੌਜਵਾਨਾਂ ਵਿੱਚੋਂ ਇੱਕ ਦੀ ਤਸਵੀਰ ਮੰਦਰ ਵਿੱਚ ਲੱਗੇ ਕੈਮਰਿਆਂ ਵਿੱਚ ਕੈਦ ਹੋ ਗਈ। ਇਸ ਤੋਂ ਬਾਅਦ ਘਟਨਾ ਦੀ ਸੂਚਨਾ ਸਥਾਨਕ ਪੁਲਿਸ ਨੂੰ ਦਿੱਤੀ ਗਈ। ਪੁਲਿਸ ਨੇ ਮੌਕੇ ਤੇ ਪਹੁੰਚ ਕੇ ਸੀਸੀਟੀਵੀ ਫੁਟੇਜ ਕਬਜ਼ੇ ਚ ਲੈ ਕੇ ਔਰਤਾਂ ਦੇ ਬਿਆਨ ਦਰਜ ਕਰਕੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ।

# ਡੀ.ਸੀ. ਵੱਲੋਂ ਘੱਗਰ ਦਰਿਆ ਦੇ ਹਾਲਾਤ ਦਾ ਜਾਇਜ਼ਾ



ਖਨੌਰੀ, 28 ਅਗਸਤ (ਓਮਪ੍ਰਕਾਸ਼ ਮੁਆਲ) : ਡਿਪਟੀ ਕਮਿਸ਼ਨਰ ਸੰਗਰੂਰ ਸ਼੍ਰੀ ਰਾਹੁਲ ਚਾਬਾ ਨੇ ਅੱਜ ਮੂਨਕ ਖੇਤਰ ਵਿਖੇ ਸੰਭਾਵੀ ਹੜ੍ਹਾਂ ਦੀ ਰੋਕਥਾਮ ਹਿਤ ਘੱਗਰ ਦਰਿਆ ਦੇ ਹਾਲਾਤ ਦਾ ਜਾਇਜ਼ਾ ਲਿਆ। ਇਸ ਮੌਕੇ ਉਹਨਾਂ ਨੇ ਮਕਰੌੜ ਸਾਹਿਬ, ਟੋਹਾਣਾ ਰੋਡ ਵਿਖੇ ਘੱਗਰ ਦਰਿਆ ਦੇ ਪੁੱਲ ਸਮੇਤ ਘੱਗਰ ਦੇ ਆਲੇ ਦੁਆਲੇ ਦੀਆਂ ਵੱਖੋ ਵੱਖ ਥਾਂਵਾਂ ਦਾ ਦੌਰਾ ਕੀਤਾ।ਇਸ ਮੌਕੇ ਗੱਲਬਾਤ ਕਰਦਿਆਂ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਇਸ ਵੇਲੇ ਖਨੌਰੀ ਵਿਖੇ ਘੱਗਰ ਦਰਿਆ ਵਿੱਚ ਪਾਣੀ ਦਾ ਪੱਧਰ 744 ਫੁੱਟ ਹੈ ਅਤੇ ਓਥੇ 748 ਫੁੱਟ ਤੋਂ ਖਤਰੇ ਦਾ ਨਿਸ਼ਾਨ ਸ਼ੁਰੂ ਹੁੰਦਾ ਹੈ। ਇਸ ਵੇਲੇ ਕਿਸੇ ਵੀ ਕਿਸਮ ਦੀ ਹੜ੍ਹ ਸਬੰਧੀ ਸਥਿਤੀ ਨਹੀਂ ਹੈ। ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਨਿਰੰਤਰ ਘੱਗਰ ਦਰਿਆ ਚ ਪਾਣੀ ਦੇ ਪੱਧਰ ਦੀ ਨਿਗਰਾਨੀ ਕੀਤੀ ਜਾ ਰਹੀ ਹੈ। ਨਹਿਰੀ ਵਿਭਾਗ, ਮਾਲ ਵਿਭਾਗ, ਪੁਲੀਸ ਅਤੇ ਹੋਰ ਵਿਭਾਗਾਂ ਵੱਲੋਂ ਨਿਰੰਤਰ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਨਜ਼ਰ ਰੱਖੀ ਜਾ ਰਹੀ ਹੈ।ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਮਕਰੌੜ ਸਾਹਿਬ ਤੋਂ ਥੱਲੇ ਨੂੰ ਦਰਿਆ ਦੀ ਚੌੜਾਈ ਘੱਟ ਜਾਂਦੀ ਹੈ ਅਤੇ ਪਾਣੀ ਦੀ ਗਤੀ ਵਧ ਜਾਂਦੀ ਹੈ, ਜਿਸ ਕਾਰਨ ਬੀਤੇ ਸਮਿਆਂ ਵਿੱਚ ਦਰਿਆ ਵਿੱਚ ਪਾੜ ਪੈਂਦੇ ਰਹੇ ਹਨ। ਪੰਜਾਬ ਸਰਕਾਰ ਵੱਲੋਂ ਦਰਿਆ ਦੇ ਕੰਢੇ ਚੌੜੇ ਤੇ ਮਜ਼ਬੂਤ ਕੀਤੇ ਗਏ ਹਨ, ਜਿਸ ਨਾਲ ਇਕ ਤਾਂ ਪਾੜ ਪੈਣ ਦੀ ਸੰਭਾਵਨਾ ਘੱਟ ਗਈ ਹੈ, ਦੂਜਾ ਜੇਕਰ ਲੋੜ ਪੈਂਦੀ ਹੈ ਤਾਂ ਦਰਿਆ ਦੇ ਕੰਢੇ ਉੱਤੇ ਮਸ਼ੀਨਰੀ ਸੌਖੇ ਤਰੀਕੇ ਨਾਲ ਚੱਲ ਸਕਦੀ ਹੈ। ਵੈਸੇ ਹੁਣ ਘੱਗਰ ਵਿੱਚ ਪਾਣੀ ਦਾ ਪੱਧਰ ਲਗਾਤਾਰ ਘੱਟ ਰਿਹਾ ਹੈ।ਜ਼ਿਲ੍ਹਾ ਪ੍ਰਸ਼ਾਸਨ ਵੱਲੋਂ 35 ਹਜ਼ਾਰ ਤੋਂ ਵਧੇਰੇ ਗੱਟੇ ਰੇਤੇ ਦੇ ਤਿਆਰ ਰੱਖੇ ਗਏ ਹਨ ਤੇ ਹੋਰ ਗੱਟੇ ਭਰਨ ਦਾ ਕੰਮ ਜਾਰੀ ਹੈ। ਇਸ ਦੇ ਨਾਲ ਨਾਲ ਲੋਹੇ ਦੇ ਜਾਲਾਂ ਦਾ ਵੀ ਪੂਰਾ ਪ੍ਰਬੰਧ ਕੀਤਾ ਗਿਆ ਹੈ। ਉਨ੍ਹਾਂ ਕਿਹਾ ਜਿਵੇਂ ਹੀ ਹੜ੍ਹ ਸਬੰਧੀ ਕੋਈ ਅਲਰਟ ਪ੍ਰਾਪਤ ਹੁੰਦਾ ਹੈ ਤਾਂ ਫੌਰੀ ਹੀ ਪਿੰਡ ਵਾਸੀਆਂ ਨੂੰ ਸੁਰੱਖਿਅਤ ਥਾਵਾਂ 'ਤੇ ਤਬਦੀਲ ਕਰ ਦਿੱਤਾ ਜਾਵੇਗਾ।ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜ਼ਿਲ੍ਹੇ ਵਿੱਚ ਕੰਟਰੋਲ ਰੂਮ ਸਥਾਪਤ ਕੀਤੇ ਜਾ ਚੁੱਕੇ ਹਨ। ਰਾਹਤ ਕੈਂਪਾਂ ਦੀ ਸੂਚੀ, ਕਮਿਊਨੀਕੇਸ਼ਨ ਪਲਾਨ, ਹੋਟ ਸਪੋਟ ਸਥਾਨਾਂ ਦੀ ਸੂਚੀ ਵੀ ਤਿਆਰ ਕਰ ਲਈ ਗਈ ਹੈ। ਇਸੇ ਤਰ੍ਹਾਂ ਮੁੱਖ ਖੇਤੀਬਾੜੀ ਅਫ਼ਸਰ ਅਤੇ ਡਿਪਟੀ ਡਾਇਰੈਕਟਰ ਪਸ਼ੂ ਪਾਲਣ ਵਿਭਾਗ ਨੂੰ ਪਸ਼ੂਆਂ ਲਈ ਹਰਾ ਅਤੇ ਸੁੱਕਾ ਚਾਰੇ ਦਾ ਪ੍ਰਬੰਧ ਕਰਨ ਬਾਰੇ ਕਿਹਾ ਗਿਆ ਹੈ।ਇਸ ਮੌਕੇ ਐੱਸ.ਡੀ.ਐਮ ਲਹਿਰਾ ਸੂਬਾ ਸਿੰਘ, ਸ੍ਰ ਬੂਟਾ ਸਿੰਘ ਕਾਰਜਕਾਰੀ ਇੰਜੀਨੀਅਰ ਨਹਿਰੀ ਵਿਭਾਗ, ਸ਼੍ਰੀ ਅਰਵਿੰਦ ਜੋਸ਼ੀ ਬਲਾਕ ਵਿਕਾਸ ਅਤੇ ਪੰਚਾਇਤ ਅਫਸਰ, ਸ਼੍ਰੀ ਸੌਰਭ ਸੱਭਰਵਾਲ ਐੱਸ ਐੱਚ ਓ ਸਮੇਤ ਵੱਖੋ-ਵੱਖ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ।

# ਪ੍ਰਾਪਰਟੀ ਟੈਕਸ 31 ਅਗਸਤ ਤੱਕ ਜਮ੍ਹਾਂ ਕਰਵਾਉਣ 'ਤੇ ਮਿਲੇਗੀ ਛੋਟ

ਭਗਤਾ ਭਾਈ ਕਾ, 28 ਅਗਸਤ (ਸਵਰਨ ਸਿੰਘ ਭਗਤਾ): ਸ਼ਹਿਰ ਵਾਸੀ 31 ਅਗਸਤ ਤੱਕ ਆਪਣਾ ਪ੍ਰਾਪਰਟੀ ਟੈਕਸ ਸਥਾਨਕ ਨਗਰ ਪੰਚਾਇਤ ਦਫ਼ਤਰ ਵਿੱਚ ਜਮਾਕਰਵਾ ਸਕਦੇ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਨਗਰ ਪੰਚਾਇਤ ਦੇ ਕਾਰਜ ਸਾਧਕਅਫਸਰ ਰਜਨੀਸ਼ ਕੁਮਾਰ ਨੇ ਕਿਹਾ ਕਿ ਸ਼ਹਿਰ ਵਾਸੀਆਂ ਨੂੰ ਪੰਜਾਬ ਸਰਕਾਰ ਵਨ ਟਾਈਮ ਸੈਟਲਮੈਂਟ ਪਾਲਸੀ ਅਧੀਨ ਵਿਸ਼ੇਸ਼ ਛੋਟ ਦੇ ਰਹੀ ਹੈ। ਉਹਨਾਂ ਨੇਕਿਹਾ ਕਿ ਪੰਜਾਬ ਸਰਕਾਰ ਦੇ ਹੁਕਮਾਂ ਦੀ ਪਾਲਣਾਕਰਦਿਆਂ ਸ਼ਨੀਵਾਰ ਅਤੇ ਐਤਵਾਰ ਨੂੰ ਵੀ ਦਫਤਰ ਵਿੱਚ ਮੁਲਾਜ਼ਮ ਹਾਜ਼ਰ ਰਹਿਣਗੇ ਅਤੇ 31 ਅਗਸਤ ਤੋਂ ਬਾਅਦ ਨਗਰ ਪੰਚਾਇਤ ਵੱਲੋਂ ਟੈਕਸ ਨਾ ਭਰਨ ਵਾਲਿਆਂ ਪ੍ਰੋਪਰਟੀ ਮਾਲਕਾਂ 'ਤੇ ਵਿਭਾਗੀ ਕਾਰਵਾਈ ਕੀਤੀ ਜਾਵੇਗੀ ਅਤੇ ਜਿਹੜੀਆਂ ਪ੍ਰੋਰਟੀਆਂ ਤੇ ਜ਼ਿਆਦਾ ਟੈਕਸ ਖੜਾ ਹੈ। ਉਹਨਾਂ ਦੀਪ੍ਰੋਪਰਟੀ ਸ਼ੀਲ ਵੀ ਕੀਤੀ ਜਾਵੇਗੀ। ਉਹਨਾਂ ਕਿਹਾ ਕਿ ਸਮੇਂ ਸਿਰ ਪ੍ਰਾਪਰਟੀ ਟੈਕਸ ਜਮ੍ਹਾ ਕਰਾ ਕੇ ਸਕੀਮ ਦਾ ਲਾਭ ਲਿਆ ਜਾਵੇ।ਕਾਰਜ ਸਾਧਕ ਅਫਸਰ ਨੇ ਦੱਸਿਆ ਕਿ ਜਿਨਾਂ ਵਿਅਕਤੀਆਂ ਵੱਲੋਂ 31 ਅਗਸਤ 2025 ਤੱਕ ਆਪਣਾ ਪ੍ਰੋਪਰਟੀ ਟੈਕਸ ਜਮਾ ਨਹੀਂ ਕਰਾਇਆ ਜਾਵੇਗਾ ਤਾਂ ਉਹਨਾਂ ਡਿਫਾਲਟਰਾਂ ਖਿਲਾਫ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਸਖਤ ਕਾਰਵਾਈ

# ਡੇਰਾ ਬੁਰਜ ਸ਼ਿਵ ਮੰਦਰ ਭੁਟਾਲ ਕਲਾਂ ਵਿੱਚ ਧਾਰਮਿਕ ਸਮਾਰੋਹ

ਮੂਨਕ, 28 ਅਗਸਤ (ਸਮਸ਼ੇਰ ਸਿੰਘ ਭੁਟਾਲ): ਰਿਸ਼ੀ ਪੰਚਮੀ ਦੇ ਪਾਵਨ ਦਿਹਾੜੇ ਡੇਰਾ ਬੁਰਜ ਸ਼ਿਵ ਮੰਦਰ, ਭੁਟਾਲ ਕਲਾਂ ਵਿੱਚ ਵਿਸ਼ਾਲ ਧਾਰਮਿਕ ਸਮਾਰੋਹ ਦਾ ਆਯੋਜਨ ਕੀਤਾ ਗਿਆ। ਇਸ ਦੀ ਅਗਵਾਈ ਜੂਨਾ ਅਖਾੜਾ ਹਰਿਦੁਆਰ ਦੇ ਅਧਿਅਕਸ਼ ਹਰੀ ਗਿਰੀ ਜੀ ਮਹਾਰਾਜ ਵੱਲੋਂ ਕੀਤੀ ਗਈ। ਇਸ ਮੌਕੇ ਤੇ ਸ੍ਰੀ ਕਲਿਆਣਾਨੰਦ ਗਿਰੀ ਜੀ ਮਹਾਰਾਜ ਨੂੰ ਮਹਾਮੰਡਲੇਸ਼ਵਰ ਘੋਸ਼ਿਤ ਕੀਤਾ ਗਿਆ। ਜੂਨਾ ਅਖਾੜਾ ਵੱਲੋਂ ਮਾਨਯੋਗ ਹਰੀ ਗਿਰੀ ਜੀ ਨੇ ਚਾਦਰ ਭੇਟ ਕੀਤੀ। ਇਸ ਤੋਂ ਇਲਾਵਾ ਗ੍ਰਾਮ ਪੰਚਾਇਤ ਭੁਟਾਲ ਕਲਾਂ, ਡੇਰਾ ਪੰਚਾਇਤ ਘੁਟਾਲਾ, ਗੋਸਵਾਮੀ ਫਾਊਂਡੇਸ਼ਨ ਸਮਾਜ ਪੰਜਾਬ ਅਤੇ ਬ੍ਰਾਹਮਣ ਸਭਾ ਵੱਲੋਂ ਵੀ ਚਾਦਰਾਂ ਭੇਟ ਕੀਤੀਆਂ ਗਈਆਂ। ਧਾਰਮਿਕ ਪਰੰਪਰਾ ਅਨੁਸਾਰ ਮਹੰਤ ਸ੍ਰੀ ਕਲਿਆਣਾਨੰਦ ਗਿਰੀ ਜੀ ਨੂੰ ਗੱਦੀ ਤੇ ਬਿਰਾਜਮਾਨ ਕਰਵਾਇਆ ਗਿਆ। ਇਸ ਪਵਿੱਤਰ ਮੌਕੇ 'ਤੇ ਸੰਗਤ ਵੱਲੋਂ ਫੁੱਲਾਂ ਦੀ ਵਰਖਾ ਕੀਤੀ ਗਈ, ਸ਼ਬਦ ਗਾਏ ਗਏ ਅਤੇ ਸੰਤਾਂ ਦੀ ਸੇਵਾ ਨਿਭਾਈ ਗਈ। ਸਮਾਰੋਹ ਵਿੱਚ ਜੂਨਾ ਅਖਾੜਾ ਦੇ ਪ੍ਰਮੁੱਖ ਮਹਾਮੰਡਲੇਸ਼ਵਰਾਂ, ਮਹੰਤਾਂ ਅਤੇ ਦੂਰ-ਨੇੜਿਓਂ ਆਏ ਸਾਧੂ ਸੰਤਾਂ ਨੇ ਸ਼ਿਰਕਤ ਕੀਤੀ ਅਤੇ ਸੰਗਤ ਨੂੰ ਆਸ਼ੀਰਵਾਦ ਬਖ਼ਸ਼ੇ। ਇਸ ਮੌਕੇ 'ਤੇ ਵਿਸ਼ਾਲ ਭੰਡਾਰੇ ਦਾ ਪ੍ਰਬੰਧ ਕੀਤਾ ਗਿਆ। ਖੀਰ-ਪੂੜੇ, ਪੂਰੀਆਂ, ਛੋਲੇ, ਦਾਲ-ਚਾਵਲ ਅਤੇ ਚਪਾਤੀਆਂ ਪਰੋਸੀਆਂ ਗਈਆਂ, ਜਿਨ੍ਹਾਂ ਦਾ ਹਜ਼ਾਰਾਂ ਸ਼ਰਧਾਲੂਆਂ ਨੇ ਸ਼ਰਧਾ ਨਾਲ ਭੋਗ ਲਿਆ। ਆਏ ਹੋਏ ਸਾਧੂ ਸੰਤਾਂ ਨੂੰ ਪੂਰਨ ਸਨਮਾਨ ਨਾਲ ਦਕਸ਼ਣਾ ਭੇਟ ਕੀਤੀ ਗਈ। ਸਟੇਜ ਦੀ ਕਾਰਵਾਈ ਡਾ. ਤਰਸੇਮ ਪੁਰੀ, ਪ੍ਰਧਾਨ ਗੋਸਵਾਮੀ ਫਾਊਂਡੇਸ਼ਨ ਸਮਾਜ ਪੰਜਾਬ ਵੱਲੋਂ ਕੀਤੀ ਗਈ। ਪਿੰਡ ਭੁਟਾਲ ਕਲਾਂ ਦੇ ਲੋਕਾਂ ਨੇ ਮਨੋਯੋਗ ਸੇਵਾ ਨਿਭਾਈ। ਮਾਨਤ ਭਾਨ ਗਿਰੀ ਜੀ, ਡੇਰਾ ਲਹਿਲ ਕਲਾਂ ਨੇ ਸਾਰੀ ਸੰਗਤ ਨੂੰ ਅਸ਼ੀਰਵਾਦ ਦਿੱਤਾ। ਇਸ ਮੌਕੇ ਪਿੰਡ ਭੁਟਾਲ ਕਲਾਂ ਦੀਆਂ ਸੋਸਾਇਟੀਆਂ, ਸੰਸਥਾਵਾਂ, ਗਊਸ਼ਾਲਾਵਾਂ ਅਤੇ ਦੋਵੇਂ ਪੰਚਾਇਤਾਂ ਵੱਲੋਂ ਮਹੰਤ ਸ੍ਰੀ ਕਲਿਆਣਾਨੰਦ ਗਿਰੀ ਜੀ ਦੀ ਵਡਿਆਈ ਕੀਤੀ ਗਈ ਅਤੇ ਕਿਹਾ ਗਿਆ ਕਿ ਉਹ ਬਹੁਤ ਹੀ ਨੇਕ ਇਨਸਾਨ ਹਨ, ਜੋ ਹਮੇਸ਼ਾ ਹੀ ਲੋਕਾਂ ਦੇ ਦੁੱਖ-ਸੁੱਖ ਵਿੱਚ ਖੜ੍ਹੇ ਰਹਿੰਦੇ ਹਨ। ਸਮਾਰੋਹ ਦੇ ਅੰਤ ਵਿੱਚ ਪਿੰਡ ਵਾਸੀਆਂ, ਡੇਰਾ ਪੰਚਾਇਤ ਭੁਟਾਲ ਕਲਾਂ, ਗ੍ਰਾਮ ਪੰਚਾਇਤ ਭੁਟਾਲ ਕਲਾਂ ਅਤੇ ਗਊਸ਼ਾਲਾ ਦੇ ਪ੍ਰਧਾਨ ਰਾਮ ਲਾਲ ਸ਼ਰਮਾ ਵੱਲੋਂ ਦੂਰ-ਨੇੜਿਓਂ ਆਏ ਸਾਰੇ ਮਹਾਨ ਸਾਧੂ ਸੰਤਾਂ ਦਾ ਤਹਿ-ਦਿਲੋਂ ਧੰਨਵਾਦ ਕੀਤਾ ਗਿਆ।

# ਹੜ੍ਹਾਂ ਕਾਰਨ ਹੋਏ ਨੁਕਸਾਨ ਦੀ ਸਰਕਾਰ ਤੁਰੰਤ ਭਰਪਾਈ ਕਰੇ : ਕਾਕਾ ਕੋਟੜਾ



ਬਠਿੰਡਾ 28 ਅਗਸਤ (ਇੰਦਰਪਾਲ ਬਾਂਸਲ): ਹੜ੍ਹਾਂ ਦੇ ਕਾਰਨ ਪੰਜਾਬ ਦੇ ਵਿੱਚ ਆਏ ਹੜ੍ਹਾਂ ਦੇ ਨਾਲ ਕਾਫ਼ੀ ਜ਼ਿਲ੍ਹਿਆਂ ਦਾ ਵੱਡਾ ਨੁਕਸਾਨ ਹੋਇਆ ਹੈ। ਉੱਥੇ ਪਿਛਲੇ ਦਿਨਾਂ ਤੋਂ ਲਗਾਤਾਰ ਪੈ ਰਹੀ ਬਾਰਿਸ਼ ਕਾਰਨ ਬਠਿੰਡਾ ਜ਼ਿਲ੍ਹੇ ਦੇ ਕਈ ਪਿੰਡ ਜਿਵੇਂ ਢਿਪਾਲੀ , ਸਲਾਬਤਪੁਰਾ, ਗਿੱਲ ਕਲਾਂ, ਜੇਠੂਕੇ, ਕਰਾੜਵਾਲਾ,ਚਾਉਕੇ ਅਤੇ ਬੱਲ੍ਹੋ ਆਦਿ ਵਿੱਚ ਵੀ ਹੜ੍ਹਾਂ ਵਰਗੀ ਸਥਿਤੀ ਬਣੀ ਹੋਈ ਹੈ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਭਾਰਤੀ ਕਿਸਾਨ ਯੂਨੀਅਨ ਸਿੱਧੂਪੁਰ ਦੇ ਜਨਰਲ ਸਕੱਤਰ ਜਗਜੀਤ ਸਿੰਘ ਕਾਕਾ ਕੋਟੜਾ ਕੌੜਾ ਨੇ ਦੱਸਿਆ ਹੈ ਕਿ ਬਾਰਿਸ਼ ਦੇ ਪਾਣੀ ਨੇ ਜਿੱਥੇ ਸ਼ਹਿਰਾਂ ਕਸਬਿਆਂ ਪਿੰਡਾਂ ਦੇ ਲੋਕਾਂ ਦਾ ਜਿਉਣਾ ਦੁੱਭਰ ਕੀਤਾ ਹੈ ਉਨ੍ਹਾਂਕਾਫ਼ੀ ਲੋਕਾਂ ਦੀਆਂ ਦੁਕਾਨਾਂ,ਘਰਾਂ ਅਤੇ ਕਿਸਾਨਾਂ ਦਾ ਵੱਡਾ ਨੁਕਸਾਨ ਹੋਇਆ ਹੈ। ਮੀਂਹ ਦੇ ਪਾਣੀ ਦੀ ਸਹੀ ਨਿਕਾਸੀ ਨਾ ਹੋਣ ਕਾਰਨ ਪਾਣੀ ਲੋਕਾਂ ਦੇ ਘਰਾਂ ਵਿੱਚ ਜਾ ਵੜ ਗਿਆ ਹੈ ਅਤੇ ਲੋਕਾਂ ਦੇ ਘਰ ਡਿੱਗ ਰਹੇ ਹਨ ਜਿਸ ਕਾਰਨ ਲੋਕਾਂ ਵਿੱਚ ਸਹਿਮ ਦਾ ਮਾਹੌਲ ਬਣਿਆ ਹੋਇਆ ਹੈ। ਖੇਤਾਂ ਵਿੱਚ ਜੋ ਮੱਕੀ ਦਾ ਪਾਇਆ ਹੋਇਆ ਅਚਾਰ, ਤੂੜੀ ਦੀਆਂ ਧੜਾਂ, ਬੇਸ਼ੱਕ ਝੋਨੇ ਦਾ ਥੋੜਾ ਨੁਕਸਾਨ ਹੋਇਆ ਪਰ ਸਬਜ਼ੀਆਂ, ਹਰੇ ਚਾਰੇ ਦਾ 100% ਨੁਕਸਾਨ ਹੋਇਆ ਹੈ। ਸਮੇਂ ਸਿਰ ਡਰੇਨਾਂ ਦੀ ਸਫ਼ਾਈ ਨਾ ਹੋਣ ਕਾਰਨ ਡਰੇਨਾਂ ਦੇ ਨਜਾਇਜ਼ ਕਬਜ਼ਿਆਂ ਕਾਰਨ ਪਾਣੀ ਦੀ ਨਿਕਾਸੀ ਦਾ ਬੁਰਾ ਹਾਲ ਹੈ।

# ਖ਼ਰੀਦਦਾਰ ਬਣ ਕੇ ਆਇਆ ਲੁਟੇਰਾ, ਬੰਦੂਕ ਦੀ ਨੋਕ 'ਤੇ ਲੁੱਟੀ ਕਾਰ

ਬਠਿੰਡਾ, 28 ਅਗਸਤ (ਦੀਪਕ ਸ਼ਰਮਾ):ਜ਼ਿਲ੍ਹੇ ਵਿੱਚ ਜੁਰਮ ਦਾ ਗ੍ਰਾਫ ਲਗਾਤਾਰ ਉੱਪਰ ਜਾ ਰਿਹਾ ਹੈ, ਜਿਸ ਨੇ ਸੁਰੱਖਿਆ ਪ੍ਰਬੰਧਾਂ 'ਤੇ ਸਵਾਲ ਖੜ੍ਹੇ ਕਰ ਦਿੱਤੇ ਹਨ। ਵੀਰਵਾਰ ਤੜਕਸ ਮੰਦਰ ਵਿੱਚ ਇੱਕ ਔਰਤ ਨਾਲ ਹੋਈ ਲੁੱਟ ਦੀ ਖ਼ਬਰ ਦੀ ਚਰਚਾ ਅਜੇ ਚੱਲ ਹੀ ਰਹੀ ਸੀ ਕਿ ਅਪਰਾਧੀਆਂ ਨੇ ਇੱਕ ਹੋਰ ਵਾਰਦਾਤ ਨੂੰ ਅੰਜਾਮ ਦੇ ਦਿੱਤਾ। ਇਸ ਵਾਰ ਨਿਸ਼ਾਨੇ 'ਤੇ ਰਾਮਪੁਰਾ ਮੰਡੀ ਸਥਿਤ ਇੱਕ ਕਾਰ ਡੀਲਰ ਸੀ, ਜਿੱਥੋਂ ਇੱਕ ਲੁਟੇਰਾ ਖ਼ਰੀਦਦਾਰ ਬਣ ਕੇ ਆਇਆ ਅਤੇ ਬੰਦੂਕ ਦੀ ਨੋਕ ਤੇ ਇੱਕ ਨਵੀਂ ਸਵਿਫਟ ਕਾਰ ਖੋਹ ਕੇ ਫਰਾਰ ਹੋ ਗਿਆ।ਜਾਣਕਾਰੀ ਅਨੁਸਾਰ ਵੀਰਵਾਰ ਦੁਪਹਿਰ , ਇੱਕ ਅਣਜਾਣ ਵਿਅਕਤੀ ਮੰਡੀ ਰਾਮਪੁਰਾ ਦੇ ਮੁੱਖ ਬਾਜ਼ਾਰ ਵਿੱਚ ਸਥਿਤ ਬਾਬਾ ਫਰੀਦ ਮੋਟਰਜ਼ ਤੇ ਪਹੁੰਚਿਆ। ਉਸ ਨੇ ਦੁਕਾਨ ਦੇ ਮਾਲਕ ਅਤੇ ਕਰਮਚਾਰੀਆਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਉਹ ਇੱਕ ਨਵੀਂ ਸਵਿਫਟ ਡਿਜ਼ਾਇਰ ਕਾਰ ਖ਼ਰੀਦਣਾ ਚਾਹੁੰਦਾ ਹੈ। ਉਸ ਨੇ ਇਕ ਕਾਰ ਵਿੱਚ ਵਿਸ਼ੇਸ਼ ਦਿਲਚਸਪੀ ਦਿਖਾਈ।ਜਿਕਰਯੋਗ ਹੈ ਕਿ ਗੱਲਬਾਤ ਦੌਰਾਨ ਉਸ ਦਾ ਰਵੱਈਆ ਬਿਲਕੁਲ ਆਮ ਸੀ, ਜਿਸ ਕਾਰਨ ਕਿਸੇ ਨੂੰ ਵੀ ਉਸ ਤੇ ਸ਼ੱਕ ਨਹੀਂ ਹੋਇਆ।ਲੁਟੇਰੇ ਨੇ ਕਾਰ ਦੀ ਜਾਂਚ ਪੜਤਾਲ ਕੀਤੀ ਅਤੇ ਇਸ ਤੋਂ ਬਾਅਦ ਉਸ ਨੇ ਇਸ ਦਾ ਟ੍ਰਾਇਲ ਲੈਣ ਦੀ ਇੱਛਾ ਜ਼ਾਹਰ ਕੀਤੀ। ਜਿਸ ਤੋਂ ਬਾਅਦ ਉਕਤ ਕੰਪਨੀ ਵਿੱਚ ਕੰਮ ਕਰਦੇ ਇੱਕ ਕਰਮਚਾਰੀ ਪਰਮਿੰਦਰ ਸਿੰਘ ਨੂੰ ਉਸ ਨਾਲ ਭੇਜਿਆ ਗਿਆ। ਕਾਰ ਵਿੱਚ ਸਵਾਰ ਹੋ ਕੇ ਦੋਵੇਂ ਪਿੰਡ ਘੁਨਸ, ਥਾਣਾ ਤਪਾ, ਜ਼ਿਲ੍ਹਾ ਬਰਨਾਲਾ ਵਾਲੇ ਪਾਸੇ ਚੱਲ ਪਏ। ਪਿੰਡ ਤੋਂ ਬਾਹਰ ਇੱਕ ਸੁੰਨਸਾਨ ਜਗ੍ਹਾ ਤੇ ਪਹੁੰਚਦਿਆਂ ਹੀ ਅਣਜਾਣ ਵਿਅਕਤੀ ਨੇ ਆਪਣਾ ਅਸਲੀ ਚਿਹਰਾ ਦਿਖਾ ਦਿੱਤਾ।ਜਿਵੇਂ ਹੀ ਕਾਰ ਸੁੰਨਸਾਨ ਇਲਾਕੇ ਵਿੱਚ ਪਹੁੰਚੀ, ਲੁਟੇਰੇ ਨੇ ਅਚਾਨਕ ਆਪਣੇ ਕੱਪੜਿਆਂ ਵਿੱਚੋਂ ਇੱਕ ਪਿਸਤੌਲ ਕੱਢਿਆ ਅਤੇ ਪਰਮਿੰਦਰ ਸਿੰਘ ਤੇ ਤਾਣ ਦਿੱਤਾ। ਉਸ ਨੇ ਪਰਮਿੰਦਰ ਨੂੰ ਡਰਾ-ਧਮਕਾ ਕੇ ਤੁਰੰਤ ਕਾਰ ਤੋਂ ਬਾਹਰ ਉਤਰਨ ਲਈ ਕਿਹਾ। ਪਰਮਿੰਦਰ ਨੇ ਆਪਣੀ ਜਾਨ ਬਚਾਉਣ ਲਈ ਉਸ ਦਾ ਕਿਹਾ ਮੰਨਿਆ ਅਤੇ ਕਾਰ ਵਿੱਚੋਂ ਬਾਹਰ ਆ ਗਿਆ। ਲੁਟੇਰਾ ਬੰਦੂਕ ਦੀ ਨੋਕ ਤੇ ਕਾਰ ਆਪਣੇ ਕਬਜ਼ੇ ਵਿੱਚ ਲੈ ਕੇ ਤਪਾ ਵਾਲੇ ਪਾਸੇ ਨੂੰ ਤੇਜ਼ ਰਫਤਾਰ ਨਾਲ ਫਰਾਰ ਹੋ ਗਿਆ।ਲੁੱਟ ਦੀ ਇਸ ਵਾਰਦਾਤ ਤੋਂ ਬਾਅਦ ਪੀੜਤ ਕਰਮਚਾਰੀ ਨੇ ਤੁਰੰਤ ਆਪਣੇ ਮਾਲਕ ਅਤੇ ਪੁਲਿਸ ਨੂੰ ਸੂਚਿਤ ਕੀਤਾ। ਸੂਚਨਾ ਮਿਲਦੇ ਹੀ ਪੁਲਿਸ ਹਰਕਤ ਵਿੱਚ ਆਈ ਅਤੇ ਮੌਕੇ ਤੇ ਪਹੁੰਚ ਕੇ ਸਥਿਤੀ ਦਾ ਜਾਇਜ਼ਾ ਲਿਆ। ਪੁਲਿਸ ਨੇ ਆਸ-ਪਾਸ ਦੇ ਇਲਾਕਿਆਂ ਵਿੱਚ ਨਾਕਾਬੰਦੀ ਕਰ ਦਿੱਤੀ ਹੈ ਅਤੇ ਲੁਟੇਰੇ ਦੀ ਭਾਲ ਸ਼ੁਰੂ ਕਰ ਦਿੱਤੀ ਹੈ। ਇਸ ਮਾਮਲੇ ਵਿੱਚ ਅਣਪਛਾਤੇ ਲੁਟੇਰੇ ਖ਼ਿਲਾਫ਼ ਧਾਰਾ 379 ਅਤੇ 506 ਤਹਿਤ ਕੇਸ ਦਰਜ ਕਰ ਲਿਆ ਗਿਆ ਹੈ। ਪੁਲਿਸ ਦਾ ਕਹਿਣਾ ਹੈ ਕਿ ਜਲਦੀ ਹੀ ਦੋਸ਼ੀ ਨੂੰ ਕਾਬੂ ਕਰ ਲਿਆ ਜਾਵੇਗਾ।ਇਸ ਘਟਨਾ ਨੇ ਇੱਕ ਵਾਰ ਫਿਰ ਸਾਬਤ ਕਰ ਦਿੱਤਾ ਹੈ ਕਿ ਲੁਟੇਰੇ ਹੁਣ ਵੱਡੇ ਸ਼ਹਿਰਾਂ ਵਿੱਚ ਹੀ ਨਹੀਂ, ਬਲਕਿ ਛੋਟੇ ਕਸਬਿਆਂ ਅਤੇ ਪਿੰਡਾਂ ਵਿੱਚ ਵੀ ਬੇਖੌਫ ਹੋ ਕੇ ਵਾਰਦਾਤਾਂ ਨੂੰ ਅੰਜਾਮ ਦੇ ਰਹੇ ਹਨ, ਜੋ ਕਿ ਪੁਲਿਸ ਲਈ ਇੱਕ ਗੰਭੀਰ ਚਿੰਤਾ ਦਾ ਵਿਸ਼ਾ ਹੈ।

# ਜੇਲ੍ਹ ਵਿੱਚੋਂ ਚੱਲ ਰਹੇ ਨਸ਼ਾ ਤਸਕਰੀ ਦੇ ਧੰਦੇ ਦਾ ਪਰਦਾਫਾਸ਼

## ਅੱਧਾ ਕਿੱਲੋ ਹੈਰੋਇਨ ਸਮੇਤ ਇੱਕ ਗ੍ਰਿਫ਼ਤਾਰ



ਬਠਿੰਡਾ, 28 ਅਗਸਤ (ਦੀਪਕ ਸ਼ਰਮਾ)ਬਠਿੰਡਾ ਪੁਲਿਸ ਨੇ ਸਕੂਟਰੀ ਸਵਾਰ ਨੌਜਵਾਨ ਨੂੰ ਅੱਧਾ ਕਿੱਲੋ ਹੈਰੋਇਨ ਸਮੇਤ ਗ੍ਰਿਫ਼ਤਾਰ ਕੀਤਾ ਹੈ। ਇਸ ਕਾਰਵਾਈ ਨੂੰ ਥਾਣਾ ਕੈਨਾਲ ਕਲੋਨੀ ਦੀ ਪੁਲਿਸ ਵੱਲੋਂ ਅੰਜਾਮ ਦਿੱਤਾ ਗਿਆ ਹੈ। ਕਥਿਤ ਦੋਸ਼ੀ ਖਿਲਾਫ ਐਨਡੀਪੀਐਸ ਐਕਟ ਤਹਿਤ ਪਰਚਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ। ਉਕਤ ਨੌਜਵਾਨ ਦੀ ਪਛਾਣ ਰਾਹੁਲ (34) ਵਾਸੀ ਪਰਸਰਾਮ ਨਗਰ ਵਜੋਂ ਹੋਈ। ਪੁਲਿਸ ਅਨੁਸਾਰ ਰਾਹੁਲ ਇੱਕ ਬੇਰੁਜ਼ਗਾਰ ਨੌਜਵਾਨ ਹੈ। ਉਸ ਉੱਪਰ ਇਸ ਤੋਂ ਪਹਿਲਾਂ ਕੋਈ ਵੀ ਅਪਰਾਧਿਕ ਮਾਮਲਾ ਦਰਜ ਨਹੀਂ ਹੈਪੁਲਿਸ ਨੇ ਇਸ ਮਾਮਲੇ ਵਿੱਚ ਫੜੇ ਗਏ ਮੁਲਜ਼ਮ ਦੇ ਕਹਿਣ 'ਤੇ ਉਸ ਦੇ ਇੱਕ ਸਾਥੀ ਨੂੰ ਵੀ ਨਾਮਜ਼ਦ ਕੀਤਾ ਹੈ। ਉਕਤ ਨੌਜਵਾਨ ਇਸ ਸਮੇਂ ਕਪੂਰਥਲਾ ਜੇਲ੍ਹ ਵਿੱਚ ਬੰਦ ਹੈ। ਜੇਲ੍ਹ ਵਿੱਚ ਬੰਦ ਮੁਲਜ਼ਮ ਖਿਲਾਫ ਨਸ਼ਾ ਤਸਕਰੀ ਦੇ ਪੰਜ ਵੱਖ-ਵੱਖ ਪਰਚੇ ਦਰਜ ਹਨ। ਦੱਸਿਆ ਜਾ ਰਿਹਾ ਹੈ ਕਿ ਫੜਿਆ ਗਿਆ ਨੌਜਵਾਨ ਜੇਲ੍ਹ ਵਿੱਚ ਬੈਠੇ ਆਪਣੇ ਦੋਸਤ ਦੇ ਕਹਿਣ 'ਤੇ ਹੀ ਇਸ ਧੰਦੇ ਨੂੰ ਅੰਜਾਮ ਦੇ ਰਿਹਾ ਸੀ। ਦੂਜੇ ਪਾਸੇ ਪੁਲਿਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਪੂਰੇ ਮਾਮਲੇ ਦੀ ਜਾਂਚ ਦੌਰਾਨ ਹੀ ਇਸ ਗੱਲ ਦੀ ਪੁਸ਼ਟੀ ਹੋਵੇਗੀ ਕਿ ਨਸ਼ੇ ਦਾ ਇਹ ਕਾਰੋਬਾਰ ਜੇਲ੍ਹ ਵਿੱਚੋਂ ਚੱਲ ਰਿਹਾ ਸੀ। ਇਸ ਸਬੰਧੀ ਸਥਾਨਕ ਸੈਕਟਰੀਏਟ ਵਿੱਚ ਕੀਤੀ ਗਈ ਪ੍ਰੈਸ ਵਾਰਤਾ ਦੌਰਾਨ ਐਸਪੀ ਸਿਟੀ ਨਰਿੰਦਰ ਸਿੰਘ ਨੇ ਦੱਸਿਆ ਹੈ ਕਿ ਲੰਘੀ 27 ਅਗਸਤ ਨੂੰ ਐਸਐਚਓ ਹਰਜੀਵਨ ਸਿੰਘ ਦੀ ਅਗਵਾਈ ਹੇਠਲੀ ਪੁਲਿਸ ਪਾਰਟੀ ਵੱਲੋਂ ਸਥਾਨਕ ਸਰਹੰਦ ਨਹਿਰ 'ਤੇ ਪਿੰਡ ਦੇ ਪਿੰਡ ਬਹਿਮਣ ਪੁੱਲ ਕੋਲ ਨਾਕਾਬੰਦੀ ਕਰਕੇ ਸ਼ੱਕੀ ਵਾਹਨਾਂ ਅਤੇ ਵਿਅਕਤੀਆਂ ਦੀ ਜਾਂਚ ਪੜਤਾਲ ਕੀਤੀ ਜਾ ਰਹੀ ਸੀ। ਇਸ ਦੌਰਾਨ ਸ਼ੱਕ ਦੇ ਅਧਾਰ 'ਤੇ ਐਕਟੀਵਾ ਸਵਾਰ ਇੱਕ ਨੌਜਵਾਨ ਨੂੰ ਰੋਕ ਕੇ ਤਲਾਸ਼ੀ ਲਈ ਤਾਂ ਉਸ ਕੋਲੋਂ 505 ਗ੍ਰਾਮ ਹੈਰੋਇਨ ਬਰਾਮਦ ਕੀਤੀ ਗਈ, ਜਿਸ ਅਧਾਰ 'ਤੇ ਕਥਿਤ ਦੋਸ਼ੀ ਨੂੰ ਮੌਕੇ 'ਤੇ ਹੀ ਗ੍ਰਿਫਤਾਰ ਕਰ ਲਿਆ ਗਿਆ। ਮੁਲਜ਼ਮ ਦੀ ਪਛਾਣ ਰਾਹੁਲ (34) ਵਾਸੀ ਪਰਸਰਾਮ ਨਗਰ ਵਜੋਂ ਹੋਈ ਹੈ। ਪੁਲਿਸ ਅਧਿਕਾਰੀ ਅਨੁਸਾਰ ਮੁੱਢਲੀ ਪੁੱਛਗਿੱਛ ਦੌਰਾਨ ਪਤਾ ਲੱਗਾ ਹੈ ਕਿ ਰਾਹੁਲ ਦੇ ਖਿਲਾਫ ਇਸ ਤੋਂ ਪਹਿਲਾਂ ਕੋਈ ਵੀ ਅਪਰਾਧਿਕ ਮਾਮਲਾ ਦਰਜ ਨਹੀਂ ਹੈ। ਕਥਿਤ ਦੋਸ਼ੀ ਇੱਕ ਬੇਰੋਜ਼ਗਾਰ ਨੌਜਵਾਨ ਹੈ। ਮੁਲਜ਼ਮ ਆਪਣੇ ਦੋਸਤ ਇਸ਼ਾਂਤ ਵਾਸੀ ਜਨਤਾ ਨਗਰ ਨਾਲ ਮਿਲ ਕੇ ਨਸ਼ਾ ਤਸਕਰੀ ਦੇ ਧੰਦੇ ਨੂੰ ਅੰਜਾਮ ਦੇ ਰਿਹਾ ਸੀ, ਜਿਸ ਦੇ ਚਲਦਿਆਂ ਮੁਲਜ਼ਮ ਈਸ਼ਾਂਤ ਨੂੰ ਵੀ ਇਸ ਮਾਮਲੇ ਵਿੱਚ ਨਾਮਜ਼ਦ ਕੀਤਾ ਗਿਆ ਹੈ।ਐਸਪੀ ਨਰਿੰਦਰ ਸਿੰਘ ਨੇ ਦੱਸਿਆ ਹੈ ਕਿ ਫੜੇ ਗਏ ਮੁਲਜ਼ਮ ਦਾ ਪੁਲਿਸ ਰਿਮਾਂਡ ਹਾਸਲ ਕਰਕੇ ਪੁੱਛਗਿੱਛ ਕੀਤੀ ਜਾਵੇਗੀ ਤਾਂ ਕਿ ਪਤਾ ਲਗਾਇਆ ਜਾ ਸਕੇ। ਹੈਰੋਇਨ ਦੀ ਇਹ ਖੇਪ ਉਹ ਕਿੱਥੋਂ ਲੈ ਕੇ ਆਇਆ ਸੀ ਅਤੇ ਅੱਗੇ ਕਿਸ ਨੂੰ ਸਪਲਾਈ ਕਰਨੀ ਸੀ।



# ਪਟਿਆਲਾ-ਆਸ/ਪਾਸ



## ਪਟਿਆਲਾ 'ਚ ਹੜ੍ਹਾਂ ਵਰਗੀ ਕੋਈ ਸਥਿਤੀ ਨਹੀਂ, ਲੋਕ ਘਬਰਾਹਟ 'ਚ ਨਾ ਆਉਣ : ਡਾ. ਬਲਬੀਰ ਸਿੰਘ



ਪਟਿਆਲਾ, 28 ਅਗਸਤ (ਰੁਪਾਣਾ) : ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਬਰਸਾਤੀ ਪਾਣੀ ਦੀ ਨਿਕਾਸੀ ਸਬੰਧੀ ਜ਼ਿਲ੍ਹਾ ਪ੍ਰਸਾਸ਼ਨ ਦੇ ਅਧਿਕਾਰੀਆਂ ਨਾਲ ਇੱਕ ਬੈਠਕ ਕਰਕੇ ਵੱਡੀ ਨਦੀ 'ਤੇ ਲੱਗ ਰਹੇ ਐਸਟੀਪੀ, ਦੌਲਤਪੁਰ, ਗੁਰਦੁਆਰਾ ਸਾਹਿਬ ਫਲੌਲੀ, ਵੱਡੀ ਨਦੀ ਪੁੱਲ ਰਾਜਪੁਰਾ ਰੋਡ, ਗੋਬਿੰਦ ਬਾਗ਼ ਤੇ ਹੀਰਾ ਬਾਗ ਦਾ ਦੌਰਾ ਕਰਕੇ ਸਥਿਤੀ ਦਾ ਜਾਇਜ਼ਾ ਲਿਆ। ਉਨ੍ਹਾਂ ਦੇ ਨਾਲ ਸੀਨੀਅਰ ਡਿਪਟੀ ਮੇਅਰ ਹਰਿੰਦਰ ਕੋਹਲੀ ਤੇ ਇਲਾਕੇ ਕੌਂਸਲਰ ਤੇ ਹੋਰ ਪਤਵੰਤੇ ਵੀ ਮੌਜੂਦ ਸਨ। ਡਾ. ਬਲਬੀਰ ਸਿੰਘ ਨੇ ਕਿਹਾ ਕਿ ਪਟਿਆਲਾ ਵਿਖੇ ਭਾਵੇਂ ਹੜ੍ਹਾਂ ਵਰਗੀ ਕੋਈ ਸਥਿਤੀ ਨਹੀਂ ਹੈ ਪਰ ਅਹਿਤਿਹਾਤ ਵਜੋਂ ਸਾਰੇ ਪ੍ਰਬੰਧ ਮੁਕੰਮਲ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਪਹਾੜੀ ਖੇਤਰਾਂ ਵਿੱਚ ਪਈ ਬਰਸਾਤ ਕਾਰਨ ਪੰਜਾਬ ਦੇ ਕਈ ਜ਼ਿਲ੍ਹਿਆਂ 'ਚ ਹੜ੍ਹ ਆਏ ਹੋਏ ਹਨ, ਪਰ ਪਟਿਆਲਾ ਜ਼ਿਲ੍ਹੇ ਵਿੱਚੋਂ ਵਗਣ ਵਾਲੀਆਂ ਸਾਰੀਆਂ ਨਦੀਆਂ-ਨਾਲਿਆਂ ਸਮੇਤ ਵੱਡੀ ਅਤੇ ਛੋਟੀ ਨਦੀਂ ਵਿੱਚ ਪਾਣੀ ਖਤਰੇ ਦੇ ਨਿਸ਼ਾਨ ਤੋਂ ਕਾਫ਼ੀ ਥੱਲੇ ਹੈ, ਇਸ ਲਈ ਪਟਿਆਲਾ ਵਾਸੀ ਘਬਰਾਹਟ ਵਿੱਚ ਨਾ ਆਉਣ। ਸਿਹਤ ਮੰਤਰੀ ਨੇ ਕਿਹਾ ਕਿ ਪਟਿਆਲਾ ਜ਼ਿਲ੍ਹੇ 'ਚੋਂ ਲੰਘਦੇ ਨਦੀਆਂ ਤੇ ਨਾਲਿਆਂ ਦੀ 24 ਘੰਟੇ ਨਜ਼ਰਸਾਨੀ ਕੀਤੀ ਜਾ ਰਹੀ ਹੈ ਤੇ ਐਮਰਜੈਂਸੀ ਰਿਸਪਾਂਸ ਟੀਮਾਂ ਵੀ ਬਣਾਈਆਂ ਗਈਆਂ ਹਨ।ਫਲੌਲੀ ਨੇੜੇ ਖੱਪੇ ਨੂੰ ਭਰਨ ਦੇ ਨਿਰਦੇਸ਼ ਦਿੱਤੇ, ਤਾਂ ਕਿ ਪਾਣੀ ਆਪਣੇ ਰਸਤੇ ਆਰਾਮ ਨਾਲ ਲੰਘ ਜਾਵੇ।ਇਸ ਤੋਂ ਬਿਨ੍ਹਾਂ ਫਲੌਲੀ ਵਿਖੇ ਵੱਡਾ ਤਲਾਅ ਬਣਾਉਣ ਸਮੇਤ ਨਦੀ ਦੇ ਨਾਲ-ਨਾਲ ਹੋਰ ਵੀ ਅੱਧੀ ਦਰਜ਼ਨ ਤਲਾਅ ਬਣਾਏ ਜਾਣਗੇ ਤਾਂਕਿ ਨਦੀ ਉਛਲਣ ਦੀ ਸੂਰਤ ਵਿੱਚ 40 ਤੋਂ 50 ਹਜ਼ਾਰ ਕਿਊਸਿਕ ਪਾਣੀ ਸੰਭਾਲਿਆ ਜਾ ਸਕੇ।ਉਨ੍ਹਾਂ ਦੌਲਤਪੁਰ ਵਿਖੇ ਨਵੇਂ ਬਣ ਰਹੇ ਪੁੱਲ ਦੇ ਚੱਲ ਰਹੇ ਕੰਮ ਦਾ ਜਾਇਜ਼ਾ ਲਿਆ ਤੇ ਲੋਕਾਂ ਦੀ ਸਹੂਲਤ ਲਈ ਬਣਾਏ ਆਰਜ਼ੀ ਰਸਤੇ ਨੂੰ ਠੀਕ ਕਰਨ ਦੇ ਨਿਰਦੇਸ਼ ਵੀ ਦਿੱਤੇ ਤਾਂ ਕਿ ਲੋਕਾਂ ਨੂੰ ਕਿਸੇ ਵੀ ਤਰ੍ਹਾਂ ਦੀ ਮੁਸ਼ਕਿਲ ਦਾ ਸਾਹਮਣਾ ਨਾ ਕਰਨਾ ਪਵੇ।ਮੀਟਿੰਗ ਵਿੱਚ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ, ਕਮਿਸ਼ਨਰ ਨਗਰ ਨਿਗਮ ਪਰਮਵੀਰ ਸਿੰਘ, ਏਡੀਸੀ ਨਵਰੀਤ ਕੌਰ ਸੇਖੋਂ ਤੇ ਅਮਰਿੰਦਰ ਸਿੰਘ ਟਿਵਾਣਾ, ਡਰੇਨੇਜ ਸਮੇਤ ਹੋਰ ਵਿਭਾਗਾਂ ਦੇ ਅਧਿਕਾਰੀ ਵੀ ਮੌਜੂਦ ਸਨ।ਕੈਬਨਿਟ ਮੰਤਰੀ ਦੇ ਦੌਰੇ ਮੌਕੇ ਓਮ ਪ੍ਰਕਾਸ਼ ਸ਼ਰਮਾ, ਰਾਕੇਸ਼ ਸਕਲਨੀ, ਮੋਹਿਤ ਕੁਮਾਰ, ਜਯੋਤੀ ਮਰਵਾਹਾ ਤੇ ਕੁਲਵੰਤ ਲਾਲਕਾ ਸਮੇਤ ਹੋਰ ਆਗੂ ਤੇ ਵਰਕਰ ਮੌਜੂਦ ਸਨ।

## ਪੰਚਮੀ ਮੌਕੇ ਗੁਰਦੁਆਰਾ ਸ੍ਰੀ ਦੂਖ ਨਿਵਾਰਨ ਸਾਹਿਬ ਵਿਖੇ ਗੁਰਮਤਿ ਸਮਾਗਮ

### ਵੱਡੀ ਗਿਣਤੀ 'ਚ ਸੰਗਤਾਂ ਹੋਈਆਂ ਨਤਮਸਤਕ, ਢਾਡੀ ਕਵੀਸ਼ਰੀਆਂ ਨੇ ਸੁਣਾਇਆ ਇਤਿਹਾਸ



ਪਟਿਆਲਾ, 28 ਅਗਸਤ (ਰੁਪਾਣਾ/ਅਮਰਜੀਤ/ਵਿਨੋਦ ਸ਼ਰਮਾ) : ਗੁਰਦੁਆਰਾ ਸ੍ਰੀ ਦੂਖ ਨਿਵਾਰਨ ਸਾਹਿਬ ਪਾਤਸ਼ਾਹੀ ਨੌਵੀਂ ਪਟਿਆਲਾ ਵਿਖੇ ਅੱਜ ਪੰਚਮੀ ਦਾ ਦਿਹਾੜਾ ਬੜੇ ਹੀ ਸ਼ਰਧਾ ਅਤੇ ਸਤਿਕਾਰ ਨਾਲ ਮਨਾਇਆ ਗਿਆ। ਇਸ ਮੌਕੇ ਵੱਡੀ ਗਿਣਤੀ 'ਚ ਸੰਗਤ ਗੁਰਦੁਆਰਾ ਸਾਹਿਬ ਵਿਖੇ ਨਤਮਸਤਕ ਹੋਈ। ਗੁਰਦੁਆਰਾ ਸ੍ਰੀ ਦੂਖ ਨਿਵਾਰਨ ਸਾਹਿਬ ਵੱਲੋਂ ਪੰਚਮੀ ਮੌਕੇ ਦੀਵਾਨ ਹਾਲ ਵਿਖੇ ਵਿਸ਼ੇਸ਼ ਦੀਵਾਨ ਸਜਾਏ ਗਏ। ਦੀਵਾਨਾਂ ਅੰਦਰ ਪੰਥ ਪ੍ਰਸਿੱਧ ਪ੍ਰਚਾਰਕ ਅਤੇ ਢਾਡੀ ਸਾਹਿਬਾਨ ਵੱਲੋਂ ਗੁਰ ਇਤਿਹਾਸ ਨਾਲ ਜੋੜਿਆ ਗਿਆ। ਇਹ ਵਰ੍ਹਾ ਇਸ ਵਾਰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ, ਭਾਈ ਸਤੀ ਦਾਸ ਜੀ, ਭਾਈ ਮਤੀ ਦਾਸ ਜੀ, ਭਾਈ ਦਿਆਲਾ ਜੀ ਦੇ 350 ਸਾਲਾ ਸ਼ਹੀਦੀ ਪੁਰਬ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 350 ਸਾਲਾ ਗੁਰਿਆਈ ਦਿਵਸ ਨੂੰ ਸਮਰਪਿਤ ਹੈ। ਅੱਜ ਪੰਚਮੀ ਮੌਕੇ ਪ੍ਰਚਾਰਕ ਸਿੰਘਾਂ ਵੱਲੋਂ ਗੁਰੂ ਸਾਹਿਬ ਜੀ ਦੇ ਪਾਵਨ ਇਤਿਹਾਸ ਤੋਂ ਸੰਗਤ ਨੂੰ ਜਾਣੂੰ ਕਰਵਾਇਆ ਗਿਆ।ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਪ੍ਰੋ: ਕਿਰਪਾਲ ਸਿੰਘ ਬਡੂੰਗਰ ਵਿਸ਼ੇਸ਼ ਤੌਰ 'ਤੇ ਪਹੁੰਚੇ। ਉਨ੍ਹਾਂ ਨਤਮਸਤਕ ਹੋ ਕੇ ਜਿੱਥੇ ਗੁਰੂ ਚਰਨਾਂ 'ਚ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਤਾਂ ਉੱਥੇ ਹੀ ਸੰਗਤ ਨਾਲ ਗੁਰਮਤਿ ਵਿਚਾਰਾਂ ਦੀ ਵੀ ਸਾਂਝ ਪਾਈ। ਪ੍ਰੋ: ਕਿਰਪਾਲ ਸਿੰਘ ਬਡੂੰਗਰ ਨੇ ਬੋਲਦਿਆਂ ਕਿਹਾ ਕਿ ਅੱਜ ਹਰ ਪਾਸਿਆਂ ਤੋਂ ਸਿੱਖੀ ਨੂੰ ਖ਼ਤਮ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ ਪਰ ਗੁਰੂ ਪਾਤਸ਼ਾਹ ਜੀ ਦੇ ਆਸ਼ੀਰਵਾਦ ਸਦਕਾ ਸਿੱਖੀ ਦਾ ਇਹ ਬੂਟਾ ਲਗਾਤਾਰ ਵਧ ਫੁੱਲ ਰਿਹਾ ਹੈ। ਉਨ੍ਹਾਂ ਕਿਹਾ ਕਿ ਪੰਚਮੀ ਵਾਲੇ ਦਿਨ ਗੁ. ਸ੍ਰੀ ਦੂਖ ਨਿਵਾਰਨ ਸਾਹਿਬ ਪਟਿਆਲਾ ਵਿਖੇ ਇਸ਼ਨਾਨ ਦਾ ਬਹੁਤ ਵੱਡਾ ਮਹਾਤਮ ਹੈ। ਅੱਜ ਇਸ ਮੌਕੇ ਵੱਡੀ ਗਿਣਤੀ 'ਚ ਸੰਗਤ ਨਤਮਸਤਕ ਹੋ ਰਹੀ ਹੈ ਅਸੀਂ ਗੁਰਦੁਆਰਾ ਸਾਹਿਬ ਵੱਲੋਂ ਸਭ ਨੂੰ ਜੀ ਆਇਆਂ ਨੂੰ ਕਹਿੰਦੇ ਹਾਂ। ਇਸ ਮੌਕੇ ਉਨ੍ਹਾਂ ਨੌਜਵਾਨਾਂ ਨੂੰ ਅਪੀਲ ਕਰਦਿਆਂ ਅੰਮ੍ਰਿਤਧਾਰੀ ਹੋ ਕੇ ਪੰਥ ਕੌਮ 'ਤੇ ਆ ਰਹੀਆਂ ਮੁਸ਼ਕਲਾਂ ਨੂੰ ਇੱਕ ਜੁੱਟ ਹੋ ਕੇ ਸਰ ਕਰਨ ਦੀ ਗੱਲ ਕਹੀ। ਇਸ ਮੌਕੇ ਸ. ਭਾਗ ਸਿੰਘ ਮੈਨੇਜਰ ਗੁ. ਦੂਖ ਨਿਵਾਰਨ ਸਾਹਿਬ ਵੱਲੋਂ ਵੀ ਸੰਗਤ ਨੂੰ ਜੀ ਆਇਆਂ ਨੂੰ ਕਿਹਾ ਗਿਆ। ਇਸ ਵਿਸ਼ੇਸ਼ ਮੌਕੇ 'ਤੇ ਗਿਆਨੀ ਪ੍ਰਨਾਮ ਸਿੰਘ ਮੁੱਖ ਗ੍ਰੰਥੀ, ਵਧੀਕ ਮੈਨੇਜਰ ਸ. ਜਸਵਿੰਦਰ ਸਿੰਘ, ਮੀਤ ਮੈਨੇਜਰ ਸ. ਜਸਵਿੰਦਰ ਸਿੰਘ, ਸ ਮਨਦੀਪ ਸਿੰਘ ਮੀਤ ਮੈਨੇਜਰ, ਸ. ਸਰਬਜੀਤ ਸਿੰਘ ਰਿਕਾਰਡ ਕੀਪਰ, ਸ. ਹਜ਼ੂਰ ਸਿੰਘ ਰਿਕਾਰਡ ਕੀਪਰ , ਸ. ਮਨਜੀਤ ਸਿੰਘ ਰਿਕਾਰਡ ਕੀਪਰ, ਭਾਈ ਪਰਵਿੰਦਰ ਸਿੰਘ ਰਿਉਂਦ ਪ੍ਰਚਾਰਕ, ਭਾਈ ਜਸਵੀਰ ਸਿੰਘ ਐੱਮ.ਏ. ਪ੍ਰਚਾਰਕ, ਭਾਈ ਅਵਤਾਰ ਸਿੰਘ ਪ੍ਰਚਾਰਕ, ਭਾਈ ਲਖਵੀਰ ਸਿੰਘ ਪ੍ਰਚਾਰਕ, ਭਾਈ ਸੁਖਜੀਤ ਸਿੰਘ ਢਾਡੀ ਜਥਾ, ਭਾਈ ਸੁਖਜਿੰਦਰ ਸਿੰਘ ਚੰਗਿਆੜਾ ਢਾਡੀ ਜਥਾ, ਭਾਈ ਗੁਰਪ੍ਰੀਤ ਸਿੰਘ ਜੌਹਰ ਸਮੇਤ ਬਹੁਤ ਸਾਰੇ ਪੰਥ ਪ੍ਰਸਿੱਖ ਢਾਡੀ ਜਥੇ ਅਤੇ ਪੰਥਕ ਸ਼ਖਸੀਅਤਾਂ ਹਾਜ਼ਰ ਸਨ।

## ਅਕਾਲੀ ਦਲ ਨੇ ਹਮੇਸ਼ਾ ਪੰਜਾਬ ਤੇ ਪੰਜਾਬੀਅਤ ਦੇ ਹੱਕਾਂ 'ਤੇ ਡਟ ਕੇ ਪਹਿਰਾ ਦਿੱਤਾ : ਹਰਿਆਊ, ਚੀਮਾ



ਸਮਾਣਾ, 28 ਅਗਸਤ (ਜਵੰਦਾ) : ਸ਼੍ਰੋਮਣੀ ਅਕਾਲੀ ਦਲ ਨੇ ਹਮੇਸ਼ਾਂ ਪੰਜਾਬ ਤੇ ਪੰਜਾਬੀਅਤ ਦੇ ਹੱਕਾਂ 'ਤੇ ਡਟ ਕੇ ਪਹਿਰਾ ਦਿੰਦਿਆਂ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਿੱਚ ਪੰਜਾਬ ਦੀ ਤਰੱਕੀ ਤੇ ਖੁਸ਼ਹਾਲੀ ਲਈ ਕੰਮ ਕੀਤਾ, ਜਿਸ ਕਰਕੇ ਅੱਜ ਵੀ ਪੰਜਾਬ ਦੇ ਲੋਕ ਸ਼੍ਰੋਮਣੀ ਅਕਾਲੀ ਦਲ ਦੀਆਂ ਸਰਕਾਰ ਸਮੇਂ ਸੂਬੇ ਦੇ ਲੋਕਾਂ ਨੂੰ ਦਿੱਤੀਆਂ ਗਈਆਂ ਸੁੱਖ ਸਹੂਲਤਾਂ ਦਾ ਲਾਭ ਪ੍ਰਾਪਤ ਕਰ ਰਹੇ ਹਨ । ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਦੇ ਜ਼ਿਲ੍ਹਾ ਦਿਹਾਤੀ ਦੇ ਪ੍ਰਧਾਨ ਜਗਮੀਤ ਸਿੰਘ ਹਰਿਆਊ ਅਤੇ ਕੌਮੀ ਜਨਰਲ ਸਕੱਤਰ ਮਲਕੀਤ ਸਿੰਘ ਚੀਮਾ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਕੀਤਾ। ਉਨ੍ਹਾਂ ਪੰਜਾਬ ਦੇ ਸਿਆਸੀ ਹਲਾਤਾਂ 'ਤੇ ਗੱਲਬਾਤ ਕਰਦਿਆਂ ਕਿਹਾ ਕਿ ਪੰਜਾਬ ਦੀ ਬਿਹਤਰੀ ਲਈ ਸ਼੍ਰੋਮਣੀ ਅਕਾਲੀ ਦਲ ਅੱਜ ਮੁੜ ਤਕੜਾ ਹੋ ਰਿਹਾ ਹੈ ਅਤੇ ਰੋਜ਼ਨਾ ਹੀ ਵੱਡੀ ਗਿਣਤੀ ਵਿੱਚ ਲੋਕ ਸ਼੍ਰੋਮਣੀ ਅਕਾਲੀ ਦਲ ਦੇ ਹੱਕ 'ਚ ਇਕਜੁੱਟ ਹੋ ਰਹੇ ਹਨ ਤੇ 2027 ਵਿਚ ਆ ਰਹੀਆਂ ਚੋਣਾਂ ਦੌਰਾਨ ਵਿਰੋਧੀਆਂ ਦੇ ਸਾਰੇ ਭਰਮ-ਭੁਲੇਖੇ ਦੂਰ ਕਰਨ ਦੇ ਰੌਹ 'ਚ ਹਨ ।

## ਨਸ਼ੇ ਦੇ ਆਦੀ ਵਿਅਕਤੀ ਦਾ ਡੋਪ ਟੈਸਟ ਪਾਜ਼ੀਟਿਵ ਆਇਆ

ਪਟਿਆਲਾ, 28 ਅਗਸਤ (ਵਿਨੋਦ ਸ਼ਰਮਾ) : ਥਾਣਾ ਸਨੌਰ ਪੁਲਿਸ ਨੇ ਕਥਿਤ ਦੋਸ਼ੀ ਜਤਿਨ ਕੁਮਾਰ ਵਾਸੀ ਪਿੰਡ ਫਲੌਲੀ ਥਾਣਾ ਅਰਬਨ ਅਸਟੇਟ ਪਟਿਆਲਾ ਵਿਰੁੱਧ ਧਾਰਾ 27, 61, 85 ਦੇ ਤਹਿਤ ਮਾਮਲਾ ਦਰਜ ਕੀਤਾ ਹੈ।ਏਐਸਆਈ ਹਰਜਿੰਦਰ ਸਿੰਘ ਸਮੇਤ ਪੁਲਿਸ ਪਾਰਟੀ ਗਸ਼ਤ ਵਾ ਤਲਾਸ਼ ਸ਼ੱਕੀ ਤੇ ਭੈੜੇ ਪੁਰਸ਼ਾਂ ਦੇ ਸਬੰਧ ਵਿੱਚ ਅਨਾਜ ਮੰਡੀ ਸਨੌਰ ਮੌਜੂਦ ਸੀ, ਜੋ ਦੋਸ਼ੀ ਨੂੰ ਸ਼ੱਕ ਦੇ ਅਧਾਰ ਪਰ ਰੋਕ ਕੇ ਚੈਕ ਕਰਨ ਪਰ ਦੋਸ਼ੀ ਦਾ ਨਸ਼ਾ ਕੀਤਾ ਜਾਪਦਾ ਪਾਇਆ ਗਿਆ, ਜੋ ਡੋਪ ਟੈਸਟ ਕਰਾਉਣ ਪਰ ਪਾਜ਼ੀਟਿਵ ਆਇਆ।

## ਏ.ਟੀ.ਐਮ. ਬਦਲਕੇ ਪੈਸੇ ਕਢਾਉਣ ਵਾਲੇ ਗਿਰੋਹ ਦੇ ਦੋ ਮੈਂਬਰ ਕਾਬੂ

### ➢ਕਈ ਬੈਂਕਾਂ ਦੇ 184 ਏ.ਟੀ.ਐਮ. ਕਾਰਡ ਬ੍ਰਾਮਦ



ਪਟਿਆਲਾ, 28 ਅਗਸਤ (ਰੁਪਾਣਾ) : ਧੋਖਾਧੜੀ ਨਾਲ ਲੋਕਾਂ ਦੇ ਏ.ਟੀ.ਐਮ ਬਦਲ ਕੇ ਲੱਖਾਂ ਦੀ ਠੱਗੀ ਮਾਰਨ ਵਾਲੇ ਅੰਤਰਰਾਜੀ ਗਿਰੋਹ ਦੇ ਦੋ ਮੈਂਬਰਾਂ ਨੂੰ ਪੁਲਿਸ ਨੇ ਗ੍ਰਿਫਤਾਰ ਕੀਤਾ ਹੈ। ਮੁਲਜ਼ਮਾਂ ਦੀ ਪਛਾਣ ਸੋਨੂੰ ਤੇ ਅਜੇ ਵਾਸੀ ਕੁਰਕਸ਼ੇਤਰ, ਹਰਿਆਣਾ ਵਜੋਂ ਹੋਈ ਹੈ। ਇਨ੍ਹਾਂ ਕੋਲੋਂ ਵੱਖ-ਵੱਖ ਬੈਂਕਾਂ ਦੇ 184 ਏਟੀਐਮ ਕਾਰਡ ਬਰਾਮਦ ਹੋਏ ਹਨ। ਇਨ੍ਹਾਂ ਨੇ ਏਟੀਐਮ ਕਾਰਡ ਬਦਲ ਕੇ ਕਈ ਲੋਕਾਂ ਨਾਲ 20 ਲੱਖ ਰੁਪਏ ਤੋਂ ਵੱਧ ਦੀ ਠੱਗੀ ਮਾਰੀ ਹੈ। ਇਸ ਦੀ ਪੁਸ਼ਟੀ ਕਰਦਿਆਂ ਐਸ.ਐਸ.ਪੀ ਵਰੁਣ ਸ਼ਰਮਾ ਨੇ ਕਿਹਾ ਕਿ ਡੀਐਸਪੀ ਰਾਜੇਸ਼ ਮਲਹੋਤਰਾ ਦੀ ਅਗਵਾਈ ਵਿਚ ਸੀਆਈਏ ਮੁਖੀ ਇਸਪੈਕਟਰ ਪ੍ਰਦੀਪ ਸਿੰਘ ਬਾਜਵਾ ਦੀ ਟੀਮ ਵਲੋਂ ਇਸ ਗਿਰੋਹ ਦਾ ਪਰਦਾਫਾਸ਼ ਕੀਤਾ ਗਿਆ ਹੈ।ਐਸ.ਐਸ.ਪੀ ਵਰੁਣ ਸ਼ਰਮਾ ਨੇ ਦੱਸਿਆ ਕਿ ਮੁੱਢਲੀ ਪੁੱਛਗਿੱਛ ਦੌਰਾਨ ਮੁਲਜ਼ਮਾਂ ਨੇ ਇਨ੍ਹਾਂ ਵੱਲੋਂ 150 ਵਾਰਦਾਤਾਂ ਪੰਜਾਬ, ਚੰਡੀਗੜ੍ਹ, ਹਰਿਆਣਾ, ਹਿਮਾਚਲ ਪ੍ਰਦੇਸ਼, ਰਾਜਸਥਾਨ, ਯੂ.ਪੀ ਤੇ ਦਿੱਲੀ ਆਦਿ ਥਾਵਾਂ 'ਤੇ ਭੋਲੇ ਭਾਲੇ ਵਿਅਕਤੀਆਂ ਦੇ ਏ.ਟੀ.ਐਮ ਕਾਰਡ ਬਦਲ ਕੇ ਪੈਸੇ ਕਢਾਉਣ ਦੀਆਂ ਵਾਰਦਾਤਾਂ ਬਾਰੇ ਦੱਸਿਆ ਹੈ। ਵਾਰਦਾਤ ਨੂੰ ਅੰਜਾਮ ਦੇਣ ਤੋਂ ਪਹਿਲਾਂ ਇਹ ਵਿਅਕਤੀ ਏਟੀਐਮ ਮਸ਼ੀਨ ਦੇ ਬਾਹਰ ਖੜ੍ਹ ਕੇ ਰੇਕੀ ਕਰਦੇ ਸੀ।ਜਦੋਂ ਕੋਈ ਵਿਅਕਤੀ ਰੁਪਏ ਕਢਵਾਉਣ ਲਈ ਏਟੀਐਮ ਅੰਦਰ ਜਾਂਦਾ ਸੀ ਤਾਂ ਇਹ ਵਿਅਕਤੀ ਵੀ ਉਸ ਦੇ ਪਿੱਛੇ ਚਲੇ ਜਾਂਦੇ ਸੀ ਅਤੇ ਰੁਪਏ ਕਢਾਉਣ ਸਮੇਂ ਉਸ ਵਿਅਕਤੀ ਦਾ ਧੋਖਾਧੜੀ ਨਾਲ ਏਟੀਐਮ ਕਾਰਡ ਬਦਲ ਕੇ ਦੂਜਾ ਕਾਰਡ ਦੇ ਦਿੰਦੇ ਸੀ ਅਤੇ ਉਸ ਦਾ ਪਿਨ ਨੰਬਰ ਵੀ ਪਤਾ ਕਰ ਲੈਂਦੇ ਸੀ।ਇਹ ਦੋਵੇਂ ਜ਼ਿਆਦਾਤਰ ਬਜ਼ੁਰਗ ਤੇ ਭੋਲੇ ਭਾਲੇ ਲੋਕਾਂ ਨੂੰ ਸ਼ਿਕਾਰ ਬਣਾਉਂਦੇ ਸੀ। ਮੁਲਜ਼ਮ ਪਿਛਲੇ ਕਰੀਬ ਦੋ ਸਾਲ ਤੋਂ ਇਹਨਾਂ ਵਾਰਦਾਤਾਂ ਨੂੰ ਅੰਜਾਮ ਦਿੰਦੇ ਆ ਰਹੇ ਹਨ। ਮੁਲਜ਼ਮਾਂ ਨੂੰ ਪਟਿਆਲਾ ਦੀ ਛੋਟੀ ਨਦੀ ਬੰਨਾ ਰੋਡ ਤੋਂ ਗ੍ਰਿਫਤਾਰ ਕਰ ਕੇ ਥਾਣਾ ਕੋਤਵਾਲੀ ਵਿਖੇ ਮਾਮਲਾ ਦਰਜ ਕੀਤਾ ਗਿਆ ਹੈ।

## ਬਿਨਾਂ ਜੁਰਮਾਨੇ ਦੇ ਪ੍ਰਾਪਰਟੀ ਟੈਕਸ ਭਰਨ ਦੀ ਮਿਆਦ 31 ਤੱਕ ਵਧਾਈ: ਬੂਟਾ ਸਿੰਘ, ਮਧੂ ਬਾਲਾ



ਭਾਦਸੋਂ, 28 ਅਗਸਤ (ਭਰਪੂਰ ਸਿੰਘ ਮੱਟਰਾਂ) : ਨਗਰ ਪੰਚਾਇਤ ਭਾਦਸੋਂ ਦੇ ਕਾਰਜਸਾਧਕ ਅਫਸਰ ਬੂਟਾ ਸਿੰਘ ਤੇ ਪ੍ਰਧਾਨ ਸ੍ਰੀ ਮਤੀ ਮਧੂ ਬਾਲਾ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਪੰਜਾਬ ਸਰਕਾਰ ਦੇ ਸਥਾਨਕ ਸਰਕਾਰਾਂ ਵਿਭਾਗ ਪੰਜਾਬ ਚੰਡੀਗੜ੍ਹ ਵੱਲੋਂ ਬਿਨ੍ਹਾਂ ਜੁਰਮਾਨਾ ਅਤੇ ਬਿਨ੍ਹਾਂ ਵਿਆਜ ਤੋਂ ਇੱਕ ਮੁਸ਼ਤ ਪ੍ਰਾਪਰਟੀ ਟੈਕਸ ਜਮ੍ਹਾਂ ਕਰਵਾਉਣ ਦੀ ਮਿਆਦ ਵਿੱਚ ਵਾਧਾ ਕੀਤਾ ਹੈ। ਉਹਨਾਂ ਦੱਸਿਆ ਕਿ 15 ਅਗਸਤ 2025 ਦੇ ਨੋਟੀਫਿਕੇਸ਼ਨ ਰਾਹੀਂ ਸ਼ਹਿਰ ਅੰਦਰ ਪ੍ਰਾਪਰਟੀਆਂ ਦੇ ਲੱਗੇ ਪ੍ਰਾਪਰਟੀ ਟੈਕਸ ਦੇ ਬਕਾਇਆ ਇੱਕ ਮੁਸ਼ਤ ਜਮ੍ਹਾਂ ਕਰਵਾਉਣ 'ਤੇ ਜੁਰਮਾਨੇ ਅਤੇ ਸਲਾਨਾ ਵਿਆਜ ਤੋਂ ਮਾਫੀ ਦਿੱਤੀ ਗਈ ਸੀ। ਸੂਬਾ ਸਰਕਾਰ ਨੇ ਹੁਣ ਇਹ ਸਕੀਮ ਨੂੰ 31 ਅਗਸਤ 2025 ਤੱਕ ਵਾਧਾ ਕਰ ਦਿੱਤਾ ਹੈ। ਸ. ਬੂਟਾ ਸਿੰਘ ਅਤੇ ਪ੍ਰਧਾਨ ਸ੍ਰੀਮਤੀ ਮਧੂਵਾਲਾ ਨੇ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਆਪਣਾ ਬਣਦਾ ਪ੍ਰਾਪਰਟੀ ਟੈਕਸ ਦੇ ਬਕਾਇਆ 31 ਅਗਸਤ 2025 ਤੱਕ ਜਮ੍ਹਾਂ ਕਰਵਾ ਦੇਣ ਤਾਂ ਜੋ ਇਸ ਸੁਨਹਿਰੀ ਮੌਕੇ ਦਾ ਲਾਭ ਪ੍ਰਾਪਤ ਕੀਤਾ ਜਾ ਸਕੇ। ਉਹਨਾਂ ਅੱਗੇ ਦੱਸਿਆ ਕਿ 30 ਅਤੇ 31 ਅਗਸਤ ਦਿਨ ਸ਼ਨੀਵਾਰ ਤੇ ਐਤਵਾਰ ਨੂੰ ਵੀ ਦਫਤਰ ਦੀ ਪ੍ਰਾਪਰਟੀ ਟੈਕਸ ਸ਼ਾਖਾ ਟੈਕਸ ਜਮ੍ਹਾਂ ਕਰਵਾਉਣ ਲਈ ਆਮ ਦਿਨਾਂ ਵਾਂਗ ਖੁੱਲ੍ਹਾ ਰਹੇਗਾ, ਜਿਨ੍ਹਾਂ ਵੱਲੋਂ ਪ੍ਰਾਪਰਟੀ ਟੈਕਸ ਜਮ੍ਹਾਂ ਨਾ ਕਰਾਇਆ ਗਿਆ ਤਾਂ ਉਨ੍ਹਾਂ ਦੀਆਂ ਪ੍ਰਾਪਰਟੀਆ ਸੀਲ ਕੀਤੀਆਂ ਜਾਣਗੀਆਂ।

## ਜਥੇਬੰਦੀ ਨੇ ਮੁੱਖ ਮੰਤਰੀ ਦੇ ਨਾਮ ਭੇਜਿਆ ਮੰਗ ਪੱਤਰ



ਸਮਾਣਾ, 28 ਅਗਸਤ (ਵਿਜੇ ਕੁਮਾਰ/ਜਵੰਦਾ) : ਪੰਜਾਬ ਵਣ ਵਿਭਾਗ ਵਰਕਰਜ਼ ਯੂਨੀਅਨ ਰਾਹੀਂ ਸੂਬੇ ਦੇ ਆਗੂ ਵੀਰਪਾਲ ਸਿੰਘ ਬੰਮਣਾ, ਬਲਵੀਰ ਸਿੰਘ ਮੰਡੋਲੀ ਤੇ ਹੋਰ ਸਾਥੀਆਂ ਨੇ ਮਿਲ ਕੇ ਡਿਪਟੀ ਕਮਿਸ਼ਰ ਪਟਿਆਲਾ ਰਾਹੀਂ ਇੱਕ ਮੈਮੋਰੰਡਮ ਮੁੱਖ ਮੰਤਰੀ ਪੰਜਾਬ ਮਾਨ ਦੇ ਨਾਮ 'ਤੇ ਭੇਜਿਆ ਗਿਆ। ਮੰਗ ਪੱਤਰ ਵਿੱਚ ਦਰਜ ਮੰਗਾਂ ਵਿਭਾਗ ਅੰਦਰ ਲੰਮੇ ਸਮੇਂ ਤੋਂ ਕੰਮ ਕਰਦੇ ਕਿਰਤੀ ਕਾਮਿਆਂ ਨੂੰ ਪੰਜਾਬ ਸਰਕਾਰ ਜਾ ਤਾਂ ਨਵੀਂ ਪਾਲਿਸੀ ਲਿਆ ਕੇ ਤਿੰਨ ਸਾਲ ਤੱਕ ਸਾਰੇ ਦਿਹਾੜੀਦਾਰ ਜੰਗਲਾਤ ਵਿਭਾਗ ਦੇ ਕਾਮਿਆਂ ਨੂੰ ਬਿਨਾਂ ਸ਼ਰਤ ਰੈਗੂਲਰ ਕਰੇ। ਜਿਹੜੇ ਕਾਮਿਆਂ ਨੇ ਤਿੰਨ ਤਿੰਨ ਦਹਾਕਿਆਂ ਤੋਂ ਕੰਮ ਕਰ ਰਹੇ ਹਨ ਪਰੰਤੂ ਲਗਾਤਾਰ ਸਰਵਿਸ 10 ਸਾਲ ਨਹੀਂ ਬਣਾਈ ਗਈ। ਇਸ ਸਰਵਿਸ ਵਿੱਚ ਛੋਟ ਦੇ ਕੇ ਸਾਰੇ ਵਰਕਰਾਂ ਨੂੰ ਪੱਕਾ ਕੀਤਾ ਜਾਵੇ। ਜਿੰਨੀ ਦੇਰ ਤੱਕ ਕੱਚੇ ਦਿਹਾੜੀਦਾਰ ਕਾਮਿਆਂ ਨੂੰ ਪੱਕਾ ਨਹੀਂ ਕੀਤਾ ਜਾਂਦਾ। ਇਨ੍ਹਾਂ ਮੰਗਾਂ ਨੂੰ ਲੈ ਕੇ ਮੁੱਖ ਮੰਤਰੀ ਦੇ ਹਲਕੇ ਤੇ ਰਿਹਾਇਸ਼ ਸਾਹਮਣੇ ਮਿਤੀ 30 ਅਗਸਤ 2025 ਨੂੰ ਸੰਗਰੂਰ ਵਿਖੇ ਰੋਸ ਧਰਨਾ ਅਤੇ ਰੈਲੀ ਕਰਨ ਦਾ ਫੈਸਲਾ ਕੀਤਾ ਹੋਇਆ ਹੈ। ਅੱਜ ਮੰਗ ਪੱਤਰ ਦੇਣ ਸਮੇਂ ਹਰਚਰਨ ਸਿੰਘ ਪ੍ਰਧਾਨ, ਹਰਪ੍ਰੀਤ ਸਿੰਘ ਲੋਚਮਾ ਰਾਜਪੁਰਾ, ਗੁਰਪ੍ਰੀਤ ਸਿੰਘ ਨਾਭਾ, ਸਤਨਾਮ ਸਿੰਘ, ਰਾਮ ਕਿਸ਼ਨ ਘੱਗਾ, ਬਲਵੀਰ ਸਿੰਘ ਪਾਤੜਾਂ, ਗਰਤੇਜ਼ ਸਿੰਘ ਘਨੌਰ, ਲਾਜਵੰਤ ਕੌਰ ਪ੍ਰਧਾਨ ਸਮਾਣਾ ਰੇਂਜ ਅਤੇ ਅੰਮ੍ਰਿਤਪਾਲ ਸਿੰਘ, ਚਰਨਜੀਤ ਸਿੰਘ ਸਰਹਿੰਦ ਹਾਜ਼ਰ ਸਨ।

## ਪ੍ਰਨੀਤ ਕੌਰ ਨੇ ਮੁੱਖ ਮੰਤਰੀ ਮਾਨ ਨੂੰ ਪੰਜਾਬ ਹੋਮ ਗਾਰਡਜ਼ ਦੀ ਅਣਦੇਖੀ 'ਤੇ ਲਿਖਿਆ ਪੱਤਰ



ਪਟਿਆਲਾ, 28 ਅਗਸਤ (ਰੁਪਾਣਾ): ਸਾਬਕਾ ਕੇਂਦਰੀ ਮੰਤਰੀ ਅਤੇ ਸੰਸਦ ਮੈਂਬਰ ਪ੍ਰਨੀਤ ਕੌਰ ਨੇ ਅੱਜ ਪੰਜਾਬ ਹੋਮ ਗਾਰਡਜ਼ ਵੈਲਫੇਅਰ ਐਸੋਸੀਏਸ਼ਨ (ਸੇਵਾਮੁਕਤ) ਦੀਆਂ ਲੰਬੇ ਸਮੇਂ ਤੋਂ ਚੱਲੀਆਂ ਆ ਰਹੀਆਂ ਮੰਗਾਂ 'ਤੇ ਡੂੰਘੀ ਚਿੰਤਾ ਪ੍ਰਗਟਾਈ ਅਤੇ ਉਨ੍ਹਾਂ ਨੂੰ ਉਨ੍ਹਾਂ ਦੇ ਹੱਕਾਂ ਦੀ ਮਾਨਤਾ ਅਤੇ ਭਲਾਈ ਲਈ ਪੂਰਨ ਸਹਿਯੋਗ ਦਾ ਭਰੋਸਾ ਦਿੱਤਾ। ਸਾਬਕਾ ਸੰਸਦ ਪ੍ਰਨੀਤ ਕੌਰ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਪੰਜਾਬ ਹੋਮ ਗਾਰਡਜ਼ ਦੀ ਅਣਦੇਖੀ 'ਤੇ ਲਿਖਿਆ ਪੱਤਰ, ਸਮੇਂ ਸਿਰ ਤਨਖਾਹਾਂ ਤੇ ਪੈਨਸ਼ਨ ਲਾਭਾਂ ਸਮੇਤ ਕੀਤੀ ਇਹ ਮੰਗ ਐਸੋਸੀਏਸ਼ਨ ਵੱਲੋਂ ਸੌਂਪੇ ਗਏ ਇੱਕ ਮੰਗ ਪੱਤਰ ਵਿੱਚ, ਇਹ ਦੱਸਿਆ ਗਿਆ ਹੈ ਕਿ ਪੰਜਾਬ ਹੋਮ ਗਾਰਡਾਂ ਨੇ ਪਿਛਲੇ ਤਿੰਨ ਦਹਾਕਿਆਂ ਤੋਂ ਸੂਬੇ ਲਈ ਮਹੱਤਵਪੂਰਨ ਸੇਵਾਵਾਂ ਨਿਭਾਈਆਂ ਹਨ। ਉਨ੍ਹਾਂ ਨੇ ਕਾਨੂੰਨ ਵਿਵਸਥਾ ਬਣਾਈ ਰੱਖਣ, ਵੀ.ਆਈ.ਪੀ. ਅਤੇ ਚੋਣ ਸੁਰੱਖਿਆ, ਆਵਾਜਾਈ ਪ੍ਰਬੰਧਨ ਅਤੇ ਕੁਦਰਤੀ ਆਫ਼ਤਾਂ ਦੌਰਾਨ ਸਹਾਇਤਾ ਵਰਗੇ ਅਹਿਮ ਫਰਜ਼ ਨਿਭਾਏ ਹਨ। ਉਨ੍ਹਾਂ ਦੀ ਅਹਿਮ ਭੂਮਿਕਾ ਦੇ ਬਾਵਜੂਦ, ਉਨ੍ਹਾਂ ਨੂੰ ਪੰਜਾਬ ਪੁਲਿਸ ਦੇ ਬਰਾਬਰ ਸੇਵਾਵਾਂ, ਰੈਗੂਲਰਾਈਜ਼ੇਸ਼ਨ ਅਤੇ ਸੇਵਾਮੁਕਤੀ ਤੋਂ ਬਾਅਦ ਦੇ ਲਾਭਾਂ ਤੋਂ ਵਾਂਝੇ ਰੱਖਿਆ ਜਾਂਦਾ ਹੈ।ਐਸੋਸੀਏਸ਼ਨ ਨੇ ਇਹ ਵੀ ਦੱਸਿਆ ਕਿ 2018 ਵਿੱਚ ਉਨ੍ਹਾਂ ਦੀ ਬਹਾਲੀ ਸਬੰਧੀ ਹੁਕਮ ਜਾਰੀ ਕੀਤੇ ਗਏ ਸਨ, ਪਰ ਉਨ੍ਹਾਂ ਦੇ ਅਮਲ ਵਿੱਚ ਬਹੁਤ ਘੱਟ ਤਰੱਕੀ ਹੋਈ ਹੈ। ਸੇਵਾ ਦੇ ਕਈ ਦਹਾਕਿਆਂ ਬਾਅਦ, ਬਹੁਤ ਸਾਰੇ ਸੇਵਾਮੁਕਤ ਹੋਮ ਗਾਰਡਾਂ ਨੂੰ ਪੈਨਸ਼ਨਾਂ, ਮੈਡੀਕਲ ਸਹੂਲਤਾਂ ਅਤੇ ਹੋਰ ਭਲਾਈ ਪ੍ਰਬੰਧਾਂ ਤੋਂ ਵਾਂਝੇ ਹੋਣ ਕਾਰਨ ਵਿੱਤੀ ਅਤੇ ਸਮਾਜਿਕ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਮਸਲੇ ਤੇ ਗੰਭੀਰ ਚਿੰਤਾ ਪ੍ਰਗਟ ਕਰਦਿਆ ਪ੍ਰਨੀਤ ਕੌਰ ਨੇ ਪੰਜਾਬ ਦੇ ਮਾਨਯੋਗ ਮੁੱਖ ਮੰਤਰੀ ਭਗਵੰਤ ਮਾਨ ਨੂੰ ਇੱਕ ਮੰਗ ਪੱਤਰ ਲਿਖ ਕੇ ਤੁਰੰਤ ਕਾਰਵਾਈ ਕਰਨ ਦੀ ਅਪੀਲ ਕੀਤੀ ਹੈ।ਪੱਤਰ ਵਿੱਚ ਉਨ੍ਹਾਂ ਨੇ ਕਿਹਾ ਪੰਜਾਬ ਦੇ ਹੋਮ ਗਾਰਡਾਂ ਨੇ ਸ਼ਾਂਤੀ ਅਤੇ ਜਨਤਕ ਵਿਵਸਥਾ ਦੀ ਰਾਖੀ ਲਈ ਪੰਜਾਬ ਪੁਲਿਸ ਦੇ ਨਾਲ ਮੋਢੇ ਨਾਲ ਮੋਢਾ ਜੋੜ ਕੇ ਕੰਮ ਕੀਤਾ ਹੈ। ਬੁਨਿਆਦੀ ਸੇਵਾਵਾਂ ਅਤੇ ਭਲਾਈ ਲਾਭਾਂ ਤੋਂ ਉਨ੍ਹਾਂ ਦਾ ਬਾਹਰ ਰਹਿਣਾ ਗੰਭੀਰ ਚਿੰਤਾ ਦਾ ਵਿਸ਼ਾ ਹੈ। ਮੈਂ ਤੁਹਾਨੂੰ ਨਿਮਰਤਾ ਸਹਿਤ ਉਨ੍ਹਾਂ ਦੀਆਂ ਸੇਵਾਵਾਂ ਨੂੰ ਰੈਗੂਲਰ ਕਰਨ, ਸਮੇਂ ਸਿਰ ਤਨਖਾਹਾਂ ਦਾ ਭੁਗਤਾਨ ਯਕੀਨੀ ਬਣਾਉਣ ਅਤੇ ਹੋਰ ਵਰਦੀਧਾਰੀ ਬਲਾਂ ਦੇ ਬਰਾਬਰ ਪੈਨਸ਼ਨ ਅਤੇ ਭਲਾਈ ਉਪਾਅ ਵਧਾਉਣ ਲਈ ਤੁਰੰਤ ਕਦਮ ਚੁੱਕਣ ਦੀ ਅਪੀਲ ਕਰਦੀ ਹਾਂ। ਅਜਿਹੀ ਮਾਨਤਾ ਕੋਈ ਰਿਆਇਤ ਨਹੀਂ, ਬਲਕਿ ਸੂਬੇ ਪ੍ਰਤੀ ਉਨ੍ਹਾਂ ਦੀਆਂ ਦਹਾਕਿਆਂ ਦੀਆਂ ਸਮਰਪਿਤ ਸੇਵਾਵਾਂ ਦਾ ਸਹੀ ਸਨਮਾਨ ਹੈ।ਪ੍ਰਨੀਤ ਕੌਰ ਨੇ ਅੱਗੇ ਕਿਹਾ ਕਿ ਇਸ ਅਹਿਮ ਫੋਰਸ ਦੀ ਲਗਾਤਾਰ ਅਣਦੇਖੀ ਉਨ੍ਹਾਂ ਦੇ ਮਨੋਬਲ ਨੂੰ ਕਮਜ਼ੋਰ ਕਰਦੀ ਹੈ ਅਤੇ ਨੌਜਵਾਨ ਪੀੜ੍ਹੀਆਂ ਨੂੰ ਅਜਿਹੀਆਂ ਜ਼ਰੂਰੀ ਜਨਤਕ ਸੇਵਾਵਾਂ ਵਿੱਚ ਸ਼ਾਮਲ ਹੋਣ ਤੋਂ ਨਿਰਾਸ਼ ਕਰਦੀ ਹੈ। ਉਨ੍ਹਾਂ ਨੇ ਹੋਮ ਗਾਰਡਜ਼ ਵੈਲਫੇਅਰ ਐਸੋਸੀਏਸ਼ਨ ਨੂੰ ਭਰੋਸਾ ਦਿੱਤਾ ਕਿ ਉਹ ਉਨ੍ਹਾਂ ਦੀਆਂ ਮੰਗਾਂ ਦੀ ਵਕਾਲਤ ਕਰਨ ਲਈ ਵਚਨਬੱਧ ਹੈ, ਜਦੋਂ ਤੱਕ ਉਨ੍ਹਾਂ ਨੂੰ ਉਹ ਮਾਨਤਾ ਅਤੇ ਭਲਾਈ ਲਾਭ ਨਹੀਂ ਮਿਲਦੇ ਜਿਸਦੇ ਉਹ ਹੱਕਦਾਰ ਹਨ।

## ਜ਼ਿਲ੍ਹਾ ਪੱਧਰੀ ਕੁਰਾਸ਼ ਟੂਰਨਾਮੈਂਟ 'ਚ ਸਰਕਾਰੀ ਸਕੂਲ ਖੇੜੀ ਗੁੱਜਰਾਂ ਨੇ ਜਿੱਤਿਆ ਇੱਕ ਸਿਲਵਰ ਅਤੇ ਅੱਠ ਬਰਾਊਂਜ਼ ਮੈਡਲ



ਪਟਿਆਲਾ, 28 ਅਗਸਤ (ਚ.ਨ.ਸ.) : 69ਵੀਂ ਜ਼ਿਲ੍ਹਾ ਪੱਧਰੀ ਸਕੂਲ ਖੇਡਾਂ ਸਾਲ 2025-26 ਦਾ ਕੁਰਾਸ਼ ਦਾ ਟੂਰਨਾਮੈਂਟ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.) ਪਟਿਆਲਾ ਸ੍ਰੀ ਸੰਜੀਵ ਸ਼ਰਮਾ ਅਤੇ ਉਪ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.) ਪਟਿਆਲਾ ਰਵਿੰਦਰਪਾਲ ਸ਼ਰਮਾ ਅਤੇ ਜ਼ਿਲ੍ਹਾ ਸਪੋਰਟਸ ਕੋਆਰੀਨੇਟਰ ਦਲਜੀਤ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਚਰਨਜੀਤ ਸਿੰਘ,ਅਰਸ਼ਾਦ ਖਾਨ, ਅਰੁਣ ਕੁਮਾਰ, ਹਰਨੇਕ ਸਿੰਘ, ਰਣਜੀਤ ਸਿੰਘ ਅਤੇ ਰਕੇਸ਼ ਕੁਮਾਰ ਦੀ ਅਗਵਾਈ ਵਿੱਚ ਸਟੇਡੀਅਮ ਸਾਹਿਬ ਨਗਰ ਥੇੜੀ ਪਟਿਆਲਾ ਵਿਖੇ ਕਰਵਾਇਆ ਗਿਆ। ਇਸ ਟੂਰਨਾਮੈਂਟ ਵਿੱਚ ਹਰ ਉਮਰ ਵਰਗ ਵਿੱਚ ਵੱਡੀ ਗਿਣਤੀ ਵਿੱਚ ਖਿਡਾਰੀਆਂ ਨੇ ਭਾਗ ਲਿਆ। ਇਸ ਟੂਰਨਾਮੈਂਟ ਵਿੱਚ ਸਰਕਾਰੀ ਮਿਡਲ ਸਕੂਲ ਖੇੜੀ ਗੁੱਜਰਾਂ ਦੇ ਖਿਡਾਰੀਆਂ ਨੇ ਆਪਣੇ ਕੋਚ ਸ੍ਰੀਮਤੀ ਮਮਤਾ ਰਾਣੀ (ਪੀ.ਟੀ.ਆਈ., ਸਰਕਾਰੀ ਮਿਡਲ ਸਕੂਲ ਖੇੜੀ ਗੁੱਜਰਾਂ, ਪਟਿਆਲਾ) ਦੀ ਅਗਵਾਈ ਵਿੱਚ ਭਾਗ ਲਿਆ। ਜ਼ਿਲ੍ਹਾ ਪੱਧਰੀ ਕੁਰਾਸ਼ ਅੰਡਰ-14 (ਲੜਕੀਆਂ) ਦੇ ਟੂਰਨਾਮੈਂਟ ਵਿੱਚ ਮੁਨਾਲੀ ਕੁਮਾਰੀ ਨੇ -24 ਕਿੱਲੋ ਭਾਰ ਵਿੱਚ ਸਿਲਵਰ ਮੈਡਲ, ਆਸਥਾ ਯਾਦਵ ਨੇ -32 ਕਿੱਲੋ ਭਾਰ ਵਿੱਚ ਬਰੋਂਜ਼ ਮੈਡਲ ਅਤੇ ਸਨੇਹਾ ਨੇ -57 ਕਿੱਲੋ ਭਾਰ ਵਿੱਚ ਬਰੋਂਜ਼ ਮੈਡਲ ਹਾਸਲ ਕੀਤਾ। ਜ਼ਿਲ੍ਹਾ ਪੱਧਰੀ ਕੁਰਾਸ਼ ਅੰਡਰ-14 (ਲੜਕੇ) ਦੇ ਟੂਰਨਾਮੈਂਟ ਵਿੱਚ ਸਹਿਜ ਅਲੀ ਨੇ -25 ਕਿੱਲੋ ਭਾਰ ਵਿੱਚ ਬਰੋਂਜ਼ ਮੈਡਲ, ਰਿਹਾਨ ਅਲੀ ਨੇ -45 ਕਿੱਲੋ ਭਾਰ ਵਿੱਚ ਬਰੋਂਜ਼ ਮੈਡਲ ਅਤੇ ਨਿਤਿਨ ਨੇ -50 ਕਿੱਲੋ ਭਾਰ ਵਿੱਚ ਬਰੋਂਜ਼ ਮੈਡਲ ਹਾਸਲ ਕੀਤਾ। ਜ਼ਿਲ੍ਹਾ ਪੱਧਰੀ ਕੁਰਾਸ਼ ਅੰਡਰ-17 (ਲੜਕੀਆਂ) ਦੇ ਟੂਰਨਾਮੈਂਟ ਵਿੱਚ ਖੁਸ਼ਪ੍ਰੀਤ ਕੌਰ ਨੇ -52 ਕਿੱਲੋ ਭਾਰ ਵਿੱਚ ਬਰੋਂਜ਼ ਮੈਡਲ ਅਤੇ ਸਰਿਤਾ ਨੇ -57 ਕਿੱਲੋ ਭਾਰ ਵਿੱਚ ਬਰੋਂਜ਼ ਮੈਡਲ ਹਾਸਲ ਕੀਤਾ। ਜ਼ਿਲ੍ਹਾ ਪੱਧਰੀ ਕੁਰਾਸ਼ ਅੰਡਰ-19 (ਲੜਕੀਆਂ) ਦੇ ਟੂਰਨਾਮੈਂਟ ਵਿੱਚ ਨੀਤੂ ਨੇ -44 ਕਿੱਲੋ ਭਾਰ ਵਿੱਚ ਬਰੋਂਜ਼ ਮੈਡਲ ਹਾਸਲ ਕੀਤਾ। ਸ੍ਰੀਮਤੀ ਮਮਤਾ ਰਾਣੀ ਜੀ ਨੇ ਕਿਹਾ ਕਿ ਉਹਨਾਂ ਦੇ ਸਕੂਲ ਦੇ ਖਿਡਾਰੀਆਂ ਨੇ ਇਸ ਟੂਰਨਾਮੈਂਟ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਕੇ ਆਪਣਾ, ਆਪਣੇ ਮਾਪਿਆਂ ਦਾ ਅਤੇ ਸਕੂਲ ਦਾ ਨਾਮ ਰੋਸ਼ਨ ਕੀਤਾ ਹੈ। ਸ੍ਰੀਮਤੀ ਮਮਤਾ ਰਾਣੀ ਜੀ ਨੇ ਅਗੇ ਕਿਹਾ ਕਿ ਉਹਨਾਂ ਨੂੰ ਆਸ ਹੈ ਆਉਣ ਵਾਲੇ ਸਮੇਂ ਵਿੱਚ ਉਹਨਾਂ ਦੇ ਸਕੂਲ ਦੇ ਹੋਰ ਖਿਡਾਰੀ ਵੀ ਕੁਰਾਸ਼ ਦੇ ਟੂਰਨਾਮੈਂਟ ਵਿੱਚ ਭਾਗ ਲੈਣਗੇ ਅਤੇ ਵਧੀਆ ਪ੍ਰਦਰਸ਼ਨ ਕਰਨਗੇ। ਇਸ ਮੌਕੇ 'ਤੇ ਰਵਿੰਦਰਪਾਲ ਕੌਰ, ਮਨਪ੍ਰੀਤ ਸਿੰਘ, ਮਨਦੀਪ ਕੁਮਾਰ, ਮਲਕੀਤ ਸਿੰਘ, ਸ਼ਤੀਸ ਕੁਮਾਰ, ਸੁਰਜੀਤ ਸਿੰਘ ਵਾਲੀਆ, ਰਜਨੀ ਠਾਕੁਰ ਅਤੇ ਹੋਰ ਕੋਚ ਅਤੇ ਅਧਿਆਪਕ ਮੌਜੂਦ ਸਨ।

## 3 ਗ੍ਰਾਮ ਨਸ਼ੀਲਾ ਪਦਾਰਥ ਬ੍ਰਾਮਦ

ਪਟਿਆਲਾ, 28 ਅਗਸਤ (ਵਿਨੋਦ ਸਰਮਾ) : ਥਾਣਾ ਤ੍ਰਿਪੜੀ ਪੁਲਿਸ ਕੋਲ ਰਾਹੁਲ ਚੌਧਰੀ ਸਹਾਇਕ ਸੁਪਰਡੈਂਟ ਕੇਂਦਰੀ ਜੇਲ੍ਹ ਪਟਿਆਲਾ ਨੇ ਕਥਿਤ ਦੋਸ਼ੀ ਹੈਡ ਵਾਰਡਰ ਪਰਮਾਨੰਦ ਵਾਸੀ ਗਲੀ ਨੰ. 05 ਰਣਜੀਤ ਨਗਰ ਸਿਊਣਾ ਚੌਂਕ ਪਟਿਆਲਾ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ ਕਿ ਡਿਊਢੀ ਪਰ ਮੌਜੂਦ ਵਾਰਡਰ ਗੁਰਬਿੰਦਰ ਸਿੰਘ ਵੱਲੋਂ ਤਲਾਸ਼ੀ ਕੀਤੀ ਜਾ ਰਹੀ ਸੀ ਤਾ ਦੋਸ਼ੀ ਦੀ ਪੈਂਟ ਦੀ ਮੂਰੀ ਵਿੱਚ ਵਰਜਿਤ ਵਸਤੂ ਹੋਣ ਦਾ ਸ਼ੱਕ ਹੋਇਆ ਤਾਂ ਉਸ ਨੂੰ ਪੈਂਟ ਦੀ ਮੂਰੀ ਚੈਕ ਕਰਾਉਣ ਲਈ ਕਿਹਾ ਗਿਆ ਪਰ ਦੋਸ਼ੀ ਨੇ ਚੈਕ ਕਰਾਉਣ ਤੋ ਮਨ੍ਹਾ ਕਰ ਦਿੱਤਾ ਅਤੇ ਕੁੱਝ ਸਮੇਂ ਬਾਅਦ ਡਿਊਢੀ ਦਾ ਗੇਟ ਖੁੱਲ੍ਹਣ 'ਤੇ ਬਾਹਰ ਚਲਾ ਗਿਆ ਅਤੇ ਪੈਂਟ ਦੀ ਮੂਰੀ ਵਿੱਚੋ ਕੋਈ ਵਸਤੂ ਕੱਢ ਕੇ ਆਪਣੀ ਸਕੂਟਰੀ ਵਿੱਚ ਰੱਖ ਆਇਆ, ਜੋ ਸਕੂਟਰੀ ਚੈਕ ਕਰਨ 'ਤੇ 3 ਗ੍ਰਾਮ ਨਸ਼ੀਲਾ ਜਾਪਦਾ ਪਦਾਰਥ ਬ੍ਰਾਮਦ ਹੋਇਆ। ਪੁਲਿਸ ਨੇ ਮਾਮਲਾ ਦਰਜ ਕਰ ਲਿਆ ਹੈ।

## ਲੋੜਵੰਦ ਪਰਿਵਾਰਾਂ ਦਾ ਮੁਫ਼ਤ ਰਾਸ਼ਨ ਬੰਦ ਕਰਨਾ ਕੇਂਦਰ ਸਰਕਾਰ ਦਾ ਤੁਗਲਕੀ ਫ਼ਰਮਾਨ: ਗੁਰਲਾਲ ਘਨੌਰ



ਘਨੌਰ, 28 ਅਗਸਤ (ਮਦਨ ਲਾਲ): ਸੰਤ ਬਾਬਾ ਬੁੱਧ ਨਾਥ ਜੀ ਮਹਾਂ ਤਪੱਸਵੀ ਦੀ 125ਵੀਂ ਸਾਲਾਨਾ ਬਰਸੀ ਅਤੇ ਧਾਰਮਿਕ ਸਾਲਾਨਾ ਜੋੜ ਮੇਲਾ ਦੌਰਾਨ ਪਿੰਡ ਸਲੇਮਪੁਰ ਸੇਖਾ ਵਿਖੇ ਵਿਧਾਇਕ ਗੁਰਲਾਲ ਘਨੌਰ ਨੇ ਸਮੂਹ ਟੀਮ ਸਮੇਤ ਹਾਜ਼ਰੀ ਭਰਦੇ ਹੋਏ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਨਤਮਸਤਕ ਹੋਕੇ ਗੁਰੂ ਚਰਨਾਂ ਵਿੱਚ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ।ਇਸ ਤੋਂ ਉਪਰੰਤ ਪੰਜਾਬ ਕਬੱਡੀ ਐਸੋਸੀਏਸ਼ਨ ਦੇ ਪ੍ਰਧਾਨ ਵਿਧਾਇਕ ਗੁਰਲਾਲ ਘਨੌਰ ਆਮ ਲੋਕਾਂ ਨੂੰ ਮਿਲਦੇ ਹੋਏ ਕਿਹਾ ਕਿ ਪੰਜਾਬ ਦੇ ਲੱਖਾਂ ਲੋੜਵੰਦ ਪਰਿਵਾਰਾਂ ਨੂੰ ਮਿਲ ਰਿਹੇ ਮੁਫ਼ਤ ਰਾਸ਼ਨ ਨੂੰ ਬੰਦ ਕਰਨ ਦੇ ਕੇਂਦਰ ਸਰਕਾਰ ਦੇ ਫ਼ੈਸਲੇ ਦਾ ਸਖ਼ਤ ਵਿਰੋਧ ਕਰਦੇ ਹਨ। ਉਨ੍ਹਾਂ ਇਸ ਫੈਸਲੇ ਨੂੰ ਤਾਨਾਸ਼ਾਹੀ ਤੇ ਜ਼ਾਲਮਾਨਾ ਕਦਮ ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਵੱਲੋਂ 55 ਲੱਖ ਲੋਕਾਂ ਦਾ ਮੁਫ਼ਤ ਰਾਸ਼ਨ ਰੋਕਣ ਦੀ ਸਾਜ਼ਿਸ਼ ਰਚੀ ਜਾ ਰਹੀ ਹੈ, ਜੋ ਗਰੀਬ ਪਰਿਵਾਰਾਂ ਨਾਲ ਖੁੱਲ੍ਹਾ ਜ਼ੁਲਮ ਹੈ।ਵਿਧਾਇਕ ਗੁਰਲਾਲ ਘਨੌਰ ਨੇ ਕਿਹਾ ਕਿ ਪੰਜਾਬ ਵਿੱਚ ਲਗਭਗ 1 ਕਰੋੜ 53 ਲੱਖ ਲੋਕਾਂ ਨੂੰ ਰਾਸ਼ਨ ਕਾਰਡ ਰਾਹੀਂ ਮੁਫ਼ਤ ਅਨਾਜ ਮਿਲਦਾ ਹੈ। ਇਸ ਯੋਜਨਾ ਤਹਿਤ ਲੋੜਵੰਦ ਪਰਿਵਾਰਾਂ ਨੂੰ ਵੱਡੀ ਰਾਹਤ ਪ੍ਰਾਪਤ ਹੋ ਰਹੀ ਸੀ ਪਰ ਹੁਣ ਕੇਂਦਰ ਸਰਕਾਰ ਵੱਲੋਂ ਕੇ.ਵਾਈ.ਸੀ. ਰਜਿਸਟ੍ਰੇਸ਼ਨ ਦੇ ਨਾਂ 'ਤੇ ਰਾਸ਼ਨ ਰੋਕਣ ਦਾ ਬਹਾਨਾ ਬਣਾਇਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਜੁਲਾਈ ਮਹੀਨੇ ਵਿੱਚ 23 ਲੱਖ ਲੋਕਾਂ ਦਾ ਮੁਫ਼ਤ ਰਾਸ਼ਨ ਬੰਦ ਕਰ ਦਿੱਤਾ ਗਿਆ ਹੈ, ਜਦਕਿ 30 ਸਤੰਬਰ ਤੋਂ ਹੋਰ 32 ਲੱਖ ਲੋਕਾਂ ਦਾ ਰਾਸ਼ਨ ਬੰਦ ਕਰਨ ਦਾ ਤਾਨਾਸ਼ਾਹੀ ਫ਼ਰਮਾਨ ਜਾਰੀ ਕੀਤਾ ਗਿਆ ਹੈ।ਵਿਧਾਇਕ ਗੁਰਲਾਲ ਘਨੌਰ ਨੇ ਸਪੱਸ਼ਟ ਕੀਤਾ ਕਿ ਮੁੱਖ ਮੰਤਰੀ ਪੰਜਾਬ ਸ੍ਰ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਕੋਈ ਵੀ ਲੋੜਵੰਦ ਪਰਿਵਾਰ ਰਾਸ਼ਨ ਤੋਂ ਵਾਂਝਾ ਨਹੀਂ ਰਹਿਣ ਦਿੱਤਾ ਜਾਵੇਗਾ। ਵਿਧਾਇਕ ਗੁਰਲਾਲ ਘਨੌਰ ਨੇ ਪੰਜਾਬ ਵਾਸੀਆਂ ਨੂੰ ਭਰੋਸਾ ਦਵਾਇਆ ਕਿ ਰਾਜ ਸਰਕਾਰ ਕਿਸੇ ਵੀ ਹਾਲਤ ਵਿੱਚ ਗਰੀਬ ਲੋਕਾਂ ਨੂੰ ਭੁੱਖਾ ਨਹੀਂ ਰਹਿਣ ਦੇਵੇਗੀ।

## ਨਸ਼ਾ ਮੁਕਤ ਭਾਰਤ ਅਭਿਆਨ ਤਹਿਤ ਨੌਜਵਾਨਾਂ ਵੱਲੋਂ ਲਾਮਬੰਦ ਹੋ ਕੇ ਅੱਗੇ ਆਉਣਾ ਸਮੇਂ ਦੀ ਮੁੱਖ ਲੋੜ : ਭਲਵਾਨ




ਪਟਿਆਲਾ, 28 ਅਗਸਤ (ਚ.ਨ.ਸ.) : ਸਮਾਜ ਸੇਵੀ ਸੰਸਥਾਵਾਂ ਯੂਥ ਫੈਡਰੇਸ਼ਨ ਆਫ ਇੰਡੀਆ ਅਤੇ ਪਾਵਰ ਹਾਊਸ ਯੂਥ ਕਲੱਬ, ਯੂਵਕ ਸੇਵਾਵਾਂ ਕਲੱਬ ਦੀਪ ਨਗਰ, ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ ਵੱਲੋਂ ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ ਪਟਿਆਲਾ ਦੇ ਸਹਿਯੋਗ ਨਾਲ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੇ ਗਈ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਅਤੇ ਨਸ਼ਾ ਮੁਕਤ ਭਾਰਤ ਅਭਿਆਨ ਤਹਿਤ ਨਸ਼ਿਆਂ ਵਿਰੁੱਧ ਜਾਗਰੂਕਤਾ ਪ੍ਰੋਗਰਾਮ ਪੀ ਆਰ ਟੀ ਸੀ ਦੇ ਮੈਨੇਜਿੰਗ ਡਾਇਰੈਕਟਰ ਬਿਕਰਮਜੀਤ ਸਿੰਘ ਸ਼ੇਰਗਿੱਲ ਅਤੇ ਰਣਜੋਧ ਸਿੰਘ ਹਡਾਣਾ ਚੇਅਰਮੈਨ ਪੀ ਆਰ ਟੀ ਸੀ. ਦੀ ਅਗਵਾਈ ਹੇਠ ਆਯੋਜਨ ਕੀਤਾ ਗਿਆ, ਜਿਸ ਵਿੱਚ ਮੁੱਖ ਮਹਿਮਾਨ ਟੇਟ ਐਵਾਰਡੀ ਪਰਮਿੰਦਰ ਭਲਵਾਨ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ, ਮੈਂਬਰ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ, ਮੈਂਬਰ ਯੁਵਾ ਸਾਂਝ ਕਮੇਟੀ, ਮੈਂਬਰ ਵੂਮੈਨ ਕੌਂਸਲਿੰਗ ਸੈਲ ਨੇ ਸ਼ਿਰਕਤ ਕੀਤੀ।ਪ੍ਰੋਗਰਾਮ ਦੀ ਪ੍ਰਧਾਨਗੀ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ ਨੇ ਕੀਤੀ। ਇਸ ਮੌਕੇ ਪੀ ਆਰ ਟੀ ਸੀ ਟ੍ਰੇਨਿੰਗ ਸਕੂਲ ਦੇ ਇੰਚਾਰਜ ਇੰਸਪੈਕਟਰ ਜਸਪਾਲ ਸਿੰਘ ਨੇ ਸਾਰੇ ਆਏਂ ਹੋਏ ਮਹਿਮਾਨਾਂ ਨੂੰ ਜੀ ਆਇਆਂ ਕਿਹਾ ਗਿਆ। ਵਿਸ਼ੇਸ਼ ਤੌਰ 'ਤੇ ਰੁਦਰਪ੍ਰਤਾਪ ਸਿੰਘ ਪ੍ਰਧਾਨ ਯੁਵਕ ਸੇਵਾਵਾਂ ਕਲੱਬ ਦੀਪ ਨਗਰ, ਹਰਮਨਜੀਤ ਸਿੰਘ ਰੰਧਾਵਾ, ਗੁਰਜੀਤ ਸਿੰਘ ਲੱਕੀ ਹਰਦਾਸਪੁਰ, ਭਿੰਦਰ ਜਲਵੇੜਾ ਨੇ ਵੀ ਸ਼ਿਰਕਤ ਕੀਤੀ। ਇਸ ਮੌਕੇ ਸੰਬੋਧਨ ਕਰਦਿਆਂ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਅਤੇ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਨੇ ਕਿਹਾ ਕਿ ਮੁੱਖ ਮੰਤਰੀ ਵੱਲੋਂ ਪੰਜਾਬ ਵਿੱਚੋਂ ਨਸ਼ਿਆਂ ਨੂੰ ਜੜ੍ਹੋਂ ਖ਼ਤਮ ਕਰਨ ਲਈ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਵਿੱਚ ਹਰ ਵਰਗ ਵੱਲੋਂ ਭਰਪੂਰ ਸਹਿਯੋਗ ਦਿੱਤਾ ਜਾ ਰਿਹਾ ਹੈ। ਉਹਨਾਂ ਕਿਹਾ ਕਿ ਨੌਜਵਾਨਾਂ ਵੱਲੋਂ ਪੰਜਾਬ ਸਰਕਾਰ ਵੱਲੋਂ ਚਲਾਈ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਪਬਲਿਕ ਨੂੰ ਨਸ਼ਿਆਂ ਵਿਰੁੱਧ ਜਾਗਰੂਕ ਕਰਨ ਲਈ ਅੱਗੇ ਆਉਣਾ ਸ਼ਲਾਘਾਯੋਗ ਉਪਰਾਲਾ ਹੈ। ਇਸ ਮੌਕੇ ਰੁਦਰਪ੍ਰਤਾਪ ਸਿੰਘ ਵੱਲੋਂ ਨੌਜਵਾਨਾ ਨੂੰ ਨਸ਼ਿਆਂ ਵਿਰੁੱਧ ਸਹੁੰ ਵੀ ਚੁਕਾਈ ਗਈ।

## ਪੀ.ਯੂ. ਦੇ ਇਲੈਕਟ੍ਰਾਨਿਕਸ ਐਂਡ ਕਮਿਊਨੀਕੇਸ਼ਨ ਇੰਜੀ: ਵਿਭਾਗ ਨੇ ਓਰੀਐਂਟੇਸ਼ਨ ਪ੍ਰੋਗਰਾਮ ਕਰਵਾਇਆ

ਪਟਿਆਲਾ, 28 ਅਗਸਤ (ਰੁਪਾਣਾ) : ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਇਲੈਕਟ੍ਰਾਨਿਕਸ ਐਂਡ ਕਮਿਊਨੀਕੇਸ਼ਨ ਇੰਜੀਨੀਅਰਿੰਗ ਵਿਭਾਗ ਵੱਲੋਂ ਸੈਸ਼ਨ 2025-2026 ਵਿੱਚ ਬੀ.ਟੈਕ ਅਤੇ ਐਮ.ਟੈਕ ਦੇ ਕੋਰਸਾਂ ਵਿੱਚ ਨਵੇਂ ਦਾਖ਼ਲ ਹੋਏ ਵਿਦਿਆਰਥੀਆਂ ਲਈ ਬੀਤੇ ਦਿਨੀਂ ਇੱਕ ਹਫਤੇ ਦਾ ਓਰੀਐਂਟੇਸ਼ਨ ਪ੍ਰੋਗਰਾਮ ਆਯੋਜਿਤ ਕੀਤਾ ਗਿਆ। ਪਹਿਲੇ ਦਿਨ ਦੀ ਸੁਰੂਆਤ ਯੂਨੀਵਰਸਿਟੀ ਧੁਨੀ ਅਤੇ ਸ਼ਮਾ ਰੋਸ਼ਨ ਕਰਕੇ ਕੀਤੀ ਗਈ। ਇਸ ਤੋਂ ਬਾਅਦ ਡਾ. ਲਵਕੇਸ਼, ਅਸਿਸਟੈਂਟ ਪ੍ਰੋਫੈਸਰ ਵੱਲੋਂ ਵਿਦਿਆਰਥੀਆਂ ਨੂੰ ਵਿਭਾਗ ਵਿੱਚ ਮੌਜੂਦ ਜਿਵੇਂ ਕਿ ਲੈਬਾਂ ਅਤੇ ਕਲਾਸ ਰੂਮਜ਼, ਫੈਕਲਟੀ ਅਤੇ ਸਟਾਫ ਬਾਰੇ ਜਨਰਲ ਜਾਣਕਾਰੀ ਦਿੱਤੀ ਗਈ। ਡਾ. ਰੀਚਾ ਸ਼ਰਮਾ, ਅਸਿਸਟੈਂਟ ਪ੍ਰੋਫੈਸਰ ਵੱਲੋਂ ਪ੍ਰੀਖਿਆ ਪ੍ਰਣਾਲੀ ਪ੍ਰੀਕ੍ਰਿਆ ਅਤੇ ਫਾਰਮੈਟ ਬਾਰੇ ਜਾਣੂੰ ਕਰਵਾਇਆ ਗਿਆ। ਵਿਭਾਗ ਦੇ ਮੁਖੀ ਡਾ. ਕੁਲਵਿੰਦਰ ਸਿੰਘ ਮੱਲ੍ਹੀ ਵੱਲੋਂ ਵਿਦਿਆਰਥੀਆਂ ਨੂੰ ਪੜ੍ਹਾਈ ਮਨ ਲਗਾ ਕੇ ਕਰਨ ਲਈ ਪ੍ਰੇਰਿਆ ਅਤੇ ਇਲੈਕਟ੍ਰੋਨਿਕਸ ਦੀਆਂ ਨਵੀਆਂ ਤਕਨੀਕ ਬਾਰੇ ਜਾਣਕਾਰੀ ਦਿੱਤੀ ਗਈ। ਇਸ ਦੌਰਾਨ ਵਿਭਾਗ ਦੇ ਸੀਨੀਅਰ ਪ੍ਰੋਫੈਸਰ ਸਾਹਿਬਾਨ ਡਾ. ਮਨਜੀਤ ਸਿੰਘ ਪਾਤੜ੍ਹ, ਡਾ. ਮਨਜੀਤ ਸਿੰਘ ਬੰਮਰਾ ਡਾ ਗੁਰਮੀਤ ਕੌਰ ਅਤੇ ਡਾ. ਰਣਜੀਤ ਕੌਰ ਵੱਲੋਂ ਵੀ ਵਿਦਿਆਰਥੀਆਂ ਨੂੰ ਇੰਜੀਨੀਅਰਿੰਗ ਦੀ ਪੜ੍ਹਾਈ ਦੌਰਾਨ ਆਉਣ ਵਾਲੀਆਂ ਸਮੱਸਿਆਵਾਂ ਦੇ ਹੱਲ ਬਾਰੇ ਜਾਣਕਾਰੀ ਦਿੱਤੀ ਗਈ।ਇਸ ਓਰੀਏਂਟੇਸ਼ਨ ਪ੍ਰੋਗਰਾਮ ਨੇ ਵਿਦਿਆਰਥੀਆਂ ਨੂੰ ਯੂਨੀਵਰਸਿਟੀ ਜੀਵਨ ਨਾਲ ਜੋੜਨ ਅਤੇ ਉਨ੍ਹਾਂ ਵਿੱਚ ਉਤਸ਼ਾਹ ਪੈਦਾ ਕਰਨ ਵਿੱਚ ਸਫਲਤਾ ਹਾਸਲ ਕੀਤੀ।

## ਅਮਾਨਤ 'ਚ ਖਿਆਨਤ ਕਰਨ 'ਤੇ ਮਾਮਲਾ ਦਰਜ

ਪਟਿਆਲਾ, 28 ਅਗਸਤ (ਵਿਨੋਦ ਸ਼ਰਮਾ) : ਥਾਣਾ ਸਾਇਬਰ ਕਰਾਇਮ ਪਟਿਆਲਾ ਪੁਲਿਸ ਕੋਲ ਅਨੀਤੂ ਪੁੱਤਰੀ ਕਿਰਪਾ ਰਾਮ ਵਾਸੀ ਡਰੇਨ ਰੋਡ ਗਲੀ ਨੰ. 01 ਬੰਦ ਗਲੀ ਨੇੜੇ ਪੰਚਮੁੱਖੀ ਮੰਦਰ ਦੀਪ ਨਗਰ ਪਟਿਆਲਾ ਨੇ ਕਥਿਤ ਦੋਸ਼ੀਆਂ ਮੰਗਾ ਸਿੰਘ, ਅਰਸ਼ਦੀਪ ਸਿੰਘ, ਪੰਕਜ ਵਾਸੀਆਨ ਪਟਿਆਲਾ ਅਤੇ 2-3 ਹੋਰ ਅਣਪਛਾਤੇ ਵਿਅਕਤੀਆਂ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਕਿ ਉਕਤ ਕਥਿਤ ਦੋਸ਼ੀਆਂ ਨੇ ਉਸ ਨੂੰ ਨੌਕਰੀ ਦਾ ਝਾਂਸਾ ਦੇ ਕੇ ਉਸਦੇ ਧੋਖੇ ਨਾਲ ਖਾਤੇ ਖੁਲਵਾ ਕੇ ਅਮਾਨਤ ਵਿੱਚ ਖਿਆਨਤ ਕੀਤੀ ਹੈ। ਪੁਲਿਸ ਨੇ ਧਾਰਾ 316(2), 318(4), 336(3),338, 340(2), 351(2),61(2) ਦੇ ਤਹਿਤ ਮਾਮਲਾ ਦਰਜ ਕੀਤਾ ਹੈ।

## ਲਖਵੀਰ ਸਿੰਘ ਲੌਟ ਦਾ ਸਨਮਾਨ

ਪਟਿਆਲਾ, 28 ਅਗਸਤ (ਰੁਪਾਣਾ) : ਸ਼੍ਰੋਮਣੀ ਅਕਾਲੀ ਦਲ ਦੇ ਮੀਤ ਪ੍ਰਧਾਨ ਲਖਵੀਰ ਸਿੰਘ ਲੌਟ ਦਾ ਭਾਦਸੋਂ ਰੋਡ ਪਟਿਆਲਾ ਵਿਖੇ ਮੀਤ ਪ੍ਰਧਾਨ ਬਣਨ 'ਤੇ ਸਨਮਾਨ ਕੀਤਾ ਗਿਆ। ਸ. ਲੌਟ ਨੇ ਕਿਹਾ ਕਿ ਸਰਕਾਰ ਦੀ ਨਾਲਾਇਕੀ ਕਾਰਨ ਪੰਜਾਬ ਅੱਜ ਹੜ੍ਹਾਂ ਦੀ ਮਾਰ ਝੱਲ ਰਿਹਾ ਹੈ ਅੱਧਾ ਪੰਜਾਬ ਪਾਣੀ 'ਚ ਡੁੱਬਿਆ ਪਿਆ ਹੈ ਪਰ ਸੂਬੇ ਦੇ ਮੁੱਖ ਮੰਤਰੀ ਚੇਨਈ ਵਿਖੇ ਘੁੰਮ ਰਿਹਾ ਹੈ। ਪੰਜਾਬ ਦੇ ਹਾਲਾਤ ਮਾੜੇ ਹੋਏ ਹਨ। ਪੰਜਾਬ ਵਿੱਚ ਸਾਰੇ ਪਾਸੇ ਪਾਣੀ ਹੀ ਪਾਣੀ ਹੈ ਪਰ ਪੰਜਾਬ ਸਰਕਾਰ ਕੁੰਭਕਰਨੀ ਨੀਂਦ ਸੁੱਤੀ ਪਈ ਹੈ। ਉਨ੍ਹਾਂ ਕਿਹਾ ਕਿ ਸਿਰਫ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਹੀ ਹੜ ਪੀੜਤਾਂ ਦੀ ਸਾਰ ਲਈ। ਸ. ਲੌਟ ਦਾ ਸਨਮਾਨ ਕਰਨ ਵਾਲਿਆਂ ਵਿੱਚ ਬਾਬਾ ਗੁਰਪ੍ਰੀਤ ਸਿੰਘ ਮੱਖੂ, ਪਰਗਟ ਸਿੰਘ, ਚਮਕੌਰ ਸਿੰਘ ਉਪਲ, ਜਗਮੀਤ ਸਿੰਘ ਕਲੇਰ, ਰਣਧੀਰ ਸਿੰਘ ਘੁਮਾਣ, ਕੇਸਰ ਸਿੰਘ, ਮਨਜੀਤ ਸਿੰਘ, ਅਤੇ ਅਵਤਾਰ ਸਿੰਘ ਲੰਗ ਹਾਜ਼ਰ ਸਨ।

ਖ਼ਾਲਸਾ ਪ੍ਰਚਾਰ ਮਿਸ਼ਨ ਪਟਿਆਲਾ ਵੱਲੋਂ ਚੌਥਾ ਮਹਾਨ
21 ਰੋਜ਼ਾ ਗੁਰੂ ਮਾਨਿਓ ਗ੍ਰੰਥ ਚੇਤਨਾ ਸਮਾਗਮ
29 ਅਗਸਤ 2025 ਦਿਨ ਸ਼ੁੱਕਰਵਾਰ
ਗੁਰਦੁਆਰਾ ਸਾਹਿਬ ਸ੍ਰੀ ਗੁਰੂ ਸਿੰਘ ਸਭਾ, ਐਸ.ਐਸ.ਟੀ. ਨਗਰ, ਪਟਿਆਲਾ
ਵਿਖੇ ਸ਼ਾਮ 7 ਤੋਂ 9 ਵਜੇ ਤੱਕ ਹੋਵੇਗਾ।



# ਪਟਿਆਲਾ-ਆਸ/ਪਾਸ



## ਪੰਜਾਬੀ ਯੂਨੀਵਰਸਿਟੀ ਦੇ ਐੱਨ. ਐੱਸ. ਐੱਸ. ਵਿਭਾਗ ਨੇ 'ਸੌਲਵਕੌਨ' ਸਿਰਲੇਖ ਤਹਿਤ ਕਰਵਾਇਆ ਪ੍ਰੋਗਰਾਮ

### ➢ਜ਼ਿੰਦਗੀ ਵਿੱਚ ਆਪਣੇ ਮੰਤਵ ਪ੍ਰਤੀ ਸਪੱਸ਼ਟ ਹੋਣਾ ਬਹੁਤ ਜ਼ਰੂਰੀ: ਡਾ. ਜਗਦੀਪ ਸਿੰਘ

ਪਟਿਆਲਾ, 28 ਅਗਸਤ (ਚ.ਨ.ਸ.) : ਪੰਜਾਬੀ ਯੂਨੀਵਰਸਿਟੀ ਦੇ ਐੱਨ. ਐੱਸ. ਐੱਸ. ਵਿਭਾਗ ਵੱਲੋਂ 'ਗੀਪ ਬੈਨੀਫਿਟ ਫਾਊਂਡੇਸ਼ਨ ਬੰਗਲੌਰ' ਨਾਮਕ ਐੱਨ.ਜੀ.ਓ. ਦੇ ਸਹਿਯੋਗ ਨਾਲ 'ਸੌਲਵਕੌਨ' ਸਿਰਲੇਖ ਤਹਿਤ ਵਿਸ਼ੇਸ਼ ਪ੍ਰੋਗਰਾਮ ਕਰਵਾਇਆ ਗਿਆ।ਪ੍ਰੋਗਰਾਮ ਕੋਆਰਡੀਨੇਟਰ ਡਾ. ਅਨਹਦ ਸਿੰਘ ਗਿੱਲ ਨੇ ਦੱਸਿਆ ਕਿ ਇਸ ਪ੍ਰੋਗਰਾਮ ਵਿੱਚ ਐਂਟਰਪਰੀਨਿਉਰਸ਼ਿਪ, ਈਕੋ ਸੋਸਾਇਟੀ, ਸਟੇਜ ਫੀਅਰ, ਪਬਲਿਕ ਸਪੀਕਿੰਗ, ਏ.ਆਈ., ਸਾਂਝੀ ਸਿੱਖਿਆ ਆਦਿ ਵਿਸ਼ਿਆਂ ਉੱਤੇ ਵਿਚਾਰ ਚਰਚਾ ਕਰਵਾਈ ਗਈ। ਇਸ ਵਿਚਾਰ-ਚਰਚਾ ਵਿੱਚ ਵੱਖ-ਵੱਖ ਵਿਭਾਗਾਂ ਦੇ ਵਿਦਿਆਰਥੀਆਂ ਨੇ ਹਿੱਸਾ ਲਿਆ। ਇਨ੍ਹਾਂ ਵਿਸ਼ਿਆਂ ਨਾਲ ਸਬੰਧਤ ਪੋਸਟਰ ਅਤੇ ਮਾਡਲ ਦੀ ਪ੍ਰਦਰਸ਼ਨੀ ਵੀ ਲਗਾਈ ਗਈ।ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ ਉਪ-ਕੁਲਪਤੀ ਡਾ. ਜਗਦੀਪ ਸਿੰਘ ਨੇ ਆਪਣੇ ਸੰਬੋਧਨ ਵਿੱਚ ਵਿਦਿਆਰਥੀਆਂ ਨੂੰ ਪ੍ਰੇਰਿਤ ਕਰਦਿਆਂ ਕਿਹਾ ਕਿ ਸਾਨੂੰ ਜ਼ਿੰਦਗੀ ਵਿੱਚ ਆਪਣੇ ਮੰਤਵ ਪ੍ਰਤੀ ਸਪੱਸ਼ਟ ਹੋਣਾ ਚਾਹੀਦਾ ਹੈ। ਉਨ੍ਹਾਂ ਯੂਨੀਵਰਸਿਟੀ ਵਿੱਚ ਆਪਣੇ ਵਿਦਿਆਰਥੀ ਸਮੇਂ ਦੀਆਂ ਯਾਦਾਂ ਸਾਂਝੀਆਂ ਕਰਦਿਆਂ ਦੱਸਿਆ ਕਿ ਉਸ ਸਮੇਂ ਇੰਟਰਨੈੱਟ ਨਾ ਹੋਣ ਕਾਰਨ ਕਿਸ ਤਰ੍ਹਾਂ ਖੋਜ ਅਤੇ ਅਕਾਦਮਿਕ ਕਾਰਜਾਂ ਵਿੱਚ ਬਹੁਤ ਸਾਰੀਆਂ ਚੁਣੌਤੀਆਂ ਹੁੰਦੀਆਂ ਸਨ। ਉਨ੍ਹਾਂ ਕਿਹਾ ਕਿ ਹੁਣ ਵਿਦਿਆਰਥੀਆਂ ਕੋਲ਼ ਪਹਿਲਾਂ ਦੇ ਮੁਕਾਬਲੇ ਬਹੁਤ ਸਾਰੀਆਂ ਸਹੂਲਤਾਂ ਹਨ, ਜਿਨ੍ਹਾਂ ਦਾ ਲਾਹਾ ਲੈਣਾ ਚਾਹੀਦਾ ਹੈ। ਉਨ੍ਹਾਂ ਵੱਖ-ਵੱਖ ਕੋਰਸਾਂ ਵਿੱਚ ਇਸ ਸੈਸ਼ਨ ਤੋਂ ਐਂਟਰਪ੍ਰੀਨਿਉਰਸ਼ਿਪ ਸਬੰਧੀ ਕਰੈਡਿਟਸ ਸ਼ੁਰੂ ਕਰਨ ਬਾਰੇ ਗੱਲ ਕਰਦਿਆਂ ਵੀ ਵਿਦਿਆਰਥੀਆਂ ਨੂੰ ਪ੍ਰੇਰਿਤ ਕੀਤਾ।ਗੀਪ ਬੈਨੀਫਿਟ ਐੱਨ.ਜੀ.ਓ. ਤੋਂ ਨਵਨੀਤ ਕੌਰ ਨੇ ਦੱਸਿਆ ਕਿ ਕਿਸ ਤਰ੍ਹਾਂ ਉਨ੍ਹਾਂ ਦੀ ਸੰਸਥਾ ਵਿਦਿਆਰਥੀਆਂ ਦੀਆਂ ਰਚਨਾਤਮਕ ਬਿਰਤੀਆਂ ਨੂੰ ਨਿਖਾਰ ਅਤੇ ਸਿਰਜਣਾਤਮਕ ਵਿਚਾਰਾਂ ਨੂੰ ਅੱਗੇ ਲਿਆਉਣ ਵਿੱਚ ਕਾਰਜ ਕਰਦੀ ਹੈ।ਪ੍ਰੋਗਰਾਮ ਦੌਰਾਨ ਤਿੰਨ ਵਿਦਿਆਰਥੀਆਂ ਨੇ ਆਪਣੀ ਜ਼ਿੰਦਗੀ ਦੀਆਂ ਪ੍ਰੇਰਣਾਤਮਕ ਕਹਾਣੀਆਂ ਸਾਂਝੀਆਂ ਕੀਤੀਆਂ। ਅੰਤ ਵਿੱਚ ਐੱਨ. ਐੱਸ. ਐੱਸ. ਪ੍ਰੋਗਰਾਮ ਅਫ਼ਸਰ ਡਾ. ਨਮਰਤਾ ਵਡੇਰਾ ਵੱਲੋਂ ਧੰਨਵਾਦੀ ਭਾਸ਼ਣ ਦਿੱਤਾ ਗਿਆ।ਪ੍ਰੋਗਰਾਮ ਵਿੱਚ ਐੱਨ. ਐੱਸ. ਐੱਸ. ਪ੍ਰੋਗਰਾਮ ਅਫ਼ਸਰ ਡਾ. ਅਭਿਨਵ ਭੰਡਾਰੀ, ਡਾ. ਸਿਮਰਨਜੀਤ ਸਿੱਧੂ, ਡਾ. ਸੁਨੀਤਾ ਅਤੇ ਡਾ. ਚਰਨਜੀਵ ਸਰੋਆ ਸਮੇਤ ਲਗਭਗ 500 ਵਿਦਿਆਰਥੀ ਸ਼ਾਮਲ ਹੋਏ।



## ਬਰਸਾਤ ਦੇ ਪਾਣੀ ਦੀ ਨਿਕਾਸੀ ਨਾ ਹੋਣ ਕਾਰਨ ਸ਼ਹਿਰ ਦੇ ਲੋਕਾਂ ਵੱਲੋਂ ਵਿਧਾਇਕ ਸ਼ੁਤਰਾਣਾ ਨੂੰ ਗੁਹਾਰ

### ➢ਕੁਲਵੰਤ ਬਾਜ਼ੀਗਰ ਨੇ ਲੋਕਾਂ ਨਾਲ ਮੀਟਿੰਗ ਤੋਂ ਬਾਅਦ ਨਗਰ ਕੌਂਸਲ ਦੇ ਅਧਿਕਾਰੀਆਂ ਨੂੰ ਸਥਾਈ ਹੱਲ ਦੇ ਦਿੱਤੇ ਆਦੇਸ਼

ਪਾਤੜਾਂ, 28 ਅਗਸਤ (ਹਰਮਿੰਦਰ ਕਰਤਾਰਪੁਰ): ਬੀਤੇ ਦਿਨੀਂ ਹੋਈ ਭਾਰੀ ਬਰਸਾਤ ਤੋਂ ਬਾਅਦ ਪਾਤੜਾਂ ਸ਼ਹਿਰ ਦੀਆਂ ਗਲੀਆਂ ਵਿੱਚੋਂ ਪਾਣੀ ਦੀ ਸਹੀ ਨਿਕਾਸੀ ਨਾ ਹੋਣ ਤੋਂ ਬਾਅਦ ਸ਼ਹਿਰ ਦੀ ਵਾਰਡ ਨੰਬਰ ਤਿੰਨ ਦੀਆਂ ਪ੍ਰਮੁੱਖ ਸਖਸ਼ੀਅਤਾਂ ਵੱਲੋਂ ਹਲਕਾ ਸ਼ੁਤਰਾਣਾ ਦੇ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਨਾਲ ਅਗਰਵਾਲ ਧਰਮਸ਼ਾਲਾ ਵਿੱਚ ਮੀਟਿੰਗ ਕੀਤੀ ਗਈ।ਇਸ ਮੌਕੇ ਸੂਬੇ ਦੇ ਉੱਘੇ ਸਮਾਜ ਸੇਵੀ ਐਨ.ਆਰ.ਆਈ ਭਾਈ ਸੁਖਦੇਵ ਸਿੰਘ ਬੈਲਜੀਅਮ,ਮਦਨ ਲਾਲ ਗੋਇਲ ਸਿਟੀ ਪ੍ਰਧਾਨ, ਡਾਕਟਰ ਡੀਡੀ ਸਿੰਗਲਾ, ਨਗਰ ਕੌਂਸਲ ਪਾਤੜਾਂ ਦੇ ਪ੍ਰਧਾਨ ਰਣਬੀਰ ਸਿੰਘ ਯਾਦਵ, ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਕੁਲਦੀਪ ਸਿੰਘ ਥਿੰਦ, ਸਮਾਜ ਸੇਵੀ ਭਗਤ ਸਿੰਘ ਧਾਮੀ,ਕੁਨਾਲ ਗੋਇਲ ਈਸ਼ੂ ਬਲਾਕ ਪ੍ਰਧਾਨ ਪਾਤੜਾਂ ਵੀ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਦੇ ਨਾਲ ਮੌਜੂਦ ਰਹੇ। ਮੀਟਿੰਗ ਦੌਰਾਨ ਸ਼ਹਿਰ ਵਾਸੀਆਂ ਵਲੋਂ ਪਿਛਲੇ ਦਿਨੀਂ ਹੋਈ ਭਾਰੀ ਬਰਸਾਤ ਕਾਰਨ ਆਈਆਂ ਦਿੱਕਤਾਂ ਨੂੰ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਨਾਲ ਸਾਂਝਾ ਕਰਦਿਆਂ ਸਥਾਈ ਹੱਲ ਦੀ ਗੁਹਾਰ ਲਗਾਈ ਗਈ। ਵਿਧਾਇਕ ਕੁਲਵੰਤ ਬਾਜ਼ੀਗਰ ਵੱਲੋਂ ਸ਼ਹਿਰ ਵਾਸੀਆਂ ਦੀਆਂ ਮੁਸਕਲਾਂ ਸੁਣਨ ਤੋਂ ਬਾਅਦ ਨਗਰ ਕੌਂਸਲ ਪਾਤੜਾਂ ਦੇ ਪ੍ਰਧਾਨ ਰਣਬੀਰ ਸਿੰਘ ਅਤੇ ਕਾਰਜ ਸਾਧਕ ਅਫਸਰ ਬਲਜਿੰਦਰ ਸਿੰਘ ਨੂੰ ਤਰੁੰਤ ਬਰਸਾਤ ਦੇ ਪਾਣੀ ਦੀ ਨਿਕਾਸੀ ਲਈ ਲੋੜੀਂਦੇ ਪ੍ਰਬੰਧ ਕਰਨ ਲਈ ਕਿਹਾ ਗਿਆ। ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਨੇ ਕਿਹਾ ਕਿ ਪਾਣੀ ਦੀ ਸਹੀ ਨਿਕਾਸੀ ਲਈ ਨਗਰ ਕੌਂਸਲ ਪਾਤੜਾਂ ਨੂੰ ਜਿੰਨੇ ਵੀ ਪੈਸਿਆਂ ਦੀ ਲੋੜ ਪਵੇਗੀ। ਸੂਬੇ ਦੀ ਭਗਵੰਤ ਮਾਨ ਸਰਕਾਰ ਦੇਣ ਲਈ ਵਚਨਬੱਧ ਹੈ।ਨਗਰ ਕੌਂਸਲ ਪਾਤੜਾਂ ਦੇ ਪ੍ਰਧਾਨ ਰਣਬੀਰ ਸਿੰਘ ਨੇ ਕਿਹਾ ਕਿ ਕੌਂਸਲ ਦੇ ਕਰਮਚਾਰੀਆਂ ਵਲੋਂ ਬਰਸਾਤ ਦੌਰਾਨ ਸ਼ਹਿਰ ਵਾਸੀਆਂ ਨਾਲ ਲਗਾਤਾਰ ਰਾਬਤਾ ਬਣਾ ਕੇ ਰੱਖਿਆ ਹੋਇਆ ਸੀ, ਤਾਂ ਜੋ ਲੋੜ ਪੈਣ 'ਤੇ ਸ਼ਹਿਰ ਵਾਸੀਆਂ ਨੂੰ ਸਮੇਂ ਤੇ ਸਹਾਇਤਾ ਦਿੱਤੀ ਜਾ ਸਕੇ।ਇਸ ਮੌਕੇ ਸੁਰਜੀਤ ਸਿੰਘ ਹਰੀਕਾ, ਅਸ਼ੋਕ ਕੁਮਾਰ, ਬੂਟਾ ਸਿੰਘ ਬੱਤਰਾ ਹਾਜ਼ਰ ਸਨ।



## ਹਸਪਤਾਲ 'ਚ ਲਾਸ਼ ਬੇਅਦਬੀ ਮਾਮਲੇ 'ਚ ਬੱਚੇ ਦੇ ਪਿਤਾ 'ਤੇ ਮਾਮਲਾ ਦਰਜ

ਪਟਿਆਲਾ, 28 ਅਗਸਤ (ਚ.ਨ.ਸ.) : ਰਾਜਿੰਦਰਾ ਹਸਪਤਾਲ ਪਟਿਆਲਾ ਦੇ ਵਾਰਡ ਨੰਬਰ 4 ਵਿੱਚ ਇੱਕ ਅਵਾਰਾ ਕੁੱਤਾ ਇੱਕ ਨਵਜੰਮੇ ਬੱਚੇ ਦਾ ਕੱਟਿਆ ਹੋਇਆ ਸਿਰ ਚੁੱਕ ਕੇ ਲੈ ਜਾਣ ਦੇ ਕੁਝ ਘੰਟਿਆਂ ਬਾਅਦ ਐੱਸਐੱਸਪੀ ਪਟਿਆਲਾ ਵਰੁਣ ਸ਼ਰਮਾ ਨੇ ਇਸ ਕੇਸ ਨੂੰ ਸੁਲਝਾਉਣ ਅਤੇ ਮ੍ਰਿਤਕ ਬੱਚੇ ਦੇ ਪਿਤਾ ਨੂੰ ਗ੍ਰਿਫਤਾਰ ਕਰਨ ਦਾ ਦਾਅਵਾ ਕੀਤਾ ਹੈ।ਮੁਲਜ਼ਮ ਦੀ ਪਛਾਣ ਗਿਰਧਾਰੀ ਲਾਲ ਵਜੋਂ ਹੋਈ ਹੈ। ਉਸ ਨੇ ਅੰਤਿਮ ਸੰਸਕਾਰ ਕਰਨ ਦੀ ਬਜਾਏ ਇੱਕ ਕਾਲੇ ਲਿਫਾਫੇ ਵਿੱਚ ਨਵਜੰਮੇ ਬੱਚੇ ਦੀ ਲਾਸ਼ ਨੂੰ ਕੂੜੇ ਦੇ ਢੇਰ ਵਿੱਚ ਸੁੱਟ ਦਿੱਤਾ ਜਿੱਥੋਂ ਇਹ ਨੇੜੇ ਦੇ ਡੰਪ 'ਤੇ ਪਹੁੰਚ ਗਿਆ। ਇਸ ਦੌਰਾਨ ਆਵਾਰਾ ਕੁੱਤਿਆਂ ਨੇ ਕੂੜੇ ਦੇ ਢੇਰ 'ਚੋਂ ਸਿਰ ਲੱਭ ਲਿਆ ਤੇ ਹਸਪਤਾਲ ਦੇ ਅੰਦਰ ਲੈ ਗਏ। ਪ੍ਰਾਪਤ ਜਾਣਕਾਰੀ ਅਨੁਸਾਰ ਮ੍ਰਿਤਕ ਦੇਹ ਦੇ ਗੁਪਤ ਨਿਪਟਾਰੇ ਲਈ ਦੋਸ਼ੀ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ ਅਤੇ ਬੀਐੱਨਐੱਸ ਦੀ ਧਾਰਾ 94 ਤਹਿਤ ਮਾਮਲਾ ਦਰਜ ਕਰ ਲਿਆ ਗਿਆ ਹੈ। ਹਸਪਤਾਲ ਦੇ ਅਧਿਕਾਰੀਆਂ ਦੇ ਅਨੁਸਾਰ ਜੋੜਾ 24 ਅਗਸਤ ਨੂੰ ਰਾਤ 8.25 ਵਜੇ ਦੇ ਕਰੀਬ ਹਸਪਤਾਲ ਪਹੁੰਚਿਆ ਸੀ ਅਤੇ ਔਰਤ ਨੇ ਇੱਕ ਮਰੇ ਹੋਏ ਬੱਚੇ ਨੂੰ ਜਨਮ ਦਿੱਤਾ, ਜਿਸ ਨੂੰ ਇੰਟਰਾਯੂਟਰਾਈਨ ਮੌਤ (ਆਈਯੂਡੀ) ਵਜੋਂ ਸ਼੍ਰੇਣੀਬੱਧ ਕੀਤਾ ਗਿਆ ਸੀ।ਹਸਪਤਾਲ ਪ੍ਰਸ਼ਾਸਨ ਨੇ 25 ਅਗਸਤ ਨੂੰ ਲਾਸ਼ ਪਰਿਵਾਰ ਨੂੰ ਸੌਂਪ ਦਿੱਤੀ ਗਈ ਪਰ ਦੋਸ਼ੀ ਪਿਤਾ ਨੇ ਅੰਤਿਮ ਸੰਸਕਾਰ ਕਰਨ ਦੀ ਬਜਾਏ ਲਾਸ਼ ਨੂੰ ਕੂੜੇ ਵਿੱਚ ਸੁੱਟ ਦਿੱਤਾ। ਦੋਸ਼ੀ ਗਿਰਧਾਰੀ ਲਾਲ ਨੇ ਪੁਲਿਸ ਨੂੰ ਦੱਸਿਆ ਕਿ ਉਹ ਗਰੀਬ ਸੀ ਅਤੇ ਉਸ ਕੋਲ ਅੰਤਿਮ ਸੰਸਕਾਰ ਕਰਨ ਦਾ ਸਾਧਨ ਨਹੀਂ ਸੀ, ਇਸ ਲਈ ਉਸ ਨੇ ਲਾਸ਼ ਨੂੰ ਸੁੱਟਣ ਦਾ ਫੈਸਲਾ ਕੀਤਾ। ਪੁਲੀਸ ਨੇ ਮ੍ਰਿਤਕ ਬੱਚੇ ਦੀਆਂ ਉਸ ਦੇ ਮੋਬਾਈਲ ਫੋਨ ਵਿੱਚ ਸੇਵ ਕੀਤੀਆਂ ਤਸਵੀਰਾਂ ਵੀ ਬਰਾਮਦ ਕਰ ਲਈਆਂ ਹਨ।

## ਮਹਿਲਾਵਾਂ ਦੇ ਸਸ਼ਕਤੀਕਰਨ ਵੱਲ ਵੱਡਾ ਕਦਮ



ਪਟਿਆਲਾ, 28 ਅਗਸਤ (ਰੁਪਾਣਾ) : ਭਾਜਪਾ ਦੇ ਰਾਜ ਪ੍ਰਬੰਧਕ ਮੈਂਬਰ ਗੁਰਜੀਤ ਸਿੰਘ ਕੋਹਲੀ ਨੇ ਹਰਿਆਣਾ ਦੇ ਮੁੱਖ ਮੰਤਰੀ ਵੱਲੋਂ 25 ਸਤੰਬਰ ਤੋਂ ਮਹਿਲਾਵਾਂ ਨੂੰ 2,100 ਪ੍ਰਤੀ ਮਹੀਨਾ ਦੇਣ ਦੇ ਐਲਾਨ ਦਾ ਤਹਿ ਦਿਲੋਂ ਸਵਾਗਤ ਕੀਤਾ ਹੈ। ਇਹ ਮਹਿਲਾਵਾਂ ਦੀ ਆਰਥਿਕ ਸੁਰੱਖਿਆ ਅਤੇ ਸਸ਼ਕਤੀਕਰਨ ਵੱਲ ਕਾਬਲੇ-ਤਾਰੀਫ਼ ਕਦਮ ਹੈ। ਉਨ੍ਹਾਂ ਪੰਜਾਬ ਦੇ ਲੋਕਾਂ ਨੂੰ ਭਰੋਸਾ ਦਿਵਾਉਂਦੇ ਕਿਹਾ ਕਿ ਜਦੋਂ ਪੰਜਾਬ ਵਿੱਚ ਬੀ.ਜੇ.ਪੀ. ਦੀ ਸਰਕਾਰ ਬਣੇਗੀ, ਅਸੀਂ ਇਹ ਯੋਜਨਾ ਪਹਿਲੇ ਹੀ ਦਿਨ ਲਾਗੂ ਕਰਾਂਗੇ।ਨਾਲ ਹੀ ਉਨ੍ਹਾਂ ਪੰਜਾਬ ਦੀ ਆਮ ਆਦਮੀ ਪਾਰਟੀ ਸਰਕਾਰ ਨੂੰ ਸਖ਼ਤ ਅਪੀਲ ਕੀਤੀ ਕਿ ਹੋਰ ਦੇਰੀ ਨਾ ਕਰਦੇ ਹੋਏ ਮਹਿਲਾਵਾਂ ਨਾਲ ਕੀਤਾ ਵਾਅਦਾ ਤੁਰੰਤ ਪੂਰਾ ਕੀਤਾ ਜਾਵੇ।

## ਪੀ.ਯੂ.'ਚ ਮਹਾਨ ਕੋਸ਼ ਦੀ ਵੱਡੇ ਪੱਧਰ 'ਤੇ ਬੇਅਦਬੀ

### ➢ਮਿੱਟੀ 'ਚ ਦੱਬਣ ਦੀ ਸੀ ਤਿਆਰੀ, ਮੌਕੇ 'ਤੇ ਪੁੱਜੇ ਵਿਦਿਆਰਥੀ

ਪਟਿਆਲਾ, 28 ਅਗਸਤ (ਗੁਰਮੁੱਖ ਰੁਪਾਣਾ) : ਪੰਜਾਬੀ ਯੂਨੀਵਰਸਿਟੀ 'ਚ ਮਹਾਨ ਕੋਸ਼ ਦੀ ਵੱਡੇ ਪੱਧਰ 'ਤੇ ਬੇਅਦਬੀ ਦਾ ਮਾਮਲਾ ਸਾਹਮਣੇ ਆਇਆ ਹੈ। ਮਹਾਨ ਕੋਸ਼ ਨੂੰ ਮਿੱਟੀ 'ਚ ਦੱਬਣ ਦੀ ਤਿਆਰੀ ਕੀਤੀ ਜਾ ਰਹੀ ਸੀ, ਉਥੇ ਹੀ ਮੌਕੇ 'ਤੇ ਵਿਦਿਆਰਥੀ ਪੁੱਜ ਗਏ। ਇਸ ਮੌਕੇ 'ਤੇ ਮੌਜੂਦ ਵਿਦਿਆਰਥੀ ਆਗੂਆਂ ਯਾਦਵਿੰਦਰ ਸਿੰਘ ਯਾਦੂ, ਕੁਲਦੀਪ ਸਿੰਘ ਝਿੰਜਰ ਤੇ ਹੋਰ ਵਿਦਿਆਰਥੀਆਂ ਨੇ ਦੋਸ਼ ਲਗਾਇਆ ਕਿ ਯੂਨੀਵਰਸਿਟੀ ਪ੍ਰਸ਼ਾਸਨ ਵੱਲੋਂ ਮਹਾਨ ਕੋਸ਼ ਨੂੰ ਮਿੱਟੀ ਵਿਚ ਦੱਬਣ ਦੀ ਤਿਆਰੀ ਕੀਤੀ ਜਾ ਰਹੀ ਹੈ, ਜੋਕਿ ਸਿੱਧੇ ਤੌਰ 'ਤੇ ਬੇਅਦਬੀ ਹੀ ਹੈ।ਵਿਦਿਆਰਥੀ ਆਗੂਆਂ ਨੇ ਦੋਸ਼ ਲਗਾਇਆ ਕਿ ਯੂਨੀਵਰਸਿਟੀ ਪ੍ਰਸ਼ਾਸਨ ਵੱਲੋਂ ਮਹਾਨ ਕੋਸ਼ ਨੂੰ ਮਿੱਟੀ ਵਿਚ ਦੱਬਣ ਦੀ ਤਿਆਰੀ ਕੀਤੀ ਜਾ ਰਹੀ ਹੈ, ਜੋਕਿ ਸਿੱਧੇ ਤੌਰ 'ਤੇ ਬੇਅਦਬੀ ਹੀ ਹੈ। ਮਾਮਲਾ ਭਖਦਾ ਵੇਖ ਯੂਨੀਵਰਸਿਟੀ ਅਧਿਕਾਰੀ ਮੌਕੇ 'ਤੇ ਪੁੱਜੇ ਅਤੇ ਜਾਂਚ ਸ਼ੁਰੂ ਕਰ ਦਿੱਤੀ।



## ਡੀ.ਸੀ. ਵੱਲੋਂ ਪੀ.ਜੀ.ਆਰ.ਐਸ. ਪੋਰਟਲ 'ਤੇ ਪ੍ਰਾਪਤ ਸ਼ਿਕਾਇਤਾਂ ਦੀ ਸੁਣਵਾਈ

ਪਟਿਆਲਾ, 28 ਅਗਸਤ (ਚ.ਨ.ਸ.): ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਅੱਜ ਜਨਤਕ ਸ਼ਿਕਾਇਤ ਨਿਵਾਰਨ ਪ੍ਰਣਾਲੀ (ਪੀ.ਜੀ.ਆਰ.ਐਸ.) 'ਤੇ ਪ੍ਰਾਪਤ ਹੋਈਆਂ ਸ਼ਿਕਾਇਤਾਂ ਦੀ ਦੂਸਰੀ ਅਪੀਲ ਦੇ ਕੇਸਾਂ ਦੀ ਸੁਣਵਾਈ ਇੱਥੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਲਗਾਏ ਇੱਕ ਵਿਸ਼ੇਸ਼ ਕੈਂਪ ਦੌਰਾਨ ਕੀਤੀ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਦਾ ਇਹ ਉਪਰਾਲਾ ਲੋਕਾਂ ਲਈ ਬਹੁਤ ਲਾਭਕਾਰੀ ਸਿੱਧ ਹੋ ਰਿਹਾ ਹੈ। ਇਸ ਮੌਕੇ ਆਪਣੀਆਂ ਸ਼ਿਕਾਇਤਾਂ ਦਾ ਤੁਰੰਤ ਨਿਪਟਾਰਾ ਕੀਤੇ ਜਾਣ ਤੋਂ ਖੁਸ਼ ਹੋਏ ਕਈ ਨਾਗਰਿਕਾਂ ਨੇ ਡਿਪਟੀ ਕਮਿਸ਼ਨਰ ਦਾ ਵਿਸ਼ੇਸ਼ ਧੰਨਵਾਦ ਵੀ ਕੀਤਾ। ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਕੈਂਪ ਦੌਰਾਨ ਲਗਪਗ 135 ਅਪੀਲਾਂ ਦੀ ਸੁਣਵਾਈ ਦੌਰਾਨ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨੂੰ ਨਿਰਦੇਸ਼ ਦੇਕੇ ਇਨ੍ਹਾਂ ਸ਼ਿਕਾਇਤਾਂ ਦਾ ਮੌਕੇ 'ਤੇ ਹੀ ਨਿਪਟਾਰਾ ਕਰਵਾਇਆ। ਉਨ੍ਹਾਂ ਅਧਿਕਾਰੀਆਂ ਨੂੰ ਇਹ ਵੀ ਹਦਾਇਤ ਕੀਤੀ ਕਿ ਕਿਸੇ ਵੀ ਨਾਗਰਿਕ ਦੀ ਪ੍ਰਾਪਤ ਹੋਈ ਸ਼ਿਕਾਇਤ ਦੇ ਨਿਪਟਾਰੇ ਵਿੱਚ ਕੋਈ ਕੁਤਾਹੀ ਅਤੇ ਬਿਨ੍ਹਾਂ ਕਾਰਨ ਦੇਰੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਨਵਰੀਤ ਕੌਰ ਸੇਖੋਂ ਤੇ ਸਿਮਰਪ੍ਰੀਤ ਕੌਰ, ਪੀਡੀਏ ਦੇ ਏਸੀਏ ਜਸ਼ਨਪ੍ਰੀਤ ਕੌਰ ਗਿੱਲ, ਆਰ.ਟੀ.ਓ. ਬਬਨਦੀਪ ਸਿੰਘ ਵਾਲੀਆ, ਮੁੱਖ ਮੰਤਰੀ ਫੀਲਡ ਅਫਸਰ ਸਤੀਸ਼ ਚੰਦਰ ਅਤੇ ਹੋਰ ਵਿਭਾਗਾਂ ਦੇ ਅਧਿਕਾਰੀ ਵੀ ਹਾਜ਼ਰ ਸਨ।ਡਾ. ਪ੍ਰੀਤੀ ਯਾਦਵ ਨੇ ਕਿਹਾ ਕਿ ਜਨਤਕ ਸ਼ਿਕਾਇਤ ਨਿਵਾਰਨ ਪੋਰਟਲ 'ਤੇ ਆਈਆਂ ਸ਼ਿਕਾਇਤਾਂ ਦਾ ਸਮੂਹ ਵਿਭਾਗਾਂ ਵੱਲੋਂ ਤੁਰੰਤ ਨਿਪਟਾਰਾ ਕੀਤੇ ਜਾਣ ਨਾਲ ਇਹ ਪ੍ਰਣਾਲੀ ਲੋਕਾਂ ਦੇ ਮਸਲੇ ਤੇ ਸ਼ਿਕਾਇਤਾਂ ਦੇ ਤੁਰੰਤ ਹੱਲ ਲਈ ਬੇਹੱਦ ਸਹਾਈ ਸਾਬਤ ਹੋ ਰਹੀ ਹੈ।ਉਨ੍ਹਾਂ ਕਿਹਾ ਕਿ ਪੀ.ਜੀ.ਆਰ.ਐਸ 'ਤੇ ਆਈ ਕੋਈ ਸ਼ਿਕਾਇਤ ਪਹਿਲਾਂ ਵਿਭਾਗ ਪਾਸ ਆਉਂਦੀ ਹੈ ਤੇ ਜੇਕਰ ਵਿਭਾਗ ਵੱਲੋਂ ਦਿੱਤੇ ਜਵਾਬ ਤੋਂ ਸ਼ਿਕਾਇਤਕਰਤਾ ਸੰਤੁਸ਼ਟ ਨਹੀਂ ਹੁੰਦਾ ਤਾਂ ਉਹ ਦੁਬਾਰਾ ਅਪੀਲ ਕਰਦਾ ਹੈ, ਜੋ ਵਿਭਾਗ ਦੇ ਉੱਚ ਅਧਿਕਾਰੀ ਪਾਸ ਪੁੱਜਦੀ ਹੈ। ਇਸ ਤਰ੍ਹਾਂ ਪਹਿਲੀ ਅਪੀਲ ਦੇ ਉੱਤਰ ਤੋਂ ਸੰਤੁਸ਼ਟ ਨਾ ਹੋਣ ਦੀ ਸੂਰਤ ਵਿੱਚ ਦੂਸਰੀ ਅਪੀਲ ਕੀਤੀ ਜਾ ਸਕਦੀ, ਜਿਸ ਦੀ ਸੁਣਵਾਈ ਡਿਪਟੀ ਕਮਿਸ਼ਨਰ ਵੱਲੋਂ ਕੀਤੀ ਜਾਂਦੀ ਹੈ।ਡਿਪਟੀ ਕਮਿਸ਼ਨਰ ਨੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਲੋਕਾਂ ਦੀਆਂ ਸ਼ਿਕਾਇਤਾਂ ਦਾ ਨਿਪਟਾਰਾ ਪਹਿਲੇ ਪੜਾਅ 'ਤੇ ਹੀ ਕਰਨਾ ਯਕੀਨੀ ਬਣਾਇਆ ਜਾਵੇ। ਕੈਂਪ ਦੌਰਾਨ ਡਾ. ਪ੍ਰੀਤੀ ਯਾਦਵ ਨੇ ਮੌਕੇ 'ਤੇ ਕੇਸਾਂ ਦੀ ਸੁਣਵਾਈ ਕਰਦਿਆਂ ਸਬੰਧਤ ਵਿਭਾਗਾਂ ਨੂੰ ਸਮਾਂਬੱਧ ਕੇਸਾਂ ਦਾ ਨਿਪਟਾਰਾ ਕਰਨ ਦੀ ਹਦਾਇਤ ਕਰਦਿਆਂ ਕਿਹਾ ਕਿ ਕੇਸਾਂ ਦੇ ਨਿਪਟਾਰੇ ਵਿੱਚ ਕਿਸੇ ਕਿਸਮ ਦੀ ਢਿੱਲ ਮੱਠ ਹੋਣ 'ਤੇ ਸਬੰਧਤ ਅਧਿਕਾਰੀ ਖਿਲਾਫ਼ ਸਖ਼ਤ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।ਕੈਂਪ ਦੌਰਾਨ ਆਪਣੀਆਂ ਸ਼ਿਕਾਇਤਾਂ ਦਾ ਹੱਲ ਕਰਵਾਉਣ ਪੁੱਜੇ ਲੋਕਾਂ ਨੇ ਪੰਜਾਬ ਸਰਕਾਰ ਦੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਡਿਪਟੀ ਕਮਿਸ਼ਨਰ ਦਾ ਵਿਸ਼ੇਸ਼ ਧੰਨਵਾਦ ਵੀ ਕੀਤਾ ਅਤੇ ਕਿਹਾ ਕਿ ਜਨਤਕ ਸ਼ਿਕਾਇਤ ਨਿਵਾਰਨ ਪ੍ਰਣਾਲੀ ਪੋਰਟਲ 'ਤੇ ਪਾਈਆਂ ਸ਼ਿਕਾਇਤਾਂ ਦਾ ਸਮਾਂਬੱਧ ਨਿਪਟਾਰਾ ਹੋ ਰਿਹਾ ਹੈ।



## ਭਾਜਪਾ ਦੀਆਂ ਲੋਕ ਵਿਰੋਧੀ ਕਾਰਵਾਈਆਂ ਦਾ 'ਆਪ' ਦੇ ਵਰਕਰਾਂ ਵੱਲੋਂ ਮੂੰਹ ਤੋੜ ਜਵਾਬ ਦਿੱਤਾ ਜਾਵੇਗਾ: ਪ੍ਰੀਤ ਗਿੱਲ

ਪਾਤੜਾਂ, 28 ਅਗਸਤ (ਹਰਮਿੰਦਰ ਕਰਤਾਰਪੁਰ): ਵੋਟ ਚੋਰੀ ਕਰਕੇ ਕੇਂਦਰ ਦੀ ਸੱਤਾ 'ਤੇ ਲਗਾਤਾਰ ਕਾਬਜ਼ ਹੋ ਰਹੀ ਭਾਜਪਾ ਹੁਣ ਪੰਜਾਬ ਦੇ ਗਰੀਬ ਲੋਕਾਂ ਦੇ ਰਾਸ਼ਨ ਕਾਰਡ ਕੱਟ ਕੇ ਗਰੀਬ ਵਰਗ ਨੂੰ ਹੋਰ ਕੰਮਜ਼ੋਰ ਕਰਨਾ ਚਾਹੁੰਦੀ ਹੈ ਪਰ ਸੂਬੇ ਦੇ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਮਜ਼ਦੂਰ ਵਰਗ ਦੇ ਲੋਕਾਂ ਨਾਲ ਚੱਟਾਨ ਵਾਂਗ ਖੜ੍ਹੀ ਹੈ, ਤਾਂ ਜੋ ਹਰ ਲੋੜਵੰਦ ਅਤੇ ਗਰੀਬ ਪਰਿਵਾਰ ਤੱਕ ਮੁਫਤ ਰਾਸ਼ਨ ਪਹੁੰਚ ਸਕੇ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਪ੍ਰਧਾਨ ਪ੍ਰੀਤ ਗਿੱਲ ਵੱਲੋਂ ਪਿੰਡ ਨਾਈਵਾਲਾ ਵਿੱਚ ਮਜ਼ਦੂਰ ਅਤੇ ਲੋੜਵੰਦ ਪਰਿਵਾਰਾਂ ਦੇ ਮੁੱਖੀਆਂ ਨਾਲ ਗੱਲਬਾਤ ਕਰਨ ਤੋਂ ਬਾਅਦ ਮੀਡੀਆ ਨਾਲ ਗੱਲਬਾਤ ਕਰਦਿਆਂ ਕੀਤਾ ਗਿਆ। ਪ੍ਰਧਾਨ ਪ੍ਰੀਤ ਗਿੱਲ ਨੇ ਕਿਹਾ ਕਿ ਹਲਕਾ ਸ਼ੁਤਰਾਣਾ ਦੇ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਦੀ ਅਗਵਾਈ ਵਿੱਚ ਹਰ ਉਸ ਵਿਅਕਤੀ ਦੇ ਘਰ ਵਿੱਚ ਮੁਫ਼ਤ ਰਾਸ਼ਨ ਪਹੁੰਚ ਰਿਹਾ ਹੈ, ਜਿਸ ਦਾ ਰਾਸ਼ਨ ਕਾਰਡ ਬਣਿਆ ਹੋਇਆ ਹੈ। ਉਨ੍ਹਾਂ ਕਿਹਾ ਕਿ ਭਾਜਪਾ ਦੇ ਇਸ ਲੋਕ ਵਿਰੋਧੀ ਕਾਰਵਾਈ ਦਾ ਆਮ ਆਦਮੀ ਪਾਰਟੀ ਦੇ ਵਰਕਰਾਂ ਵੱਲੋਂ ਮੂੰਹ ਤੋੜ ਜਵਾਬ ਦਿੱਤਾ ਜਾਵੇਗਾ। ਉਨ੍ਹਾਂ ਇਹ ਵੀ ਕਿਹਾ ਕਿ ਪੰਜਾਬ ਦੇ ਲੋਕਾਂ ਨੂੰ ਹੜ੍ਹ ਦੇ ਪਾਣੀ ਨਾਲ ਡੋਬਣ ਪਿੱਛੇ ਵੀ ਕੋਈ ਤਾਕਤ ਕੰਮ ਰਹੀ ਹੈ ਇਸ ਲਈ ਇਸ ਦੀ ਨਿਰਪੱਖ ਜਾਂਚ ਹੋਣੀ ਚਾਹੀਦੀ। ਪ੍ਰਧਾਨ ਪ੍ਰੀਤ ਗਿੱਲ ਨੇ ਕਿਹਾ ਕਿ ਹੜ੍ਹ ਪੀੜਤਾਂ ਦੀ ਮਦਦ ਲਈ ਕੱਲ ਨੂੰ ਜਿੱਥੋ ਪਾਤੜਾਂ ਸ਼ਹਿਰ ਤੋਂ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਦੀ ਅਗਵਾਈ ਵਿੱਚ ਰਾਸ਼ਨ ਦੇ ਭਰੇ ਹੋਏ ਟਰੱਕ ਰਵਾਨਾ ਕੀਤੇ ਜਾਣਗੇ ਉੱਥੇ ਹੀ ਆਮ ਆਦਮੀ ਪਾਰਟੀ ਦੇ ਸੈਂਕੜੇ ਵਰਕਰ ਵੀ ਰਾਹਤ ਕੰਮਾਂ ਵਿੱਚ ਆਪਣਾ ਬਣਦਾ ਯੋਗਦਾਨ ਪਾਉਣ ਲਈ ਰਵਾਨਾ ਹੋਣਗੇ।




## ਬੱਚੇ ਨਾਲ ਬਦਫੈਲੀ ਕਰਨ ਵਾਲੇ ਨੂੰ 20 ਸਾਲ ਦੀ ਸਜ਼ਾ

ਪਟਿਆਲਾ, 28 ਅਗਸਤ (ਵਿਨੋਦ ਸ਼ਰਮਾ) : ਵਧੀਕ ਸ਼ੈਸ਼ਨ ਜੱਜ ਨਵਦੀਪ ਕੌਰ ਗਿੱਲ ਦੀ ਅਦਾਲਤ ਨੇ ਦੋਸ਼ੀ ਪ੍ਰਤੀਕ ਸਿੰਘ ਨੂੰ ਦੋਸ਼ੀ ਕਰਾਰ ਦਿੰਦੇ ਹੋਏ 20 ਸਾਲ ਦੀ ਸਜ਼ਾ ਸੁਣਾਈ ਹੈ ਅਤੇ 50 ਹਜ਼ਾਰ ਜੁਰਮਾਨਾ ਭਰਨ ਦੇ ਆਦੇਸ਼ ਦਿੱਤੇ ਹਨ। ਉਕਤ ਵਿਅਕਤੀ 'ਤੇ ਇਲਜ਼ਾਮ ਸੀ ਕਿ ਉਹ 8 ਸਾਲ ਦੇ ਬੱਚੇ ਨੂੰ ਧਰਮਸ਼ਾਲਾ ਵਿਖੇ ਲੈ ਗਿਆ ਸੀ ਅਤੇ ਉਸ ਨਾਲ ਬਦਫੈਲੀ ਕੀਤੀ ਸੀ। ਪੁਲਿਸ ਨੇ ਇਸ ਸਬੰਧੀ ਥਾਣਾ ਭਾਦਸੋਂ ਵਿਖੇ ਮਾਮਲਾ ਦਰਜ ਕੀਤਾ ਸੀ।

## ਦੋ ਦੋਸ਼ੀਆਂ ਨੂੰ ਉਮਰ ਕੈਦ ਦੀ ਸਜ਼ਾ

ਪਟਿਆਲਾ, 28 ਅਗਸਤ (ਵਿਨੋਦ ਸ਼ਰਮਾ) : ਅਦਾਲਤ ਨੇ ਦੋ ਦੋਸ਼ੀਆਂ ਗੁਰਧਿਆਨ ਸਿੰਘ ਅਤੇ ਅਮਨਦੀਪ ਸਿੰਘ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਹੈ ਅਤੇ ਜੁਰਮਾਨਾ ਭਰਨ ਦੇ ਆਦੇਸ਼ ਦਿੱਤੇ ਹਨ। ਉਕਤ ਵਿਅਕਤੀਆਂ ਖਿਲਾਫ ਇਕ ਮਹਿਲਾ ਨੇ ਸ਼ਿਕਾਇਤ ਦਰਜ ਕਰਵਾਈ ਸੀ ਕਿ ਉਕਤ ਵਿਅਕਤੀ ਉਸ ਦੀ ਲੜਕੀ ਨੂੰ ਵਰਗਲਾ ਕੇ ਵਿਆਹ ਦਾ ਝਾਂਸਾ ਦੇ ਕੇ ਭਜਾ ਕੇ ਲੈ ਗਿਆ ਸੀ। ਪੁਲਿਸ ਨੇ ਇਸ ਸਬੰਧੀ ਥਾਣਾ ਸਦਰ ਨਾਭਾ ਵਿਖੇ ਮਾਮਲਾ ਦਰਜ ਕੀਤਾ ਸੀ।




## 1 ਸਤੰਬਰ ਨੂੰ ਹੋਣ ਵਾਲੇ ਕਬੱਡੀ ਖੇਡ ਮੇਲੇ ਦਾ ਪੋਸਟਰ ਵਿਧਾਇਕ ਵੱਲੋਂ ਜਾਰੀ



ਭੁਨਰਹੇੜੀ, 28 ਅਗਸਤ (ਗੁਰਜੀਤ ਸਿੰਘ ਢੋਟ) : ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਜ਼ਿਲ੍ਹਾ ਪਟਿਆਲਾ ਦੇ ਪਿੰਡ ਨੈਣ ਕਲਾਂ ਵਿਖੇ ਗੁੱਗਾ ਨੌਮੀ ਉਤਸਵ 'ਤੇ ਇਕ ਸਤੰਬਰ ਨੂੰ 26ਵਾਂ ਕਬੱਡੀ ਖੇਡ ਟੂਰਨਾਮੈਂਟ ਜੋ ਕਿ ਯੁਵਕ ਸੇਵਾਵਾਂ ਕਲੱਬ ਨੈਣ ਕਲਾਂ, ਗੁੱਗਾ ਮਾੜੀ ਪ੍ਰਬੰਧਕ ਕਮੇਟੀ, ਇਲਾਕਾ ਨਿਵਾਸੀ ਅਤੇ ਐਨਆਰਆਈਜ਼ ਨੌਜਵਾਨਾਂ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ, ਜਿਸ ਵਿੱਚ ਪੰਜਾਬ, ਹਰਿਆਣਾ ਦੀਆਂ ਚੋਟੀ ਦੀਆਂ ਟੀਮਾਂ ਭਾਗ ਲੈਣਗੀਆਂ। ਇਸ ਟੂਰਨਾਮੈਂਟ ਵਿੱਚ ਪਹਿਲ ਇਨਾਮ 71 ਹਜ਼ਾਰ ਤੇ ਦੂਜਾ ਇਨਾਮ 51 ਹਜ਼ਾਰ ਰੁਪਏ ਹੋਵੇਗਾ ਅਤੇ ਇੱਕ ਪਿੰਡ ਓਪਨ ਦੇ ਬੈਸਟ ਰੇਡਰ ਤੇ ਜਾਫੀ ਨੂੰ 15-15 ਹਜ਼ਾਰ ਰੁਪਏ ਦਿੱਤੇ ਜਾਣਗੇ।ਨੈਣ ਕਲਾਂ ਕਬੱਡੀ ਖੇਡ ਮੇਲੇ ਦਾ ਪੋਸਟਰ ਹਲਕਾ ਸਨੌਰ ਦੇ ਵਿਧਾਇਕ ਹਰਮੀਤ ਸਿੰਘ ਪਠਾਣਮਾਜਰਾ ਵੱਲੋਂ ਅੱਜ ਜਾਰੀ ਕੀਤਾ। ਇਸ ਮੌਕੇ ਵਿਧਾਇਕ ਹਰਮੀਤ ਸਿੰਘ ਪਠਾਣਮਾਜਰਾ ਨੇ ਕਿਹਾ ਕਿ ਇਤਿਹਾਸਕ ਧਾਰਮਿਕ ਸਥਾਨਾਂ 'ਤੇ ਹੋਣ ਵਾਲੇ ਖੇਡ ਮੇਲੇ ਪੰਜਾਬ ਦੇ ਸਭਿਆਚਾਰ ਨੂੰ ਅਤੇ ਆਪਸੀ ਭਾਈਚਾਰਕ ਸਾਂਝ ਨੂੰ ਬਰਕਰਾਰ ਰੱਖਦੇ ਹਨ। ਇਸ ਮੌਕੇ ਕਲੱਬ ਪ੍ਰਧਾਨ ਜਸਪ੍ਰੀਤ ਸਿੰਘ ਜੱਸੀ ਬੁੱਟਰ, ਅਮਰ ਸੰਘੇੜਾ ਜ਼ਿਲ੍ਹਾ ਯੂਥ ਪ੍ਰਧਾਨ ਨੇ ਖੇਡ ਮੇਲੇ ਦੀ ਜਾਣਕਾਰੀ ਸਾਂਝੀ ਕਰਦਿਆਂ ਕਿਹਾ ਕਿ ਇਸ ਟੂਰਨਾਮੈਂਟ ਦਾ ਉਦਘਾਟਨ ਇਕ ਸਤੰਬਰ ਨੂੰ (ਗੁੱਗਾ ਨੌਮੀ) ਸਵੇਰੇ 11ਵਜੇ ਗੁੱਗਾ ਮਾੜੀ ਨੈਣ ਕਲਾਂ ਮੰਦਰ ਦੇ ਮੁੱਖ ਸੇਵਾਦਾਰ ਭਗਤ ਕਰਨੈਲ ਸਿੰਘ ਰਾਣਾ ਅਤੇ ਹੋਰ ਸ਼ਖ਼ਸੀਅਤਾਂ ਵੱਲੋਂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਟੂਰਨਾਮੈਂਟ ਦੀ ਪ੍ਰਧਾਨਗੀ ਹਰਜਸ਼ਨ ਪਠਾਣਮਾਜਰਾ ਤੇ ਜ਼ਿਲ੍ਹਾ ਯੂਥ ਪ੍ਰਧਾਨ ਅਮਰ ਸੰਘੇੜਾ ਵੱਲੋਂ ਕੀਤੀ ਜਾਵੇਗੀ।ਖੇਡ ਮੇਲੇ ਦੇ ਮੁੱਖ ਮਹਿਮਾਨ ਵਿਧਾਇਕ ਹਰਮੀਤ ਸਿੰਘ ਪਠਾਣਮਾਜਰਾ ਹੋਣਗੇ ਜੋ ਕਿ ਜੇਤੂ ਖਿਡਾਰੀਆਂ ਨੂੰ ਇਨਾਮ ਵੀ ਤਕਸੀਮ ਕਰਨਗੇ।ਇਸ ਮੌਕੇ ਜਸਪ੍ਰੀਤ ਸਿੰਘ ਜੱਸੀ ਬੁੱਟਰ ਕਲੱਬ ਪ੍ਰਧਾਨ ,ਅਮਰਦੀਪ ਸਿੰਘ ਸੰਘੇੜਾ ਜ਼ਿਲ੍ਹਾ ਪ੍ਰਧਾਨ ਯੂਥ ਵਿੰਗ ਆਪ, ਗੁਰਪ੍ਰੀਤ ਸਿੰਘ ਗੁਰੀ ਪੀ,ਏ, ਗੁਰਮੀਤ ਸਿੰਘ ਚਮਾਰਹੇੜੀ, ਭੁਪਿੰਦਰ ਸਿੰਘ ਬੁੱਟਰ, ਲਖਵਿੰਦਰ ਸਿੰਘ ਨੰਬਰਦਾਰ, ਹਰਦੇਵ ਸਿੰਘ ਘੜਾਮ , ਮਿੰਟੂ ਢੀਂਡਸਾ , ਹੈਪੀ ਅੰਬਰਸਰੀਆ ਸਰਪੰਚ ਖ਼ਾਸੀਆਂ ਹਾਜ਼ਰ ਸਨ।

## ਪੰਜਾਬੀ ਯੂਨੀਵਰਸਿਟੀ ਦੀ ਪ੍ਰੋਫ਼ੈਸਰ ਗੁਰਦਿਆਲ ਸਿੰਘ ਚੇਅਰ ਵਿਖੇ 'ਪ੍ਰੋ. ਗੁਰਦਿਆਲ ਸਿੰਘ ਅਧਿਐਨ ਅਤੇ ਵਿਰਾਸਤ ਕੇਂਦਰ' (ਲਾਇਬ੍ਰੇਰੀ) ਦਾ ਉਦਘਾਟਨ

### ➢ਸਾਹਿਤਕਾਰ ਮਾਤ ਭਾਸ਼ਾ ਦਾ ਬੇਸ਼ਕੀਮਤੀ ਸਰਮਾਇਆ ਹੁੰਦੇ ਨੇ : ਡਾ. ਜਗਦੀਪ ਸਿੰਘ

ਪਟਿਆਲਾ, 28 ਅਗਸਤ (ਚ.ਨ.ਸ.) : ਪੰਜਾਬੀ ਯੂਨੀਵਰਸਿਟੀ ਵਿਖੇ ਪਦਸ਼੍ਰੀ ਤੇ ਗਿਆਨਪੀਠ ਐਵਾਰਡੀ ਪ੍ਰੋਫ਼ੈਸਰ ਗੁਰਦਿਆਲ ਸਿੰਘ ਦੇ ਨਾਂ 'ਤੇ ਸਥਾਪਿਤ ਚੇਅਰ ਵਿਚ, 'ਪ੍ਰੋ. ਗੁਰਦਿਆਲ ਸਿੰਘ ਅਧਿਐਨ ਅਤੇ ਵਿਰਾਸਤ ਕੇਂਦਰ' (ਲਾਇਬ੍ਰੇਰੀ) ਦਾ ਉਦਘਾਟਨ ਕੀਤਾ ਗਿਆ। ਇਹ ਸੂਚਨਾ ਦਿੰਦੇ ਹੋਏ ਚੇਅਰ ਦੇ ਕੋਆਰਡੀਨੇਟਰ,ਪੰਜਾਬੀ ਵਿਭਾਗ ਦੇ ਮੁਖੀ,ਪੰਜਾਬੀਪੀਡੀਆ ਕੇਂਦਰ ਦੇ ਕੋਆਰਡੀਨੇਟਰ ਅਤੇ ਸਟੇਟ ਐਵਾਰਡੀ ਡਾ. ਰਾਜਵੰਤ ਕੌਰ 'ਪੰਜਾਬੀ' ਨੇ ਦੱਸਿਆ ਕਿ ਇਸ ਸਮਾਗਮ ਦੀ ਪ੍ਰਧਾਨਗੀ ਯੂਨੀਵਰਸਿਟੀ ਦੇ ਵਾਈਸ-ਚਾਂਸਲਰ ਡਾ. ਜਗਦੀਪ ਸਿੰਘ ਨੇ ਕੀਤੀ। ਉਦਘਾਟਨ ਸਮਾਰੋਹ ਵਿਚ ਬੋਲਦਿਆਂ ਉਹਨਾਂ ਨੇ ਪ੍ਰੋ. ਗੁਰਦਿਆਲ ਸਿੰਘ ਦੇ ਹਵਾਲੇ ਨਾਲ ਕਿਹਾ ਕਿ ਸਾਹਿਤਕਾਰ ਮਾਤ ਭਾਸ਼ਾ ਦਾ ਬੇਸ਼ਕੀਮਤੀ ਸਰਮਾਇਆ ਹੁੰਦੇ ਹਨ, ਜੋ ਆਪਣੀਆਂ ਲਿਖਤਾਂ ਦੁਆਰਾ ਸਮੇਂ ਸਮੇਂ 'ਤੇ ਮਾਨਵੀ ਸਮਾਜ ਦੀ ਸੁਚੱਜੀ ਅਗਵਾਈ ਕਰਦੇ ਹਨ। ਉਹਨਾਂ ਕਿਹਾ ਕਿ ਪ੍ਰੋਫੈਸਰ ਗੁਰਦਿਆਲ ਸਿੰਘ ਚੇਅਰ ਵਿਖੇ 'ਪ੍ਰੋ. ਗੁਰਦਿਆਲ ਸਿੰਘ ਅਧਿਐਨ ਅਤੇ ਵਿਰਾਸਤ ਕੇਂਦਰ' (ਲਾਇਬ੍ਰੇਰੀ) ਦੀ ਸਥਾਪਨਾ ਨਾਲ ਖੋਜਾਰਥੀ ਅਤੇ ਵਿਦਿਆਰਥੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਦੇ ਅਧਿਐਨ ਅਤੇ ਖੋਜ ਖੇਤਰ ਵਿੱਚ ਭਰਪੂਰ ਲਾਭ ਉਠਾਉਣਗੇ। ਉਹਨਾਂ ਇਹ ਵੀ ਕਿਹਾ ਕਿ ਪ੍ਰੋਫ਼ੈਸਰ ਗੁਰਦਿਆਲ ਸਿੰਘ ਵਰਗੇ ਮਹਾਨ ਸਾਹਿਤਕਾਰਾਂ ਦੇ ਕੰਮਾਂ ਨੂੰ ਯਾਦ ਕਰਨਾ ਸਾਡੇ ਲਈ ਸੁਭਾਗ ਵਾਲੀ ਗੱਲ ਹੈ।ਸਮਾਗਮ ਦੇ ਆਰੰਭ ਵਿਚ ਵੱਡੀ ਗਿਣਤੀ ਵਿੱਚ ਇਕੱਤਰ ਹੋਏ ਵਿਦਵਾਨਾਂ, ਅਧਿਆਪਕਾਂ, ਲੇਖਕਾਂ, ਖੋਜਾਰਥੀਆਂ ਅਤੇ ਵਿਦਿਆਰਥੀਆਂ ਨਾਲ ਡਾ. ਰਾਜਵੰਤ ਕੌਰ 'ਪੰਜਾਬੀ ਨੇ ਸਵਾਗਤੀ ਸ਼ਬਦ ਸਾਂਝੇ ਕਰਦਿਆਂ ਕਿਹਾ ਕਿ ਉਹਨਾਂ ਨੂੰ ਮਾਣ ਹੈ ਕਿ ਉਹਨਾਂ ਦੇ ਕਾਰਜਕਾਲ ਵਿਚ ਮੌਲਿਕ ਉਪਕੁਲਪਤੀ ਡਾ. ਜਗਦੀਪ ਸਿੰਘ ਦੀ ਪ੍ਰੇਰਨਾ ਸਦਕਾ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਇਤਿਹਾਸ ਵਿਚ ਇਕ ਨਵਾਂ ਅਧਿਆਇ ਖੁੱਲ੍ਹਿਆ ਹੈ। ਯੂਨੀਵਰਸਿਟੀ ਦੇ ਡੀਨ ਅਕਾਦਮਿਕ ਮਾਮਲੇ ਡਾ. ਜਸਵਿੰਦਰ ਸਿੰਘ ਬਰਾੜ ਨੇ ਕਿਹਾ ਕਿ ਕਿਸੇ ਲੇਖਕ ਦੀਆਂ ਸਾਹਿਤਕ ਲਿਖਤਾਂ ਦਾ ਆਰਥਿਕ ਅਤੇ ਸਭਿਆਚਾਰਕ ਪੱਖਾਂ ਨਾਲ ਸਬੰਧ ਜੋੜਨਾ ਹੋਰ ਵੀ ਮਹੱਤਵਪੂਰਨ ਗੱਲ ਹੁੰਦੀ ਹੈ।ਇਸ ਸਮਾਗਮ ਦੇ ਮੁੱਖ ਵਕਤਾ ਡੀ.ਏ.ਵੀ. ਕਾਲਜ ਅਬੋਹਰ ਦੇ ਪੰਜਾਬੀ ਵਿਭਾਗ ਦੇ ਮੁਖੀ ਡਾ. ਤਰਸੇਮ ਸ਼ਰਮਾ ਨੇ ਪ੍ਰੋਫੈਸਰ ਗੁਰਦਿਆਲ ਸਿੰਘ ਨਾਲ ਜੁੜੀਆਂ ਹੋਈਆਂ ਆਪਣੀਆਂ ਯਾਦਾਂ ਅਤੇ ਉਦਾਹਰਨਾਂ ਦੇ ਹਵਾਲੇ ਨਾਲ ਕਿਹਾ ਕਿ ਇਸ ਉਦਮ ਲਈ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਧਾਈ ਦੀ ਹੱਕਦਾਰ ਹੈ ਕਿ ਪ੍ਰੋ. ਗੁਰਦਿਆਲ ਸਿੰਘ ਦੀ ਸਾਹਿਤਕ ਸੰਪੱਤੀ ਦੀ ਸਾਂਭ ਸੰਭਾਲ ਬਹੁਤ ਜ਼ਰੂਰੀ ਹੈ। ਇਸ ਮੌਕੇ ਯੂਨੀਵਰਸਿਟੀ ਦੇ ਰਜਿਸਟਰਾਰ ਡਾ. ਦਵਿੰਦਰ ਪਾਲ ਸਿੰਘ ਸਿੱਧੂ ਅਤੇ ਵਿੱਤ ਅਫਸਰ ਡਾ. ਪ੍ਰਮੋਦ ਅਗਰਵਾਲ ਤੋਂ ਇਲਾਵਾ ਮੁੱਖ ਲਾਇਬਰੇਰੀਅਨ ਡਾ. ਅਮਿਤ ਮਿੱਤਲ ਨੇ ਵੀ ਵਿਭਾਗ ਨੂੰ ਇਸ ਉਸਾਰੂ ਕਦਮ ਲਈ ਸ਼ੁਭਕਾਮਨਾਵਾਂ ਭੇਟ ਕੀਤੀਆਂ। ਅੰਤ ਵਿੱਚ ਡੀਨ ਭਾਸ਼ਾਵਾਂ ਡਾ. ਬਲਵਿੰਦਰ ਕੌਰ ਸਿੱਧੂ ਨੇ ਹਾਜ਼ਰੀਨ ਦਾ ਧੰਨਵਾਦ ਕਰਦੇ ਹੋਏ ਪ੍ਰੋ. ਗੁਰਦਿਆਲ ਸਿੰਘ ਚੇਅਰ ਵੱਲੋਂ ਉਲੀਕੇ ਗਏ ਇਸ ਮਿਆਰੀ ਸਮਾਗਮ ਲਈ ਵਧਾਈ ਦਿੱਤੀ। ਇਸ ਸਮਾਗਮ ਵਿੱਚ ਡੀਨ ਵਿਦਿਆਰਥੀ ਭਲਾਈ ਡਾ. ਮਮਤਾ ਸ਼ਰਮਾ, ਭਾਈ ਕਾਹਨ ਸਿੰਘ ਨਾਭਾ ਲਾਇਬ੍ਰੇਰੀਅਨ ਦੇ ਮੁਖੀ ਡਾ. ਅਮਿਤ ਮਿੱਤਲ, ਡਾ. ਰਾਜਿੰਦਰ ਲਹਿਰੀ, ਡਾ. ਰਾਜਵਿੰਦਰ ਸਿੰਘ, ਡਾ. ਰਾਜ ਮਹਿੰਦਰ ਕੌਰ , ਡਾ ਦਰਸ਼ਨ ਸਿੰਘ ਆਸ਼ਟ, ਡਾ. ਰਹਿਮਾਨ ਅਖਤਰ, ਡਾਕਟਰ ਪਰਮਿੰਦਰਜੀਤ ਕੌਰ, ਪ੍ਰਿੰਸੀਪਲ ਰਿਪਨਜੋਤ ਕੌਰ ਸੋਨੀ ਬੱਗਾ, ਡਾ. ਹਰਪ੍ਰੀਤ ਸਿੰਘ ਰਾਣਾ, ਸੁਰੇਸ਼ ਸ਼ਰਮਾ, ਦਵਿੰਦਰ ਪਟਿਆਲਵੀ ਅਮਰਜੀਤ ਸਿੰਘ ਕਸਕ, ਤ੍ਰਲੋਕ ਸਿੰਘ ਢਿੱਲੋਂ, ਡਾ. ਕਰਮ ਸਿੰਘ, ਰਾਜੇਸ਼ ਕੋਟੀਆ, ਸੁਖਵਿੰਦਰ ਸਿੰਘ ਆਦਿ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਅਧਿਆਪਕ, ਖੋਜਾਰਥੀ, ਵਿਦਿਆਰਥੀ, ਸਾਹਿਤਕਾਰ ਅਤੇ ਚੇਅਰ ਸਮੇਤ ਪੰਜਾਬੀ ਵਿਭਾਗ ਦਾ ਗੈਰ ਅਧਿਆਪਨ ਅਮਲਾ ਵੀ ਸ਼ਾਮਿਲ ਸੀ। ਇਸ ਸਮਾਗਮ ਦਾ ਮੰਚ ਸੰਚਾਲਨ ਡਾ. ਗੁਰਸੇਵਕ ਸਿੰਘ ਲੰਬੀ ਨੇ ਬਖ਼ੂਬੀ ਨਿਭਾਇਆ।



## ਕਿਤਾਬ 'ਫੰਤਾਸੀਆ' ਦੀ ਰਿਲੀਜ਼ ਮੌਕੇ ਲਗਾਇਆ ਖ਼ੂਨਦਾਨ ਕੈਂਪ



ਦੇਵੀਗੜ੍ਹ , 28 ਅਗਸਤ (ਗੁਰਜੀਤ ਸਿੰਘ ਢੋਟ) : ਭਾਸ਼ਾ ਭਵਨ ਪਟਿਆਲਾ ਵਿਖੇ ਯੁਵਾ ਲੇਖਕ ਸਤਦੀਪ ਗਿੱਲ ਦੀ ਪਲੇਠੀ ਕਿਤਾਬ 'ਫੰਤਾਸੀਆ' ਦੇ ਲੋਕ ਅਰਪਣ ਸਮਾਗਮ ਮੌਕੇ ਹਿਊਮਨ ਵੈਲਫੇਅਰ ਫਾਊਂਡੇਸ਼ਨ ਮਿਸ਼ਨ ਲਾਲੀ ਤੇ ਹਰਿਆਲੀ ਗਰੁੱਪ ਵੱਲੋਂ ਨਿਵੇਕਲੀ ਪਹਿਲ ਕਰਦੇ ਹੋਏ ਖ਼ੂਨਦਾਨ ਕੈਂਪ ਲਗਾਇਆ। ਇਸ ਮੌਕੇ ਮੁੱਖ ਮਹਿਮਾਨ ਪ੍ਰਸਿੱਧ ਅਦਾਕਾਰ ਤੇ ਲੋਕ ਗਾਇਕ ਕਰਮਜੀਤ ਅਨਮੋਲ, ਵਿਸ਼ੇਸ਼ ਮਹਿਮਾਨ ਜ਼ਿਲ੍ਹਾ ਯੋਜਨਾ ਬੋਰਡ ਦੇ ਚੇਅਰਮੈਨ ਤੇਜਿੰਦਰ ਮਹਿਤਾ, ਸੀਬਾ ਸਕੂਲ ਲਹਿਰਾਗਾਗਾ ਦੇ ਚੇਅਰਮੈਨ ਕੰਵਲਜੀਤ ਸਿੰਘ ਢੀਂਡਸਾ, ਐਸ. ਐਮ. ਓ. ਘਨੌਰ ਡਾ. ਕਿਰਨਜੋਤ ਕੌਰ ਉੱਪਲ ਅਤੇ ਭਾਸ਼ਾ ਵਿਭਾਗ ਦੇ ਡਾਇਰੈਕਟਰ ਅਤੇ ਪ੍ਰਸਿੱਧ ਕਵੀ ਜਸਵੰਤ ਸਿੰਘ ਜ਼ਫਰ ਨੇ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਫਾਊਂਡੇਸ਼ਨ ਨੇ ਸਾਹਿਤ ਅਤੇ ਸਮਾਜ ਸੇਵਾ ਦਾ ਸੰਗਮ ਕਰਵਾਉਣ ਦੀ ਅਨੋਖੀ ਅਤੇ ਚੰਗੀ ਪਹਿਲ ਕੀਤੀ ਹੈ। ਖ਼ੂਨਦਾਨੀਆਂ ਨੂੰ ਸਰਟੀਫਿਕੇਟ ਤੇ ਬੂਟੇ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ 'ਤੇ ਮਿਸ਼ਨ ਲਾਲੀ ਤੇ ਹਰਿਆਲੀ ਦੇ ਮੋਢੀ ਹਰਦੀਪ ਸਿੰਘ ਸਨੌਰ, ਡਾ. ਆਂਸ਼ੂ, ਨਿਰਮਲ ਸਿੰਘ ਮੁਕਤਸਰੀ, ਸੁਖਦੀਪ ਸਿੰਘ ਸੋਹਲ, ਜੋਗਾ ਸਿੰਘ, ਹੈਪੀ ਸਿੰਘ, ਵਰਿੰਦਰ ਜੱਗਾ, ਇੰਦਰਜੀਤ ਸਿੰਘ ਫੁੱਟਬਾਲ ਕੋਚ, ਪਬਲਿਕ ਹੈਲਪ ਫਾਊਂਡੇਸ਼ਨ ਦੇ ਜਨਰਲ ਸਕੱਤਰ ਰਵਿੰਦਰ ਰਵੀ ਅਤੇ ਆਨਰੇਰੀ ਸਲਾਹਕਾਰ ਅਮਨ ਅਰੋੜਾ ਹਾਜ਼ਰ ਸਨ। ਇਸ ਮੌਕੇ ਕਰਮਜੀਤ ਅਨਮੋਲ ਨੇ ਮਨੁੱਖਤਾ ਦੇ ਭਲੇ ਲਈ ਲਗਾਏ ਖ਼ੂਨਦਾਨ ਕੈਂਪ ਦੇ ਉਪਰਾਲੇ ਦੀ ਸ਼ਲਾਘਾ ਕੀਤੀ ਅਤੇ ਖ਼ੂਨ ਨੂੰ ਅੱਜ ਦੀ ਸੰਜੀਵਨੀ ਦੱਸਿਆ। ਉਨ੍ਹਾਂ ਕਿਹਾ ਕਿ ਹਰ ਤੰਦਰੁਸਤ ਇਨਸਾਨ ਨੂੰ ਲੋੜਵੰਦ ਮਰੀਜ਼ਾਂ ਲਈ ਖ਼ੂਨਦਾਨ ਕਰਨਾ ਚਾਹੀਦਾ ਹੈ।

## ਵਿਚਾਰ ਮੰਥਨ ਤੇ ਗੋਸ਼ਟੀ ਭਲਕੇ

ਪਟਿਆਲਾ, 28 ਅਗਸਤ (ਚ.ਨ.ਸ.) : ਭਾਸ਼ਾ ਵਿਭਾਗ ਪੰਜਾਬ, ਪਟਿਆਲਾ ਦੇ ਸੈਮੀਨਾਰ ਹਾਲ ਵਿਖੇ ਭਲਕੇ 30 ਅਗਸਤ ਦਿਨ ਸ਼ਨੀਵਾਰ ਨੂੰ ਸਵੇਰੇ 10:30 ਵਜੇ ਬਲਵੰਤ ਸਾਨੀਪੁਰ ਦੀ ਕਾਵਿ ਪੁਸਤਕ 'ਹਰਫ ਬੋਲਦੇ ਰਹਿਣਗੇ' ਦੇ ਹਵਾਲੇ ਨਾਲ ਵਿਚਾਰ ਮੰਥਨ ਤੇ ਗੋਸ਼ਟੀ ਆਯੋਜਿਤ ਕੀਤੀ ਜਾਵੇਗੀ। ਇਸ ਮੌਕੇ ਮੁੱਖ ਵਕਤਾ ਪ੍ਰੋਫੈਸਰ ਬਾਵਾ ਸਿੰਘ ਅਤੇ ਡਾ. ਕੁਲਦੀਪ ਦੀਪ ਹੋਣਗੇ, ਜਦਕਿ ਪ੍ਰਧਾਨਗੀ ਕਾਹਨ ਸਿੰਘ ਪੰਨੂ ਕਰਨਗੇ। ਇਸ ਦੇ ਨਾਲ ਹੀ ਬਹਿਸ ਦਾ ਆਗਾਜ਼ ਨਰਭਿੰਦਰ ਦੁਆਰਾ ਕੀਤਾ ਜਾਵੇਗਾ। ਇਸ ਤੋਂ ਇਲਾਵਾ ਸਿੱਖਿਆ ਖੇਤਰ ਦੀ ਪ੍ਰਤੀਬੱਧ ਸ਼ਖ਼ਸੀਅਤ ਸਵਰਨ ਸਿੰਘ ਭੰਗੂ, ਪੁਆਧੀ ਲੇਖਕ ਚਰਨ ਪੁਆਧੀ, ਪੁਆਧੀ ਲੇਖਿਕਾ ਅਤੇ ਗਾਇਕਾ ਮੋਹਨੀ ਤੂਰ, ਵਾਰਤਕ ਲੇਖਕ ਅਤੇ ਪੱਤਰਕਾਰ ਬੁੱਧ ਸਿੰਘ ਨੀਲੋ ਵੀ ਵਿਸ਼ੇਸ਼ ਤੌਰ 'ਤੇ ਇਸ ਸਮਾਗਮ ਵਿੱਚ ਸ਼ਿਰਕਤ ਕਰਨਗੇ। ਇਸ ਮੌਕੇ ਵਿਸ਼ੇਸ਼ ਤੌਰ ਤੇ ਪੁਆਧੀ ਗਾਇਨ ਮੋਹਨੀ ਤੂਰ ਅਤੇ ਜਗਦੀਪ ਪਾਪੜਾ ਕਰਨਗੇ।

## ਜਾਨੋਂ ਮਾਰਨ ਦੀ ਨੀਅਤ ਨਾਲ ਕੀਤੀ ਕੁੱਟਮਾਰ

ਪਟਿਆਲਾ, 28 ਅਗਸਤ (ਵਿਨੋਦ ਸ਼ਰਮਾ) : ਥਾਣਾ ਕੋਤਵਾਲੀ ਪੁਲਿਸ ਕੋਲ ਸਲਮਾਨ ਪੁੱਤਰ ਰਾਜਪਾਲ ਕੁਮਾਰ ਵਾਸੀ ਭੀਮ ਨਗਰ ਨੇ ਕਥਿਤ ਦੋਸ਼ੀਆਂ ਦੀਪਕ ਕੁਮਾਰ, ਸਾਜਨ, ਰਾਜੂ ਅਤੇ ਇੱਕ ਹੋਰ ਅਣਪਛਾਤੇ ਵਿਅਕਤੀ ਵਿਰੁੱਧ ਸ਼ਿਕਾਇਤ ਦਰਜ ਕਰਵਾਇ ਹੈ ਕਿ ਉਹ ਨਸ਼ੇ ਕਰਨ ਦਾ ਆਦੀ ਹੈ, ਪਰ ਨਸ਼ਾ ਲੈਣ ਲਈ ਦੀਪਕ ਨਾਮ ਦੇ ਵਿਅਕਤੀ ਪਾਸ ਗੁਰਦੇਵ ਇਨਕਲੇਵ ਪਟਿਆਲਾ ਵਿਖੇ ਗਿਆ ਸੀ, ਜਿੱਥੇ ਦੀਪਕ ਸਮੇਤ ਬਾਕੀ ਦੋਸ਼ੀ ਵੀ ਹਾਜ਼ਰ ਸਨ, ਜੋ ਦੋਸ਼ੀ ਨੇ ਜਾਨੋਂ ਮਾਰਨ ਦੀ ਨਿਯਤ ਨਾਲ ਉਸ ਦੀ ਤਲਵਾਰ ਅਤੇ ਹੋਰ ਹਥਿਆਰਾਂ ਨਾਲ ਕੁੱਟਮਾਰ ਕੀਤੀ, ਵਜਾ ਰੰਜਸ਼ ਇਹ ਹੈ ਕਿ ਉਸ ਨੇ ਬਿਹਾਰੀ ਨਾਮ ਦੇ ਇੱਕ ਵਿਅਕਤੀ, ਜੋ ਕਿ ਦੀਪਕ ਦਾ ਜਾਣਕਾਰ ਸੀ, ਨੂੰ ਫੜਾਇਆ ਸੀ। ਉਹ ਜੇਰੇ ਇਲਾਜ ਰਾਜਿੰਦਰਾ ਹਸਪਤਾਲ ਪਟਿਆਲਾ ਦਾਖਲ ਹੈ। ਪੁਲਿਸ ਨੇ ਮਾਮਲਾ ਦਰਜ ਕਰ ਲਿਆ ਹੈ।

## ਪ੍ਰੀਗੈਬਾਲਿਨ 75 ਐਮ. ਜੀ. ਤੋਂ ਵੱਧ ਮਾਤਰਾ ਦੀ ਬਿਨਾਂ ਡਾਕਟਰੀ ਪਰਚੀ ਤੋਂ ਵਿਕਰੀ 'ਤੇ ਪਾਬੰਦੀ

ਮਲੇਰਕੋਟਲਾ, 28 ਅਗਸਤ (ਚ.ਨ.ਸ.) : ਦੇਖਣ ਵਿੱਚ ਆਇਆ ਹੈ ਕਿ ਪ੍ਰੀਗੈਬਾਲਿਨ 75 ਐਮ.ਜੀ ਤੋਂ ਵੱਧ ਮਾਤਰਾ ਦੇ ਕੈਪਸੂਲਾਂ ਦੀ ਆਮ ਲੋਕਾਂ ਵੱਲੋਂ ਗ਼ਲਤ ਵਰਤੋਂ ਕੀਤੀ ਜਾ ਰਹੀ ਹੈ। ਜ਼ਿਲ੍ਹਾ ਮਾਲੇਰਕੋਟਲਾ 'ਚ ਲੋਕ ਹਿੱਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਉਕਤ ਕੈਪਸੂਲਾਂ ਦੀ ਦਵਾਈ ਦੀ ਖੁੱਲ੍ਹੇ ਤੌਰ 'ਤੇ ਵੇਚਣ 'ਤੇ ਪਾਬੰਦੀ ਲਗਾਈ ਗਈ ਹੈ। ਜ਼ਿਲ੍ਹਾ ਮੈਜਿਸਟਰੇਟ, ਮਾਲੇਰਕੋਟਲਾ ਵਿਰਾਜ ਐਸ. ਤਿੜਕੇ ਵੱਲੋਂ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ 2023 (ਬੀ.ਐਨ.ਐਸ.ਐਸ) ਦੀ ਧਾਰਾ 163 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਇਹ ਪਾਬੰਦੀ ਦੇ ਹੁਕਮ ਜਾਰੀ ਕੀਤੇ ਗਏ ਹਨ। ਉਨ੍ਹਾਂ ਦੱਸਿਆ ਕਿ ਪ੍ਰੀਗੈਬਾਲਿਨ ਦਵਾਈ ਦੀ 75 ਐਮ ਜੀ ਤੋਂ ਵੱਧ ਮਾਤਰਾ ਦੇ ਕੈਪਸੂਲ ਦੇ ਵੇਚਣ 'ਤੇ ਮੁਕੰਮਲ ਤੌਰ 'ਤੇ ਪਾਬੰਦੀ ਲਗਾਈ ਗਈ ਹੈ। ਕੈਮਿਸਟ ਵੱਲੋਂ ਦਵਾਈ ਦੇਣ ਸਮੇਂ ਪ੍ਰੀਸਕ੍ਰਿਪਸ਼ਨ ਸਲਿਪ 'ਤੇ ਆਪਣੀ ਮੋਹਰ ਲਗਾਈ ਜਾਵੇ ਅਤੇ ਮੈਡੀਸਨ ਦੇਣ ਦੀ ਮਿਤੀ ਦਰਜ ਕੀਤੀ ਜਾਵੇ।